PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

9th - 16th October 2025 • Issue No. 3101

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact:

S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਨਵੀਂ ਕਮੇਟੀ ਲਈ 5 ਅਕਤੂਬਰ 2025 ਨੂੰ ਹੋਈ ਚੋਣ ਸ਼ੇਰ ਗਰੁੱਪ ਜਿੱਤ ਗਿਆ



**ਸ਼ੇਰ ਗਰੁੱਪ** ਸਾਊਥਾਲ ਦੇ ਜੇਤੂ ਮੈਂਬਰ: ਖੱਬੇ ਤੋਂ ਪਹਿਲੀ ਕਤਾਰ, ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ, ਸੁਰਿੰਦਰ ਸਿੰਘ ਢੱਟ, ਗੁਰਬਚਨ ਸਿੰਘ ਅਠਵਾਲ, ਬਲਜਿੰਦਰ ਸਿੰਘ ਹੰਸਰਾ, ਸੁਰਜੀਤ ਕੌਰ ਬਾਸੀ, ਕਮਲਪ੍ਰੀਤ ਕੌਰ, ਦੂਜੀ ਕਤਾਰ ਕਿਰਨਜੀਤ ਕੌਰ, ਸ਼ਰਨਬੀਰ ਸਿੰਘ ਮੂਨ ਸੰਘਾ, ਜੈ ਸਿਮਰਨ ਸਿੰਘ, ਮਨਜੀਤ ਸਿੰਘ, ਸਤਨਾਮ ਸਿੰਘ ਚੌਹਾਨ, ਜਸਵੰਤ ਸਿੰਘ ਮੰਡ, ਕੇਵਲ ਸਿੰਘ ਰਣਦੇਵਾ, ਤੀਜੀ ਕਤਾਰ: ਗੁਰਦੀਪ ਸਿੰਘ, ਜੋਗਿੰਦਰ ਸਿੰਘ, ਇਸ਼ਟਮੀਤ ਸਿੰਘ ਫੁੱਲ, ਅਜਮੇਰ ਸਿੰਘ ਵਿਰਦੀ, ਪਰਮਜੀਤ ਸਿੰਘ ਧਾਲੀਵਾਲ, ਅਮਰੀਕ ਸਿੰਘ, ਗੁਲਜ਼ਾਰ ਸਿੰਘ ਚਤਰੱਥ



## ਅਮਰੀਕਨ ਫੌਜ ਵਿੱਚ ਕੇਸ ਅਤੇ ਦਾਹੜੀ ਰੱਖਣ ’ਤੇ ਲੱਗੀ ਪਾਬੰਦੀ

### ਸਿੱਖ ਤੇ ਮੁਸਲਮਾਨ ਫੌਜੀ ਹੋਣਗੇ ਪ੍ਰਭਾਵਿਤ – ਸਿੱਖਾਂ ਦੀਆਂ ਕਾਨੂੰਨੀ ਫਰਮਾਂ ਅਤੇ ਜਥੇਬੰਦੀਆਂ ਸਿੱਖ ਫੌਜੀਆਂ ਨੂੰ ਨਿਆਂ ਦਿਵਾਉਣ ਲਈ ਅੱਗੇ ਆਈਆਂ



## ਗੁਰਮੇਲ ਸਿੰਘ ਮੱਲੀ ਅਤੇ ਬਲਜੀਤ ਸਿੰਘ ਮੱਲੀ ਭਰਾਵਾਂ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਇੱਕ ਲੱਖ ਪੌਂਡ ਦੀ ਮਦਦ ਕੀਤੀ ਜਾਵੇਗੀ



ਗੁਰਮੇਲ ਸਿੰਘ ਮੱਲੀ ਬਲਜੀਤ ਸਿੰਘ ਮੱਲੀ

ਬਰਤਾਨੀਆ ਦੇ ਪ੍ਰਧਾਨ ਮੰਤਰੀ ਮਿ: ਕੀਰ ਸਟਾਰਮਰ ਭਾਰਤੀ ਦੌਰੇ ’ਤੇ ਪਹੁੰਚੇ ਹੋਏ ਹਨ... ਉਹ ਭਾਰਤ ਨਾਲ ਦੁਵੱਲੇ ਵਪਾਰਕ ਸਬੰਧਾਂ ਬਾਰੇ ਭਾਰਤੀ ਅਧਿਕਾਰੀਆਂ ਨਾਲ ਗੱਲਬਾਤ ਕਰਨਗੇ



# MANAK SOLICITORS



**Aneeta Kaur Kang LL.B (Hons.)**

Deputy Head of Family & Matrimonial Department

Aneeta Kaur Kang joined this firm as a Trainee Solicitor in October 2009 and now leads one of our Family & Matrimonial Departments. Aneeta is recognised on the Law Society's Advanced Family Law panel. Her warm, caring approach and deep expertise guide you through Divorce, Financial Matters and Children Issues with ease.

Contact Aneeta on telephone 01689 870769 or by email aneeta@manaksolicitors.co.uk for compassionate and expert advice.

**Orpington I Gravesend I Sevenoaks I Biggin Hill I Bromley**




manaksolicitors.co.uk

01689 870 769

✓reviewsolicitors Excellent ★★★★★

Lexcel Legal Practice Quality Mark Law Society Accredited



Rajbir Singh Manak MA (Hons)

Surinder Singh Manak LLB (Hons)

# ਤਰਨਤਾਰਨ ਜ਼ਿਮਨੀ ਚੋਣ- ਸਿਆਸੀ ਜੰਗ ਦਾ ਮੈਦਾਨ ਬਣੀ

## ✪ ਅੰਮ੍ਰਿਤਪਾਲ ਦਾ ਧੜਾ ਬਣਿਆ ਸਿਆਸੀ ਧਿਰਾਂ ਲਈ ਵੱਡਾ ਚੈਲਿੰਜ ✪ ਕੌਣ ਮਾਰੇਗਾ ਬਾਜ਼ੀ ? ਵਿਸ਼ਲੇਸ਼ਣਕਾਰਾਂ ਦੀ ਰਾਏ ਵਿਚ ਆਪ ਨੂੰ ਹਲਕਾ ਫਾਇਦਾ, ਪਰ ਪੰਥਕ ਵੋਟਾਂ ਦੀ ਵੰਡ ਬਦਲ ਸਕਦੀ ਹੈ ਖੇਡ




ਪੰਜਾਬ ਦੇ ਮਾਝੇ ਖੇਤਰ ਵਿਚ ਬੈਠੇ ਤਰਨਤਾਰਨ ਵਿਧਾਨ ਸਭਾ ਹਲਕੇ ਵਿਚ ਜ਼ਿਮਨੀ ਚੋਣ ਦਾ ਐਲਾਨ ਹੋ ਚੁੱਕਾ ਹੈ ਅਤੇ ਇਹ ਚੋਣ ਹੁਣ ਸਿਰਫ਼ ਇੱਕ ਸੀਟ ਤੇ ਕਬਜ਼ੇ ਦੀ ਨਹੀਂ, ਸਗੋਂ ਪੂਰੇ ਸੂਬੇ ਦੀ ਸਿਆਸਤ ਨੂੰ ਨਵਾਂ ਮੋੜ ਦੇਣ ਵਾਲੀ ਜੰਗ ਬਣ ਗਈ ਹੈ। ਭਾਰਤੀ ਚੋਣ ਕਮਿਸ਼ਨ ਨੇ 6 ਅਕਤੂਬਰ ਨੂੰ ਇਹ ਐਲਾਨ ਕੀਤਾ ਸੀ ਕਿ ਵੋਟਾਂ 11 ਨਵੰਬਰ ਨੂੰ ਪੈਣਗੀਆਂ ਅਤੇ ਗਿਣਤੀ 14 ਨਵੰਬਰ ਨੂੰ ਹੋਵੇਗੀ। ਨਾਮਜ਼ਦਗੀ ਪੱਤਰ ਭਰਨ ਦੀ ਪ੍ਰਕਿਰਿਆ 13 ਅਕਤੂਬਰ ਤੋਂ ਸ਼ੁਰੂ ਹੋਵੇਗੀ। ਇਹ ਚੋਣ ਨਾ ਸਿਰਫ਼ ਤਰਨਤਾਰਨ ਦੇ ਵੋਟਰਾਂ ਦੇ ਮੂਡ ਨੂੰ ਪਰਖੇਗੀ, ਸਗੋਂ 2027 ਦੀਆਂ ਆਮ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਰੀਆਂ ਪ੍ਰਮੁੱਖ ਪਾਰਟੀਆਂ ਲਈ ਇੱਕ ਵੱਡਾ ਟੈਸਟ ਵੀ ਬਣੇਗੀ। ਇਸ ਵਾਰ ਚੋਣ ਮੁਕਾਬਲਾ ਬਹੁਪੱਖੀ ਹੈ। ਆਮ ਆਦਮੀ ਪਾਰਟੀ (ਆਪ), ਸ਼੍ਰੋਮਣੀ ਅਕਾਲੀ ਦਲ (ਬਾਦਲ), ਅੰਮ੍ਰਿਤਪਾਲ ਸਿੰਘ ਦੇ ਅਕਾਲੀ ਦਲ (ਵਾਰਿਸ ਪੰਜਾਬ ਦੇ), ਕਾਂਗਰਸ ਅਤੇ ਭਾਜਪਾ ਨੇ ਆਪਣੇ ਉਮੀਦਵਾਰ ਐਲਾਨ ਕਰ ਦਿੱਤੇ ਹਨ।

ਸੱਤਾਧਾਰੀ ਪਾਰਟੀ ਆਪ ਨੇ ਹਰਮੀਤ ਸਿੰਘ ਸੰਧੂ ਨੂੰ ਟਿਕਟ ਦਿੱਤੀ ਹੈ, ਜੋ ਇੱਕ ਤਜਰਬੇਕਾਰ ਸਿਆਸੀ ਹਨ। ਸੰਧੂ ਨੇ 2002 ਵਿਚ ਅਜ਼ਾਦ ਉਮੀਦਵਾਰ ਵਜੋਂ, 2007 ਅਤੇ 2012 ਵਿਚ ਅਕਾਲੀ ਦਲ ਦੇ ਟਿਕਟ ਤੇ ਤਰਨਤਾਰਨ ਤੋਂ ਜਿੱਤ ਹਾਸਲ ਕੀਤੀ ਸੀ। 2017 ਅਤੇ 2022 ਵਿਚ ਉਹ ਹਾਰ ਗਏ ਸਨ, ਪਰ ਹੁਣ ਆਪ ਵਿਚ ਸ਼ਾਮਲ ਹੋ ਚੁਕੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ 3 ਅਕਤੂਬਰ ਨੂੰ ਪੰਜਵੜ ਪਿੰਡ ਵਿਚ ਰੈਲੀ ਕਰਕੇ ਉਹਨਾਂ ਨੂੰ ਟਿਕਟ ਦਾ ਐਲਾਨ ਕੀਤਾ ਅਤੇ ਵਾਅਦਾ ਕੀਤਾ ਸੀ ਕਿ ਜੇਕਰ ਜਿੱਤੇ, ਤਾਂ ਉਹਨਾਂ ਨੂੰ ਮੰਤਰੀ ਬਣਾਇਆ ਜਾਵੇਗਾ। ਵਿਸ਼ਲੇਸ਼ਣਕਾਰਾਂ ਅਨੁਸਾਰ, ਆਪ ਨੂੰ ਹਲਕੇ ਵਿਚ 40-45 ਫੀਸਦੀ ਵੋਟਾਂ ਦੀ ਸੰਭਾਵਨਾ ਹੈ, ਕਿਉਂਕਿ ਉਹਨਾਂ ਨੇ ਪਿਛਲੀਆਂ ਛੇ ਜ਼ਿਮਨੀਆਂ ਵਿਚੋਂ ਪੰਜ ਜਿੱਤੀਆਂ ਹਨ। ਵਿਸ਼ਲੇਸ਼ਣਕਾਰਾਂ ਅਨੁਸਾਰ, ਅਕਾਲੀ ਦਲ (ਵਾਰਿਸ ਪੰਜਾਬ ਦੇ), ਪੰਥਕ ਵੋਟਾਂ ਨੂੰ ਵੰਡ ਕੇ ਮੁੱਖ ਮੁਕਾਬਲੇ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜਿਸ ਨਾਲ ਆਪ ਨੂੰ ਹਲਕਾ ਫਾਇਦਾ ਹੋ ਸਕਦਾ ਹੈ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਲਈ ਤਰਨਤਾਰਨ ਆਪਣਾ ਪੁਰਾਣਾ ਗੜ੍ਹ ਹੈ। 1972 ਤੋਂ 2022 ਤੱਕ ਉਹਨਾਂ ਨੇ ਇੱਥੇ ਪੰਜ ਵਾਰ ਜਿੱਤ ਹਾਸਲ ਕੀਤੀਆਂ ਹਨ। ਇਸ ਵਾਰ ਉਹਨਾਂ ਨੇ ਨਵਾਂ ਚਿਹਰਾ ਬੀਬੀ ਸੁਖਵਿੰਦਰ ਕੌਰ ਰੰਧਾਵਾ ਨੂੰ ਉਤਾਰਿਆ ਹੈ, ਜੋ ਪ੍ਰਿੰਸੀਪਲ ਵੀ ਰਹਿ ਚੁੱਕੀ ਹੈ । ਸੁਖਬੀਰ ਸਿੰਘ ਬਾਦਲ ਖੁਦ ਹਲਕੇ ਵਿਚ ਸਰਗਰਮ ਹਨ ਅਤੇ ਪੰਥਕ ਮੁੱਦਿਆਂ ਜਿਵੇਂ ਬੰਦੀ ਸਿੰਘਾਂ ਦੀ ਰਿਹਾਈ, ਸਿੱਖ ਪਛਾਣ ਦੀ ਸੁਰੱਖਿਆ ਅਤੇ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਮਸਲਿਆਂ ਨੂੰ ਉਠਾ ਰਹੇ ਹਨ। ਉਹਨਾਂ ਦੀ ਰਣਨੀਤੀ ਆਪ ਸਰਕਾਰ ਦੇ 'ਭ੍ਰਿਸ਼ਟਾਚਾਰ' ਨੂੰ ਨਿਸ਼ਾਨਾ ਬਣਾਉਣਾ ਹੈ। ਪਰ ਅੰਮ੍ਰਿਤਪਾਲ ਸਿੰਘ ਵਾਲੇ ਅਕਾਲੀ ਧੜੇ ਨਾਲ ਵੋਟ ਵੰਡ ਨੇ ਉਹਨਾਂ ਨੂੰ ਪਰੇਸ਼ਾਨ ਕੀਤਾ ਹੈ। ਵਿਸ਼ਲੇਸ਼ਣਕਾਰ ਕਹਿੰਦੇ ਹਨ ਕਿ "ਅਕਾਲੀ ਨੂੰ ਪੰਥਕ ਵੋਟਾਂ ਵਿਚੋਂ 30 ਫੀਸਦੀ ਤੱਕ ਨੁਕਸਾਨ ਹੋ ਸਕਦਾ ਹੈ।"

ਕਾਂਗਰਸ ਨੇ ਨਵੇਂ ਚਿਹਰੇ ਕਰਨਵੀਰ ਸਿੰਘ ਬੁਰਜ ਨੂੰ ਚੁਣਿਆ ਹੈ, ਜੋ ਖੇਤੀਬਾੜੀ ਅਤੇ ਰੀਅਲ ਅਸਟੇਟ ਵਪਾਰੀ ਹਨ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਉਪ-ਪ੍ਰਧਾਨ ਹਨ। ਇਹ ਉਹਨਾਂ ਦੀ ਪਹਿਲੀ ਚੋਣ ਹੈ ਅਤੇ ਉਹ ਨੌਜਵਾਨ ਚਿਹਰੇ ਵਜੋਂ ਮੈਦਾਨ ਵਿਚ ਹਨ। ਪਾਰਟੀ ਨੇ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਨੂੰ ਚੋਣ ਮੁਹਿੰਮ ਦੀ ਜ਼ਿੰਮੇਵਾਰੀ ਸੌਂਪੀ ਹੈ, ਜੋ ਪਿੰਡ ਪੱਧਰ ਤੇ ਵਰਕਰਾਂ ਨੂੰ ਜੋੜ ਰਹੇ ਹਨ। ਵਿਸ਼ਲੇਸ਼ਣਕਾਰਾਂ ਅਨੁਸਾਰ, ਕਾਂਗਰਸ ਨੂੰ 20-25 ਫੀਸਦੀ ਵੋਟ ਮਿਲ ਸਕਦੇ ਹਨ, ਪਰ ਅੰਦਰੂਨੀ ਫੁਟ ਨੇ ਉਹਨਾਂ ਨੂੰ ਕਮਜ਼ੋਰ ਕੀਤਾ ਹੈ।

ਭਾਜਪਾ ਨੇ ਹਰਜੀਤ ਸਿੰਘ ਸੰਧੂ ਨੂੰ ਉਤਾਰਿਆ ਹੈ, ਜੋ ਜ਼ਿਲ੍ਹਾ ਪ੍ਰਧਾਨ ਰਹਿ ਚੁੱਕੇ ਹਨ ਅਤੇ ਸ਼ਹਿਰੀ-ਦਿਹਾਤੀ ਵੋਟਰਾਂ ਨੂੰ ਜੋੜਨ ਵਿਚ ਮਾਹਿਰ ਹਨ। ਪਾਰਟੀ ਨੇ ਸੋਮ ਪ੍ਰਕਾਸ਼ ਨੂੰ ਆਬਜ਼ਰਵਰ ਬਣਾਇਆ ਹੈ। ਭਾਜਪਾ ਦੀ ਰਣਨੀਤੀ ਹੈ ਕੇਂਦਰੀ ਯੋਜਨਾਵਾਂ ਜਿਵੇਂ ਪੀਐਮ ਕਿਸਾਨ ਅਤੇ ਐੱਮਐੱਸਪੀ ਨੂੰ ਉਜਾਗਰ ਕਰਨਾ, ਪਰ ਉਹਨਾਂ ਨੂੰ ਇੱਥੇ ਸਿਰਫ਼ 10-15 ਫੀਸਦੀ ਵੋਟਾਂ ਦੀ ਉਮੀਦ ਹੈ।

ਅੰਮ੍ਰਿਤਪਾਲ ਸਿੰਘ ਦੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਦੇ ਪਿਤਾ ਬਾਪੂ ਤਰਸੇਮ ਸਿੰਘ, ਐੱਮਪੀ ਸਰਬਜੀਤ ਸਿੰਘ ਨੇ ਐਲਾਨ ਕੀਤਾ ਹੈ ਕਿ ਉਹਨਾਂ ਨੇ ਭਾਈ ਸੰਦੀਪ ਸਿੰਘ ਸੰਨੀ ਦੇ ਵੱਡੇ ਭਰਾ ਮਨਦੀਪ ਸਿੰਘ ਨੂੰ ਉਮੀਦਵਾਰ ਬਣਾਇਆ ਹੈ। ਪਹਿਲਾਂ ਸੰਨੀ ਨੂੰ ਟਿਕਟ ਦੇਣ ਦਾ ਫੈਸਲਾ ਹੋਇਆ ਸੀ, ਪਰ ਪਰਿਵਾਰ ਦੀ ਇੱਛਾ ਨਾਲ ਉਹਨਾਂ ਨੇ ਮਨਦੀਪ ਸਿੰਘ ਨੂੰ ਚੁਣਿਆ। ਸੰਨੀ ਤੇ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੀ ਹੱਤਿਆ ਅਤੇ ਪੁਲਿਸ ਅਧਿਕਾਰੀ ਸੂਬਾ ਸਿੰਘ ਤੇ ਹਮਲੇ ਦੇ ਦੋਸ਼ ਹਨ। ਪਰ ਅੰਮ੍ਰਿਤਪਾਲ ਦੇ ਸਮਰਥਕ ਪੰਥਕ ਨੌਜਵਾਨਾਂ ਵਿਚ ਜੋਸ਼ ਭਰਨ ਦੀ ਕੋਸ਼ਿਸ਼ ਕਰ ਰਹੇ ਹਨ, ਖਾਸ ਕਰਕੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਸਿੱਖ ਪਛਾਣ ਨੂੰ ਲੈ ਕੇ।

ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕਿਹਾ, "ਅੰਮ੍ਰਿਤਪਾਲ ਇਸ ਚੋਣ ਵਿਚ ਵੱਡਾ ਫੈਕਟਰ ਹੈ। ਜੇਕਰ ਉਹਨਾਂ ਨੂੰ 10-15 ਫੀਸਦੀ ਵੋਟ ਵੀ ਮਿਲ ਗਏ, ਤਾਂ ਕੇਂਦਰ ਅਤੇ ਸੂਬਾ ਸਰਕਾਰ ਨੂੰ ਸਿੱਖ ਚਿੰਤਾਵਾਂ ਤੇ ਧਿਆਨ ਦੇਣਾ ਪਵੇਗਾ।" ਵਿਸ਼ਲੇਸ਼ਣਕਾਰਾਂ ਅਨੁਸਾਰ, ਇਹ ਧੜਾ ਅਕਾਲੀ ਦਲ ਦੀਆਂ ਵੋਟਾਂ ਵੰਡੇਗਾ, ਜਿਸ ਨਾਲ ਆਪ ਨੂੰ ਫਾਇਦਾ ਹੋ ਸਕਦਾ ਹੈ। ਪਰ ਜੇਕਰ ਉਹਨਾਂ ਦੀ ਮੁਹਿੰਮ ਭੱਖੀ, ਤਾਂ ਮੁਕਾਬਲਾ ਤਿਕੋਣਾ ਬਣ ਜਾਵੇਗਾ।

ਤਰਨਤਾਰਨ ਵਿਧਾਨ ਸਭਾ ਹਲਕਾ ਪੰਜਾਬ ਦੇ ਮਾਝੇ ਖੇਤਰ ਦਾ ਇੱਕ ਅਹਿਮ ਅੰਗ ਹੈ, ਜਿੱਥੇ ਪੰਥਕ ਭਾਵਨਾਵਾਂ ਅਤੇ ਜੱਟ ਸਿਆਸਤ ਦਾ ਡੰਕਾ ਵੱਜਦਾ ਰਿਹਾ ਹੈ। ਇਹ ਹਲਕਾ ਸਿੱਖ ਇਤਿਹਾਸ ਨਾਲ ਜੁੜਿਆ ਖੇਤਰ ਹੈ। ਤਰਨਤਾਰਨ ਹਲਕੇ ਦਾ ਇਤਿਹਾਸ ਵੇਖੀਏ ਤਾਂ 1972 ਤੋਂ 2022 ਤੱਕ ਅਕਾਲੀ ਦਲ ਨੇ ਪੰਜ ਵਾਰ (1972, 1985, 1997, 2007, 2012), ਕਾਂਗਰਸ ਨੇ ਤਿੰਨ ਵਾਰ (1980, 1992, 2002), ਅਜ਼ਾਦ ਉਮੀਦਵਾਰਾਂ ਨੇ ਦੋ ਵਾਰ ਜਿੱਤਾਂ ਹਾਸਲ ਕੀਤੀਆਂ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪ ਨੇ ਡਾ. ਕਸ਼ਮੀਰ ਸਿੰਘ ਸੋਹਲ ਨੂੰ ਇੱਥੋਂ ਜਿਤਾਇਆ ਸੀ, ਜਿਨ੍ਹਾਂ ਨੇ ਪਹਿਲਾਂ ਅਕਾਲੀ ਦਲ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਹਰਾਇਆ ਸੀ। ਪਰ 27 ਜੂਨ 2025 ਨੂੰ ਡਾ. ਸੋਹਲ ਦੀ ਅਚਾਨਕ ਮੌਤ ਹੋ ਗਈ, ਜਿਸ ਨਾਲ ਇਹ ਸੀਟ ਖ਼ਾਲੀ ਹੋ ਗਈ।

ਇਸ ਹਲਕੇ ਵਿਚ ਲਗਭਗ 1.98 ਲੱਖ ਵੋਟਰ ਹਨ, ਜਿਨ੍ਹਾਂ ਵਿਚੋਂ 60 ਫੀਸਦੀ ਤੋਂ ਵੱਧ ਪੰਥਕ ਅਤੇ ਜੱਟ ਭਾਈਚਾਰੇ ਨਾਲ ਸਬੰਧਤ ਹਨ। ਇਸ ਵਾਰ ਦੇ ਸਿਆਸੀ ਹਾਲਾਤ ਨੇ ਵੀ ਵੋਟਰਾਂ ਦੇ ਮੂਡ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਸਰਕਾਰੀ ਰਾਹਤ ਕੰਮਾਂ ਨੂੰ ਲੈ ਕੇ ਵੀ ਚਰਚਾ ਹੋ ਰਹੀ ਹੈ। ਵਿਸ਼ਲੇਸ਼ਣਕਾਰ ਡਾਕਟਰ ਪਰਮਜੀਤ ਸਿੰਘ ਕਹਿੰਦੇ ਹਨ, "ਇਹ ਚੋਣ 2027 ਤੋਂ ਪਹਿਲਾਂ ਇੱਕ ਰੀਹਰਸਲ ਹੈ। ਜੇਕਰ ਆਪ ਨੇ ਇੱਥੇ ਜਿੱਤ ਲਈ, ਤਾਂ ਉਹਨਾਂ ਦੀ ਸੱਤਾ ਹੋਰ ਮਜ਼ਬੂਤ ਹੋ ਜਾਵੇਗੀ, ਪਰ ਪੰਥਕ ਵੋਟਾਂ ਦੀ ਵੰਡ ਨਾਲ ਅਕਾਲੀ ਦਲ ਨੂੰ ਵੱਡਾ ਝਟਕਾ ਲੱਗੇਗਾ।"ਐੱਕਸ ਤੇ ਚਰਚਾ ਵੀ ਆਪ ਦੇ ਹੱਕ ਵਿਚ ਹੈ, ਜਿੱਥੇ ਇੱਕ ਯੂਜ਼ਰ ਨੇ ਲਿਖਿਆ, "ਆਪ ਜ਼ਰੂਰ ਜਿੱਤੇਗੀ।" ਪਰ ਕੁਝ ਨੇ ਅੰਮ੍ਰਿਤਪਾਲ ਨੂੰ ਜਿੱਤਣ ਦੀ ਭਵਿੱਖਬਾਣੀ ਵੀ ਕੀਤੀ ਹੈ।

ਅੰਤ ਵਿਚ, ਤਰਨਤਾਰਨ ਦੇ ਵੋਟਰਾਂ ਦਾ ਫ਼ੈਸਲਾ ਨਾ ਸਿਰਫ਼ ਇਸ ਸੀਟ ਨੂੰ ਤੈਅ ਕਰੇਗਾ, ਸਗੋਂ ਪੰਜਾਬ ਦੀ ਸਿਆਸਤ ਨੂੰ ਨਵਾਂ ਰੰਗ ਦੇਵੇਗਾ।


## ਦੀਵਾਲੀ ਵਿਸ਼ੇਸ਼ ਅੰਕ ਅਗਲੇ ਹਫਤੇ

ਬੰਦੀਛੋੜ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬੰਦੀਛੋੜ ਦਿਵਸ ਮੌਕੇ ਪੰਜਾਬ ਟਾਈਮਜ਼ ਵੱਲੋਂ 'ਦੀਵਾਲੀ' ਵਿਸ਼ੇਸ਼ ਅੰਕ ਅਗਲੇ ਹਫਤੇ (16 ਅਕਤੂਬਰ) ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿਚ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ, ਲੇਖ, ਕਹਾਣੀਆਂ, ਕਵਿਤਾਵਾਂ ਆਦਿ ਛਾਪੀਆਂ ਜਾ ਰਹੀਆਂ ਹਨ। ਇਸ ਅੰਕ ਵਿਚ ਕਾਫ਼ੀ ਰੰਗਦਾਰ ਸਫ਼ੇ ਹੁੰਦੇ ਹਨ । ਪਹਿਲਾਂ ਆਉਣ ਵਾਲੇ ਇਸ਼ਤਿਹਾਰਾਂ ਨੂੰ ਪਹਿਲ ਦਿੱਤੀ ਜਾਵੇਗੀ। ਪਾਠਕ ਅਤੇ ਪੇਪਰ ਵਿਕਰੇਤਾ ਆਪਣੀਆਂ ਵਾਧੂ ਕਾਪੀਆਂ ਹੁਣੇ ਬੁੱਕ ਕਰਵਾ ਲੈਣ। ਵਿਸ਼ੇਸ਼ ਅੰਕ ਆਮ ਨਾਲੋਂ ਵੱਧ ਗਿਣਤੀ ਵਿੱਚ ਛਾਪਿਆ ਜਾਂਦਾ ਹੈ। ਤੁਹਾਡੇ ਲਈ ਇਹ ਵਧੀਆ ਮੌਕਾ ਹੈ, ਪੇਪਰ ਦੇ ਨਾਲ ਇੰਟਰਨੈਟ 'ਤੇ ਵੀ ਛਪੇਗਾ। ਇਸ ਅੰਕ ਵਿੱਚ ਬਹੁਤ ਸਾਰੇ ਗੁਰੂ ਘਰਾਂ ਦੇ ਪ੍ਰੋਗਰਾਮ ਵੀ ਛਾਪੇ ਜਾਂਦੇ ਹਨ। ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

**Office: 01332-372 851/ WhatsApp Number 07966 388 388**
**Email:panjabtimes@aol.com / www.panjabtimes.uk**

# ਪੰਜਾਬ ਦੀ ਸਿਆਸਤ ਵਿਚ ਕੀ ਕੇਜਰੀਵਾਲ ਭਾਜਪਾ ਨਾਲ ਹੱਥ ਮਿਲਾ ਸਕਦਾ?

## ✪ ਪੰਜਾਬ ਦੀ ਬਦਲਦੀ ਡੈਮੋਗ੍ਰਾਫੀ: ਕੀ ਭਈਆ ਵੋਟ ਬੈਂਕ ਨਾਲ ਬਦਲੇਗਾ ਸਮੀਕਰਨ ✪ ਅੰਮ੍ਰਿਤਪਾਲ ਤੇ ਨਵੇਂ ਅਕਾਲੀ ਦਲ ਦੇ ਗੱਠਜੋੜ ਦੀ ਸੰਭਾਵਨਾ ✪ ਕੀ ਆਪ-ਭਾਜਪਾ, ਕਾਂਗਰਸ ਨੂੰ ਟੱਕਰ ਦੇ ਸਕਣਗੀਆਂ ਪੰਥਕ ਧਿਰਾਂ?

### ਨਿਊਜ਼ ਸਟੋਰੀ

ਪੰਜਾਬ ਦੀ ਰਾਜਨੀਤੀ ਦੀ ਨਵੇਂ ਗੱਠਜੋੜਾਂ ਵਲ ਵਧਣ ਦੀ ਸੰਭਾਵਨਾ ਹੈ। ਪੰਜਾਬ ਦੇ ਰਾਜਨੀਤਕ ਹਲਕਿਆਂ ਵਿਚ ਚਰਚਾ ਛਿੜੀ ਹੋਈ ਹੈ ਕਿ ਆਮ ਆਦਮੀ ਪਾਰਟੀ (ਆਪ) ਦੇ ਨੈਸ਼ਨਲ ਕਨਵੀਨਰ ਅਤੇ ਸਾਬਕਾ ਦਿੱਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲ ਦੋਸਤੀ ਦਾ ਹੱਥ ਵਧਾ ਸਕਦੇ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਪੰਜਾਬ ਵਿਧਾਨ ਸਭਾ ਚੋਣਾਂ 2027 ਲਈ ਰਣਨੀਤਕ ਤੌਰ ਤੇ ਕਾਫ਼ੀ ਮਹੱਤਵਪੂਰਨ ਹੈ। ਦਿੱਲੀ ਵਿਧਾਨ ਸਭਾ ਚੋਣਾਂ 2025 ਵਿੱਚ ਭਾਜਪਾ ਤੋਂ ਹਾਰਨ ਤੋਂ ਬਾਅਦ ਆਪ ਪੰਜਾਬ ਵਿੱਚ ਵੀ ਨਿਘਾਰ ਵਲ ਜਾ ਰਹੀ ਹੈ। ਕੁਝ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਪ ਆਪਣੀ ਰਾਜਨੀਤੀ ਨੂੰ ਮਜਬੂਤ ਕਰਨ ਲਈ ਲਈ ਨਵੀ ਰਣਨੀਤੀ ਅਪਣਾ ਸਕਦੀ ਹੈ। ਆਪ ਸੁਪਰੀਮੋ ਕੇਜਰੀਵਾਲ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕਰਕੇ ਉਹ 2027 ਦੀਆਂ ਚੋਣਾਂ ਲਈ ਰਣਨੀਤੀ ਬਣਾ ਰਹੇ ਹਨ।

ਪੰਜਾਬ ਦੀ ਰਾਜਨੀਤੀ ਹਮੇਸ਼ਾ ਤੋਂ ਗਠਜੋੜਾਂ ਅਤੇ ਸਮੀਕਰਨਾਂ ਨਾਲ ਭਰਪੂਰ ਰਹੀ ਹੈ। 2017 ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੇ 77 ਸੀਟਾਂ ਜਿੱਤ ਕੇ ਸੱਤਾ ਸੰਭਾਲੀ ਸੀ, ਜਦਕਿ ਭਾਜਪਾ ਨੂੰ ਸਿਰਫ਼ 3 ਸੀਟਾਂ ਮਿਲੀਆਂ। ਉਸ ਵੇਲੇ ਭਾਜਪਾ-ਅਕਾਲੀ ਦਲ (ਬਾਦਲ) ਗਠਜੋੜ ਨੇ ਵੀ ਕਾਫ਼ੀ ਨੁਕਸਾਨ ਝੱਲਿਆ ਸੀ। ਪਰ 2022 ਵਿੱਚ ਆਪ ਨੇ ਇਤਿਹਾਸ ਰਚ ਦਿੱਤਾ ਅਤੇ 92 ਸੀਟਾਂ ਜਿੱਤ ਕੇ ਇਕੱਲੀ ਪਾਰਟੀ ਬਣ ਗਈ। ਇਸ ਵਾਰ ਭਾਜਪਾ ਨੇ 2 ਸੀਟਾਂ, ਕਾਂਗਰਸ ਨੂੰ 18 ਅਤੇ ਅਕਾਲੀ ਦਲ ਨੂੰ 3 ਸੀਟਾਂ ਮਿਲੀਆਂ। ਹੁਣ 2027 ਵਿੱਚ ਚੋਣਾਂ ਨੇੜੇ ਆ ਰਹੀਆਂ ਹਨ, ਜਿੱਥੇ ਆਪ ਨੂੰ ਵਿਰੋਧੀ ਧਿਰਾਂ ਨਾਲ ਲੜਨ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਵਿਚ ਅੰਦਰੂਨੀ ਨਿਘਾਰ ਵੀ ਵਧ ਰਿਹਾ ਹੈ, ਜਿਸ ਕਰਕੇ ਆਪ ਨੂੰ ਨਵੀਂ ਰਣਨੀਤੀ ਅਪਣਾ ਸਕਦੀ ਹੈ।

ਭਾਜਪਾ ਪਾਰਟੀ ਨੇਤਾ ਰਵਨੀਤ ਸਿੰਘ ਬਿੱਟੂ ਨੇ ਕਿਹਾ ਹੈ ਕਿ "ਪੰਜਾਬ ਵਿੱਚ ਭਾਜਪਾ ਨੂੰ ਵਧੇਰੇ ਸੀਟਾਂ ਦੀ ਉਮੀਦ ਹੈ ਅਤੇ ਅਸੀਂ ਵਿਕਾਸ ਲਈ ਕਿਸੇ ਨਾਲ ਵੀ ਮਿਲ ਸਕਦੇ ਹਾਂ।"

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਪ ਤੇ ਭਾਜਪਾ ਗਠਜੋੜ ਨਾਲ ਆਪ ਨੂੰ ਸ਼ਹਿਰੀ ਖੇਤਰਾਂ ਵਿੱਚ ਭਾਜਪਾ ਦੇ ਵੋਟ ਬੈਂਕ ਨਾਲ ਫਾਇਦਾ ਹੋ ਸਕਦਾ ਹੈ, ਜਿੱਥੇ ਭਾਜਪਾ ਨੂੰ ਸ਼ਹਿਰੀ ਪੰਜਾਬੀ ਅਤੇ ਵਪਾਰੀ ਵਰਗ ਨਾਲ ਸਬੰਧਤ ਵੋਟ ਮਿਲਦੇ ਹਨ।

ਪੰਜਾਬ ਵਿੱਚ ਡੈਮੋਗ੍ਰਾਫਿਕ ਬਦਲਾਅ ਕਾਰਣ ਵੀ ਇਸ ਗਠਜੋੜ ਦਾ ਇੱਕ ਵੱਡਾ ਕਾਰਨ ਹੈ। ਦੋਹਾਂ ਪਾਰਟੀਆਂ ਨੇ ਪਰਵਾਸੀ ਵੋਟ ਬੈਂਕ ਉਪਰ ਟੇਕ ਰਖੀ ਹੋਈ ਹੈ।

ਰਿਪੋਰਟਾਂ ਅਨੁਸਾਰ, ਪੰਜਾਬ ਵਿੱਚ



ਬਿਹਾਰ ਅਤੇ ਯੂਪੀ ਤੋਂ ਆਉਣ ਵਾਲੇ ਮਜ਼ਦੂਰਾਂ (ਭਈਆਂ) ਦੀ ਗਿਣਤੀ ਵਧ ਰਹੀ ਹੈ। 2911 ਦੀ ਗਣਨਾ ਅਨੁਸਾਰ, ਪੰਜਾਬ ਵਿੱਚ ਬਾਹਰੋਂ ਆਏ ਲੋਕਾਂ ਦੀ ਗਿਣਤੀ 14 ਲੱਖ ਤੋਂ ਵੱਧ ਸੀ, ਜੋ ਹੁਣ ਵਧ ਕੇ 20 ਲੱਖ ਤੱਕ ਪਹੁੰਚ ਗਈ ਹੈ। ਇਸ ਕਾਰਣ ਖਾਸ ਕਰ ਸ਼ਹਿਰੀ ਖੇਤਰਾਂ ਜਿਵੇਂ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਸਿਆਸੀ ਲਾਭ ਹੋ ਸਕਦਾ ਹੈ। ਆਪ ਨੂੰ ਪ੍ਰਵਾਸੀ ਵਰਗ ਨੂੰ ਆਕਰਸ਼ਿਤ ਕਰਨ ਲਈ ਭਾਜਪਾ ਨਾਲ ਹੱਥ ਮਿਲਾਉਣਾ ਪੈ ਸਕਦਾ ਹੈ।

ਦੂਜੇ ਪਾਸੇ ਕੁਝ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਆਪ-ਭਾਜਪਾ ਸਮਝੌਤਾ ਸੰਭਵ ਨਹੀਂ ਜਾਪਦਾ। ਇਨ੍ਹਾਂ ਮਾਹਿਰਾਂ ਅਨੁਸਾਰ ਇਹ ਗੱਲ ਅਨਹੋਣੀ ਵੀ ਹੈ ਤੇ ਭਾਜਪਾ ਲਈ ਵੱਡੀ ਨੁਕਸਾਨਦਾਇਕ ਵੀ। ਕਿਉਂਕਿ 2027 ਵਿਚ 7 ਪ੍ਰਾਂਤਾਂ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਜੇਕਰ ਭਾਜਪਾ ਪੰਜਾਬ ਵਿਚ ਆਪ ਨਾਲ ਸਮਝੌਤਾ ਕਰ ਲਵੇਗੀ ਫਿਰ ਐਨ.ਡੀ.ਏ. ਵਿਰੋਧੀ ਵੋਟਾਂ ਵੰਡਣ ਲਈ ਕੌਣ ਬਚੇਗਾ। 2027 ਵਿਚ ਪੰਜਾਬ ਤੋਂ ਇਲਾਵਾ ਗੋਆ, ਉਤਰਾਖੰਡ, ਉੱਤਰ ਪ੍ਰਦੇਸ਼, ਹਿਮਾਚਲ ਤੇ ਗੁਜਰਾਤ ਤੋਂ ਇਲਾਵਾ ਮਨੀਪੁਰ ਵਿਚ ਚੋਣਾਂ ਹੋਣੀਆਂ ਹਨ। ਮਨੀਪੁਰ ਨੂੰ ਛੱਡ ਕੇ ਬਾਕੀ ਰਾਜਾਂ ਵਿਚ ਵੀ ਜੇਕਰ 'ਆਪ' ਵੱਖਰੇ ਤੌਰ 'ਤੇ ਨਾ ਲੜੀ ਤਾਂ ਇਹ ਭਾਜਪਾ ਲਈ ਖਤਰੇ ਵਾਲੀ ਗੱਲ ਹੋਵੇਗੀ। ਇਸ ਲਈ ਸਾਨੂੰ ਨਹੀਂ ਜਾਪਦਾ ਕਿ 'ਆਪ' ਤੇ ਭਾਜਪਾ ਪੰਜਾਬ ਵਿਚ ਮਿਲ ਕੇ ਚੋਣਾਂ ਲੜ ਸਕਦੀਆਂ ਹਨ।

ਰਾਜਨੀਤਕ ਵਿਸ਼ਲੇਸ਼ਕ ਹਰਜੇਸ਼ਵਰ ਸਿੰਘ ਕਹਿੰਦੇ ਹਨ, "ਡੈਮੋਗ੍ਰਾਫਿਕ ਬਦਲਾਅ ਨੇ ਪੰਜਾਬ ਨੂੰ ਨਵੀਂ ਸਿਆਸੀ ਰੂਪ ਰੇਖਾ ਦਿੱਤੀ ਹੈ। ਇਸ ਨਾਲ ਕਈ ਸਿਆਸੀ ਬਦਲਾਅ ਹੋ ਸਕਦੇ ਹਨ।"

ਸਿੱਖ ਸਿਆਸਤ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਤੇ ਆਪ ਦਾ ਗਠਜੋੜ ਸਿੱਖ ਭਾਈਚਾਰੇ ਵਿੱਚ ਵਿਰੋਧ ਪੈਦਾ ਕਰ ਸਕਦਾ ਹੈ, ਜਿੱਥੇ ਪੰਥਕ ਧਿਰਾਂ ਨੂੰ ਫਾਇਦਾ ਹੋ ਸਕਦਾ ਹੈ। ਅੰਮ੍ਰਿਤਪਾਲ ਸਿੰਘ ਦੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਤੇ ਨਵੇਂ ਅਕਾਲੀ ਦਲ ਆਪਸ ਵਿਚ ਗੱਠਜੋੜ ਕਰ ਸਕਦੇ ਹਨ। ਦੋਹਾਂ ਧਿਰਾਂ ਵਿਚ ਕਈ ਵਾਰ ਗਲਬਾਤ ਹੋ ਚੁਕੀ ਹੈ। ਜੇਕਰ ਇਹਨਾਂ ਦਾ ਬਸਪਾ ਨਾਲ ਗਠਜੋੜ ਹੋ ਜਾਂਦਾ ਹੈ, ਤਾਂ ਉਹ ਪੰਥਕ ਵੋਟ ਨੂੰ ਇਕਮੁਠ ਕਰਕੇ 20-25 ਸੀਟਾਂ ਜਿੱਤ ਸਕਦੇ ਹਨ। ਇਸ ਵਿਚ ਬਸਪਾ ਨੂੰ ਵੀ ਫਾਇਦਾ ਹੋ ਸਕਦਾ ਹੈ। ਬਸਪਾ ਪਹਿਲਾਂ ਵੀ ਅਕਾਲੀਆਂ ਨਾਲ ਮਿਲ ਕੇ ਚੋਣਾਂ ਲੜਦੀ ਰਹੀ ਹੈ।

ਦੂਜੇ ਪਾਸੇ ਕਾਂਗਰਸ ਨੂੰ ਅੰਦਰੂਨੀ ਫੁਟ ਕਾਰਨ ਨੁਕਸਾਨ ਹੋ ਰਿਹਾ ਹੈ, ਪਰ ਉਹ ਰਾਹੁਲ ਗਾਂਧੀ ਦੇ ਲੀਡਰਸ਼ਿਪ ਹੇਠ ਪੰਜਾਬ ਕਾਂਗਰਸ ਵਿਚ ਨਵਾਂ ਜੋਸ਼ ਪੈਦਾ ਹੋ ਰਿਹਾ ਹੈ। ਪਰ ਕਾਂਗਰਸ ਤੇ ਬਾਦਲ ਦੀ ਕਿਸੇ ਨਾਲ ਗੱਠਜੋੜ ਦੀ ਸੰਭਾਵਨਾ ਨਹੀਂ ਦਿਖਾਈ ਦਿੰਦੀ।

ਪੰਜਾਬ ਵਿੱਚ ਬੇਅਦਬੀ, ਡੈਮੋਗਰਾਫੀ, ਵਿਕਾਸ ਦੇ ਮੁੱਦੇ ਵੀ ਚੋਣਾਂ ਨੂੰ ਪ੍ਰਭਾਵਿਤ ਕਰਨਗੇ। ਆਪ ਸਰਕਾਰ ਨੇ ਮੁਫ਼ਤ ਬਿਜਲੀ, ਮਹਿਲਾ ਸਨਮਾਨ ਯੋਜਨਾ ਅਤੇ ਮਹੱਲਾ ਕਲੀਨਿਕਾਂ ਵਰਗੇ ਪ੍ਰੋਗਰਾਮ ਚਲਾਏ ਹਨ, ਪਰ ਔਰਤਾਂ ਨੂੰ ਹੁਣ ਵੀ 1000 ਰੁਪਏ ਮਹੀਨੇ ਦੀ ਯੋਜਨਾ ਪੂਰੀ ਨਹੀਂ ਹੋਈ। ਪੰਜਾਬ ਦੇ ਦਿਹਾਤੀ ਖੇਤਰਾਂ ਵਿੱਚ ਖੇਤੀਬਾੜੀ ਸੰਕਟ ਵੀ ਚੋਣਾਂ ਨੂੰ ਪ੍ਰਭਾਵਿਤ ਕਰੇਗਾ। ਕਿਸਾਨ ਅੰਦੋਲਨਾਂ ਨੇ ਭਾਜਪਾ ਨੂੰ ਨੁਕਸਾਨ ਪਹੁੰਚਾਇਆ ਹੈ, ਹੁਣ ਕਿਸਾਨ ਭਾਈਚਾਰਾ ਆਪ ਤੋਂ ਨਰਾਜ਼ ਜਾਪਦਾ ਹੈ। ਰਾਜਨੀਤਕ ਵਿਸ਼ਲੇਸ਼ਕ ਜਗਤਾਰ ਸਿੰਘ ਕਹਿੰਦੇ ਹਨ, "ਪੰਜਾਬ ਵਿੱਚ ਅਕਾਲੀ ਸਿਆਸਤ ਦਾ ਸੰਕਟ ਹੈ, ਜਿਸ ਨੂੰ ਅੰਮ੍ਰਿਤਪਾਲ ਸਿੰਘ ਵਰਗੇ ਰੈਡੀਕਲ ਭਰਨ ਦੀ ਕੋਸ਼ਿਸ਼ ਕਰ ਰਹੇ ਹਨ। ਗਠਜੋੜ ਦੀ ਸਿਆਸਤ ਪੰਜਾਬ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰੇਗੀ।"

ਅੰਮ੍ਰਿਤਪਾਲ ਦੀ ਪਾਰਟੀ ਨੇ ਮੈਂਬਰਸ਼ਿਪ ਡਰਾਈਵ ਸ਼ੁਰੂ ਕੀਤੀ ਹੈ ਅਤੇ ਉਸ ਨੇ ਪੰਥਕ ਮੁੱਦਿਆਂ ਤੇ ਫੋਕਸ ਕੀਤਾ ਹੈ। ਉਸ ਦੇ ਸਮਰਥਕਾਂ ਨੇ ਵਿਸਾਖੀ ਤੇ ਤਲਵੰਡੀ ਸਾਬੋ ਵਿੱਚ ਰੈਲੀ ਕੀਤੀ, ਜਿੱਥੇ ਫ਼ਰੀਦਕੋਟ ਐੱਮਪੀ ਸਰਬਜੀਤ ਸਿੰਘ ਖਾਲਸਾ ਨੇ ਕਿਹਾ, "2027 ਵਿੱਚ ਅੰਮ੍ਰਿਤਪਾਲ ਨੂੰ ਮੁੱਖ ਮੰਤਰੀ ਬਣਾਇਆ ਜਾਵੇਗਾ।" ਜੇਕਰ ਬਸਪਾ ਨਾਲ ਗਠਜੋੜ ਹੋ ਜਾਂਦਾ ਹੈ, ਤਾਂ ਇਹ ਪੰਥਕ-ਦਲਿਤ ਏਕਤਾ ਨਵਾਂ ਰੰਗ ਲੈ ਲਵੇਗੀ।

ਕਾਂਗਰਸ ਲਈ ਉਭਾਰ ਦੀ ਸੰਭਾਵਨਾ ਵੀ ਹੈ। ਪਾਰਟੀ ਨੇ ਦਿੱਲੀ ਹਾਰ ਤੋਂ ਬਾਅਦ ਪੰਜਾਬ ਵਿੱਚ ਏਕਤਾ ਦਿਖਾਈ ਹੈ ਅਤੇ ਰਾਹੁਲ ਗਾਂਧੀ ਨੇ ਕਿਸਾਨ ਮੁੱਦਿਆਂ ਤੇ ਫੋਕਸ ਕੀਤਾ ਹੈ। ਪਰ ਅੰਦਰੂਨੀ ਕਲੇਸ਼ਾਂ ਨੇ ਪਾਰਟੀ ਨੂੰ ਕਮਜ਼ੋਰ ਕੀਤਾ ਹੈ। ਇਹ ਚੋਣਾਂ ਨਾ ਸਿਰਫ਼ ਸੱਤਾ ਦਾ ਸਵਾਲ ਹੋਣਗੀਆਂ, ਸਗੋਂ ਪੰਜਾਬ ਦੇ ਭਵਿੱਖ ਦਾ ਵੀ।

# ਅਨਿਲ ਅੰਬਾਨੀ ਕਥਿਤ ਫਰਾਡ ਕੇਸ ਵਿਚ ਬੁਰਾ ਫਸਿਆ!

## ✪ ਬਾਂਬੇ ਹਾਈ ਕੋਰਟ ਨੇ ਐੱਸਬੀਆਈ ਦੇ 'ਫਰਾਡ ਅਕਾਊਂਟ' ਵਾਲੇ ਹੁਕਮ ਨੂੰ ਰੱਖਿਆ ਬਰਕਰਾਰ

ਮੁੰਬਈ-ਬਾਂਬੇ ਹਾਈ ਕੋਰਟ ਨੇ ਉਦਯੋਗਪਤੀ ਅਨਿਲ ਅੰਬਾਨੀ ਅਤੇ ਰਿਲਾਇੰਸ ਕਮਿਊਨੀਕੇਸ਼ਨਜ਼ ਦੇ ਖਾਤਿਆਂ ਨੂੰ 'ਧੋਖਾਧੜ' ਦੇ ਰੂਪ ਵਿਚ ਵਰਗੀਕ੍ਰਿਤ ਕਰਨ ਵਾਲੇ ਭਾਰਤੀ ਸਟੇਟ ਬੈਂਕ (ਐੱਸਬੀਆਈ) ਦੇ ਹੁਕਮ ਨੂੰ ਬਰਕਰਾਰ ਰੱਖਦੇ ਹੋਏ ਕਿਹਾ ਹੈ ਕਿ ਇਹ ਇਕ ਤਰਕਸੰਕਤ ਹੁਕਮ ਸੀ ਅਤੇ ਇਸ ਵਿਚ ਕੋਈ ਕਾਨੂੰਨੀ ਖਾਮੀ ਨਹੀਂ ਸੀ। ਜਸਟਿਸ ਰੇਵਤੀ ਮੋਹਿਤੇ ਡੇਰੇ ਅਤੇ ਜਸਟਿਸ ਨੀਲਾ ਗੋਖਲੇ ਦੇ ਬੈਂਚ ਨੇ ਤਿੰਨ ਅਕਤੂਬਰ ਨੂੰ ਐੱਸਬੀਆਈ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਅਨਿਲ ਅੰਬਾਨੀ ਦੀ ਪਟੀਸ਼ਨ ਖ਼ਾਰਿਜ ਕਰ ਦਿੱਤੀ।ਬੀਤੇ ਮੰਗਲਵਾਰ ਨੂੰ ਉਪਲਬਧ ਕਰਵਾਈ ਗਈ ਫ਼ੈਸਲੇ ਦੀ ਇਕ ਕਾਪੀ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਪਟੀਸ਼ਨ ਵਿਚ ਕੋਈ ਦਮ ਨਹੀਂ ਹੈ ਕਿਉਂਕਿ 13 ਜੂਨ 2025 ਦੇ ਐੱਸਬੀਆਈ ਦੇ ਆਦੇਸ਼ ਵਿਚ ਕੋਈ ਖਾਮੀ ਨਹੀਂ ਸੀ। ਹਾਈ ਕੋਰਟ ਨੇ ਅਨਿਲ ਅੰਬਾਨੀ ਦੀ ਇਸ ਦਲੀਲ 'ਤੇ ਵਿਚਾਰ ਨਹੀਂ ਕੀਤਾ ਕਿ ਆਦੇਸ਼ ਨੂੰ ਨਾ-ਮੰਨਣਯੋਗ ਐਲਾਨਿਆ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੂੰ ਨਿੱਜੀ ਸੁਣਵਾਈ ਦਾ ਮੌਕਾ ਨਹੀਂ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਸਬੰਧਤ ਦਸਤਾਵੇਜ਼ ਉਪਲਬਧ ਨਹੀਂ ਕਰਵਾਏ ਗਏ। ਕੋਰਟ ਨੇ ਕਿਹਾ ਕਿ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਮਾਸਟਰ ਨਿਰਦੇਸ਼ਾਂ ਤਹਿਤ ਉਪਲਬਧ ਅਧਿਕਾਰ, ਜਿਸ ਤਹਿਤ ਐੱਸਬੀਆਈ ਨੇ ਆਪਣਾ ਹੁਕਮ ਪਾਸ ਕੀਤਾ, ਇਕ ਪ੍ਰਤੀਨਿਧਤਾ ਕਰਨਾ ਹੈ, ਵਿਅਕਤੀਗਤ ਸੁਣਵਾਈ ਦਾ ਨਹੀਂ। ਹਾਈ ਕੋਰਟ ਨੇ ਕਿਹਾ ਕਿ ਬੈਂਕ ਨੇ ਪਿਛਲੇ ਸਾਲ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ ਪਰ ਉਨ੍ਹਾਂ ਨੇ ਨੋਟਿਸ ਦਾ ਜਵਾਬ ਨਹੀਂ ਦਿੱਤਾ ਅਤੇ ਲਗਾਤਾਰ ਦਸਤਾਵੇਜ਼ ਮੰਗਦੇ ਰਹੇ, ਜਿਸ ਕਾਰਨ ਆਖ਼ਰਕਾਰ ਐੱਸਬੀਆਈ ਨੇ ਖਾਤੇ ਨੂੰ ਧੋਖਾਧੜੀ ਦੇ ਰੂਪ ਵਿਚ ਵਰਗੀਕ੍ਰਿਤ ਕਰਨ ਦਾ ਹੁਕਮ ਪਾਸ ਕੀਤਾ। ਕੋਰਟ ਨੇ ਇਹ ਵੀ ਕਿਹਾ ਕਿ ਅਨਿਲ ਨੇ ਕਦੀ ਵੀ ਨਿੱਜੀ ਸੁਣਵਾਈ ਦੀ ਅਪੀਲ ਨਹੀਂ ਕੀਤੀ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਵਿੱਚ ਸ਼ੇਰ ਗਰੁੱਪ ਦੀ ਜਿੱਤ

## ਸ: ਗੁਰਮੇਲ ਸਿੰਘ ਮੱਲੀ ਦੀ ਅਗਵਾਈ ਵਿੱਚ 21 ਉਮੀਦਵਾਰ ਅਗਲੇ ਤਿੰਨ ਸਾਲਾਂ ਲਈ ਸੰਭਾਲਣਗੇ ਪ੍ਰਬੰਧ


ਸ: ਗੁਰਮੇਲ ਸਿੰਘ ਮੱਲੀ


ਸ਼ੇਰ ਗਰੁੱਪ ਦੇ ਜੇਤੂ ਮੈਂਬਰ


ਸ: ਦੀਦਾਰ ਸਿੰਘ ਰੰਧਾਵਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਰਪ ਦੇ ਸਭ ਤੋਂ ਵੱਡੇ ਗੁਰਦੁਆਰਾ ਸਾਹਿਬ ਵਿੱਚੋਂ ਗਿਣੇ ਜਾਂਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਬੀਤੇ ਐਤਵਾਰ 5 ਅਕਤੂਬਰ 2025 ਨੂੰ ਚੋਣਾਂ ਹੋਈਆਂ, ਜਿਸ ਵਿੱਚ 8000 ਤੋਂ ਵੱਧ ਵੋਟਰਾਂ ਵਿੱਚੋਂ ਕੁੱਲ 5626 ਵੋਟਾਂ ਪਈਆਂ, 26 ਵੋਟਾਂ ਰੱਦ ਹੋਈਆਂ ਅਤੇ 9 ਬੈਲਟ ਪੇਪਰ ਰੱਦ ਹੋਏ। ਇਹਨਾਂ ਚੋਣਾਂ ਵਿੱਚ ਦੋ ਧੜੇ ਆਹਮੋ ਸਾਹਮਣੇ ਸਨ ਜਿਹਨਾਂ ਵਿੱਚੋਂ ਸ਼ੇਰ ਗਰੁੱਪ ਦੀ ਅਗਵਾਈ ਸ: ਗੁਰਮੇਲ ਸਿੰਘ ਮੱਲੀ ਅਤੇ ਪੰਥਕ ਗਰੁੱਪ ਦੀ ਅਗਵਾਈ ਸ: ਹਿੰਮਤ ਸਿੰਘ ਸੋਹੀ ਕਰ ਰਹੇ ਸਨ।**

ਚੋਣ ਕਮੇਟੀ ਦੇ ਚੇਅਰਮੈਨ ਸ: ਮਨਜੀਤ ਸਿੰਘ ਬੁੱਟਰ ਨੇ ਦੱਸਿਆ ਕਿ ਦੇਰ ਰਾਤ ਤੱਕ ਹੋਈ ਗਿਣਤੀ ਵਿੱਚ ਸ਼ੇਰ ਗਰੁੱਪ ਨੂੰ 2664 ਅਤੇ ਪੰਥਕ ਗਰੁੱਪ ਨੂੰ 2178 ਪ੍ਰਾਪਤ ਹੋਈਆਂ ਜੋ ਸ਼ਪੱਸ਼ਟ ਪੂਰੇ ਦੇ ਪੂਰੇ ਗਰੁੱਪ ਨੂੰ ਜਾਣੀ 21 ਉਮੀਦਵਾਰਾਂ ਨੂੰ ਪਈਆਂ ਸਨ, ਲੇਕਨ ਜੋ 758 ਦੇ ਕਰੀਬ ਵੋਟਾਂ ਦੋਵੇਂ ਗਰੁੱਪਾਂ ਦੇ ਉਮੀਦਵਾਰਾਂ ਨੂੰ ਚੁਣ ਚੁਣ ਕੇ ਪਈਆਂ ਸਨ। ਉਹਨਾਂ ਦੀ ਗਿਣਤੀ ਮੌਕੇ ਕੰਮਪਿਊਟਰ ਦੀ ਤਕਨੀਕੀ ਨੁਕਸ ਕਾਰਨ ਗਿਣਤੀ ਕਰਨ ਲਈ ਭਾਰੀ ਮੁਸ਼ਕਿਲ ਦਾ ਸਾਹ-ਮਣਾ ਕਰਨਾ ਪਿਆ।

ਜਿਸ ਕਾਰਨ ਇਹ ਨਤੀਜਾ ਅੱਜ ਦੇਰ ਸ਼ਾਮ ਸਾਢੇ 3 ਕੁ ਵਜੇ ਐਲਾਨਿਆ ਗਿਆ। ਜਿਸ ਵਿੱਚ ਸ਼ੇਰ ਗਰੁੱਪ ਦੇ ਉਮੀਦਵਾਰ ਗੁਰਮੇਲ ਸਿੰਘ ਮੱਲੀ ਨੂੰ 2763, ਹਰਜੀਤ ਸਿੰਘ ਨੂੰ 2727, ਸੁਰਿੰਦਰ ਸਿੰਘ ਢੱਟ ਨੂੰ 2774 , ਗੁਰਬਚਨ ਸਿੰਘ ਅਠਵਾਲ ਨੂੰ 2747, ਬਲਜਿੰਦਰ ਸਿੰਘ ਹੰਸਰਾ ਨੂੰ 2775, ਸੁਰਜੀਤ ਕੌਰ ਬਾਸੀ ਨੂੰ 2766, ਕਮਲਪ੍ਰੀਤ ਕੌਰ ਨੂੰ 2763, ਕਿਰਨਜੀਤ ਕੌਰ ਨੂੰ 2754, ਸ਼ਰਨਬੀਰ ਸਿੰਘ ਮੁਨ ਸੰਘਾ ਨੂੰ 2757, ਜੈ ਸਿਮਰਨ ਸਿੰਘ ਨੂੰ 2770, ਮਨਜੀਤ ਸਿੰਘ ਨੂੰ 2754, ਸਤਨਾਮ ਸਿੰਘ ਚੌਹਾਨ ਨੂੰ 2761, ਜਸਵੰਤ ਸਿੰਘ ਮੰਡ ਨੂੰ 2763, ਕੇਵਲ ਸਿੰਘ ਰਣਦੇਵਾ ਨੂੰ 2756, ਗੁਰਦੀਪ ਸਿੰਘ ਨੂੰ 2762, ਜੋਗਿੰਦਰ ਸਿੰਘ ਨੂੰ 2762, ਇਸ਼ਟਮੀਤ ਸਿੰਘ ਫੁੱਲ ਨੂੰ 2777, ਅਜਮੇਰ ਸਿੰਘ ਵਿਰਦੀ ਨੂੰ 2765, ਪਰਮਜੀਤ ਸਿੰਘ ਧਾਲੀਵਾਲ ਨੂੰ 2755, ਅਮਰੀਕ ਸਿੰਘ ਨੂੰ 2747, ਗੁਲਜ਼ਾਰ ਸਿੰਘ ਚਤਰੱਥ ਨੂੰ 2738 ਵੋਟਾਂ ਪ੍ਰਾਪਤ ਹੋਈਆਂ।

ਪੰਥਕ ਗਰੁੱਪ ਵੱਲੋਂ ਹਿੰਮਤ ਸਿੰਘ ਸੋਹੀ ਨੂੰ 2263, ਕੁਲਵੰਤ ਸਿੰਘ ਭਿੰਡਰ ਨੂੰ 2274, ਗੁਰਸਿਮਰਨ ਸਿੰਘ ਬਾਜਵਾ ਨੂੰ 2267, ਨਵਰਾਜ ਸਿੰਘ ਚੀਮਾ ਨੂੰ 2282, ਬਲਜਿੰਦਰ ਸਿੰਘ ਢਿਲੋਂ ਨੂੰ 2264, ਸੁਰਜੀਤ ਸਿੰਘ ਦੁਸਾਂਝ ਨੂੰ 2239, ਪ੍ਰਵਿੰਦਰ ਸਿੰਘ ਗਰਚਾ ਨੂੰ 2265, ਸੁਖਦੀਪ ਸਿੰਘ ਗਿੱਲ ਨੂੰ 2269, ਹਰਜੋਤ ਕੌਰ ਗਿੱਲ ਨੂੰ 2262, ਤੇਜ ਕੌਰ ਗਰੇਵਾਲ ਨੂੰ 2249, ਮਨਜੀਤ ਸਿੰਘ ਜੌਹਲ ਨੂੰ 2269, ਮਨਸੁੱਖਬੀਰ ਸਿੰਘ ਜੌਹਲ ਨੂੰ 2272, ਹਰਬੰਸ ਸਿੰਘ ਕਲਸੀ ਨੂੰ 2262, ਹਰਕਿਰਨ ਕੌਰ ਕੇਲਾ ਨੂੰ 2268, ਦਵਿੰਦਰਪਾਲ ਸਿੰਘ ਕੁਨਰ ਨੂੰ 2269, ਜਗਦੀਸ਼ ਕੌਰ ਲਾਲ ਨੂੰ 2266, ਹਰਜੀਤ ਸਿੰਘ ਪੇਨੈਚ ਨੂੰ 2262, ਕਰਨਵੀਰ ਸਿੰਘ ਰਾਏ ਨੂੰ 2268, ਬਰਿੰਦਰਜੀਤ ਕੌਰ ਸੰਧੂ ਨੂੰ 2259, ਦਵਿੰਦਰ ਸਿੰਘ ਨੂੰ 2277 ਅਤੇ ਜਤਿੰਦਰਪਾਲ ਸਿੰਘ ਵਿਰਕ ਨੂੰ 2246 ਵੋਟਾਂ ਪਈਆਂ।

ਜਿੱਤ ਤੋਂ ਬਾਅਦ ਸ਼ੇਰ ਗਰੁੱਪ ਦੇ ਚੇਅਰਮੈਨ ਦੀਦਾਰ ਸਿੰਘ ਰੰਧਾਵਾ ਅਤੇ ਪ੍ਰਧਾਨ ਗੁਰਮੇਲ ਸਿੰਘ ਮੱਲੀ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਸੰਗਤਾਂ ਦਾ ਧੰਨਵਾਦ ਕੀਤਾ। ਗੁਰਦੁ-ਆਰਾ ਪਾਰਕ ਐਵੇਨਿਊ ਵਿਖੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਅਰਦਾਸ ਕੀਤੀ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਸਭਾ ਦੀ ਬੇਹਤਰੀ ਲਈ ਸੰਵਿਧਾਨ ਵਿੱਚ ਤਬਦੀਲੀ, ਪ੍ਰੀਵਾਰਵਾਦ ਤੋਂ ਮੁਕਤੀ ਅਤੇ ਹਰ ਇੱਕ ਲਈ ਬਰਾਬਰਤਾ ਵਾਲੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਯਤਨ ਕੀਤੇ ਜਾਣਗੇ।

## ਜ਼ਿੰਦਗੀ ਦੀ ਜੰਗ ਹਾਰ ਗਏ ਗਾਇਕ ਰਾਜਵੀਰ ਜਵੰਦਾ

### ✪ ਫੋਰਟਿਸ 'ਚ ਇਲਾਜ ਦੌਰਾਨ ਚਲ ਵਸੇ

ਮੁਹਾਲੀ-ਮਸ਼ਹੂਰ ਪੰਜਾਬੀ ਗਾਇਕ



ਰਾਜਵੀਰ ਜਵੰਦਾ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਉਨ੍ਹਾਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ 35 ਸਾਲ ਦੀ ਉਮਰ ਵਿਚ ਆਖਰੀ ਸਾਹ ਲਿਆ। ਦੱਸ ਦੇਈਏ ਕਿ 27 ਸਤੰਬਰ ਨੂੰ ਹੋਏ ਐਕਸੀਡੈਂਟ ਦੌਰਾਨ ਉਹ ਗੰਭੀਰ ਜ਼ਖਮੀ ਹੋ ਗਏ ਸਨ ਤੇ ਫੋਰਟਿਸ ਵਿਚ ਵੈਂਟੀਲੇਟਰ 'ਤੇ ਸਨ। ਰਾਜਵੀਰ ਜਵੰਦਾ ਜੋ ਵਿਆਹੇ ਹੋਏ ਸਨ ਤੇ ਦੋ ਛੋਟੇ ਬੱਚਿਆਂ ਦਾ ਪਿਤਾ ਸੀ।

### -ਮਾਮਲਾ 328 ਗੁਰੂ ਗਰੰਥ ਸਾਹਿਬ ਦੇ ਸਰੂਪ ਗਾਇਬ ਹੋਣ ਦਾ-

### ✪ ਮਾਮਲਾ ਮੁੜ ਪੁੱਜਾ ਹਾਈ ਕੋਰਟ, ਪਟੀਸ਼ਨ ਦਾਖ਼ਲ

# ਸ਼੍ਰੋਮਣੀ ਕਮੇਟੀ ਪਾਵਨ ਸਰੂਪ ਗਾਇਬ ਹੋਣ ਦੇ ਮਾਮਲੇ ਕਾਰਣ ਸੰਕਟ ਵਿਚ

ਚੰਡੀਗੜ੍ਹ/ਮੋਹਾਲੀ-ਐੱਸਜੀਪੀਸੀ ਦੇ ਪ੍ਰਕਾਸ਼ਨ ਵਿਭਾਗ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪ ਗਾਇਬ ਹੋਣ ਦਾ ਮਾਮਲਾ ਇਕ ਵਾਰ ਮੁੜ ਹਾਈ ਕੋਰਟ ਪੁੱਜ ਗਿਆ ਹੈ। 27 ਅਗਸਤ ਨੂੰ ਪਟੀਸ਼ਨਰ ਦੇ ਮੰਗ ਪੱਤਰ 'ਤੇ ਫ਼ੈਸਲਾ ਲੈਣ ਲਈ ਹੁਕਮ ਦੇ ਬਾਵਜੂਦ ਕਾਰਵਾਈ ਨਾ ਕਰਨ 'ਤੇ ਹੁਣ ਹਾਈ ਕੋਰਟ 'ਚ ਹੁਕਮ ਅਦੂਲੀ ਪਟੀਸ਼ਨ ਦਾਖ਼ਲ ਕੀਤੀ ਗਈ ਹੈ। ਪਟੀਸ਼ਨ 'ਤੇ ਹਾਈ ਕੋਰਟ ਨੇ ਪੰਜਾਬ ਦੇ ਡੀਜੀਪੀ ਨੂੰ ਨੋਟਿਸ ਜਾਰੀ ਕਰਦੇ ਹੋਏ ਜਵਾਬ ਦਾਖ਼ਲ ਕਰਨ ਦਾ ਹੁਕਮ ਦਿੱਤਾ ਹੈ। ਪਟੀਸ਼ਨਰ ਗੁਰਵਤਨ ਸਿੰਘ ਨੇ ਪਟੀਸ਼ਨ 'ਚ ਦੱਸਿਆ ਕਿ ਇਹ ਮਾਮਲਾ 2015 ਤੋਂ 2018 ਦੌਰਾਨ ਦਾ ਹੈ, ਜਦੋਂ ਐੱਸਜੀਪੀਸੀ ਦੇ ਪ੍ਰਕਾਸ਼ਨ ਵਿਭਾਗ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪ ਗਾਇਬ ਹੋ ਗਏ ਸਨ। ਇਸ ਮਾਮਲੇ ਦੀ ਜਾਂਚ ਲਈ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵੱਲੋਂ ਇਕ





ਕਮੇਟੀ ਦਾ ਗਠਨ ਕੀਤਾ ਗਿਆ ਸੀ, ਇਸ ਕਮੇਟੀ ਨੇ ਆਪਣੀ ਜਾਂਚ ਤੋਂ ਬਾਅਦ 23 ਅਗਸਤ 2020 ਨੂੰ ਐੱਸਜੀਪੀਸੀ ਨੂੰ ਇਕ ਵਿਸਥਾਰਤ ਰਿਪੋਰਟ ਸੌਂਪੀ ਸੀ। ਪਟੀਸ਼ਨਰ ਮੁਤਾਬਕ ਉਨ੍ਹਾਂ ਨੇ ਇਸ ਮਾਮਲੇ 'ਚ ਐੱਸਜੀਪੀਸੀ ਦੀ ਲਾਪਰਵਾਹੀ ਨੂੰ ਦੇਖਦੇ ਹੋਏ 21 ਨਵੰਬਰ 2024 ਨੂੰ ਇਕ ਮੰਗ ਪੱਤਰ ਦਿੱਤਾ ਸੀ। ਉਸੇ ਦਿਨ, ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਵੀ ਇਕ ਮੰਗ ਪੱਤਰ ਦਿੱਤਾ ਸੀ, ਪਰ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਬਾਅਦ ਪਟੀਸ਼ਨਰ ਨੂੰ ਜਨਹਿੱਤ ਪਟੀਸ਼ਨ ਦਾਖ਼ਲ ਕਰਨੀ ਪਈ।

ਮਾਮਲੇ ਦੀ ਸੁਣਵਾਈ ਦੌਰਾਨ ਇਹ ਦੱਸਿਆ ਗਿਆ ਸੀ ਕਿ ਇਸ ਮਾਮਲੇ 'ਤੇ ਪੰਜਾਬ ਦੇ ਗ੍ਰਹਿ ਸਕੱਤਰ ਨੇ ਡੀਜੀਪੀ ਨੂੰ ਇਕ ਪੱਤਰ ਲਿਖਿਆ ਹੈ। ਸਰਕਾਰ ਦੇ ਇਸ ਜਵਾਬ 'ਤੇ ਕੋਰਟ ਨੇ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਕਿਹਾ ਸੀ ਕਿ ਉਹ ਉਮੀਦ ਕਰਦੇ ਹਨ ਕਿ ਸਰਕਾਰ ਇਸ ਮਾਮਲੇ 'ਚ ਸਹੀ ਕਦਮ ਚੁੱਕੇਗੀ।

ਇਨ੍ਹਾਂ ਹੁਕਮਾਂ 'ਤੇ ਕਾਰਵਾਈ ਨਾ ਹੋਣ 'ਤੇ ਹੁਣ ਪਟੀਸ਼ਨਰ ਨੇ ਪੰਜਾਬ ਦੇ ਡੀਜੀਪੀ ਖ਼ਿਲਾਫ਼ ਹੁਕਮ ਅਦੂਲੀ ਪਟੀਸ਼ਨ ਦਾਖ਼ਲ ਕੀਤੀ ਹੈ। ਹਾਈ ਕੋਰਟ ਨੇ ਹੁਣ ਹੁਕਮ ਅਦੂਲੀ ਪਟੀਸ਼ਨ 'ਤੇ ਪੰਜਾਬ ਦੇ ਡੀਜੀਪੀ ਨੂੰ ਨੋਟਿਸ ਜਾਰੀ ਕੇ ਜਵਾਬ ਮੰਗ ਲਿਆ ਹੈ।

# ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਦੀ ਸਾਜਿਸ਼ ਦਾ ਅਮਰੀਕਨ ਅਦਾਲਤ ਵਿੱਚ ਪਰਦਾਫਾਸ਼



## ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਦੀ ਸਾਜਿਸ਼ ਵਿੱਚ ਗ੍ਰਿਫਤਾਰ ਭਾਰਤੀ ਏਜੰਟ 'ਗੁਪਤਾ' ਦੀ ਗੱਲਬਾਤ ਪ੍ਰੋਸੀਕਿਊਟਰ ਵੱਲੋਂ ਅਮਰੀਕਨ ਅਦਾਲਤ ਵਿੱਚ ਪੇਸ਼ ਗੁਪਤਾ ਦੀ ਗੱਲਬਾਤ ਜਾਰੀ ਹੋਣ ਨਾਲ ਸਿੱਖ ਆਗੂਆਂ ਨੂੰ ਕਤਲ ਕਰਨ ਦੀ ਸਾਜਿਸ਼ ਤੋਂ ਪਰਦਾ ਚੁੱਕਿਆ ਗਿਆ

***ਵਾਸ਼ਿੰਗਟਨ (ਪੰਜਾਬ ਟਾਈਮਜ਼) – ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਨੂੰ ਭਾਰਤੀ ਏਜੰਟ ਵੱਲੋਂ ਕਤਲ ਕਰਨ ਦੀ ਸਾਜਿਸ਼ ਰਚਣ ਦੇ ਦੋਸ਼ ਵਿੱਚ ਗੁਪਤਾ ਨਾਂ ਦੇ ਵਿਅਕਤੀ ਦੀ ਅਮਰੀਕਨ ਗੁਪਤ ਅਫ਼ਸਰ ਨਾਲ ਹੋਈ ਗੱਲਬਾਤ ਦਾ ਬਿਉਰਾ ਕੇਸ ਦੇ ਪ੍ਰੋਸੀਕਿਊਟਰ ਵੱਲੋਂ ਅਮਰੀਕਨ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ।***

ਭਾਰਤੀ ਏਜੰਟ ਗੁਪਤਾ ਦੀ ਅਮਰੀਕਾ ਦੇ ਅੰਡਰ ਕਵਰ ਅਫ਼ਸਰ ਦੇ ਨਾਲ ਹੋਈ ਗੱਲਬਾਤ ਵਿੱਚ ਗੁਪਤਾ ਉਸ ਅਫ਼ਸਰ ਨੂੰ ਕਿਸੇ ਗੈਂਗ ਦਾ ਮੈਂਬਰ ਸਮਝਦੇ ਹੋਏ ਸਿੱਖ ਆਗੂਆਂ ਨੂੰ ਮਾਰਨ ਸਬੰਧੀ ਗੱਲਬਾਤ ਕਰਦਾ ਹੈ। ਉਸ ਗੱਲਬਾਤ ਦੌਰਾਨ ਗੁਪਤਾ ਅਮਰੀਕਨ ਅਫ਼ਸਰ ਨੂੰ ਕਹਿੰਦਾ ਹੈ ਕਿ ਉਹ ਜਹਾਜ ਰਾਹੀਂ ਤੁਹਾਨੂੰ ਹਥਿਆਰ ਭੇਜਣਗੇ। ਹਥਿਆਰਾਂ ਵਾਸਤੇ ਉਹ ਟੋਏ (ਖਿਡਾਉਣਾ) ਲਫ਼ਜ਼ ਵਰਤਦਾ ਹੈ। ਇਸ ਦੇ ਨਾਲ ਹੀ ਉਹ ਡਰੱਗ ਦੀ ਗੱਲ ਵੀ ਕਰਦਾ ਹੈ ਕਿ ਅਸੀਂ ਇਹ ਵੀ ਤੁਹਾਡੇ ਲਈ ਭੇਜਾਂਗੇ। ਇਹਦੇ ਇਲਾਵਾ ਉਹ ਬੜੇ ਯਕੀਨ ਨਾਲ ਅਮਰੀਕਨ ਅਫ਼ਸਰ ਨੂੰ ਕਹਿੰਦਾ ਹੈ ਕਿ ਕਲੀਰੈਂਸ ਜਾਂ ਕਿਸੇ ਵੀ ਤਰ੍ਹਾਂ ਦੀ ਉਹ ਚਿੰਤਾ ਨਾ ਕਰੇ, ਸਭ ਕੁੱਝ ਉਹਨਾਂ ਦੇ ਹੱਥ ਵਿੱਚ ਹੈ। ਚੈਕ ਰਿਪਲਿਕ ਤੋਂ ਉਹਨਾਂ ਵਾਸਤੇ ਜਹਾਜ਼ ਵਿੱਚ ਲੋੜੀਂਦਾ ਸਮਾਨ ਭੇਜਿਆ ਜਾਵੇਗਾ ਤੇ ਉਥੇ ਪਹੁੰਚਾਣ ਵਿੱਚ ਕੋਈ ਸਮੱਸਿਆ ਨਹੀਂ ਹੋਵੇਗੀ। ਉਹ ਕਹਿੰਦਾ ਹੈ ਕਿ ਅਸੀਂ ਚਾਰ ਕੰਮ ਕਰਨੇ ਹਨ। ਉਹ ਰਿਪਦੁਮਨ ਸਿੰਘ ਮਲਿਕ ਅਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਵੱਲ ਇਸ਼ਾਰਾ ਕਰਦਾ ਹੋਇਆ ਕਹਿੰਦਾ ਹੈ ਕਿ ਅਸੀਂ ਇਹ ਪਹਿਲੇ ਨਿਸ਼ਾਨੇ ਮੁਕੰਮਲ ਕਰ ਚੁੱਕੇ ਹਾਂ ਤੇ ਹੁਣ ਅਗਲੇ ਨਿਸ਼ਾਨੇ ਵੱਲ ਵਧ ਰਹੇ ਹਾਂ।

ਹਾਲਾਂ ਕਿ ਰਿਪਦੁਮਨ ਸਿੰਘ ਮਲਿਕ ਦੇ ਕਤਲ ਸਬੰਧੀ ਇੱਕ ਖਾਲਿਸਤਾਨੀ ਜਥੇਬੰਦੀ ਨੇ ਵੀ ਆਪਣੇ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਜਿੰਮੇਵਾਰੀ ਕਬੂਲੀ ਸੀ, ਬਾਅਦ ਵਿੱਚ ਬੇਸ਼ੱਕ ਛੇਤੀ ਹੀ ਉਥੋਂ ਇਹ ਹਟਾ ਦਿੱਤੀ ਗਈ। ਜਿਹੜੇ ਸਿੱਖ ਵੱਖਰੇ ਖਾਲਸਾ ਰਾਜ ਦੀ ਗੱਲ ਕਰਦੇ ਨੇ, ਜਾਂ ਸਿੱਖ ਹੱਕਾਂ ਦੀ ਪੈਰਵਾਈ ਕਰਦੇ ਨੇ ਉਹ ਭਾਰਤੀ ਏਜੰਸੀਆਂ ਦੇ ਨਿਸ਼ਾਨੇ ਤੇ ਹਨ। ਏਜੰਸੀਆਂ ਸਿੱਖਾਂ ਵਿੱਚ ਭਰਾ ਮਾਰੂ ਜੰਗ ਫੈਲਾ ਕੇ ਆਪਣਾ ਮਕਸਦ ਹੱਲ ਕਰਨ ਦੀ ਕੋਸ਼ਿਸ਼ ਵਿੱਚ ਸਨ। ਪਰ ਅੰਡਰ ਕਵਰ ਅਮਰੀਕਨ ਸੁਰੱਖਿਆ ਅਫ਼ਸਰ ਦੀ ਮੁਸਤੈਦੀ ਅਤੇ ਹੁਸ਼ਿਆਰੀ ਨਾਲ ਭਾਰਤੀ ਏਜੰਟ ਗੁਪਤਾ ਦਾ ਪਰਦਾ ਫਾਸ਼ ਹੋ ਗਿਆ। ਮੁਕੱਦਮਾ ਅਜੇ ਜਾਰੀ ਹੈ, ਸੁਣਵਾਈ ਦੌਰਾਨ ਹੋਰ ਵੀ ਬਹੁਤ ਕੁੱਝ ਸਾਹਮਣੇ ਆਉਣ ਦੀ ਸੰਭਾਵਨਾ ਹੈ, ਜਿਹੜੇ ਚਾਰ ਹੋਰ ਕਤਲਾਂ ਦੀ ਗੱਲ ਕੀਤੀ ਗਈ ਹੈ, ਉਹਨਾਂ ਬਾਰੇ ਵੀ ਇੰਕਸ਼ਾਫ਼ ਹੋ ਸਕਦੇ ਹਨ।

Case 1:23-cr-00289-VM Document 119 Filed 10/06/25 Page 10 of 32

On the same call, Gupta and the CS discussed meeting in person:

| | |
|---|---|
| GUPTA | But Czech, Czech is right now good. Right now. Czech is good because, uh, time is very, uh, less. |
| CS | Oh, okay. My friend. Yeah. But the, the problem is because — |
| GUPTA | Because we have four, four job to done. Four job for [the UC] to take care. This is the only first job. And this four job we have to finish in this month. |
| CS | Mm-hmm. Yep. |
| GUPTA | The 29th. 30th. We have to finish, uh, more three job after this. |
| CS | Oh, okay. All right. Yeah. But, uh, yeah, my production will be the next week in, in, over there. |
| GUPTA | No problem. No problem. |
| CS | In Czech Republic. And I need to be there. And for, for do the, for the talk with the customer. The people over there, man. |
| GUPTA | Ok. Ok. No problem. |
| CS | Yeah. I need your help with that. I don't know. How much do you need over there for my production? |
| GUPTA | Okay. |
| CS | And I need, be sure, but, uh, you will have news for me about the toys, my friend. |
| GUPTA | Toys. Don't worry. Toys. Don't worry. Don't think anything about the toys. |
| CS | Mm-hmm. |
| GUPTA | You will have the toys. Yes. |

After a short back and forth, Gupta told the CS that he (Gupta) would handle the logistics for the firearms shipment: "I will load your toys, no problem. No checking, nothing. Your plane will come. We will put all the toys, what you want in your airplane." This call, which lasted approximately fifteen minutes, thus addressed: (i) plans to kill the Victim; (ii) the Nijjar Murder Video and Nijjar's murder; (iii) additional contemplated Canadian targets; and (iv) meeting in the

Case 1:23-cr-00289-VM Document 119 Filed 10/06/25 Page 9 of 32

*Second*, the same day, Gupta spoke with the CS about the Nijjar Murder Video. A portion of their call is below:

| | |
|---|---|
| GUPTA | Yeah. Yeah. This is, this is the, uh, guy, uh, I sent you the video. |
| CS | Ok. |
| GUPTA | Not the [UC] because we didn't give to [the UC] this, uh, job. So some other guy did this job. |
| CS | Oh, right. |
| GUPTA | In, uh, in Canada. Yeah, in Canada. But we have many job. We have four or five, uh, job. And, uh, now, no problem. We got the go ahead. Good to go. Anytime. Even today, tomorrow, as early as possible. Uh, [the UC] has to finish this job brother. |

The call continued:

| | |
|---|---|
| GUPTA | Just tell him, tell him to finish this, finish this quickly. |
| CS | Yeah. Yeah. I do. |
| GUPTA | See [the UC] will get his money. You will, you will meet this [UI] guys, you will get the toys. Your friends will be happy. They will, uh, as I told you that your, your production, your production also will not be any problem.[3] |
| CS | Right. |
| GUPTA | I give you the [UI], fucking don't worry about the clearance and the custom anything, brother. They are really big. They're really huge, very big. |
| CS | Oh, okay. |
| GUPTA | Your, your, your plane will come. They will give your production. Same plane will put the toys and you will take. |
| CS | Oh, okay. Sound good? Sound good, my friend. |
| GUPTA | Yeah. But everything depends upon this first job trial. This is trial. They're, they're checking us. They're testing us. That how strong we are. |

[3] The CS is expected to testify that "toys" referred to weapons and "production" referred to narcotics.

ਨੋਟ:– ਭਾਰਤੀ ਏਜੰਟ ਗੁਪਤਾ ਦੀ ਅਮਰੀਕਨ ਗੁਪਤਚਰ ਵਿਭਾਗ ਦੇ ਅਫ਼ਸਰ ਨਾਲ ਹੋਈ ਗੱਲਬਾਤ ਦੀ ਕਾਪੀ ਦਾ ਕੁੱਝ ਹਿੱਸਾ

# ਪ੍ਰਧਾਨ ਝੀਂਡਾ ਉਪਰ ਗੁਰੂ ਕੀ ਗੋਲਕ ਅਤੇ ਮੁਲਾਜ਼ਮਾਂ ਦੀ ਦੁਰਵਰਤੋਂ ਦੇ ਲਗੇ ਦੋਸ਼

## ✪ ਸਬ ਕਮੇਟੀ ਵੱਲੋਂ ਪੇਸ਼ ਕੀਤੀ ਰਿਪੋਰਟ ਵਿੱਚ ਪ੍ਰਧਾਨ ਝੀਂਡਾ ਦੋਸ਼ੀ ਪਾਇਆ ਗਿਆ

ਗੂਹਲਾ ਚੀਕਾ-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਵੱਲੋਂ ਕਮੇਟੀ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ 26 ਜੂਨ 2025 ਨੂੰ ਐਮਰਜੈਂਸੀ ਦੇ ਖ਼ਿਲਾਫ਼ ਕੁਰੂਕਸ਼ੇਤਰਾ ਯੂਨੀਵਰਸਿਟੀ ਵਿੱਚ ਕਾਲਾ ਦਿਵਸ ਨਿੱਜੀ ਤੌਰ ਤੇ ਮਨਾਇਆ ਗਿਆ। ਜਿਸ ਨੂੰ ਮਨਾਉਣ ਤੋਂ ਬਾਅਦ ਪ੍ਰਧਾਨ ਝੀਂਡਾ ਨੇ ਮੀਡੀਆ ਵਿੱਚ ਸੰਬੋਧਨ ਕੀਤਾ ਸੀ ਕਿ ਕਾਲਾ ਦਿਵਸ ਸਮਾਗਮ ਵਿੱਚ ਗੁਰੂ ਕੀ ਗੋਲਕ ਦਾ ਇੱਕ ਰੁਪਈਆ ਵੀ ਖਰਚ ਨਹੀਂ ਕੀਤਾ ਅਤੇ ਨਾ ਹੀ ਹਰਿਆਣਾ ਕਮੇਟੀ ਦੇ ਮੁਲਾਜ਼ਮਾਂ ਗੱਡੀਆਂ ਕਾਰਾਂ ਦੀ ਵਰਤੋਂ ਕੀਤੀ ਗਈ ਹੈ। ਪ੍ਰਧਾਨ ਝੀਂਡਾ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕਿਹਾ ਸੀ ਕਿ ਕਾਲਾ ਦਿਵਸ ਸਮਾਗਮ ਉੱਤੇ ਹੋਇਆ ਖਰਚ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਤੋਂ ਨਿੱਜੀ ਤੌਰ ਤੇ ਇਕੱਤਰ ਕੀਤਾ ਗਿਆ ਸੀ।

ਇਸ ਸਬੰਧੀ ਹਰਿਆਣਾ ਕਮੇਟੀ ਦੇ



ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਰਾਮਸਰ ਵੱਲੋਂ ਸਮਾਗਮ ਖਰਚ ਦੀ ਪੜਤਾਲ ਲਈ ਪੰਜ ਮੈਂਬਰੀ ਸਬ ਕਮੇਟੀ ਦਾ ਗਠਨ ਕੀਤਾ ਗਿਆ ਸੀ। ਜੂਨੀਅਰ ਮੀਤ ਪ੍ਰਧਾਨ ਗੁਰਵੀਰ ਸਿੰਘ ਤਲਾਕੌਰ ਦੀ ਅਗਵਾਈ ਵਿੱਚ ਬਣਾਈ ਗਈ ਇਸ ਕਮੇਟੀ ਵਿੱਚ ਸੀਨੀਅਰ ਮੈਂਬਰ ਜੋਗਾ ਸਿੰਘ ਯਮੁਨਾਨਗਰ ਮੈਂਬਰ, ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ, ਬਲਵਿੰਦਰ ਸਿੰਘ ਭਿੰਡਰ ਮੀਤ ਸਕੱਤਰ, ਗੁਰਤੇਜ ਸਿੰਘ ਅੰਬਾਲਾ ਮੈਂਬਰ ਸ਼ਾਮਲ ਸਨ।

ਸਬ ਕਮੇਟੀ ਦੇ ਮੁਖੀ ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ ਨੇ ਪੂਰੀ ਗੰਭੀਰਤਾ ਨਾਲ ਕੀਤੀ ਗਈ ਜਾਂਚ ਪੜਤਾਲ ਦੀ ਰਿਪੋਰਟ ਅੱਜ ਸਬੂਤਾਂ ਸਮੇਤ ਹਰਿਆਣਾ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਰਾਮਸਰ ਨੂੰ ਸੌਂਪ ਦਿੱਤੀ ਹੈ।

ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕੇ ਸਬ ਕਮੇਟੀ ਵੱਲੋਂ ਜਾਂਚ ਪੜਤਾਲ ਦੀ ਪੇਸ਼ ਕੀਤੀ ਰਿਪੋਰਟ ਵਿੱਚ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਦੋਸ਼ੀ ਪਾਇਆ ਗਿਆ ਹੈ। ਸਬ ਕਮੇਟੀ ਨੇ ਪੂਰੇ ਸਬੂਤਾਂ ਸਮੇਤ ਰਿਪੋਰਟ ਵਿੱਚ ਜਾਣਕਾਰੀ ਦਿੱਤੀ ਹੈ ਕਿ ਪ੍ਰਧਾਨ ਝੀਂਡਾ ਨੇ ਕਿਵੇਂ ਗੁਰੂ ਕੀ ਗੋਲਕ, ਗੱਡੀਆਂ ਅਤੇ ਮੁਲਾਜ਼ਮਾਂ ਦੀ ਦੁਰਵਰਤੋਂ ਕੀਤੀ ਹੈ। ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਕੋਲੋਂ ਬੇਹਿਸਾਬ ਪੈਸਾ ਇਕੱਤਰ ਕੀਤਾ ਹੈ ਰਾਮਸਰ ਨੇ ਦੱਸਿਆ ਕੇ ਕਾਲਾ ਦਿਵਸ 'ਤੇ ਆਏ 766220 ਰੁਪਏ ਦੇ ਖਰਚ ਬਾਰੇ ਪ੍ਰਧਾਨ ਝੀਂਡਾ ਨੇ ਖੁਦ ਮੀਡੀਆ ਵਿੱਚ ਮੰਨਿਆ ਹੈ ਬਾਕੀ ਇਕੱਤਰ ਕੀਤੇ ਗਏ ਪੈਸੇ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ ਜੋ ਸਿੱਧਾ ਸਿੱਧਾ ਪ੍ਰਧਾਨਗੀ ਦੇ ਅਹੁਦੇ ਦੀ ਦੁਰਵਰਤੋਂ ਅਤੇ ਭ੍ਰਿਸ਼ਟਾਚਾਰ ਹੈ।

ਸਬ ਕਮੇਟੀ ਵੱਲੋਂ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਗੁਰੂ ਕੀ ਗੋਲਕ, ਗੱਡੀਆਂ ਮੁਲਾਜ਼ਮਾਂ ਪੈਸੇ ਦੀ ਦੁਰਵਰਤੋਂ ਕਰਨ ਸਬੰਧੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਦੋਸ਼ੀ ਪਾਇਆ ਜਾਂਦਾ ਹੈ।

# ਅਮਰੀਕੀ ਫ਼ੌਜ ਵਿਚ ਸਿੱਖਾਂ-ਮੁਸਲਮਾਨਾਂ ਦੀ ਦਾੜ੍ਹੀ 'ਤੇ ਲਗਾਈ ਪਾਬੰਦੀ

**ਖਾਸ ਖ਼ਬਰ**

## ✪ ਧਾਰਮਿਕ ਪਛਾਣ 'ਤੇ ਸੰਕਟ: ਸਿੱਖ ਕੋਅਲੀਸ਼ਨ ਵਲੋਂ ਤਿੱਖਾ ਪ੍ਰਤੀਕਰਮ, ਲੜਨਗੇ ਕਾਨੂੰਨੀ ਲੜਾਈ ✪ ਅਮਰੀਕੀ ਰੱਖਿਆ ਸਕੱਤਰ ਹੈਗਸੇਥ ਵਲੋਂ ਦਾੜ੍ਹੀ 'ਅਨੁਸ਼ਾਸਨ ਵਿਰੋਧੀ' ਕਰਾਰ






ਵਾਸ਼ਿੰਗਟਨ-ਅਮਰੀਕੀ ਰੱਖਿਆ ਸਕੱਤਰ ਪੀਟ ਹੈਗਸੇਥ ਨੇ ਫੌਜ ਵਿੱਚ ਦਾੜ੍ਹੀ ਰੱਖਣ 'ਤੇ ਸਖਤ ਪਾਬੰਦੀ ਲਗਾ ਕੇ ਸਿੱਖ ਪੰਥ ਸਮੇਤ ਵੱਖ ਵੱਖ ਕੌਮਾਂ ਨੂੰ ਚਿੰਤਤ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਦੇ ਇਸ ਫ਼ੈਸਲੇ ਕਾਰਣ ਸਿੱਖਾਂ, ਮੁਸਲਮਾਨ ਅਤੇ ਰੂੜ੍ਹੀਵਾਦੀ ਯਹੂਦੀ ਨਰਾਜ਼ ਹਨ। ਪੈਂਟਾਗਨ ਨੇ 30 ਸਤੰਬਰ ਨੂੰ ਜਾਰੀ ਕੀਤੇ ਗਏ ਹੁਕਮ ਵਿੱਚ ਕਿਹਾ ਹੈ ਕਿ ਫੌਜੀਆਂ ਨੂੰ 'ਕਲੀਨ ਸ਼ੇਵਨ' ਹੋਣਾ ਲਾਜ਼ਮੀ ਹੈ, ਜੋ 2010 ਤੋਂ ਪਹਿਲਾਂ ਦੇ ਸਟੈਂਡਰਡਾਂ ਨੂੰ ਵਾਪਸ ਲਿਆਉਣ ਵਾਲਾ ਹੈ। ਇਸ ਨਾਲ ਸੈਂਕੜੇ ਸਿੱਖ ਫੌਜੀਆਂ ਦੀ ਧਾਰਮਿਕ ਪਛਾਣ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇਹ ਫ਼ੈਸਲਾ ਨਾ ਸਿਰਫ਼ ਧਾਰਮਿਕ ਆਜ਼ਾਦੀ ਨੂੰ ਠੇਸ ਪਹੁੰਚਾਉਂਦਾ ਹੈ, ਸਗੋਂ ਅਮਰੀਕੀ ਫੌਜ ਦੀ ਵਿਭਿੰਨਤਾ ਨੂੰ ਵੀ ਘਟਾਉਂਦਾ ਹੈ।

### ਪੈਂਟਾਗਨ ਦਾ ਹੁਕਮ: ਦਾੜ੍ਹੀ 'ਗਲਤ' ਕਿਉਂ?

ਪੀਟ ਹੈਗਸੇਥ, ਜੋ ਇੱਕ ਪੁਰਾਣੇ ਆਰਮੀ ਨੈਸ਼ਨਲ ਗਾਰਡ ਅਧਿਕਾਰੀ ਰਹਿ ਚੁੱਕੇ ਹਨ, ਨੇ 30 ਸਤੰਬਰ ਨੂੰ ਮੈਰੀਨ ਕੋਰਪਸ ਬੇਸ ਕਵਾਂਟੀਕੋ ਵਿੱਚ 800 ਤੋਂ ਵੱਧ ਸੀਨੀਅਰ ਫੌਜੀ ਅਧਿਕਾਰੀਆਂ ਨੂੰ ਸੰਬੋਧਨ ਕੀਤਾ ਸੀ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ "ਨੋ ਮੋਰ ਬੀਅਰਡੋਜ਼" (ਹੁਣ ਕੋਈ ਦਾੜ੍ਹੀ ਵਾਲੇ ਨਹੀਂ ਹੋਣਗੇ ਫੌਜ ਵਿਚ)। ਉਨ੍ਹਾਂ ਨੇ ਦਾੜ੍ਹੀ ਨੂੰ 'ਅਨੁਸ਼ਾਸਨ ਦਾ ਵਿਰੋਧੀ' ਅਤੇ 'ਮੋਟੇ ਜਨਰਲਾਂ' ਨਾਲ ਜੋੜ ਕੇ ਮਜ਼ਾਕ ਉਡਾਇਆ ਸੀ। ਇਸ ਭਾਸ਼ਣ ਤੋਂ ਘੰਟਿਆਂ ਬਾਅਦ ਪੈਂਟਾਗਨ ਨੇ "ਚਿਹਰੇ ਦੇ ਬਾਲਾਂ ਲਈ ਗਾਈਡਲਾਈਨਜ਼" ਨਾਮਕ ਦਸਤਾਵੇਜ਼ ਜਾਰੀ ਕੀਤਾ। ਇਸ ਵਿੱਚ ਕਿਹਾ ਗਿਆ ਹੈ ਕਿ ਫੌਜ ਦੇ ਸਾਰੇ ਵਿੰਗਾਂ ਨੂੰ 60 ਦਿਨਾਂ ਵਿੱਚ ਯੋਜਨਾ ਤਿਆਰ ਕਰਨੀ ਹੈ ਅਤੇ 90 ਦਿਨਾਂ ਵਿੱਚ ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਹੈ।

2010 ਤੋਂ ਪਹਿਲਾਂ ਦੇ ਸਟੈਂਡਰਡਾਂ ਅਨੁਸਾਰ, ਦਾੜ੍ਹੀ ਸਿਰਫ਼ ਵਿਸ਼ੇਸ਼ ਮੈਡੀਕਲ ਜਾਂ ਧਾਰਮਿਕ ਮਾਮਲਿਆਂ ਵਿੱਚ ਹੀ ਇਜਾਜ਼ਤ ਸੀ। ਹੁਣ ਇਹ ਛੂਟ ਵੀ ਖ਼ਤਮ ਹੋ ਰਹੀ ਹੈ। ਹੈਗਸੇਥ ਨੇ ਕਿਹਾ ਕਿ ਇਹ ਫੈਸਲਾ 'ਸਰਵਾਈਵੇਬਿਲਟੀ, ਇੰਟਰਆਪਰੇਬਿਲਟੀ ਅਤੇ ਮਿਸ਼ਨ ਐਕਸੀਕਿਊਸ਼ਨ' ਲਈ ਜ਼ਰੂਰੀ ਹੈ, ਕਿਉਂਕਿ ਗੈਸ ਮਾਸਕ ਦੀ ਸੀਲ ਨੂੰ ਦਾੜ੍ਹੀ ਨੁਕਸਾਨ ਪਹੁੰਚਾਉਂਦੀ ਹੈ। ਪਰ ਇਸ ਤਰਕ ਨੂੰ ਧਾਰਮਿਕ ਗਰੁੱਪਾਂ ਨੇ ਖ਼ਾਰਜ ਕਰ ਦਿੱਤਾ ਹੈ। ਸਿੱਖ ਕੋਅਲੀਸ਼ਨ ਦੀ ਸੀਨੀਅਰ ਅਟਾਰਨੀ ਮਾਰੀਸਾ ਰੋਸੇਟੀ ਨੇ ਕਿਹਾ, "ਦਾੜ੍ਹੀ ਕੱਟਣਾ ਸਿੱਖਾਂ ਲਈ ਅੰਗ ਕੱਟਣ ਵਾਂਗ ਹੈ।" ਪੈਂਟਾਗਨ ਦੇ ਇਸ ਹੁਕਮ ਨੇ ਨਾ ਸਿਰਫ਼ ਧਾਰਮਿਕ ਛੂਟਾਂ ਨੂੰ ਖ਼ਤਮ ਕੀਤਾ, ਸਗੋਂ ਕਾਲੇ ਅਮਰੀਕੀ ਫੌਜੀਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ, ਜਿਨ੍ਹਾਂ ਨੂੰ ਰੇਜ਼ਰ ਬੰਪਸ ਵਰਗੀਆਂ ਸਕਿਨ ਬਿਮਾਰੀਆਂ ਕਾਰਨ ਸ਼ੇਵਿੰਗ ਵਿੱਚ ਮੁਸ਼ਕਲ ਹੁੰਦੀ ਹੈ।

ਟਰੰਪ ਪ੍ਰਸ਼ਾਸਨ ਨੇ ਇਸ ਨੂੰ 'ਵਾਰੀਅਰ ਇਥੋਸ' (ਯੋਧਾ ਨੈਤਿਕਤਾ) ਨਾਲ ਜੋੜਿਆ ਹੈ, ਪਰ ਇਹ ਫੈਸਲਾ ਅਮਰੀਕੀ ਸੰਵਿਧਾਨ ਦੇ ਪਹਿਲੇ ਅਧਿਕਾਰ (ਧਾਰਮਿਕ ਆਜ਼ਾਦੀ) ਨੂੰ ਚੁਣੌਤੀ ਦਿੰਦਾ ਹੈ।

ਸਿੱਖ ਪੰਥ ਨੇ ਇਸ ਨੂੰ ਆਪਣੀ ਧਾਰਮਿਕ ਪਛਾਣ 'ਤੇ ਹਮਲਾ ਮੰਨਿਆ ਹੈ। ਇੱਕ ਸਿੱਖ ਫੌਜੀ ਨੇ ਐੱਕਸ (ਟਵਿੱਟਰ) 'ਤੇ ਲਿਖਿਆ, "ਮੇਰੇ ਕੇਸ ਹੀ ਮੇਰੀ ਪਛਾਣ ਹੈ। ਸਾਲਾਂ ਦੀ ਲੜਾਈ ਤੋਂ ਬਾਅਦ ਇਹ ਵਿਸ਼ਵਾਸਘਾਤ ਵਾਂਗ ਲੱਗ ਰਿਹਾ ਹੈ।" ਸਿੱਖ ਕੋਅਲੀਸ਼ਨ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਇਹ ਫੈਸਲਾ ਹਜ਼ਾਰਾਂ ਫੌਜੀਆਂ ਨੂੰ ਧਰਮ ਅਤੇ ਕਰੀਅਰ ਵਿੱਚੋਂ ਇੱਕ ਚੁਣਨ ਲਈ ਮਜਬੂਰ ਕਰੇਗਾ। ਉਨ੍ਹਾਂ ਕਿਹਾ ਕਿ ਇਹ ਨੀਤੀ ਰਿਲੀਜ਼ੀਅਸ ਫ੍ਰੀਡਮ ਰਿਸਟੋਰੇਸ਼ਨ ਐਕਟ (੧੯੯੩) ਦੇ ਖ਼ਿਲਾਫ਼ ਹੈ।

ਸਿੱਖ ਕੋਅਲੀਸ਼ਨ ਨੇ ਪੈਂਟਾਗਨ ਨੂੰ ਚਿੱਠੀ ਲਿਖੀ ਹੈ ਅਤੇ ਕਾਨੂੰਨੀ ਕਾਰਵਾਈ ਦੀ ਤਿਆਰੀ ਕੀਤੀ ਹੈ। ਉਨ੍ਹਾਂ ਨੇ ਕਿਹਾ, "ਅਸੀਂ ਹਾਈ ਐਲਰਟ 'ਤੇ ਹਾਂ ਅਤੇ ਇਸ ਨੂੰ ਰੋਕਣ ਲਈ ਹਰ ਕਦਮ ਚੁੱਕਾਂਗੇ।" ਇੱਕ ਸਿੱਖ ਵੈਟਰਨ ਸੁਖਬੀਰ ਸਿੰਘ ਤੂਰ ਨੇ ਨਿਊਯਾਰਕ ਟਾਈਮਜ਼ ਨੂੰ ਦੱਸਿਆ, "ਹੈਗਸੇਥ ਨੂੰ ਨਹੀਂ ਪਤਾ ਕਿ ਉਹ ਕੀ ਬੋਲ ਰਹੇ ਹਨ। ਇਹ ਗਲਤ ਹੈ।" ਉਹ ਖ਼ੁਦ ਮੈਰੀਨ ਕੋਰਪਸ ਵਿੱਚ ਰਿਟਾਇਰ ਹੋਏ ਹਨ ਅਤੇ ਦਾੜ੍ਹੀ ਨਾਲ ਗੈਸ ਮਾਸਕ ਪਾਉਣ ਵਿੱਚ ਕਾਮਯਾਬ ਰਹੇ ਹਨ।

ਸਿੱਖਾਂ ਨੇ ਅੱਗੇ ਰਾਹ ਵਜੋਂ ਕਾਨੂੰਨੀ ਲੜਾਈ ਚੁਣੀ ਹੈ। ਉਹ ਰਿਲੀਜ਼ੀਅਸ ਫ੍ਰੀਡਮ ਰਿਸਟੋਰੇਸ਼ਨ ਐਕਟ ਅਤੇ ਸੁਪਰੀਮ ਕੋਰਟ ਦੇ ਪੁਰਾਣੇ ਫ਼ੈਸਲਿਆਂ (ਜਿਵੇਂ ੨੦੧੬ ਵਿੱਚ ਕੈਪਟਨ ਸਿਮਰਤਪਾਲ ਸਿੰਘ ਦਾ ਕੇਸ) ਨੂੰ ਆਧਾਰ ਬਣਾਉਣਗੇ। ਸਿੱਖ ਜਥੇਬੰਦੀਆਂ ਨੇ ਕਾਂਗਰਸ ਮੈਂਬਰਾਂ ਨੂੰ ਵੀ ਲਿਖਿਆ ਹੈ ਅਤੇ ਪ੍ਰੋਟੈਸਟ ਮਾਰਚ ਦੀ ਯੋਜਨਾ ਬਣਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਇਹ ਨੀਤੀ ਲਾਗੂ ਹੋਈ, ਤਾਂ ਨਵੇਂ ਨੌਜਵਾਨਾਂ ਲਈ ਫੌਜ ਵਿੱਚ ਕਰੀਅਰ ਬਣਾਉਣਾ ਮੁਸ਼ਕਲ ਹੋ ਜਾਵੇਗਾ।

ਮੁਸਲਿਮ ਅਥਾਰਟੀ ਕੌਂਸਲ ਆਨ ਅਮਰੀਕਨ-ਇਸਲਾਮਿਕ ਰਿਲੇਸ਼ਨਜ਼ (ਸੀਏਆਈਆਰ) ਨੇ ਹੈਗਸੇਥ ਨੂੰ ਚਿੱਠੀ ਲਿਖੀ ਹੈ, ਜਿਸ ਵਿੱਚ ਪੁੱਛਿਆ ਗਿਆ ਹੈ ਕਿ ਕੀ ਧਾਰਮਿਕ ਛੂਟਾਂ ਬਚੀਆਂ ਰਹਿਣਗੀਆਂ। ਉਨ੍ਹਾਂ ਨੇ ਲਿਖਿਆ, "ਸੰਵਿਧਾਨਿਕ ਅਧਿਕਾਰ ਫੌਜੀਆਂ ਨੂੰ ਪਹਿਲਾਂ ਆਪਣਾ ਧਰਮ ਮੰਨਣ ਦਾ ਹੱਕ ਦਿੰਦਾ ਹੈ।" ਰੂੜ੍ਹੀਵਾਦੀ ਯਹੂਦੀਆਂ ਨੇ ਵੀ ਆਲੋਚਨਾ ਕੀਤੀ ਹੈ, ਕਿਉਂਕਿ ਉਨ੍ਹਾਂ ਲਈ ਵੀ ਦਾੜ੍ਹੀ ਧਾਰਮਿਕ ਹੈ। ਇੱਕ ਹੈਸੀਡਿਕ ਯਹੂਦੀ ਰੱਬੀ ਨੇ 2011 ਵਿੱਚ ਆਰਮੀ ਨਾਲ ਮੁਕੱਦਮਾ ਜਿੱਤਿਆ ਸੀ, ਜਿਸ ਨਾਲ ਉਨ੍ਹਾਂ ਨੂੰ ਚੈਪਲੇਨ ਵਜੋਂ ਦਾੜ੍ਹੀ ਰੱਖਣ ਦੀ ਇਜਾਜ਼ਤ ਮਿਲੀ। ਇਸ ਫੈਸਲੇ ਨੇ ਕਾਲੇ ਅਮਰੀਕੀ ਫੌਜੀਆਂ ਨੂੰ ਵੀ ਨਿਸ਼ਾਨਾ ਬਣਾਇਆ ਹੈ। ਇੱਕ ਵੈਟਰਨ ਨੇ ਕਿਹਾ, "ਇਹ ਨਸਲੀ ਵਿਤਕਰਾ ਹੈ।" ਐੱਕਸੀ 'ਤੇ ਟਰੈਂਡਿੰਗ ਪੋਸਟਾਂ ਵਿੱਚ ਲੋਕਾਂ ਨੇ ਲਿਖਿਆ ਕਿ ਇਹ ਨੀਤੀ




## ਅਮਰੀਕੀ ਅਖ਼ਬਾਰਾਂ ਦੀ ਰਾਏ: ਵਿਤਕਰੇ ਅਤੇ ਅਨੁਸ਼ਾਸਨ ਵਿੱਚ ਤਕਰਾਰ

ਅਮਰੀਕੀ ਮੀਡੀਆ ਨੇ ਇਸ ਮੁੱਦੇ ਨੂੰ ਵਿਸਥਾਰ ਨਾਲ ਕਵਰ ਕੀਤਾ ਹੈ ਅਤੇ ਆਮ ਤੌਰ 'ਤੇ ਨੀਤੀ ਦੀ ਆਲੋਚਨਾ ਕੀਤੀ ਹੈ। ਨਿਊਯਾਰਕ ਟਾਈਮਜ਼ ਨੇ ਲਿਖਿਆ, "ਹੈਗਸੇਥ ਦੇ ਫੈਸਲੇ ਨੇ ਵੈਟਰਨਾਂ ਨੂੰ ਨਿਰਾਸ਼ ਕੀਤਾ ਹੈ। ਇਹ ਫੌਜ ਨੂੰ 1990 ਦੇ ਦਹਾਕੇ ਵਾਪਸ ਲੈ ਜਾਂਦਾ ਹੈ, ਜਦੋਂ ਧਾਰਮਿਕ ਛੂਟਾਂ ਨਹੀਂ ਸਨ।" ਉਨ੍ਹਾਂ ਨੇ ਸੁਖਬੀਰ ਤੂਰ ਦੇ ਹਵਾਲੇ ਨਾਲ ਕਿਹਾ ਕਿ ਸਿੱਖ ਫੌਜੀ ਇਨਫੈਂਟਰੀ, ਆਰਟਿਲਰੀ ਅਤੇ ਸਪੈਸ਼ਲ ਓਪਰੇਸ਼ਨਜ਼ ਵਿੱਚ ਸੇਵਾ ਕਰ ਰਹੇ ਹਨ ਅਤੇ ਉਹਨਾਂ ਨੇ ਫੌਜ ਦੇ ਨਿਯਮਾਂ ਨੂੰ ਬਣਾਈ ਰੱਖਿਆ ਹੈ।

ਸਟਾਰਜ਼ ਐਂਡ ਸਟ੍ਰਾਈਪਸ ਨੇ ਰਿਪੋਰਟ ਕੀਤਾ ਕਿ ਇਹ ਨੀਤੀ ਨੌਨਸ ਪੈਗਨ ਅਤੇ ਮੁਸਲਿਮ ਫੌਜੀਆਂ ਨੂੰ ਵੀ ਪ੍ਰਭਾਵਿਤ ਕਰੇਗੀ ਅਤੇ ਭਰਤੀ ਨੂੰ ਘਟਾਏਗੀ।

ਇੰਟਰਸੈਪਟ ਨੇ ਇਸ ਨੂੰ "ਨਸਲੀ ਅਤੇ ਧਾਰਮਿਕ ਵਿਤਕਰੇ" ਵਜੋਂ ਵਰਣਨ ਕੀਤਾ, ਕਿਉਂਕਿ ਇਹ ਕਾਲੇ ਅਮਰੀਕੀਆਂ ਅਤੇ ਸਿੱਖਾਂ ਨੂੰ ਨਿਸ਼ਾਨਾ ਬਣਾਉਂਦਾ ਹੈ।

ਮਿਲਟਰੀ ਟਾਈਮਜ਼ ਨੇ ਕਿਹਾ, "ਸੀਏਆਈਆਰ ਨੇ ਸਹੀ ਕਿਹਾ ਹੈ ਕਿ ਪਹਿਲਾ ਅਧਿਕਾਰ ਫੌਜ ਵਿੱਚ ਵੀ ਲਾਗੂ ਹੁੰਦਾ ਹੈ।" ਯੂਐੱਸਏ ਟੂਡੇ ਨੇ ਰਿਪੋਰਟ ਕੀਤੀ ਕਿ ਹੈਗਸੇਥ ਦੀ ਫਿਟਨੈੱਸ ਅਤੇ ਗ੍ਰੂਮਿੰਗ ਨੀਤੀ ਵਿਭਿੰਨਤਾ ਨੂੰ ਘਟਾਏਗੀ। ਰੈਡਿਟ 'ਤੇ ਚਰਚਾਵਾਂ ਵਿੱਚ ਲੋਕਾਂ ਨੇ ਕਿਹਾ ਕਿ ਇਹ ਨੀਤੀ ਫੌਜ ਨੂੰ ਕਮਜ਼ੋਰ ਕਰੇਗੀ। ਕੁੱਲ ਮਿਲਾ ਕੇ, ਅਖ਼ਬਾਰ ਇਸ ਨੂੰ ਅਨੁਸ਼ਾਸਨ ਅਤੇ ਆਜ਼ਾਦੀ ਵਿੱਚ ਤਕਰਾਰ ਵਜੋਂ ਵੇਖ ਰਹੇ ਹਨ ਅਤੇ ਧਾਰਮਿਕ ਗਰੁੱਪਾਂ ਦੇ ਹੱਕ ਵਿੱਚ ਬੋਲ ਰਹੇ ਹਨ। ਇਹ ਫੈਸਲਾ ਅਮਰੀਕੀ ਫੌਜ ਦੇ ਇਤਿਹਾਸ ਨੂੰ ਚੁਣੌਤੀ ਦਿੰਦਾ ਹੈ, ਜਿੱਥੇ 1917 ਵਿੱਚ ਭਗਤ ਸਿੰਘ ਥਿੰਦ ਪਹਿਲੇ ਸਿੱਖ ਸਨ ਜਿਨ੍ਹਾਂ ਨੂੰ ਪੱਗ ਅਤੇ ਦਾੜ੍ਹੀ ਨਾਲ ਸੇਵਾ ਦੀ ਇਜਾਜ਼ਤ ਮਿਲੀ। 2020 ਵਿੱਚ ਕੈਪਟਨ ਸਿਮਰਨਪ੍ਰੀਤ ਸਿੰਘ ਲਾਂਬਾ ਅਤੇ ਮੇਜਰ ਕਮਲਜੀਤ ਸਿੰਘ ਕਲਸੀ ਨੂੰ ਛੂਟ ਮਿਲੀ, ਜਿਸ ਨੇ ਨਵੇਂ ਯੁੱਗ ਦਾ ਅਗਾਜ਼ ਕੀਤਾ ਸੀ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਅਪਰਾਧ ਨੂੰ ਉਤਸ਼ਾਹਤ ਕਰਨਾ ਅਤੇ ਅਪਰਾਧ ਨੂੰ ਸਹਿਣਾ, ਅਪਰਾਧ ਕਰਨ ਨਾਲੋਂ ਵੱਡਾ ਅਪਰਾਧ ਹੈ।

# ਅਮਰੀਕੀ ਫੌਜ ਦੀ ਦਾੜ੍ਹੀ ਪਾਬੰਦੀ - ਸਿੱਖ ਪਛਾਣ ’ਤੇ ਹਮਲਾ ਅਤੇ ਧਾਰਮਿਕ ਅਧਿਕਾਰਾਂ ਦੀ ਉਲੰਘਣਾ

ਅਮਰੀਕੀ ਰੱਖਿਆ ਵਿਭਾਗ (ਪੈਂਟਾਗਨ) ਵੱਲੋਂ 30 ਸਤੰਬਰ 2025 ਨੂੰ ਜਾਰੀ ਕੀਤੇ ਗਏ ਨਵੇਂ ਨਿਰਦੇਸ਼, ਜਿਸ ਨੇ ਫੌਜ ਵਿੱਚ ਦਾੜ੍ਹੀਆਂ ਅਤੇ ਧਾਰਮਿਕ ਪਛਾਣ ਦੇ ਪ੍ਰਤੀਕਾਂ ’ਤੇ ਪਾਬੰਦੀ ਲਗਾ ਦਿੱਤੀ, ਨੇ ਸਿੱਖ ਭਾਈਚਾਰੇ ਦੇ ਦਿਲਾਂ ਵਿੱਚ ਡੂੰਘੀ ਠੇਸ ਪਹੁੰਚਾਈ ਹੈ। ਇਹ ਨੀਤੀ ਸਿਰਫ਼ ਸਿੱਖਾਂ ਲਈ ਹੀ ਨਹੀਂ, ਸਗੋਂ ਮੁਸਲਮਾਨਾਂ, ਯਹੂਦੀਆਂ ਅਤੇ ਹੋਰ ਧਾਰਮਿਕ ਘੱਟ-ਗਿਣਤੀਆਂ ਲਈ ਵੀ ਚੁਣੌਤੀ ਬਣੀ ਹੈ, ਜਿਨ੍ਹਾਂ ਲਈ ਦਾੜ੍ਹੀ ਅਤੇ ਕੇਸ ਧਰਮ ਦਾ ਅਟੁੱਟ ਅੰਗ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਵੈਸਾਖੀ ਦੇ ਦਿਨ ਖਾਲਸਾ ਪੰਥ ਦੀ ਸਥਾਪਨਾ ਕਰਦਿਆਂ ਪੰਜ ਕਕਾਰਾਂ (ਕੇਸ, ਕੰਘਾ, ਕੜਾ, ਕਿਰਪਾਨ, ਕਛਹਿਰਾ) ਨੂੰ ਸਿੱਖ ਪਛਾਣ ਦਾ ਮੁੱਢ ਬਣਾਇਆ।

ਅਮਰੀਕੀ ਫੌਜ ਦੀ ਇਸ ਨਵੀਂ ਨੀਤੀ ਨੇ ਸਿੱਖ ਸਿਪਾਹੀਆਂ ਨੂੰ ਇੱਕ ਅਜਿਹੇ ਦੋਰਾਹੇ ’ਤੇ ਲਿਆ ਖੜ੍ਹਾ ਕੀਤਾ ਹੈ, ਜਿੱਥੇ ਉਨ੍ਹਾਂ ਨੂੰ ਆਪਣੇ ਧਰਮ ਅਤੇ ਕਰੀਅਰ ਵਿੱਚੋਂ ਇੱਕ ਚੁਣਨਾ ਪਵੇਗਾ। ਇਹ ਨੀਤੀ ਨਾ ਸਿਰਫ਼ ਸਿੱਖ ਰਹਿਤ ਮਰਿਆਦਾ ਦੇ ਵਿਰੁੱਧ ਹੈ, ਸਗੋਂ ਅਮਰੀਕਾ ਦੇ ਲੋਕਤੰਤਰੀ ਸਿਧਾਂਤਾਂ, ਖਾਸ ਕਰਕੇ ਧਾਰਮਿਕ ਆਜ਼ਾਦੀ ਦੀ ਗਰੰਟੀ, ਨੂੰ ਵੀ ਚੁਣੌਤੀ ਦਿੰਦੀ ਹੈ। ਰੱਖਿਆ ਸਕੱਤਰ ਪੀਟ ਹੈਗਸੈਥ ਦਾ 30 ਸਤੰਬਰ ਨੂੰ ਮੈਰੀਨ ਕੋਰਪਸ ਬੇਸ ਕੁਆਂਟੀਕੋ ਵਿੱਚ ਦਿੱਤਾ ਗਿਆ ਭਾਸ਼ਣ, ਜਿਸ ਵਿੱਚ ਉਨ੍ਹਾਂ ਨੇ ਕਿਹਾ, “ਜੇ ਤੁਸੀਂ ਦਾੜ੍ਹੀ ਰੱਖਣੀ ਏ ਤਾਂ ਸਪੈਸ਼ਲ ਫੋਰਸਿਜ਼ ਵਿੱਚ ਜਾਓ, ਨਹੀਂ ਤਾਂ ਮੁੰਡਵਾ ਲਓ।

ਇਸ ਭਾਸ਼ਣ ਦੇ ਘੰਟਿਆਂ ਬਾਅਦ ਜਾਰੀ ਹੋਏ ਪੈਂਟਾਗਨ ਦੇ ਮੈਮੋ “ਫੇਸ਼ੀਅਲ ਹੇਅਰ ਗ੍ਰੂਮਿੰਗ ਸਟੈਂਡਰਡਜ਼” ਨੇ ਸਾਰੀਆਂ ਫੌਜੀ ਬਰਾਂਚਾਂ ਨੂੰ 2010 ਤੋਂ ਪਹਿਲਾਂ ਵਾਲੇ ਸਖ਼ਤ ਮਾਪਦੰਡ ਅਪਣਾਉਣ ਦਾ ਹੁਕਮ ਦਿੱਤਾ। ਇਸ ਅਨੁਸਾਰ, ਧਾਰਮਿਕ ਜਾਂ ਮੈਡੀਕਲ ਕਾਰਨਾਂ ਕਰਕੇ ਦਾੜ੍ਹੀ ਵਾਲੀ ਛੋਟ ਹੁਣ ਨਹੀਂ ਦਿੱਤੀ ਜਾਵੇਗੀ। ਇਹ ਨੀਤੀ 60 ਦਿਨਾਂ ਵਿੱਚ ਯੋਜਨਾ ਤਿਆਰ ਕਰਕੇ 90 ਦਿਨਾਂ ਵਿੱਚ ਪੂਰੀ ਤਰ੍ਹਾਂ ਲਾਗੂ ਕਰਨ ਦੀ ਗੱਲ ਕਰਦੀ ਹੈ।

ਇਹ ਪਾਬੰਦੀ ਸਿੱਖ ਸਿਪਾਹੀਆਂ ਲਈ ਖਾਸ ਤੌਰ ’ਤੇ ਸੰਕਟ ਹੈ। ਅਮਰੀਕੀ ਫੌਜ ਦੀ ਇਸ ਨੀਤੀ ਨੇ ਸਿੱਖ ਸਿਪਾਹੀਆਂ ਨੂੰ ਇੱਕ ਅਸੰਭਵ ਚੋਣ ਸਾਹਮਣੇ ਲਿਆ ਖੜ੍ਹਾ ਕੀਤਾ ਹੈ - ਜਾਂ ਤਾਂ ਉਹ ਆਪਣੀ ਧਾਰਮਿਕ ਪਛਾਣ ਨੂੰ ਤਿਆਗ ਦੇਣ ਜਾਂ ਫੌਜੀ ਸੇਵਾ ਨੂੰ।

ਸਿੱਖਾਂ ਦਾ ਅਮਰੀਕੀ ਫੌਜ ਵਿੱਚ ਸੇਵਾ ਦਾ ਇਤਿਹਾਸ ਬਹੁਤ ਪੁਰਾਣਾ ਹੈ। 1917 ਵਿੱਚ ਭਗਤ ਸਿੰਘ ਥਿੰਦ ਪਹਿਲੇ ਸਿੱਖ ਸਨ, ਜਿਨ੍ਹਾਂ ਨੂੰ ਟਰਬਨ ਪਹਿਨਣ ਦੀ ਇਜਾਜ਼ਤ ਮਿਲੀ। 2010 ਵਿੱਚ ਕੈਪਟਨ ਸਿਮਰਨ ਪ੍ਰੀਤ ਸਿੰਘ ਲਾਂਬਾ ਅਤੇ ਮੇਜਰ ਕਮਲਜੀਤ ਸਿੰਘ ਕਲਸੀ ਨੂੰ ਧਾਰਮਿਕ ਛੋਟ ਮਿਲੀ, ਜਿਸ ਨੇ ਸਿੱਖਾਂ ਲਈ ਪੱਗ ਅਤੇ ਦਾੜ੍ਹੀ ਨਾਲ ਸੇਵਾ ਨਿਭਾਉਣ ਦਾ ਰਾਹ ਖੋਲ੍ਹਿਆ। 2017 ਵਿੱਚ ਆਰਮੀ ਡਾਇਰੈਕਟਿਵ 2017-03 ਨੇ ਇਸ ਨੂੰ ਨਿਯਮਤ ਕਰ ਦਿੱਤਾ, ਜਿਸ ਨਾਲ ਸੈਂਕੜੇ ਸਿੱਖ ਸਿਪਾਹੀਆਂ ਨੇ ਇਹ ਛੋਟ ਲੈ ਕੇ ਸੇਵਾ ਜਾਰੀ ਰੱਖੀ। ਹੁਣ ਇਸ ਨੀਤੀ ਨੂੰ ਵਾਪਸ ਲੈਣਾ ਸਿੱਖਾਂ ਦੀ ਦਹਾਕਿਆਂ ਦੀ ਸੰਘਰਸ਼ਮਈ ਜਿੱਤ ਨੂੰ ਖਤਮ ਕਰਨ ਵਾਲਾ ਕਦਮ ਹੈ।

ਅਮਰੀਕੀ ਅਖਬਾਰਾਂ ਨੇ ਇਸ ਮੁੱਦੇ ਨੂੰ ਵਿਆਪਕ ਕਵਰੇਜ ਦਿੱਤੀ ਹੈ। ‘ਸਟਾਰਜ਼ ਐਂਡ ਸਟ੍ਰਾਈਪਸ’ ਨੇ ਲਿਖਿਆ ਕਿ ਇਹ ਨੀਤੀ 2010 ਤੋਂ ਪਹਿਲਾਂ ਦੇ ਸਮੇਂ ਵਿੱਚ ਵਾਪਸ ਲੈ ਜਾਂਦੀ ਹੈ, ਜਦੋਂ ਸਿੱਖਾਂ ਨੂੰ ਛੋਟ ਤੋਂ ਬਿਨਾਂ ਸੇਵਾ ਦੀ ਇਜਾਜ਼ਤ ਨਹੀਂ ਸੀ। ‘ਟਾਸਕ ਐਂਡ ਪਰਪਜ਼’ ਨੇ ਚੇਤਾਵਨੀ ਦਿੱਤੀ ਕਿ ਇਸ ਪਾਬੰਦੀ ਕਾਰਣ ਨੇਵੀ ਦੇ 53 ਅਤੇ ਆਰਮੀ ਦੇ ਸੈਂਕੜੇ ਪ੍ਰਭਾਵਿਤ ਹੋਣਗੇ। ’ਦ ਫਾਰਵਰਡ’ ਨੇ ਸਿੱਖ ਅਤੇ ਯਹੂਦੀ ਭਾਈਚਾਰਿਆਂ ’ਤੇ ਪ੍ਰਭਾਵ ਦੀ ਚਰਚਾ ਕੀਤੀ, ਜਦਕਿ ’ਐਸਐਮਨਿਊਜ਼’ ਨੇ ਇਸ ਨੂੰ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਾਰ ਦਿੱਤਾ। ਅਮਰੀਕੀ ਸਿੱਖ ਸੰਗਠਨ ਸਿੱਖ ਕੋਲੀਸ਼ਨ ਨੇ ਇਸ ਨੂੰ “ਧੋਖਾ” ਅਤੇ “ਵਿਤਕਰਾ” ਕਿਹਾ ਹੈ।

ਸ਼੍ਰੋਮਣੀ ਕਮੇਟੀ, ਬਾਦਲ ਅਕਾਲੀ ਦਲ,ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਸ ਨੂੰ “ਸਿੱਖ ਸਿਪਾਹੀਆਂ ਨਾਲ ਅਨਿਆਂ” ਕਿਹਾ ਅਤੇ ਕੇਂਦਰ ਸਰਕਾਰ ਨੂੰ ਅਮਰੀਕਾ ਨਾਲ ਗੱਲਬਾਤ ਕਰਨ ਲਈ ਅਪੀਲ ਕੀਤੀ। ਸਾਡਾ ਮੰਨਣਾ ਹੈ ਕਿ ਪੰਥਕ ਜਥੇਬੰਦੀਆਂ ਨੂੰ ਅਮਰੀਕੀ ਸਰਕਾਰ ਤੋਂ ਸਪੱਸ਼ਟੀਕਰਨ ਮੰਗਣਾ ਚਾਹੀਦਾ - ਕੀ ਸਿੱਖਾਂ ਨੂੰ ਛੋਟ ਮਿਲੇਗੀ? ਭਾਰਤ ਸਰਕਾਰ ਨੂੰ ਵੀ ਅਪੀਲ ਕਰਨੀ ਚਾਹੀਦੀ ਹੈ ਜੋ ਡਿਪਲੋਮੈਸੀ ਰਾਹੀਂ ਮੱਦਦ ਕਰ ਸਕਦੀ ਹੈ।

-ਰਜਿੰਦਰ ਸਿੰਘ ਪੁਰੇਵਾਲ

# ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਣੇ ਹੋਰਨਾਂ ਨਾਲ 68,500 ਡਾਲਰ ਦੀ ਠੱਗੀ

ਹੈਕਰਾਂ ਨੇ ਰੌਇਲ ਬੈਂਕ ਆਫ ਕੈਨੇਡਾ ਦੇ ਇਕ ਮੁਲਾਜ਼ਮ ਦੀ ਮਿਲੀਭੁਗਤ ਨਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਹੋਰਨਾਂ ਨਾਲ 68 ਹਜ਼ਾਰ ਡਾਲਰ ਤੋਂ ਵੱਧ ਦੀ ਠੱਗੀ ਮਾਰੀ ਹੈ। ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਡੇ ਸੰਜੋਗ ਕਰਕੇ ਠੱਗੀ ਤੋਂ ਬਚ ਗਏ। ਪੁਲੀਸ ਨੇ ਹੈਕਰਾਂ ਦਾ ਹੱਥਠੋਕਾ ਬਣੇ ਬੈਂਕ ਮੁਲਾਜ਼ਮ ਨੂੰ ਕਾਬੂ ਕਰ ਲਿਆ ਹੈ। ਬੈਂਕ ਵੱਲੋਂ ਖਾਤਾਧਾਰਕਾਂ ਨਾਲ ਹੋਈ ਠੱਗੀ ਦੀ ਰਕਮ ਭਰੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਓਟਵਾ ਸਥਿਤ ਰੌਇਲ ਬੈਂਕ ਆਫ ਕੈਨੇਡਾ ਦੀ ਪਾਰਲੀਮੈਂਟ ਹਿੱਲ (ਸੰਸਦ ਭਵਨ) ਨੇੜਲੀ ਸ਼ਾਖਾ ਵਿੱਚ ਤਿੰਨ ਸਾਲ ਤੋਂ ਕੰਮ ਕਰਦੇ ਇਬਰਾਹੀਮ ਅਲ ਹਾਕਿਮ(23) ਵਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਮੇਤ ਕਈ ਖਾਤਾ ਧਾਰਕਾਂ ਦੀ ਜਾਣਕਾਰੀ ਹੈਕਰਾਂ ਨਾਲ ਸਾਂਝੀ ਕੀਤੇ ਜਾਣ ਕਰਕੇ ਉਨ੍ਹਾਂ ਦੇ ਖਾਤਿਆਂ ਫ਼ਰਸਤੋਂਚੋਂ ਹਜ਼ਾਰਾਂ ਡਾਲਰ ਟਰਾਂਸਫਰ ਕਰ ਲਏ ਗਏ। ਠੱਗੀ ਦਾ ਪਤਾ ਲੱਗਦੇ ਹੀ ਬੈਂਕ ਨੇ ਅਲ ਹਾਕਿਮ ਨੂੰ ਫੌਰੀ ਨੌਕਰੀ ਤੋਂ ਕੱਢ ਦਿੱਤਾ ਤੇ ਮਾਮਲੇ ਦੀ ਜਾਂਚ ਪੁਲੀਸ ਨੂੰ ਸੌਂਪ ਦਿੱਤੀ।

## NEWS & VIEWS

# When Religion Is Behind Attacks on Religious Places



Gurmukh Singh OBE

On 2 October, 2025, in an incident involving car ramming and stabbing, a British Citizen of Syrian descent, attacked Jewish worshippers at a synagogue in Manchester. Two Jewish people were killed and three seriously injured. The name of the *suspect*, who was shot by the police, suggests that he was from the Islamic faith.

The background is the Gaza war started by Hamas terrorist attack on Israel on 7 October 2023 followed by mass killing of Gaza people by the Israeli army. Despite some recent hope of a peace plan proposed by President Trump of USA, the slaughter continues. This is a war between followers of two world religions, Islam and Judaism (Jewish faith).

According to the World Population Review (2023), about 85% of the people identify themselves with a religion. The question in the background is about the role of religious ideologies, otherwise meant for the benefaction of humankind, which can fan the flames of such hatred against fellow human beings. One argument is *that If religion did cause terrorism, there would be a lot more terrorist attacks committed in the name of religion.* We are told that *religion is not a direct cause of terrorism, but it can be used as a justification for terrorism. To say that any religion is inherently evil and a harbor for violence is unfair and wrong, as this denies the individuals the Freedom of Religion or Belief.*

Islam, Judaism and Christianity are sister Abrahamic faiths. *Juergensmeyer (2017) states that many Muslims, Christians, and Jews regard their religion as a peaceful one.* That, *to solely focus on religion as a cause for terrorism can cause more harm than good to practicing civilians.* Another suggestion is that, *instead of seeing religion as a source of terrorism, future research should explore the misrepresentation and perversion of religion.*

Counter arguments can be put against the above position. If a religious ideology can be *used as justification for violence,* discrimination or cruel practices like widow-burning (sati) or caste-based untouchability, killing and kidnapping civilians in a *religious* war, then there is a problem with that ideology. Reinterpretation may not solve the problem; only open rejection by the religious preachers and leaders concerned would do. Even literal interpretation of religious texts should not lead to intolerance and violence. If religions are for peace, then they should be able to co-exist peacefully. However, the reality over the centuries is the opposite. Millions of followers have been killed in wars crusades and jihads in the name of religion.

Guru Nanak Sahib directed all followers of religions to interpret their ideologies to accord with universal human values. Wherever he went, He felt the need and addressed, the brahmin, the yogi, the sidh, the sanyasi, the pundit, the Muslim etc and preached the true universal message of *their* chosen path, often in their own language. Without compassion religion fails in its main objective.

The message of religion should be loud, clear, consistent, unequivocal and universal. The message can only be of love for all fellow beings and creation of One Creator Being promoting equality of all. If that is not the continual message from temples, gurdwaras, mosques, churches and synagogues, then religion fails in its main objective. Attacks on places of worship are likely to continue.

Guru Nanak Sahib left no doubt about the Message of His Panth (religious path) so that every Sikh concludes his supplication by praying for, *Sarbat da bhalaa,* the good of all.

**Gurmukh Singh OBE**, Ret'd Principal Civil Servant (UK) sewauk2005@yahoo.co.uk

# ਪਰਮਜੀਤ ਸਿੰਘ ਦੀ ਨਾਜਾਇਜ਼ ਹਿਰਾਸਤ: ਅਮਰੀਕਾ ਵਿਚ ਇੱਕ ਸਿੱਖ ਦੀ ਦਰਦਭਰੀ ਦਾਸਤਾਨ

**✪ ਟਰੰਪ ਹਕੂਮਤ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਉਪਰ ਨਸਲਵਾਦ ਦਾ ਰੰਗ ਚੜ੍ਹਿਆ**
**✪ ਹਿਊਮਨ ਰਾਈਟਸ ਅਤੇ ਅੰਤਰਰਾਸ਼ਟਰੀ ਮੀਡੀਆ ਨੇ ਟਰੰਪ ਸਰਕਾਰ ਦੀ ਕੀਤੀ ਆਲੋਚਨਾ**
**✪ ਪਰਿਵਾਰ ਅਤੇ ਸਿੱਖ ਜਥੇਬੰਦੀਆਂ ਕਨੂੰਨੀ ਜੱਦੋਜਹਿਦ ਲਈ ਹੋਏ ਸਰਗਰਮ**

## ਖਾਸ ਖਬਰ

ਅਮਰੀਕਾ ਵਿੱਚ ਰਹਿੰਦੇ ਪੰਜਾਬੀ ਵਪਾਰੀ ਪਰਮਜੀਤ ਸਿੰਘ ਨੂੰ ਇੱਕ ਪੁਰਾਣੇ ਛੋਟੇ ਜੁਰਮ ਲਈ ਹਿਰਾਸਤ ਵਿੱਚ ਲੈ ਲਿਆ ਗਿਆ ਹੈ। 30 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਅਮਰੀਕਾ ਵਿੱਚ ਵੱਸੇ ਇਸ 48 ਸਾਲਾ ਵਿਅਕਤੀ ਨੂੰ ਬ੍ਰੇਨ ਟਿਊਮਰ ਅਤੇ ਦਿਲ ਦੀਆਂ ਬਿਮਾਰੀਆਂ ਹਨ, ਪਰ ਉਸ ਨੂੰ ਜੇਲ੍ਹ ਵਿੱਚ ਲੋੜੀਂਦੀ ਮੈਡੀਕਲ ਸਹਾਇਤਾ ਨਹੀਂ ਮਿਲ ਰਹੀ। ਇਹ ਮਾਮਲਾ ਟਰੰਪ ਹਕੂਮਤ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਵਿਵਾਦ ਨੂੰ ਹਵਾ ਦੇ ਰਿਹਾ ਹੈ। ਪੰਜਾਬ ਦੇ ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਬੀਰੋਵਾਲ ਨਾਲ ਸਬੰਧ ਰੱਖਣ ਵਾਲੇ ਪਰਮਜੀਤ ਨੂੰ 30 ਜੁਲਾਈ 2025 ਨੂੰ ਸ਼ਿਕਾਗੋ ਦੇ ਓ'ਹੇਅਰ ਏਅਰਪੋਰਟ ਤੇ ਇਮੀਗ੍ਰੇਸ਼ਨ ਅਫਸਰਾਂ ਨੇ ਹਿਰਾਸਤ ਵਿੱਚ ਲੈ ਲਿਆ ਸੀ। ਉਹ ਆਪਣੇ ਪਿੰਡ ਤੋਂ ਵਾਪਸੀ ਬਾਅਦ ਪਰਤੇ, ਤਾਂ ਉਨ੍ਹਾਂ ਨੂੰ ਇੱਕ 25 ਸਾਲ ਪੁਰਾਣੇ ਮਾਮਲੇ-ਪੇ-ਫੋਨ ਵਰਤਣ ਬਿਨਾਂ ਪੈਸੇ ਨਾ ਭਰਨ-ਦੇ ਅਧਾਰ ਤੇ ਰੋਕਿਆ ਗਿਆ। ਉਸ ਸਮੇਂ ਉਹ ਆਪਣੀ ਪਤਨੀ ਲਖਵਿੰਦਰ ਕੌਰ ਅਤੇ 14 ਸਾਲਾਂ ਦੀ ਧੀ ਨੂੰ ਪੰਜਾਬ ਵਿੱਚ ਛੱਡ ਕੇ ਆ ਰਹੇ ਸਨ, ਤਾਂ ਜੋ ਧੀ ਪੰਜਾਬੀ ਸਿੱਖ ਸਕੇ। ਉਨ੍ਹਾਂ ਦਾ 16 ਸਾਲਾਂ ਦਾ ਪੁੱਤਰ ਅਤੇ ਪਤਨੀ ਅਮਰੀਕੀ ਨਾਗਰਿਕ ਹਨ। ਪਰਮਜੀਤ ਸਿੰਘ ਗ੍ਰੀਨ ਕਾਰਡ ਹੋਲਡਰ ਹੈ ਅਤੇ ਉਹ ਇੰਡੀਆਨਾ ਰਾਜ ਦੇ ਫੋਰਟ ਵੇਨ ਵਿੱਚ ਗੈਸ ਸਟੇਸ਼ਨਾਂ ਦੇ ਵੱਡੇ ਕਾਰੋਬਾਰ ਨੂੰ ਚਲਾਉਂਦੇ ਹਨ, ਜਿੱਥੇ 300 ਤੋਂ 400 ਲੋਕ ਨੌਕਰੀਆਂ ਕਰਦੇ ਹਨ। ਉਨ੍ਹਾਂ ਨੂੰ ਹਵਾਈ ਅੱਡੇ ਤੇ ਪੰਜ ਦਿਨ ਰੱਖਿਆ ਗਿਆ, ਜਿੱਥੇ ਉਨ੍ਹਾਂ ਦੀ ਸਿਹਤ ਖ਼ਰਾਬ ਹੋ ਗਈ ਅਤੇ ਉਨ੍ਹਾਂ ਨੂੰ ਐਮਰਜੈਂਸੀ ਵਿੱਚ ਭੇਜਿਆ ਗਿਆ। ਹੁਣ ਉਹ ਕੈਂਟਕੀ ਕਾਉਂਟੀ ਜੇਲ੍ਹ ਵਿੱਚ ਹਨ, ਜਿੱਥੇ ਉਨ੍ਹਾਂ ਨੂੰ ਬ੍ਰੇਨ ਟਿਊਮਰ ਦੀ ਦੂਜੀ ਸਰਜਰੀ ਅਕਤੂਬਰ ਵਿੱਚ ਕਰਵਾਉਣੀ ਸੀ, ਪਰ ਉਹ ਨਹੀਂ ਹੋ ਸਕੀ। ਉਨ੍ਹਾਂ ਨੂੰ ਐਓਟਿਕ ਹਾਰਟ ਵਾਲਵ ਵਰਗੀਆਂ ਬਿਮਾਰੀਆਂ ਹਨ ਅਤੇ ਨਿਗ੍ਹਾ ਘਟ ਰਹੀ ਹੈ। ਭਤੀਜੀ ਕਿਰਨ ਵਿਰਕ ਨੇ ਦੱਸਿਆ ਕਿ ਪਰਿਵਾਰ ਹਰ ਪਲ ਚਿੰਤਤ ਹੈ ਅਤੇ ਉਨ੍ਹਾਂ ਨੂੰ ਰੋਜ਼ਾਨਾ ਗੱਲ ਕਰਨ ਵਿੱਚ ਵੀ ਮੁਸ਼ਕਲ ਆ ਰਹੀ ਹੈ। ਇਹ ਮਾਮਲਾ ਨਾ ਸਿਰਫ਼ ਇੱਕ ਪਰਿਵਾਰ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਅਮਰੀਕਾ ਵਿੱਚ ਰਹਿੰਦੇ ਗ੍ਰੀਨ ਕਾਰਡ ਹੋਲਡਰਾਂ ਲਈ ਡਰ ਪੈਦਾ ਕਰ ਰਿਹਾ ਹੈ।





### ਟਰੰਪ ਹਕੂਮਤ ਦੀ ਨੀਤੀ: ਨਸਲਵਾਦੀ ਵਰਤੋਂ ਜਾਂ ਕਾਨੂੰਨੀ ਕਾਰਵਾਈ ?

ਡੋਨਲਡ ਟਰੰਪ ਦੀ ਦੂਜੀ ਪੜ੍ਹਾਈ ਵਿੱਚ ਆਉਣ ਤੋਂ ਬਾਅਦ ਇਮੀਗ੍ਰੇਸ਼ਨ ਨੀਤੀਆਂ ਹੋਰ ਸਖ਼ਤ ਹੋ ਗਈਆਂ ਹਨ। ਪ੍ਰੋਜੈਕਟ 2025 ਵਰਗੇ ਯੋਜਨਾਵਾਂ ਅਧੀਨ ਅਮਰੀਕਾ ਵਿੱਚ ਵੱਡੇ ਪੈਮਾਨੇ ਤੇ ਡਿਪੋਰਟੇਸ਼ਨ ਚਲ ਰਹੀ ਹੈ, ਜਿਸ ਵਿੱਚ ਗ੍ਰੀਨ ਕਾਰਡ ਹੋਲਡਰਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਰਮਜੀਤ ਸਿੰਘ ਦੇ ਮਾਮਲੇ ਵਿੱਚ ਆਈਸੀਈ (ਇਮੀਗ੍ਰੇਸ਼ਨ ਐਂਡ ਕਸਟਮਸ ਇਨਫੋਰਸਮੈਂਟ) ਨੇ ਇੱਕ 1999 ਦੇ ਛੋਟੇ ਜੁਰਮ ਨੂੰ ਬਹਾਨਾ ਬਣਾ ਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਹੈ, ਜੋ ਕਿ 10 ਦਿਨਾਂ ਦੀ ਜੇਲ੍ਹ ਅਤੇ 1.5 ਸਾਲ ਸਸਪੈਂਡ ਸਜ਼ਾ ਨਾਲ ਖ਼ਤਮ ਹੋ ਚੁੱਕਾ ਸੀ। ਵਕੀਲ ਲੂਈ ਐਂਜਲਸ ਨੇ ਕਿਹਾ ਕਿ ਇਹ ਹਿਰਾਸਤ ਗੈਰ-ਕਾਨੂੰਨੀ ਹੈ ਅਤੇ ਸਰਕਾਰ ਨੇ ਇੱਕ ਫੋਰਜ਼ਰੀ ਕੇਸ ਦਾ ਰਿਕਾਰਡ ਵੀ ਨਹੀਂ ਪੇਸ਼ ਕੀਤਾ। ਟਰੰਪ ਹਕੂਮਤ ਨੇ ਜੁਲਾਈ 2025 ਵਿੱਚ "ਵਨ ਬਿਗ ਬਿਊਟੀਫੁਲ ਬਿਲ ਐਕਟ" ਪਾਸ ਕੀਤਾ, ਜਿਸ ਨਾਲ ਆਈਸੀਈ ਨੂੰ 170 ਬਿਲੀਅਨ ਡਾਲਰ ਮਿਲੇ ਹਨ, ਜੋ ਡਿਟੈਨਸ਼ਨ ਅਤੇ ਡਿਪੋਰਟੇਸ਼ਨ ਲਈ ਵਰਤੇ ਜਾ ਰਹੇ ਹਨ। ਇਸ ਨਾਲ ਡਿਟੈਨਸ਼ਨ ਸੈਂਟਰਾਂ ਦੀ ਗਿਣਤੀ ਵਧੀ ਹੈ ਅਤੇ 58,000 ਤੋਂ ਵੱਧ ਲੋਕ ਹਿਰਾਸਤ ਵਿੱਚ ਹਨ, ਜਿਨ੍ਹਾਂ ਵਿੱਚੋਂ 70 ਫੀਸਦੀ ਨੇ ਕੋਈ ਜੁਰਮ ਨਹੀਂ ਕੀਤਾ।

ਨੈਸ਼ਨਲ ਇਮੀਗ੍ਰੇਸ਼ਨ ਲਾਅ ਸੈਂਟਰ (ਐਨਆਈਐਲਸੀ) ਅਨੁਸਾਰ, ਗ੍ਰੀਨ ਕਾਰਡ ਹੋਲਡਰਾਂ ਨੂੰ ਪੁਰਾਣੇ ਜੁਰਮਾਂ ਲਈ ਨਿਸ਼ਾਨਾ ਬਣਾਉਣਾ ਨਸਲਵਾਦੀ ਵਿਤਕਰੇ ਨੂੰ ਵਧਾਉਂਦਾ ਹੈ, ਕਿਉਂਕਿ ਇਹ ਨੀਤੀਆਂ ਦੂਸਰੇ ਨਸਲੀ ਭਾਈਚਾਰਿਆਂ ਨੂੰ ਜ਼ਿਆਦਾ ਨੁਕਸਾਨ ਪਹੁੰਚਾਉਂਦੀਆਂ ਹਨ।

ਅਮੈਰੀਕਨ ਇਮੀਗ੍ਰੇਸ਼ਨ ਕਾਉਂਸਲ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟਰੰਪ ਦੀਆਂ ਨੀਤੀਆਂ ਨੇ ਡਿਪੋਰਟੇਸ਼ਨ ਨੂੰ 56 ਫੀਸਦੀ ਵਧਾ ਦਿੱਤਾ ਹੈ, ਜਿਸ ਵਿੱਚ ਲਾਅਫੁਲ ਪਰਮਾਨੈਂਟ ਰੈਜ਼ੀਡੈਂਟਸ ਵੀ ਸ਼ਾਮਲ ਹਨ। ਪੀਊ ਰਿਸਰਚ ਸੈਂਟਰ ਦੇ ਸਰਵੇ ਵਿੱਚ 47 ਫੀਸਦੀ ਅਮਰੀਕੀ ਇਨ੍ਹਾਂ ਨੀਤੀਆਂ ਨੂੰ ਨਕਾਰਾਤਮਕ ਮੰਨਦੇ ਹਨ।

ਪ੍ਰਿਜ਼ਮ ਰਿਪੋਰਟਸ ਅਨੁਸਾਰ, ਇਹ ਨੀਤੀਆਂ ਕ੍ਰਿਮੀਨਲ ਜਸਟਿਸ ਸਿਸਟਮ ਨੂੰ ਵਰਤ ਕੇ ਨਸਲਵਾਦ ਨੂੰ ਵਧਾਉਂਦੀਆਂ ਹਨ, ਜਿਸ ਵਿੱਚ ਬਲੈਕ ਅਤੇ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਪਰਮਜੀਤ ਦੇ ਵਕੀਲ ਨੇ ਕਿਹਾ ਕਿ ਸਰਕਾਰ ਨੇ ਬੌਂਡ ਤੇ ਸਟੇਅ ਲੈ ਕੇ ਉਨ੍ਹਾਂ ਨੂੰ ਰੋਕਿਆ ਹੈ, ਜੋ ਕਿ ਅਨੈਤਿਕ ਹੈ। ਇਹ ਮਾਮਲਾ ਟਰੰਪ ਦੀ "ਮੈਸ ਡਿਪੋਰਟੇਸ਼ਨ" ਨੀਤੀ ਦਾ ਹਿੱਸਾ ਲੱਗਦਾ ਹੈ, ਜਿਸ ਨਾਲ ਲੱਖਾਂ ਲੋਕ ਡਰ ਰਹੇ ਹਨ।

### ਹਿਊਮਨ ਰਾਈਟਸ ਗਰੁੱਪਾਂ ਅਤੇ ਅੰਤਰਰਾਸ਼ਟਰੀ ਅਖ਼ਬਾਰਾਂ ਦੀ ਰਾਏ

ਹਿਊਮਨ ਰਾਈਟਸ ਗਰੁੱਪਾਂ ਨੇ ਪਰਮਜੀਤ ਸਿੰਘ ਦੇ ਮਾਮਲੇ ਨੂੰ ਲੈ ਕੇ ਤਿੱਖੀ ਆਲੋਚਨਾ ਕੀਤੀ ਹੈ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ (ਏਸੀਐਲਯੂ) ਅਤੇ ਹਿਊਮਨ ਰਾਈਟਸ ਵਾਚ ਨੇ ਆਈਸੀਈ ਦੇ ਡਿਟੈਨਸ਼ਨ ਸੈਂਟਰਾਂ ਵਿੱਚ ਮੈਡੀਕਲ ਸਹਾਇਤਾ ਨਾ ਦੇਣ ਕਾਰਣ ਚਿੰਤਾ ਜ਼ਾਹਰ ਕੀਤੀ ਹੈ। ਏਸੀਐਲਯੂ ਦੀ ਜੂਨ 2024 ਦੀ ਰਿਪੋਰਟ ਅਨੁਸਾਰ, 2017 ਤੋਂ 2021 ਤੱਕ ਆਈਸੀਈ ਹਿਰਾਸਤ ਵਿੱਚ 52 ਲੋਕਾਂ ਦੀਆਂ ਮੌਤਾਂ ਵਿੱਚੋਂ 95 ਫੀਸਦੀ ਰੋਕੀ ਜਾ ਸਕਦੀਆਂ ਸਨ, ਜੇਕਰ ਠੀਕ ਮੈਡੀਕਲ ਕੇਅਰ ਮਿਲ ਜਾਂਦਾ। ਇਸ ਵਿੱਚ ਗਲਤ ਡਾਇਗਨੋਸਿਸ, ਦੇਰੀ ਨਾਲ ਇਲਾਜ ਅਤੇ ਐਮਰਜੈਂਸੀ ਕੇਅਰ ਦੀ ਘਾਟ ਸ਼ਾਮਲ ਹੈ। ਫਿਜ਼ੀਸ਼ੀਅਨਜ਼ ਫਾਰ ਹਿਊਮਨ ਰਾਈਟਸ ਨੇ ਕਿਹਾ ਕਿ ਪਰਮਜੀਤ ਵਰਗੇ ਮਰੀਜ਼ਾਂ ਨੂੰ ਹਿਰਾਸਤ ਵਿੱਚ ਰੱਖਣਾ ਜਾਨਲੇਵਾ ਹੈ, ਕਿਉਂਕਿ ਉਨ੍ਹਾਂ ਨੂੰ ਰੋਜ਼ਾਨਾ ਦਵਾਈਆਂ ਅਤੇ ਐੱਮਆਰਆਈ ਨਹੀਂ ਮਿਲ ਰਹੀਆਂ। ਡਿਟੈਨਸ਼ਨ ਵਾਚ ਨੈੱਟਵਰਕ ਨੇ ਚੇਤਾਵਨੀ ਦਿੱਤੀ ਕਿ ਟਰੰਪ ਹਕੂਮਤ ਦੇ ਫੰਡਿੰਗ ਨਾਲ ਡਿਟੈਨਸ਼ਨ ਵਧ ਰਿਹਾ ਹੈ, ਜਿਸ ਨਾਲ ਹੋਰ ਮੌਤਾਂ ਹੋਣਗੀਆਂ। ਨੈਸ਼ਨਲ ਇਮੀਗ੍ਰੈਂਟ ਜਸਟਿਸ ਸੈਂਟਰ ਨੇ ਕਿਹਾ ਕਿ ਕਾਂਗਰਸ ਨੂੰ ਡਿਟੈਨਸ਼ਨ ਘਟਾਉਣਾ ਚਾਹੀਦਾ ਹੈ। ਅੰਤਰਰਾਸ਼ਟਰੀ ਅਖ਼ਬਾਰਾਂ ਵਿੱਚ ਇਸ ਨੂੰ ਵਿਆਪਕ ਕਵਰੇਜ ਮਿਲੀ ਹੈ।

ਟਾਈਮਜ਼ ਆਫ਼ ਇੰਡੀਆ ਅਤੇ ਇਕਨਾਮਿਕ ਟਾਈਮਜ਼ ਨੇ ਲਿਖਿਆ ਕਿ ਇਹ ਇੱਕ "ਹਾਰੋਇੰਗ ਡਿਟੈਨਸ਼ਨ" ਹੈ, ਜਿੱਥੇ ਪਰਮਜੀਤ ਨੂੰ ਪੰਜ ਦਿਨ ਏਅਰਪੋਰਟ ਵਿੱਚ ਰੱਖਿਆ ਗਿਆ ਅਤੇ ਉਨ੍ਹਾਂ ਦੀ ਸਿਹਤ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਨਿਊਜ਼ਵੀਕ ਨੇ ਵਕੀਲ ਦੇ ਹਵਾਲੇ ਨਾਲ ਕਿਹਾ ਕਿ ਇਹ "ਇਲੀਗਲ ਐਂਡ ਹਾਰਿਫਿਕ" ਹੈ। ਦ ਇੰਟਰਸੈਪਟ ਨੇ ਰਿਪੋਰਟ ਕੀਤਾ ਕਿ ਡੀਐਚਐਸ ਨੇ ਫੋਰਜ਼ਰੀ ਕੇਸ ਦਾ ਕੋਈ ਰਿਕਾਰਡ ਨਹੀਂ ਪੇਸ਼ ਕੀਤਾ, ਜੋ ਗ੍ਰੀਨ ਕਾਰਡ ਹੋਲਡਰਾਂ ਲਈ ਡਰਾਵਣਾ ਹੈ। ਸਪਸ਼ਟ ਹੈ ਕਿ ਅਜਿਹੇ ਮਾਮਲੇ ਮਨੁੱਖੀ ਅਧਿਕਾਰਾਂ ਦੇ ਉਲੰਘਣਾ ਨੂੰ ਵਧਾਉਂਦੇ ਹਨ ਅਤੇ ਅਮਰੀਕੀ ਨੈਤਿਕਤਾ ਨੂੰ ਚੁਣੌਤੀ ਦਿੰਦੇ ਹਨ।

### ਪਰਿਵਾਰ ਅਤੇ ਸਿੱਖ ਜਥੇਬੰਦੀਆਂ ਦੀ ਕੋਸ਼ਿਸ਼ਾਂ

ਪਰਮਜੀਤ ਸਿੰਘ ਦਾ ਪਰਿਵਾਰ ਉਨ੍ਹਾਂ ਨੂੰ ਰਿਹਾਅ ਕਰਵਾਉਣ ਲਈ ਜੀਵਨ-ਮੌਤ ਵਾਲੀ ਲੜਾਈ ਲੜ ਰਿਹਾ ਹੈ। ਭਤੀਜੀ ਕਿਰਨ ਵਿਰਕ ਅਤੇ ਭਰਾ ਚਰਨਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਨੇ ਕਈ ਪਟੀਸ਼ਨਾਂ ਅਤੇ ਈਮੇਲਾਂ ਰਾਹੀਂ ਆਈਸੀਈ ਨੂੰ ਲਿਖਿਆ, ਪਰ ਜਵਾਬ ਨਹੀਂ ਮਿਲਿਆ। 25 ਅਗਸਤ ਨੂੰ ਕੋਰਟ ਵਿੱਚ ਬੌਂਡ ਲਈ ਮਨਜ਼ੂਰੀ ਮਿਲੀ-10 ਹਜ਼ਾਰ ਡਾਲਰ ਦੇ ਬੌਂਡ ਤੇ-ਪਰ ਆਈਸੀਈ ਨੇ ਸਟੇਅ ਲੈ ਲਿਆ।

ਵਕੀਲ ਲੂਈ ਐਂਜਲਸ ਨੇ ਫੈਡਰਲ ਜੱਜ ਨੂੰ ਅਰਜ਼ੀ ਦਿੱਤੀ ਹੈ ਕਿ ਬੌਂਡ ਤੇ ਰਿਹਾ ਕੀਤਾ ਜਾਵੇ ਅਤੇ ਡਿਪੋਰਟੇਸ਼ਨ ਰੋਕੀ ਜਾਵੇ। ਪਰਿਵਾਰ ਨੇ ਇੰਡੀਆਨਾ ਦੇ ਕਾਂਗਰਸ ਮੈਂਬਰ ਮਾਰਲਿਨ ਸਟੂਟਜ਼ਮੈਨ ਨੂੰ ਈਮੇਲ ਕੀਤੀ, ਜਿਸ ਨਾਲ 17 ਸਤੰਬਰ ਨੂੰ ਪਹਿਲੀ ਵਾਰ ਮੈਡੀਕਲ ਟੈਸਟ ਹੋਏ। ਉਹਨਾਂ ਨੇ ਸੈਨੇਟਰਾਂ ਅਤੇ ਹੋਰ ਨੁਮਾਇੰਦਿਆਂ ਨੂੰ ਅਪੀਲ ਕੀਤੀ ਹੈ। ਕਿਰਨ ਨੇ ਕਿਹਾ ਕਿ ਪਰਮਜੀਤ ਨੂੰ ਹਸਪਤਾਲ ਬਿੱਲ ਆਉਣ ਤੱਕ ਪਰਿਵਾਰ ਨੂੰ ਉਨ੍ਹਾਂ ਦੀ ਬਿਮਾਰੀ ਬਾਰੇ ਨਹੀਂ ਪਤਾ ਸੀ। ਉਹਨਾਂ ਨੇ ਪਤਨੀ ਲਖਵਿੰਦਰ ਨੂੰ ਪੰਜਾਬ ਤੋਂ ਵਾਪਸ ਬੁਲਾਇਆ, ਜੋ ਅਮਰੀਕੀ ਨਾਗਰਿਕ ਹਨ। ਅਗਲੀ ਕੋਰਟ ਤਰੀਕ 14 ਅਕਤੂਬਰ ਨੂੰ ਹੈ, ਜਿੱਥੇ ਫੈਸਲਾ ਆ ਸਕਦਾ ਹੈ। ਸਿੱਖ ਜਥੇਬੰਦੀਆਂ ਨੇ ਵੀ ਸਹਾਇਤਾ ਦਾ ਐਲਾਨ ਕੀਤਾ ਹੈ। ਅਖੰਡ ਕੀਰਤਨ ਜਥਾ ਅਤੇ ਸਿੱਖ ਕੋਆਲੀਸ਼ਨ ਆਫ਼ ਨੌਰਥ ਅਮਰੀਕਾ ਨੇ ਪਰਮਜੀਤ ਨੂੰ ਰਿਹਾਅ ਕਰਵਾਉਣ ਲਈ ਪਟੀਸ਼ਨ ਸ਼ੁਰੂ ਕੀਤੀ ਹੈ ਅਤੇ ਟਰੰਪ ਨੂੰ ਚਿੱਠੀ ਲਿਖੀ ਹੈ। ਉਹਨਾਂ ਨੇ ਕਿਹਾ ਕਿ ਇਹ ਸਿੱਖ ਭਾਈਚਾਰੇ ਉੱਤੇ ਹਮਲਾ ਹੈ ਅਤੇ ਅਮਰੀਕਾ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਨੀਤੀ ਨੂੰ ਰੋਕਿਆ ਜਾਵੇ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਇਸ ਨੂੰ "ਅਨਜਸਟ ਡਿਟੈਨਸ਼ਨ" ਕਰਾਰ ਦਿੱਤਾ ਅਤੇ ਪੰਜਾਬੀ ਭਾਈਚਾਰੇ ਨੂੰ ਇਕਜੁਟ ਹੋਣ ਲਈ ਅਪੀਲ ਕੀਤੀ। ਇਹ ਜਥੇਬੰਦੀਆਂ ਲੀਗਲ ਫੰਡ ਇਕੱਠਾ ਕਰ ਰਹੀਆਂ ਹਨ ਅਤੇ ਵਾਸ਼ਿੰਗਟਨ ਵਿੱਚ ਪ੍ਰੋਟੈਸਟ ਪਲਾਨ ਕਰ ਰਹੀਆਂ ਹਨ।

### -ਮਾਮਲਾ ਐਚ-1ਬੀ ਵੀਜ਼ਾ 'ਤੇ ਭਾਰੀ ਫ਼ੀਸ ਅਤੇ ਭਾਰਤੀ ਵਸਤੂਆਂ ਉਪਰ 50% ਟੈਰਿਫ਼ ਦਾ-

# ਕੀ ਟਰੰਪ ਦੇ ਤਲਖ਼ ਫ਼ੈਸਲਿਆਂ ਕਾਰਣ ਭਾਰਤ-ਅਮਰੀਕਾ ਰਿਸ਼ਤੇ ਸੁਲਝਣਗੇ

## ਖਾਸ ਰਿਪੋਟ ਅਮਰੀਕੀ ਅਖ਼ਬਾਰਾਂ ਦੀ ਚੇਤਾਵਨੀ: ਟੈਰਿਫ਼ ਵਾਰ ਨਾਲ ਅਮਰੀਕਾ ਦਾ ਆਪਣਾ ਹੀ ਨੁਕਸਾਨ ਹੋਵੇਗਾ



ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤੀ ਵਸਤੂਆਂ 'ਤੇ 50 ਫ਼ੀਸਦੀ ਟੈਰਿਫ਼ ਲਗਾਉਣ ਅਤੇ ਐਚ-1ਬੀ ਵੀਜ਼ਾ ਲਈ ਹਰ ਸਾਲ 1 ਲੱਖ ਡਾਲਰ ਦੀ ਭਾਰੀ ਫ਼ੀਸ ਵਸੂਲਣ ਦੇ ਫ਼ੈਸਲਿਆਂ ਨੇ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਨਵੀਂ ਚੁਣੌਤੀ ਦਿੱਤੀ ਹੈ। ਇਹ ਕਦਮ ਰੂਸੀ ਤੇਲ ਖਰੀਦਣ ਨੂੰ ਲੈ ਕੇ ਲੱਗੇ ਦਬਾਅ ਦਾ ਹਿੱਸਾ ਹਨ, ਪਰ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀਆਂ ਵਿੱਚ ਅਜੇ ਵੀ ਉਮੀਦ ਹੈ ਕਿ ਭਾਰਤ ਤੇ ਅਮਰੀਕਾ ਦੇ ਰਿਸ਼ਤੇ ਸੁਲਝਣਗੇ। ਅਮਰੀਕੀ ਅਖ਼ਬਾਰਾਂ ਵਿੱਚ ਵੀ ਇਸ ਨੂੰ ਇੱਕ ਅਸਥਾਈ ਤਣਾਅ ਵਜੋਂ ਵੇਖਿਆ ਜਾ ਰਿਹਾ ਹੈ, ਜੋ ਭਵਿੱਖ ਵਿਚ ਵਪਾਰਕ ਸੌਦਿਆਂ ਨਾਲ ਸੁਧਰ ਸਕਦਾ ਹੈ।

### ਐਚ-1ਬੀ ਵੀਜ਼ਾ ਅਤੇ ਟੈਰਿਫ਼ ਵਾਰ: ਵਰਤਮਾਨ ਸੰਕਟ ਦੇ ਕਾਰਨ ਅਤੇ ਪ੍ਰਭਾਵ

ਟਰੰਪ ਪ੍ਰਸ਼ਾਸਨ ਨੇ ਅਗਸਤ 2025 ਵਿੱਚ ਭਾਰਤੀ ਆਯਾਤ 'ਤੇ ਟੈਰਿਫ਼ ਨੂੰ 25 ਫ਼ੀਸਦੀ ਤੋਂ ਵਧਾ ਕੇ 50 ਫ਼ੀਸਦੀ ਕਰ ਦਿੱਤਾ, ਜਿਸ ਨੂੰ ਰੂਸੀ ਤੇਲ ਖਰੀਦਣ ਵਿਰੁੱਧ ਸਜ਼ਾ ਵਜੋਂ ਅਮਰੀਕਾ ਨੇ ਭਾਰਤ ਉਪਰ ਟੈਰਿਫ ਲਗਾਇਆ ਗਿਆ। ਇਸ ਨਾਲ ਭਾਰਤ ਨੂੰ ਲਗਭਗ 42.7 ਅਰਬ ਡਾਲਰ ਦੇ ਵਪਾਰਕ ਘਾਟੇ ਨੂੰ ਹੋਰ ਵਧਾਉਣ ਵਾਲਾ ਝਟਕਾ ਲੱਗਾ। ਫਿਰ ਸਤੰਬਰ ਵਿੱਚ ਐਚ-1ਬੀ ਵੀਜ਼ਾ 'ਤੇ 1 ਲੱਖ ਡਾਲਰ (ਲਗਭਗ 84 ਲੱਖ ਰੁਪਏ) ਦੀ ਫ਼ੀਸ ਲਗਾਈ ਗਈ, ਜੋ ਪਹਿਲਾਂ 460 ਡਾਲਰ ਸੀ। ਇਹ ਫ਼ੈਸਲਾ ਨਵੇਂ ਅਰਜ਼ੀਦਾਰਾਂ ਲਈ ਹੈ ਅਤੇ ਟੈਕ ਕੰਪਨੀਆਂ ਨੂੰ ਅਮਰੀਕੀ ਕਾਮਿਆਂ ਨੂੰ ਤਰਜੀਹ ਦੇਣ ਲਈ ਟਰੰਪ ਨੇ ਇਹ ਨੀਤੀ ਘੜੀ ਹੈ।

ਅਮਰੀਕਾ ਵਿੱਚ 50 ਲੱਖ ਤੋਂ ਵੱਧ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਬਹੁਤੇ ਟੈਕ ਅਤੇ ਆਈਟੀ ਸੈਕਟਰ ਵਿੱਚ ਹਨ। ਇਹ ਫ਼ੀਸ ਭਾਰਤੀ ਨੌਜਵਾਨਾਂ ਉਪਰ ਆਰਥਿਕ ਬੋਝ ਵਧਾਏਗੀ ਤੇ ਉਹਨਾਂ ਦੇ ਅਮਰੀਕੀ ਸੁਪਨਿਆਂ ਨੂੰ ਚੁਣੌਤੀ ਦੇਵੇਗੀ। ਨੈਸਕੌਮ ਅਨੁਸਾਰ, 70 ਫ਼ੀਸਦੀ ਐਚ-1ਬੀ ਵੀਜ਼ੇ ਭਾਰਤੀਆਂ ਨੂੰ ਮਿਲਦੇ ਹਨ। ਟੈਰਿਫ ਕਾਰਣ ਆਈਟੀ ਐਕਸਪੋਰਟ ਵਿੱਚ 2 ਲੱਖ ਕਰੋੜ ਰੁਪਏ ਦਾ ਨੁਕਸਾਨ ਹੋ ਸਕਦਾ ਹੈ। ਟੈਰਿਫ਼ ਨੇ ਫਿਰ ਸਟੀਲ, ਐਲੂਮੀਨੀਅਮ ਅਤੇ ਫਾਰਮਾ ਵਰਗੇ ਸੈਕਟਰਾਂ ਨੂੰ ਠੇਸ ਪਹੁੰਚਾਈ ਹੈ, ਜਿਸ ਨਾਲ ਭਾਰਤੀ ਐਕਸਪੋਰਟਰਾਂ ਨੂੰ ਨਵੇਂ ਬਾਜ਼ਾਰ ਲੱਭਣੇ ਪੈ ਰਹੇ ਹਨ। ਪਰ ਇਸ ਸਭ ਵਿੱਚ ਭਾਰਤੀ ਭਾਈਚਾਰਾ ਨਿਰਾਸ਼ ਨਹੀਂ ਹੋ ਰਿਹਾ, ਉਹ ਇਸ ਨੂੰ ਅਸਥਾਈ ਸਮੱਸਿਆ ਮੰਨਦੇ ਹਨ।

ਨਿਊਯਾਰਕ ਵਿੱਚ ਸਿਟੀ ਗਰੁੱਪ ਦੇ ਸੀਨੀਅਰ ਐਨਾਲਿਸਟ ਦੀਪਾ ਨੇ ਕਿਹਾ, "ਟਰੰਪ ਦੀਆਂ ਤਲਖ਼ ਟਿੱਪਣੀਆਂ ਬਾਵਜੂਦ, ਦੋਹਾਂ ਦੇਸਾਂ ਵਿਚਕਾਰ ਦੀ ਸਾਂਝੀ ਵਿਰਾਸਤ ਇਸ ਨੂੰ ਜਲਦੀ ਹੱਲ ਕਰ ਦੇਵੇਗੀ। ਇਹ ਵਿਅਕਤੀਗਤ ਨਹੀਂ, ਗਲੋਬਲ ਹਿੱਤਾਂ ਦਾ ਮਾਮਲਾ ਹੈ।" ਉਹ ਮੰਨਦੀ ਹੈ ਕਿ ਕੁਆਡ ਵਰਗੇ ਪਲੇਟਫਾਰਮ ਰਿਸ਼ਤਿਆਂ ਨੂੰ ਮਜ਼ਬੂਤ ਰੱਖਣਗੇ।

ਅਮੇਜ਼ਨ ਵਿੱਚ ਪ੍ਰੋਡਕਟ ਮੈਨੇਜਰ ਗੌਤਮ ਕਿਸ਼ੋਰ ਨੇ ਦੱਸਿਆ, "ਯੂਕ੍ਰੇਨ ਯੁੱਧ ਨੇ ਸਮੀਕਰਨ ਬੁਰੀ ਤਰ੍ਹਾਂ ਪ੍ਰਭਾਵਿਤ ਕੀਤੇ ਹਨ, ਪਰ ਭਾਰਤੀ ਵਿਦੇਸ਼ ਨੀਤੀ ਸਮਝਦਾਰੀ ਨਾਲ ਕੰਮ ਕਰ ਰਹੀ ਹੈ। ਵੀਜ਼ਾ ਅਤੇ ਵਪਾਰਕ ਰੁਕਾਵਟਾਂ ਰਾਜਨੀਤਿਕ ਹਨ, ਪਰ ਉਹ ਕੁਝ ਦਿਨਾਂ ਦੀਆਂ ਹਨ,ਜਲਦੀ ਹੱਲ ਹੋ ਜਾਣਗੀਆਂ।"

ਨਿਊਜ਼ਰਸੀ ਗਵਰਨਰ ਫਿਲ ਮਰਫ਼ੀ ਨੇ ਕਿਹਾ, "ਅਮਰੀਕਾ ਭਾਰਤ ਤੋਂ ਬਿਨਾਂ ਨਹੀਂ ਰਹਿ ਸਕਦਾ; ਅੰਤ ਵਿੱਚ ਦੋਹਾਂ ਨੂੰ ਇਕੱਠੇ ਹੋਣਾ ਹੀ ਪਵੇਗਾ।"

ਪ੍ਰਿੰਸਟਨ ਯੂਨੀਵਰਸਿਟੀ ਦੀ ਵਨਿਆ ਚੌਧਰੀ ਨੇ ਕਿਹਾ, "ਭਾਰਤ ਵਪਾਰਕ ਸ਼ਰਤਾਂ ਨੂੰ ਨਹੀਂ ਮੰਨੇਗਾ ਜੋ ਉਸ ਦੀ ਆਬਾਦੀ ਨੂੰ ਨੁਕਸਾਨ ਪਹੁੰਚਾਵੇ, ਪਰ ਹੱਲ ਨਿਕਲ ਆਵੇਗਾ।" ਰਿਚਰਡ ਰੋਸੋ ਨੇ ਮੰਨਿਆ ਕਿ ਟਰੰਪ ਨੇ ਵਿਸ਼ਵਾਸ ਘਟਾਇਆ ਹੈ, ਪਰ ਦੋਹਾਂ ਦੇ ਹਿੱਤ ਇਸ ਨੂੰ ਸੁਧਾਰਨਗੇ।

ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਇਹ ਫ਼ੈਸਲੇ ਭਾਰਤ ਨੂੰ ਆਤਮ-ਨਿਰਭਰ ਬਣਾਉਣ ਵਿੱਚ ਮਦਦ ਕਰਨਗੇ, ਪਰ ਅਮਰੀਕਾ ਆਪਣੇ ਹੀ ਟੈਲੈਂਟ ਨੂੰ ਗੁਆ ਰਿਹਾ ਹੈ।

ਵਾਸ਼ਿੰਗਟਨ ਪੋਸਟ ਨੇ ਵੀ ਚਾਨਣਾ ਪਾਇਆ ਕਿ ਟਰੰਪ ਦੇ ਇਹ ਕਦਮ ਯੂਕ੍ਰੇਨ ਯੁੱਧ ਨਾਲ ਜੁੜੇ ਹਨ, ਪਰ ਭਾਰਤ ਨੂੰ ਨਿਸ਼ਾਨਾ ਬਣਾਉਣ ਨਾਲ ਭਾਰਤ-ਚੀਨ ਦੇ ਹੋਰ ਨੇੜੇ ਜਾਵੇਗਾ।

ਬੀਬੀਸੀ ਨੇ ਚੇਤਾਵਨੀ ਦਿੱਤੀ ਕਿ ਐਚ-1ਬੀ ਫ਼ੀਸ ਅਮਰੀਕੀ ਇਨੋਵੇਸ਼ਨ ਨੂੰ ਨੁਕਸਾਨ ਪਹੁੰਚਾਏਗੀ

ਰੌਇਟਰਜ਼ ਨੇ ਟੈਰਿਫ਼ ਨੂੰ ਰੂਸੀ ਤੇਲ ਗੇਮ ਨੂੰ ਖ਼ਤਮ ਕਰਨ ਵਾਲਾ ਕਿਹਾ, ਪਰ ਰਿਸ਼ਤੇ ਮਜ਼ਬੂਤ ਹੋਣਗੇ।

### ਸਰਕਾਰੀ ਪ੍ਰਯਾਸ ਅਤੇ ਭਵਿੱਖ ਦੀਆਂ ਸੰਭਾਵਨਾਵਾਂ: ਸਮਝੌਤੇ ਦੀ ਉਮੀਦ

22-24 ਸਤੰਬਰ ਨੂੰ ਵਾਸ਼ਿੰਗਟਨ ਵਿੱਚ ਵਪਾਰਕ ਗੱਲਬਾਤਾਂ ਵਿੱਚ ਭਾਰਤ ਨੇ ਅਮਰੀਕੀ ਡੇਅਰੀ ਉਤਪਾਦਾਂ 'ਤੇ ਰਿਆਇਤਾਂ ਦੀ ਪੇਸ਼ਕਸ਼ ਕੀਤੀ। ਭਾਰਤ 40 ਅਰਬ ਡਾਲਰ ਦੀ ਵੱਡੀ ਖ਼ਰੀਦਾਰੀ 'ਤੇ ਵਿਚਾਰ ਕਰ ਰਿਹਾ ਹੈ, ਜਿਸ ਵਿੱਚ ਰੱਖਿਆ ਉਪਕਰਨ ਅਤੇ ਤੇਲ ਸ਼ਾਮਲ ਹਨ। 2024 ਵਿੱਚ ਵਪਾਰਕ ਘਾਟਾ 42.7 ਅਰਬ ਡਾਲਰ ਸੀ, ਅਤੇ ਭਾਰਤ ਹਰ ਕੂਟਨੀਤਿਕ ਯਤਨ ਨਾਲ ਹੱਲ ਲੱਭ ਰਿਹਾ ਹੈ। ਮੋਦੀ ਸਰਕਾਰ ਨੇ ਆਤਮਨਿਰਭਰਤਾ 'ਤੇ ਜ਼ੋਰ ਦਿੱਤਾ ਹੈ, ਪਰ ਅਮਰੀਕੀ ਊਰਜਾ ਆਯਾਤ ਵਧਾ ਕੇ ਸੰਤੁਲਨ ਬਣਾਉਣਾ ਚਾਹੁੰਦੀ ਹੈ।

ਭਵਿੱਖ ਵਿੱਚ ਇਹ ਯਤਨ ਕਿੰਨੇ ਸਫ਼ਲ ਹੋਣਗੇ, ਇਹ ਵੇਖਣਾ ਰਹਿ ਗਿਆ ਹੈ। ਪਰ ਇੰਨਾ ਤੈਅ ਹੈ ਕਿ ਅਮਰੀਕਾ ਨੂੰ ਪਤਾ ਹੈ ਕਿ ਭਾਰਤ ਨਾਲ ਰਿਸ਼ਤੇ ਨਾ ਸੁਧਰਨ 'ਤੇ ਦੋਹਾਂ ਨੂੰ ਨੁਕਸਾਨ ਹੋਵੇਗਾ।

ਫੌਕਸ ਬਿਜ਼ਨਸ ਨੇ ਦੱਸਿਆ ਕਿ ਭਾਰਤ ਨੇ ਉੱਚ-ਸਤਰੀ ਡੈਲੀਗੇਸ਼ਨ ਭੇਜ ਕੇ ਵੀਜ਼ਾ ਅਤੇ ਟੈਰਿਫ਼ 'ਤੇ ਗੱਲਬਾਤ ਸ਼ੁਰੂ ਕੀਤੀ ਹੈ। ਬਲੂਮਬਰਗ ਨੇ ਟੈਰਿਫ਼ ਨੂੰ ਰੂਸੀ ਤੇਲ ਖ਼ਲਾਫ਼ 'ਅਨਿਆਂਪੂਰਨ' ਕਿਹਾ, ਪਰ ਮੰਨਿਆ ਕਿ ਭਾਰਤੀ ਵਪਾਰਕ ਗੇਮ ਨੂੰ ਬਚਾਉਣ ਲਈ ਨਵੇਂ ਸੌਦੇ ਹੋਣਗੇ।

ਅੰਤ ਵਿੱਚ, ਭਾਰਤੀ ਅਮਰੀਕੀ ਭਾਈਚਾਰੇ ਦੀਆਂ ਉਮੀਦਾਂ ਸਾਂਝੇ ਮੁੱਲਾਂ ਅਤੇ ਆਰਥਿਕ ਅਵਸਰਾਂ 'ਤੇ ਆਧਾਰਿਤ ਹਨ। ਟਰੰਪ ਦੇ ਫ਼ੈਸਲੇ ਚੁਣੌਤੀ ਹਨ, ਪਰ ਇਤਿਹਾਸ ਦੱਸਦਾ ਹੈ ਕਿ ਭਾਰਤ-ਅਮਰੀਕਾ ਰਿਸ਼ਤੇ ਹਮੇਸ਼ਾ ਮਜ਼ਬੂਤ ਹੋ ਕੇ ਉੱਭਰੇ ਹਨ।

# 3 ਵਿਗਿਆਨੀਆਂ ਨੂੰ ਮੈਡੀਕਲ ਖੇਤਰ ਵਿਚ ਨੋਬਲ ਪੁਰਸਕਾਰ ਮਿਲਿਆ



ਮੈਰੀ ਈ. ਬਰੰਕੋ ਫਰੈੱਡ ਰੈਮਸਡੇਲ ਡਾ. ਸ਼ਿਮੋਨ ਸਾਕਾਗੁਚੀ

ਸਟਾਕਹੋਮ-ਮੈਰੀ ਈ. ਬਰੰਕੋ, ਫਰੈੱਡ ਰੈਮਸਡੇਲ ਤੇ ਡਾ. ਸ਼ਿਮੋਨ ਸਾਕਾਗੁਚੀ ਨੇ ਰੋਗ ਪ੍ਰਤੀਰੋਧਕ ਸਮਰੱਥਾ (ਪੈਰੀਫਿਰਲ ਇਮਿਊਨ) ਸਹਿਣਸ਼ੀਲਤਾ ਸੰਬੰਧੀ ਉਨ੍ਹਾਂ ਦੀਆਂ ਖੋਜਾਂ ਲਈ ਦਵਾਈਆਂ ਦੇ ਖੇਤਰ 'ਚ ਨੋਬਲ ਪੁਰਸਕਾਰ ਜਿੱਤਿਆ ਹੈ। ਬਰੰਕੋ (64) ਸਿਆਟਲ 'ਚ ਇੰਸਟੀਚਿਊਟ ਫਾਰ ਸਿਸਟਮਜ਼ ਬਾਇਓਲੋਜੀ 'ਚ ਇਕ ਸੀਨੀਅਰ ਪ੍ਰੋਗਰਾਮ ਮੈਨੇਜਰ ਹਨ। ਰੈਮਸਡੇਲ (64) ਸਾਨ ਫਰਾਂਸਿਸਕੋ 'ਚ ਸੋਨੋਮਾ ਬਾਇਓਥੈਰੇਪੁਟਿਕਸ ਲਈ ਇਕ ਵਿਗਿਆਨਕ ਸਲਾਹਕਾਰ ਹਨ। ਸਾਕਾਗੁਚੀ (74) ਜਪਾਨ 'ਚ ਓਸਾਕਾ ਯੂਨੀਵਰਸਿਟੀ ਦੇ ਇਮਯੂਨੋਲੋਜੀ ਫਰੰਟੀਅਰ ਰਿਸਰਚ ਸੈਂਟਰ ਵਿਚ ਇਕ ਉੱਘੇ ਪ੍ਰੋਫੈਸਰ ਹਨ। ਇਨ੍ਹਾਂ ਵਿਗਿਆਨੀਆਂ ਨੇ 'ਪੈਰੀਫਿਰਲ ਇਮਿਊਨ ਟੌਲਰੈਂਸ' ਦੀ ਖੋਜ ਕੀਤੀ, ਜੋ ਰੋਗ ਪ੍ਰਤੀਰੋਧਕ ਸਮਰੱਥਾ (ਇਮਿਊਨ ਸਿਸਟਮ) ਨੂੰ ਸਰੀਰ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਦੀ ਹੈ। ਹਰ ਰੋਜ਼ ਸਾਡੀ ਰੋਗ ਪ੍ਰਤੀਰੋਧਕ ਸਮਰੱਥਾ ਪ੍ਰਣਾਲੀ ਸਾਨੂੰ ਹਜ਼ਾਰਾਂ ਸੂਖਮ ਜੀਵਾਂ ਤੋਂ ਬਚਾਉਂਦੀ ਹੈ, ਜਿਨ੍ਹਾਂ 'ਚੋਂ ਬਹੁਤ ਸਾਰੇ ਮਨੁੱਖੀ ਸੈੱਲਾਂ ਦੇ ਰੂਪ ਵਿਚ ਹੁੰਦੇ ਹਨ। ਇਸ ਲਈ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਮਿਊਨ ਸਿਸਟਮ ਕਿਵੇਂ ਫੈਸਲਾ ਕਰਦਾ ਹੈ ਕਿ ਕਿਹੜੇ ਸੂਖਮ ਜੀਵਾਂ 'ਤੇ ਹਮਲਾ ਕਰਨਾ ਹੈ ਤੇ ਕਿਸ ਦੀ ਰੱਖਿਆ ਕਰਨੀ ਹੈ। ਇਸ ਰਹੱਸ ਨੂੰ ਖੋਲ੍ਹਦੇ ਹੋਏ ਇਨ੍ਹਾਂ ਤਿੰਨਾਂ ਵਿਗਿਆਨੀਆਂ ਨੇ 'ਰੈਗੂਲੇਟਰੀ ਟੀ ਸੈੱਲ' ਦੀ ਪਛਾਣ ਕੀਤੀ, ਜੋ ਰੋਗ ਪ੍ਰਤੀਰੋਧਕ ਪ੍ਰਣਾਲੀ (ਇਮਿਊਨ ਸਿਸਟਮ) ਦੇ ਸੁਰੱਖਿਆ ਕਵਚ ਵਜੋਂ ਕੰਮ ਕਰਦੇ ਹਨ ਤੇ ਉਨ੍ਹਾਂ ਨੂੰ ਸਰੀਰ 'ਤੇ ਹਮਲਾ ਕਰਨ ਤੋਂ ਰੋਕਦੇ ਹਨ। ਨੋਬਲ ਕਮੇਟੀ ਦੇ ਚੇਅਰਮੈਨ ਓਲੇ ਕੈਂਪੇ ਨੇ ਕਿਹਾ ਕਿ ਉਨ੍ਹਾਂ ਦੀਆਂ ਖੋਜਾਂ ਨੇ ਇਹ ਸਮਝਣ ਵਿਚ ਇਕ ਨਿਰਣਾਇਕ ਭੂਮਿਕਾ ਨਿਭਾਈ ਹੈ ਕਿ ਰੋਗ ਪ੍ਰਤੀਰੋਧਕ ਸਮਰੱਥਾ ਪ੍ਰਣਾਲੀ (ਇਮਿਊਨ ਸਿਸਟਮ) ਕਿਵੇਂ ਕੰਮ ਕਰਦੀ ਹੈ ਤੇ ਅਸੀਂ ਸਾਰੇ ਗੰਭੀਰ ਆਟੋਇਮਿਊਨ ਬਿਮਾਰੀਆਂ ਕਿਉਂ ਨਹੀਂ ਵਿਕਸਿਤ ਕਰਦੇ।

# ਸੁਪਰੀਮ ਕੋਰਟ ਦਾ ਜੱਜ ਵੀ ਬਣਿਆ ਹਿੰਦੂ ਰਾਸ਼ਟਰਵਾਦੀ ਵਕੀਲ ਦਾ ਨਿਸ਼ਾਨਾ

**ਵਿਸ਼ੇਸ਼ ਰਿਪੋਟ** ✪ ਸੁਪਰੀਮ ਕੋਰਟ ਵਿਚ ਵਕੀਲ ਨੇ ਚੀਫ ਜਸਟਿਸ 'ਤੇ ਸੁੱਟੀ ਜੁੱਤੀ ✪ ਹਮਲਾਵਰ ਵਕੀਲ ਨੇ ਜੱਜ ਦੇ ਫੈਸਲੇ ਨੂੰ ਸਨਾਤਨ ਦਾ ਅਪਮਾਨ ਦਸਿਆ ✪ ਪੀਐਮ ਮੋਦੀ ਨੇ ਕਿਹਾ ਕਿ 'ਹਮਲਾ' ਨਿੰਦਣਯੋਗ, ਵਿਰੋਧੀ ਧਿਰ ਨੇ ਸੰਵਿਧਾਨ 'ਤੇ ਹਮਲਾ ਕਰਾਰ ਦਿੱਤਾ

ਬੀਤੇ ਦਿਨੀਂ ਸੁਪਰੀਮ ਕੋਰਟ ਦਾ ਜੱਜ ਵੀ ਹਿੰਦੂ ਰਾਸ਼ਟਰਵਾਦੀ ਦਾ ਨਿਸ਼ਾਨਾ ਬਣਿਆ ਹੈ। 71 ਸਾਲ ਦੇ ਫਿਰਕੂ ਵਕੀਲ ਰਾਕੇਸ਼ ਕਿਸ਼ੋਰ ਨੇ ਭਾਰਤ ਦੇ ਚੀਫ ਜਸਟਿਸ ਬੀ ਆਰ ਗਵਈ ਵੱਲ ਜੁੱਤੀ ਸੁੱਟਣ ਦੀ ਕੋਸ਼ਿਸ਼ ਕੀਤੀ। ਇਹ ਵਾਕਿਆ ਉਸ ਵੇਲੇ ਹੋਇਆ ਜਦੋਂ ਚੀਫ ਜਸਟਿਸ ਗਵਈ ਅਤੇ ਜਸਟਿਸ ਕੇ ਵਿਨੋਦ ਚੰਦਰਨ ਦੀ ਬੈਂਚ ਕੇਸਾਂ ਦੀ ਸੁਣਵਾਈ ਕਰ ਰਹੀ ਸੀ। ਮਯੂਰ ਵਿਹਾਰ ਦੇ ਰਹਿਣ ਵਾਲੇ ਰਾਕੇਸ਼ ਕਿਸ਼ੋਰ ਨੇ ਅਦਾਲਤ ਦੇ ਡਾਇਸ ਵੱਲ ਵਧਦਿਆਂ ਆਪਣੀ ਜੁੱਤੀ ਕੱਢੀ ਅਤੇ ਜੱਜਾਂ ਵੱਲ ਸੁੱਟਣ ਦੀ ਕੋਸ਼ਿਸ਼ ਕੀਤੀ। ਪਰ ਸੁਰੱਖਿਆ ਕਰਮੀਆਂ ਨੇ ਫੁਰਤੀ ਨਾਲ ਕਾਰਵਾਈ ਕਰਕੇ ਹਮਲੇ ਨੂੰ ਨਾਕਾਮ ਕਰ ਦਿੱਤਾ ਅਤੇ ਮੁਲਜ਼ਮ ਵਕੀਲ ਨੂੰ ਫੜ ਲਿਆ। ਜਦੋਂ ਉਸ ਨੂੰ ਅਦਾਲਤੀ ਕੰਪਲੈਕਸ ਤੋਂ ਬਾਹਰ ਲਿਜਾਇਆ ਜਾ ਰਿਹਾ ਸੀ, ਰਾਕੇਸ਼ ਕਿਸ਼ੋਰ ਚੀਕ-ਚੀਕ ਕੇ ਬੋਲਿਆ ਕਿ "ਸਨਾਤਨ ਦਾ ਅਪਮਾਨ ਨਹੀਂ ਸਹਾਂਗੇ!" ਇਸ ਬਿਆਨ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਉਹ ਚੀਫ ਜਸਟਿਸ ਵੱਲੋਂ ਪਿਛਲੇ ਮਹੀਨੇ ਖਜੁਰਾਹੋ ਮੰਦਰ ਮਾਮਲੇ ਵਿਚ ਕੀਤੀਆਂ ਟਿੱਪਣੀਆਂ ਤੋਂ ਨਰਾਜ਼ ਸੀ। ਚੀਫ ਜਸਟਿਸ ਗਵਈ ਨੇ ਇਸ ਘਟਨਾ ਦੌਰਾਨ ਪੂਰੀ ਸ਼ਾਂਤੀ ਬਣਾਈ ਰੱਖੀ ਅਤੇ ਵਕੀਲਾਂ ਨੂੰ ਕਿਹਾ, "ਇਹੋ ਜਿਹੀਆਂ ਗੱਲਾਂ ਨਾਲ ਸਾਨੂੰ ਘਬਰਾਉਣ ਦੀ ਲੋੜ ਨਹੀਂ। ਮੇਰਾ ਫੈਸਲਾ ਇਨ੍ਹਾਂ ਨਾਲ ਪ੍ਰਭਾਵਿਤ ਨਹੀਂ ਹੋਵੇਗਾ।"

### ਪੀਐਮ ਮੋਦੀ ਦੀ ਸਖ਼ਤ ਪ੍ਰਤੀਕਿਰਿਆ

ਪ੍ਰਧਾਨ ਮੰਤਰੀ ਮੋਦੀ ਨੇ ਇਸ ਘਟਨਾ 'ਤੇ ਸਖ਼ਤ ਰਵੱਈਆ ਅਪਣਾਉਂਦਿਆਂ ਇਸ ਨੂੰ "ਪੂਰੀ ਤਰ੍ਹਾਂ ਨਿੰਦਣਯੋਗ" ਕਰਾਰ ਦਿੱਤਾ। ਉਨ੍ਹਾਂ ਨੇ ਇੰਸਟਾਗ੍ਰਾਮ 'ਤੇ ਲਿਖਿਆ, "ਮੈਂ ਚੀਫ ਜਸਟਿਸ ਬੀ ਆਰ ਗਵਈ ਜੀ ਨਾਲ ਗੱਲ ਕੀਤੀ। ਸਾਡੇ ਸਮਾਜ ਵਿਚ ਅਜਿਹੀਆਂ ਹਰਕਤਾਂ ਲਈ ਕੋਈ ਥਾਂ ਨਹੀਂ। ਮੈਂ ਜਸਟਿਸ ਗਵਈ ਦੀ ਨਿਆਂ ਪ੍ਰਤੀ ਸਮਰਪਣ ਦੀ ਸ਼ਲਾਘਾ ਕਰਦਾ ਹਾਂ।"

ਪੁਲੀਸ ਨੇ ਸੁਪਰੀਮ ਕੋਰਟ ਦੇ ਰਜਿਸਟਰਾਰ ਜਨਰਲ ਨਾਲ ਮਿਲ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਬਾਰ ਕੌਂਸਲ ਆਫ ਇੰਡੀਆ ਨੇ ਰਾਕੇਸ਼ ਕਿਸ਼ੋਰ ਨੂੰ ਤੁਰੰਤ ਮੁਅੱਤਲ ਕਰ ਦਿੱਤਾ, ਜਿਸ ਨਾਲ ਉਸ ਦੀ ਵਕਾਲਤ ਦੀ ਪ੍ਰੈਕਟਿਸ 'ਤੇ ਰੋਕ ਲੱਗ ਗਈ।

### ਵਿਰੋਧੀ ਧਿਰ ਵਲੋਂ ਨਿਖੇਧੀ

ਇਸ ਘਟਨਾ ਦੀ ਨਿਖੇਧੀ ਸੱਤਾਧਾਰੀ ਪਾਰਟੀ ਦੇ ਨਾਲ-ਨਾਲ ਵਿਰੋਧੀ ਧਿਰ ਨੇ ਵੀ ਕੀਤੀ। ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਸਪੀ) ਦੇ ਮੁਖੀ ਸ਼ਰਦ ਪਵਾਰ ਨੇ ਇਸ ਨੂੰ "ਸ਼ਰਮਨਾਕ" ਅਤੇ "ਸੰਵਿਧਾਨ 'ਤੇ ਹਮਲਾ" ਕਰਾਰ ਦਿੱਤਾ। ਉਨ੍ਹਾਂ ਕਿਹਾ, "ਇਹ



ਵਕੀਲ ਰਾਕੇਸ਼ ਕਿਸ਼ੋਰ — ਚੀਫ ਜਸਟਿਸ ਗਵਈ

ਨਿਆਂਪਾਲਿਕਾ ਅਤੇ ਕਾਨੂੰਨ ਦੀ ਸਰਵਉੱਚਤਾ 'ਤੇ ਹਮਲਾ ਹੈ। ਦੇਸ਼ ਨੂੰ ਚੀਫ ਜਸਟਿਸ ਦੇ ਨਾਲ ਖੜ੍ਹਨਾ ਚਾਹੀਦਾ।"

ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਨੇ ਇਸ ਨੂੰ "ਸੰਘ ਪਰਿਵਾਰ ਦੀ ਨਫ਼ਰਤ ਵਾਲੀ ਸਿਆਸਤ" ਦਾ ਨਤੀਜਾ ਦੱਸਿਆ। ਉਨ੍ਹਾਂ ਕਿਹਾ, "ਜਦੋਂ ਫਿਰਕੂ ਕੱਟੜਤਾ ਚੀਫ ਜਸਟਿਸ ਨੂੰ ਨਿਸ਼ਾਨਾ ਬਣਾਉਣ ਦੀ ਹਿੰਮਤ ਕਰਦੀ ਹੈ, ਤਾਂ ਇਹ ਵੰਡਪਾਊ ਸਿਆਸਤ ਦੇ ਖ਼ਤਰੇ ਨੂੰ ਉਜਾਗਰ ਕਰਦੀ ਹੈ ਤੇ ਲੋਕਤੰਤਰ ਨੂੰ ਢਾਹ ਲਗਾਉਂਦੀ।"

ਸੁਪਰੀਮ ਕੋਰਟ ਐਡਵੋਕੇਟਸ-ਆਨ-ਰਿਕਾਰਡ ਐਸੋਸੀਏਸ਼ਨ (ਐੱਸਸੀਏਓਆਰਏ) ਨੇ ਵੀ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਨੇ ਕਿਹਾ, "ਇਹ ਵਕੀਲ ਦਾ ਫਿਰਕੂ ਵਿਵਹਾਰ ਹੈ, ਜਿਸ ਨੇ ਸੁਪਰੀਮ ਕੋਰਟ ਦੀ ਮਰਿਆਦਾ ਨੂੰ ਠੇਸ ਪਹੁੰਚਾਈ। ਉਹਨਾਂ ਨੇ ਮੰਗ ਕੀਤੀ ਕਿ ਸੁਪਰੀਮ ਕੋਰਟ ਨੂੰ ਇਸ ਘਟਨਾ ਦਾ ਸੂਆ ਮੋਟੋ ਨੋਟਿਸ ਲੈ ਕੇ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰਨੀ ਚਾਹੀਦੀ।"

ਸੀਨੀਅਰ ਵਕੀਲ ਇੰਦਰਾ ਜੈਸਿੰਘ ਨੇ ਇਸ ਨੂੰ "ਨਿਆਂ ਪ੍ਰਣਾਲੀ 'ਤੇ ਹਮਲਾ" ਦੱਸਦਿਆਂ ਜਾਂਚ ਦੀ ਮੰਗ ਕੀਤੀ।

### ਘਟਨਾ ਦਾ ਪਿਛੋਕੜ: ਖਜੁਰਾਹੋ ਮੰਦਰ ਮਾਮਲਾ

ਇਹ ਘਟਨਾ ਸੰਭਾਵਤ ਤੌਰ 'ਤੇ ਚੀਫ ਜਸਟਿਸ ਗਵਈ ਵੱਲੋਂ ਪਿਛਲੇ ਮਹੀਨੇ ਖਜੁਰਾਹੋ ਮੰਦਰ ਮਾਮਲੇ ਵਿਚ ਕੀਤੀਆਂ ਟਿੱਪਣੀਆਂ ਨਾਲ ਜੁੜੀ ਹੋਈ ਹੈ। 16 ਸਤੰਬਰ ਨੂੰ ਚੀਫ ਜਸਟਿਸ ਅਤੇ ਜਸਟਿਸ ਚੰਦਰਨ ਦੀ ਬੈਂਚ ਨੇ ਮੱਧ ਪ੍ਰਦੇਸ਼ ਦੇ ਖਜੁਰਾਹੋ ਸਥਿਤ ਯੂਨੈਸਕੋ ਵਿਸ਼ਵ ਵਿਰਾਸਤ ਜਵਾਰੀ ਮੰਦਰ ਵਿਚ ਭਗਵਾਨ ਵਿਸ਼ਨੂ ਦੀ 7 ਫੁੱਟ ਦੀ ਮੂਰਤੀ ਦੀ ਮੁਰੰਮਤ ਅਤੇ ਸਥਾਪਨਾ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ। ਬੈਂਚ ਨੇ ਕਿਹਾ ਸੀ ਕਿ ਇਹ ਮਾਮਲਾ ਭਾਰਤੀ ਪੁਰਾਤੱਤਵ ਸਰਵੇਖਣ (ਏਐੱਸਆਈ) ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ, ਨਾ ਕਿ ਅਦਾਲਤ ਦੇ।

ਚੀਫ ਜਸਟਿਸ ਨੇ ਪਟੀਸ਼ਨ ਨੂੰ "ਪ੍ਰਚਾਰ ਲਈ ਦਾਖਲ ਕੀਤੀ ਅਰਜ਼ੀ" ਦੱਸਦਿਆਂ ਪਟੀਸ਼ਨਰ ਨੂੰ ਕਿਹਾ ਸੀ, "ਜੇ ਤੁਸੀਂ ਭਗਵਾਨ ਵਿਸ਼ਨੂ ਦੇ ਸੱਚੇ ਭਗਤ ਹੋ, ਤਾਂ ਜਾ ਕੇ ਪ੍ਰਾਰਥਨਾ ਕਰੋ ਅਤੇ ਧਿਆਨ ਲਾਓ।" ਇਨ੍ਹਾਂ ਟਿੱਪਣੀਆਂ ਦੀ ਸੋਸ਼ਲ ਮੀਡੀਆ 'ਤੇ ਕੁਝ ਭਗਵੇਂਵਾਦੀ ਸਮੂਹਾਂ ਨੇ ਆਲੋਚਨਾ ਕੀਤੀ ਸੀ। ਵਿਸ਼ਵ ਹਿੰਦੂ ਪ੍ਰੀਸ਼ਦ (ਵੀਐੱਚਪੀ) ਨੇ ਚੀਫ ਜਸਟਿਸ ਨੂੰ ਆਪਣੇ ਭਾਸ਼ਣ 'ਚ ਸੰਜਮ ਵਰਤਣ ਦੀ ਸਲਾਹ ਦਿੱਤੀ ਸੀ।

ਇਸ ਦੇ ਜਵਾਬ 'ਚ ਚੀਫ ਜਸਟਿਸ ਨੇ ਸਪੱਸ਼ਟ ਕੀਤਾ, "ਮੈਂ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹਾਂ। ਮੇਰੀਆਂ ਟਿੱਪਣੀਆਂ ਸਿਰਫ ਇਸ ਸੰਦਰਭ ਵਿਚ ਸਨ ਕਿ ਮੰਦਰ ਏਐੱਸਆਈ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ।" ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਵੀ ਚੀਫ ਜਸਟਿਸ ਦਾ ਸਮਰਥਨ ਕਰਦਿਆਂ ਕਿਹਾ, "ਮੈਂ ਪਿਛਲੇ 10 ਸਾਲਾਂ ਤੋਂ ਜਸਟਿਸ ਗਵਈ ਨੂੰ ਜਾਣਦਾ ਹਾਂ। ਉਹ ਸਾਰੇ ਧਰਮਾਂ ਦੇ ਮੰਦਰਾਂ ਅਤੇ ਧਾਰਮਿਕ ਸਥਾਨਾਂ 'ਤੇ ਪੂਰੀ ਸ਼ਰਧਾ ਨਾਲ ਜਾਂਦੇ ਹਨ।"

### ਵੰਡਪਾਊ ਹਿੰਦੂ ਰਾਸ਼ਟਰਵਾਦ ਦੀ ਸਿਆਸਤ ਦਾ ਚੈਲਿੰਜ

ਇਹ ਘਟਨਾ ਸਿਰਫ ਇੱਕ ਅਦਾਲਤੀ ਕਮਰੇ ਤੱਕ ਸੀਮਤ ਨਹੀਂ, ਸਗੋਂ ਸਮਾਜ ਵਿਚ ਵਧ ਰਹੀ ਕੱਟੜਤਾ ਅਤੇ ਵੰਡਪਾਊ ਸਿਆਸਤ ਦੀ ਚਰਚਾ ਨੂੰ ਵੀ ਉਜਾਗਰ ਕਰਦੀ ਹੈ। ਕੁਝ ਸਿਆਸੀ ਆਗੂਆਂ ਅਤੇ ਵਿਸ਼ਲੇਸ਼ਕਾਂ ਨੇ ਇਸ ਨੂੰ "ਹਿੰਦੂ ਰਾਸ਼ਟਰਵਾਦੀ ਭਾਵਨਾਵਾਂ" ਨਾਲ ਜੋੜਿਆ ਹੈ, ਜਿਸ ਨੂੰ ਉਹ ਸੰਘ ਪਰਿਵਾਰ ਦੀ ਨਫ਼ਰਤ ਵਾਲੀ ਸਿਆਸਤ ਦਾ ਨਤੀਜਾ ਦੱਸ ਰਹੇ ਹਨ। ਪਿਨਰਾਈ ਵਿਜਯਨ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ, "ਇਹ ਘਟਨਾ ਸੰਘ ਪਰਿਵਾਰ ਦੀ ਜ਼ਹਿਰੀਲੀ ਸਿਆਸਤ ਦਾ ਨਤੀਜਾ ਹੈ, ਜਿਸ ਨੇ ਸਮਾਜ ਵਿਚ ਨਫ਼ਰਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ।"

ਉੱਤਰ ਪ੍ਰਦੇਸ਼ ਕਾਂਗਰਸ ਪ੍ਰਧਾਨ ਅਜੈ ਰਾਏ ਨੇ ਕਿਹਾ, "ਸੁਪਰੀਮ ਕੋਰਟ ਨੂੰ ਨਿਆਂ ਦਾ ਮੰਦਰ ਮੰਨਿਆ ਜਾਂਦਾ ਹੈ। ਅਜਿਹੀ ਘਟਨਾ ਸ਼ਰਮਨਾਕ ਹੈ। ਚੀਫ ਜਸਟਿਸ ਨੇ ਹਾਲ ਹੀ ਵਿਚ ਕਿਹਾ ਸੀ ਕਿ ਦੇਸ਼ ਕਾਨੂੰਨ ਨਾਲ ਚੱਲੇਗਾ, ਬੁਲਡੋਜ਼ਰ ਨਾਲ ਨਹੀਂ। ਇਹ ਪੂਰੀ ਨਿਆਂਪਾਲਿਕਾ ਦਾ ਅਪਮਾਨ ਹੈ।" ਇਸ ਘਟਨਾ ਨੇ ਸੋਸ਼ਲ ਮੀਡੀਆ 'ਤੇ ਵੀ ਤਿੱਖੀ ਚਰਚਾ ਛੇੜ ਦਿੱਤੀ। ਵਕੀਲ ਅਨਸ ਤਨਵੀਰ ਨੇ ਕਿਹਾ, "ਇਹ ਸਿਰਫ ਇੱਕ ਵਿਅਕਤੀ ਦੀ ਹਰਕਤ ਨਹੀਂ, ਸਗੋਂ ਸਮਾਜ ਵਿਚ ਫੈਲ ਰਹੀ ਫਿਰਕੂਵਾਦ ਦਾ ਪ੍ਰਤੀਕ ਹੈ।"

ਇਹ ਘਟਨਾ ਸੁਪਰੀਮ ਕੋਰਟ ਦੀ ਸੁਰੱਖਿਆ ਤੇ ਨਿਆਂਪਾਲਿਕਾ ਦੀ ਮਰਿਆਦਾ 'ਤੇ ਸਵਾਲ ਉਠਾਉਂਦੀ ਹੈ। ਚੀਫ ਜਸਟਿਸ ਗਵਈ ਦੀ ਸ਼ਾਂਤੀ ਅਤੇ ਸੰਜਮ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਨਿਆਂਪਾਲਿਕਾ ਅਜਿਹੀਆਂ ਹਰਕਤਾਂ ਨਾਲ ਨਹੀਂ ਘਬਰਾਏਗੀ। ਪਰ ਇਸ ਘਟਨਾ ਨੇ ਭਗਵੇਂਵਾਦ ਕਾਰਣ ਸਮਾਜ ਵਿਚ ਵਧ ਰਹੀ ਨਫ਼ਰਤ ਅਤੇ ਵੰਡਪਾਊ ਸਿਆਸਤ 'ਤੇ ਚਰਚਾ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਪੁਲੀਸ ਜਾਂਚ ਅਤੇ ਅਦਾਲਤੀ ਕਾਰਵਾਈ ਦੇ ਨਤੀਜਿਆਂ 'ਤੇ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

## ਵਿਦੇਸ਼ ਭੇਜਣ ਦੇ ਨਾਮ ਉਪਰ 2.40 ਲੱਖ ਦੀ ਮਾਰੀ ਠੱਗੀ

### ✪ ਫ਼ਰਾਰ ਦੋਸ਼ੀ ਦੀ ਗ੍ਰਿਫ਼ਤਾਰੀ ਲਈ ਪੁਲਿਸ ਵਲੋਂ ਛਾਪੇਮਾਰੀ

ਲੁਧਿਆਣਾ-ਹੈਬੋਵਾਲ ਨਿਵਾਸੀ ਦੀ ਸ਼ਿਕਾਇਤ ਦੇ ਆਧਾਰ 'ਤੇ ਹੈਬੋਵਾਲ ਪੁਲਸ ਨੇ ਮੁਲਜ਼ਮ ਵਿਰੁੱਧ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਦਵਿੰਦਰ ਸਿੰਘ ਵਜੋਂ ਹੋਈ ਹੈ, ਜੋ ਕਿ ਜਲੰਧਰ ਜ਼ਿਲੇ ਦੇ ਗੁਰਾਇਆ ਦਾ ਰਹਿਣ ਵਾਲਾ ਹੈ, ਜਿਸ ਦਾ ਐਬਸੋਲਿਊਟ ਫਰਮ ਨਾਮਕ ਇਕ ਦਫਤਰ ਹੈ। ਸ਼ਿਕਾਇਤਕਰਤਾ ਪ੍ਰਭਾਤ ਚੰਦਰ, ਜੋ ਕਿ ਪਵਿੱਤਰ ਨਗਰ, ਹੈਬੋਵਾਲ ਕਲਾਂ, ਮਕਾਨ ਨੰ. 13 ਦਾ ਰਹਿਣ ਵਾਲਾ ਹੈ, ਨੇ ਦੱਸਿਆ ਕਿ ਮੁਲਜ਼ਮ ਨੇ ਉਸ ਦੇ ਪੁੱਤਰ ਸ਼ੁਭਮ ਨੂੰ ਵਿਦੇਸ਼ (ਸੰਭਾਵਤ ਤੌਰ 'ਤੇ ਯੂ. ਕੇ.) ਭੇਜਣ ਅਤੇ ਉਥੇ ਇਕ ਚੰਗੀ ਨੌਕਰੀ ਦਿਵਾਉਣ ਦਾ ਵਾਅਦਾ ਕਰ ਕੇ ਉਸ ਨੂੰ ਧੋਖਾ ਦਿੱਤਾ।


ਇਸ ਧੋਖੇ ਦਾ ਸ਼ਿਕਾਰ ਹੋ ਕੇ ਉਸ ਨੇ ਦੋਸ਼ੀ ਨੂੰ ਕੁੱਲ 2 ਲੱਖ 40 ਹਜ਼ਾਰ ਰੁਪਏ ਅਦਾ ਕੀਤੇ। ਪ੍ਰਭਾਤ ਚੰਦਰ ਦੇ ਅਨੁਸਾਰ ਪੈਸੇ ਪ੍ਰਾਪਤ ਕਰਨ ਤੋਂ ਬਾਅਦ ਮੁਲਜ਼ਮ ਬਹਾਨੇ ਬਣਾਉਣ ਲੱਗ ਪਿਆ। ਨਾ ਤਾਂ ਵੀਜ਼ਾ ਲਗਵਾਇਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਜਦੋਂ ਉਸ ਨਾਲ ਸੰਪਰਕ ਕਰਨ ਦੀਆਂ ਵਾਰ-ਵਾਰ ਕੋਸ਼ਿਸ਼ਾਂ ਦਾ ਕੋਈ ਨਤੀਜਾ ਨਹੀਂ ਨਿਕਲਿਆ, ਤਾਂ ਉਸ ਨੇ ਹੈਬੋਵਾਲ ਪੁਲਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾਈ। ਪ੍ਰਭਾਤ ਚੰਦਰ ਦੀ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਪੁਲਸ ਨੇ ਮੁਲਜ਼ਮ ਦਵਿੰਦਰ ਸਿੰਘ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਫਿਲਹਾਲ ਪੁਲਸ ਫ਼ਰਾਰ ਮੁਲਜ਼ਮ ਦੀ ਤਲਾਸ਼ 'ਚ ਵੱਖ-ਵੱਖ ਥਾਈਂ ਛਾਪੇਮਾਰੀ ਕਰ ਰਹੀ ਹੈ। ਥਾਣਾ ਇੰਚਾਰਜ ਅਨੁਸਾਰ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਂਚ ਤੇਜ਼ ਕਰ ਦਿੱਤੀ ਗਈ ਹੈ।

# ਪੁਲਸ ਵੱਲੋਂ ਐਨਕਾਊਂਟਰ ਕੀਤੇ ਵਿੱਕੀ ਨਿਹੰਗ ਸਬੰਧੀ ਕੀਤੇ ਸਨਸਨੀਖੇਜ਼ ਖ਼ੁਲਾਸੇ

## ✪ ਭੇਸ ਬਦਲਣ ਲਈ ਪਤਿਤ ਹੋ ਗਿਆ

ਲੁਧਿਆਣਾ-ਕਾਰਤਿਕ ਬੱਗਨ ਕਤਲ ਕਾਂਡ ਵਿਚ ਫੜੇ ਗਏ ਮੁਲਜ਼ਮ ਗੁਰਪ੍ਰੀਤ ਸਿੰਘ ਵਿੱਕੀ ਨਿਹੰਗ ਕਤਲ ਤੋਂ ਬਾਅਦ ਪੁਲਸ ਨੂੰ ਲੋੜੀਂਦਾ ਸੀ। ਉਸ ਨੇ ਪੁਲਸ ਨੂੰ ਚਕਮਾ ਦੇਣ ਲਈ ਖੁਦ ਦਾ ਹੁਲੀਆਂ ਹੀ ਬਦਲ ਲਿਆ ਸੀ। ਖੁਦ ਨੂੰ ਨਿਹੰਗ ਕਹਿਣ ਵਾਲੇ ਗੁਰਪ੍ਰੀਤ ਨੇ ਆਪਣਾ ਧਰਮ ਛੱਡ ਦਿੱਤਾ ਅਤੇ ਗੁਰੂ ਦੇ ਪਵਿੱਤਰ ਬਾਣੇ ਅਤੇ ਪੱਗੜੀ ਨੂੰ ਵੀ ਉਤਾਰ ਦਿੱਤਾ ਸੀ। ਇਸ ਦੇ ਨਾਲ ਹੀ ਸਿਰ ਦੇ ਕੇਸ ਅਤੇ ਦਾੜ੍ਹੀ ਵੀ ਕਟਵਾ ਦਿੱਤੀ।

ਦਾੜ੍ਹੀ ਨੂੰ ਟ੍ਰਿਮ ਕਰਵਾ ਕੇ ਸਟਾਈਲਿਸਟ ਬਣਾ ਲਈ, ਤਾਂ ਜੋ ਉਸ ਦੀ ਪਛਾਣ ਕੋਈ ਨਾ ਕਰ ਸਕੇ ਪਰ ਪੁਲਸ ਨੇ ਤੇਜ਼ ਨਜ਼ਰ ਤੋਂ ਗੁਰਪ੍ਰੀਤ ਨਹੀਂ ਬਚ ਸਕਿਆ। ਉਹ ਸਿੱਧਵਾਂ ਬੇਟ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਵਿਚ ਲੁਕਿਆ ਹੋਇਆ ਸੀ। ਜਦ ਏ. ਜੀ. ਟੀ. ਐੱਫ. ਦੀ ਟੀਮ ਉਸ ਨੂੰ ਫੜਨ ਲਈ ਪਹੁੰਚੀ ਤਾਂ ਉਸ ਨੇ ਪੁਲਸ ’ਤੇ ਫਾਇਰਿੰਗ ਕੀਤੀ, ਜਵਾਬੀ ਫਾਈਰਿੰਗ ਵਿਚ ਉਸ ਦੇ ਪੈਰ ਵਿਚ ਗੋਲੀ ਲੱਗੀ ਸੀ, ਜਿਸ ਤੋਂ ਬਾਅਦ ਪੁਲਸ ਨੇ ਉਸ ਨੂੰ ਦਬੋਚ ਲਿਆ ਸੀ। ਹਾਲਾਂਕਿ ਹੁਣ ਲੁਧਿਆਣਾ ਦੇ ਸਿਵਲ ਹਸਪਤਾਲ ’ਚ ਉਸ ਦਾ ਇਲਾਜ ਚੱਲ ਰਿਹਾ ਹੈ।



ਦਰਅਸਲ, 23 ਅਗਸਤ ਨੂੰ ਵਿੱਕੀ ਨਿਹੰਗ ਨੇ ਆਪਣੇ 2 ਸਾਥੀਆਂ ਨਾਲ ਮਿਲ ਕੇ ਕਾਰਤਿਕ ਬੱਗਣ ਨਾਂ ਦੇ ਨੌਜਵਾਨ ਨੂੰ ਘਾਟੀ ਮੁਹੱਲੇ ਨੇੜੇ ਗੋਲੀ ਮਾਰ ਦਿੱਤੀ ਸੀ। ਮੁਲਜ਼ਮ ਨੇ ਨੌਜਵਾਨ ਦੇ 4 ਗੋਲੀਆਂ ਮਾਰੀਆਂ ਸਨ, ਜਿਸ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਕਮਿਸ਼ਨਰੇਟ ਪੁਲਸ ਨੇ ਮਾਮਲਾ ਦਰਜ ਕਰ ਕੇ ਮੁਲਜ਼ਮਾਂ ਦੀ ਭਾਲ ਵਿਚ ਛਾਪੇਮਾਰੀ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਬਾਅਦ ਪੁਲਸ ਨੇ ਮੁਲਜ਼ਮ ਅਮਨਦੀਪ ਸਿੰਘ ਉਰਫ ਸੈਮ ਅਤੇ ਸਾਹਿਬ ਨੂੰ ਮਹਾਰਾਸ਼ਟਰ ਦੇ ਹਜ਼ੂਰ ਸਾਹਿਬ ਤੋਂ ਕਾਬੂ ਕਰ ਲਿਆ ਸੀ ਪਰ ਗੁਰਪ੍ਰੀਤ ਸਿੰਘ ਉਰਫ ਵਿੱਕੀ ਨਿਹੰਗ ਪੁਲਸ ਦੇ ਹੱਥੇ ਨਹੀਂ ਚੜ੍ਹਿਆ ਸੀ। ਪੁਲਸ ਲਗਾਤਾਰ ਉਸ ਦੀ ਭਾਲ ਕਰ ਰਹੀ ਸੀ।

### ਏ. ਜੀ. ਟੀ. ਐੱਫ. ਦੀ ਟੀਮ ਨੂੰ ਮਿਲੀ ਸੀ ਮੁਲਜ਼ਮ ਦੀ ਸੂਚਨਾ

ਏ. ਜੀ. ਟੀ. ਐੱਫ. ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਕਤਲ ਕਾਂਡ ਦਾ ਮੁੱਖ ਮੁਲਜ਼ਮ ਗੁਰਪ੍ਰੀਤ ਸਿੰਘ ਉਰਫ ਵਿੱਕੀ ਨਿਹੰਗ ਸਿੱਧਵਾਂ ਬੇਟ ਸਥਿਤ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ’ਚ ਲੁਕਿਆ ਹੋਇਆ ਹੈ। ਪੁਲਸ ਨੇ ਲੋਕਲ ਪੁਲਸ ਨੂੰ ਨਾਲ ਲਿਆ ਅਤੇ ਮੁਲਜ਼ਮ ਦੇ ਟਿਕਾਣੇ ’ਤੇ ਪਹੁੰਚ ਗਈ, ਜਿਥੇ ਮੁਲਜ਼ਮ ਨੇ ਪੁਲਸ ਨੂੰ ਦੇਖ ਕੇ ਅਚਾਨਕ ਫਾਇਰਿੰਗ ਕਰ ਦਿੱਤੀ ਸੀ। ਪੁਲਸ ਨੇ ਜਵਾਬੀ ਕਾਰਵਾਈ ਕੀਤੀ ਅਤੇ ਗੋਲੀ ਚਲਾਈ, ਜਿਸ ਤੋਂ ਬਾਅਦ ਗੋਲ਼ੀ ਗੁਰਪ੍ਰੀਤ ਦੇ ਪੈਰ ’ਤੇ ਲੱਗੀ ਅਤੇ ਪੁਲਸ ਨੇ ਪਿੱਛਾ ਕਰ ਕੇ ਉਸ ਨੂੰ ਫੜ ਲਿਆ ਸੀ ਪਰ ਗੁਰਪ੍ਰੀਤ ਦਾ ਹੁਲੀਆ ਦੇਖ ਕੇ ਪੁਲਸ ਵੀ ਪਹਿਲਾਂ ਹੈਰਾਨ ਹੋ ਗਈ ਸੀ। ਪੁਲਸ ਨੂੰ ਸ਼ੱਕ ਹੋਣ ਲੱਗਾ ਸੀ ਕਿ ਕਿਤੇ ਕੋਈ ਹੋਰ ਨੌਜਵਾਨ ਤਾਂ ਨਹੀਂ। ਫ਼ਿਰ ਉਸ ਦੀ ਪਛਾਣ ਹੋ ਗਈ ਸੀ ਕਿ ਮੁਲਜ਼ਮ ਨੇ ਪੁਲਸ ਤੋਂ ਬਚਣ ਲਈ ਹੀ ਆਪਣੇ ਹੁਲੀਆ ਬਦਲਿਆ ਹੈ ਅਤੇ ਕੇਸ ਅਤੇ ਦਾੜ੍ਹੀ ਕਟਵਾ ਲਈ ਸੀ।

### ਫੜੇ ਗਏ ਮੁਲਜ਼ਮ ਵਿੱਕੀ ਨਿਹੰਗ ’ਤੇ ਪਹਿਲਾਂ ਵੀ ਹਨ ਮਾਮਲੇ ਦਰਜ

ਪੁਲਸ ਰਿਕਾਰਡ ਅਨੁਸਾਰ ਵਿੱਕੀ ਨਿਹੰਗ ਨੂੰ ਜਨਵਰੀ 2025 ’ਚ ਮੋਹਾਲੀ ਤੋਂ 2 ਨਾਜਾਇਜ਼ ਪਿਸਤੌਲਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਵਿਦੇਸ਼ ’ਚ ਬੈਠੇ ਹੈਂਡਲਸ ਤੋਂ ਟਾਰਗੇਟ ਲੈ ਕੇ ਪੰਜਾਬ ਵਿਚ ਵਾਰਦਾਤਾਂ ਕਰਦਾ ਸੀ। ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਸ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਸ ਨੂੰ ਉਮੀਦ ਹੈ ਕਿ ਇਸ ਕਤਲ ਕਾਂਡ ਤੋਂ ਪੂਰੀ ਸਾਜਿਸ਼ ਦਾ ਪਰਦਾਫਾਸ਼ ਜਲਦ ਹੋ ਜਾਵੇਗਾ।

## 13 ਸਾਲ ਦੀ ਮਤਰੇਈ ਧੀ ਨਾਲ ਕੀਤਾ ਬਲਾਤਕਾਰ

ਜ਼ੀਰਕਪੁਰ-ਜ਼ੀਰਕਪੁਰ ਵਿਚ ਪਿਤਾ-ਧੀ ਦੇ ਰਿਸ਼ਤੇ ਨੂੰ ਸ਼ਰਮਸਾਰ ਕਰਨ ਵਾਲਾ ਇਕ ਮਾਮਲਾ ਸਾਹਮਣੇ ਆਇਆ ਹੈ। ਇਕ ਮਤਰੇਏ ਪਿਤਾ ’ਤੇ ਆਪਣੀ 13 ਸਾਲ ਦੀ ਧੀ ਨਾਲ ਜਬਰ ਜਨਾਹ ਅਤੇ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਜਦੋਂ ਵੀ ਉਸ ਦੀ ਮਾਂ ਕੰਮ ’ਤੇ ਜਾਂਦੀ ਸੀ ਤਾਂ ਮੁਲਜ਼ਮ ਨਾਬਾਲਿਗ ’ਤੇ ਬੇਰਹਿਮੀ ਨਾਲ ਹਮਲਾ ਕਰਦਾ ਸੀ। ਧੀ ਦੇ ਪੇਟ ਵਿਚ ਦਰਦ ਦੀ ਸ਼ਿਕਾਇਤ ਤੋਂ ਬਾਅਦ ਪੂਰੀ ਘਟਨਾ ਸਾਹਮਣੇ ਆਈ। ਪੀੜਤਾ ਦੀ ਮਾਂ ਦੀ ਸ਼ਿਕਾਇਤ ਦੇ ਆਧਾਰ ’ਤੇ, ਪੁਲਿਸ ਨੇ ਮੁਲਜ਼ਮ ਪਿਤਾ ਵਿਰੁੱਧ ਪੋਕਸੋ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ ਅਤੇ ਉਸਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਦਿੱਲੀ ਵਿਚ ਐਮ. ਬੀ. ਬੀ. ਐਸ. ਦੀ ਵਿਦਿਆਰਥਣ ਨਾਲ ਹੋਇਆ ਬਲਾਤਕਾਰ

## ✪ ਪੁਲਿਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਈ

ਨਵੀਂ ਦਿੱਲੀ-ਦਿੱਲੀ ਵਿਚ ਇਕ ਐਮ.ਬੀ.ਬੀ.ਐਸ. ਦੀ ਵਿਦਿਆਰਥਣ ਨਾਲ ਜਬਰ ਜਨਾਹ ਦਾ ਇਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। 18 ਸਾਲਾ ਵਿਦਿਆਰਥਣ ਨੇ ਦਿੱਲੀ ਦੇ ਆਦਰਸ਼ ਨਗਰ ਪੁਲਿਸ ਸਟੇਸ਼ਨ ਵਿਚ ਜਬਰ-ਜਨਾਹ ਅਤੇ ਬਲੈਕਮੇਲ ਦਾ ਦੋਸ਼ ਲਗਾਉਂਦੇ ਹੋਏ ਸ਼ਿਕਾਇਤ ਦਰਜ ਕਰਵਾਈ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਅਨੁਸਾਰ ਵਿਦਿਆਰਥਣ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਹੈ ਕਿ 9 ਸਤੰਬਰ ਨੂੰ ਅਮਨਪ੍ਰੀਤ ਨੇ ਆਪਣੇ ਸਾਥੀਆਂ ਨਾਲ ਦੋਸਤੀ ਅਤੇ ਮੁਲਾਕਾਤ ਦਾ ਝਾਂਸਾ ਦੇ ਕੇ ਉਸ ਨੂੰ ਨਸ਼ੀਲਾ ਪਦਾਰਥ ਪਿਲਾਇਆ। ਇਸ ਤੋਂ ਬਾਅਦ ਉਸ ਨੂੰ ਆਦਰਸ਼ ਨਗਰ ਦੇ ਹੋਟਲ ਵਿਚ ਜ਼ਬਰਦਸਤੀ ਬੰਧਕ ਬਣਾ ਕੇ ਰੱਖਿਆ ਗਿਆ। ਉਥੇ ਉਸ ਨਾਲ ਜਬਰ ਜਨਾਹ ਕੀਤਾ ਗਿਆ ਅਤੇ ਅਸ਼ਲੀਲ ਫੋਟੋ ਅਤੇ ਵੀਡੀਓ ਬਣਾਏ ਗਏ।

ਦੋਸ਼ੀ ਨੇ ਇਨ੍ਹਾਂ ਤਸਵੀਰਾਂ ਅਤੇ ਵੀਡੀਓ ਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ ਉਸ ਨੂੰ ਬਲੈਕਮੇਲ ਕੀਤਾ। ਉਸ ਨੇ ਕਈ ਵਾਰ ਵਿਦਿਆਰਥਣ ਨੂੰ ਆਪਣੇ ਨਾਲ ਚੱਲਣ ਲਈ ਮਜਬੂਰ ਕੀਤਾ ਅਤੇ ਵਾਰ-ਵਾਰ ਜਿਨਸੀ ਸ਼ੋਸ਼ਣ, ਧਮਕੀਆਂ ਅਤੇ ਮਾਨਸਿਕ ਤਸੀਹੇ ਦਿੱਤੇ। ਸ਼ਿਕਾਇਤ ਦੇ ਆਧਾਰ ’ਤੇ ਆਦਰਸ਼ ਨਗਰ ਥਾਣੇ ਵਿਚ 3 ਅਕਤੂਬਰ ਨੂੰ ਐਫ.ਆਈ.ਆਰ. ਦਰਜ ਕਰਵਾਈ ਗਈ, ਜਿਸ ਵਿਚ ਭਾਰਤੀ ਨਿਆਂ ਸੰਹਿਤਾ (ਬੀ.ਐਨ.ਐਸ.) ਧਾਰਾ 64 (1) ਅਤੇ 123 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਦੋਸ਼ੀ ਨੂੰ ਲੱਭਣ ਲਈ ਛਾਪੇਮਾਰੀ ਕਰ ਰਹੀ ਹੈ।

ਪੁਲਿਸ ਨੇ ਪੀੜਤਾ ਨੂੰ ਸੁਰੱਖਿਆ ਅਤੇ ਸਹਾਇਤਾ ਦਾ ਭਰੋਸਾ ਦਿੱਤਾ ਹੈ। ਪੀੜਤਾ ਜੀਂਦ, ਹਰਿਆਣਾ ਦੀ ਰਹਿਣ ਵਾਲੀ ਹੈ ਅਤੇ ਰੋਹਿਣੀ ਦੇ ਡਾ. ਬਾਬਾ ਸਾਹਿਬ ਅੰਬੇਡਕਰ ਮੈਡੀਕਲ ਕਾਲਜ ਵਿਚ ਪਹਿਲੇ ਸਾਲ ਦੀ ਵਿਦਿਆਰਥਣ ਹੈ। ਉਸ ਨੇ ਜੀਂਦ ਦੇ ਹਕੀਕਤ ਨਗਰ ਦੇ ਰਹਿਣ ਵਾਲੇ ਅਮਨਪ੍ਰੀਤ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਅਤੇ ਉਸ ’ਤੇ ਗੰਭੀਰ ਦੋਸ਼ ਲਗਾਏ ਹਨ।

# ਯੂਕੇ ਵਿੱਚ ਚਚੇਰੇ ਭੈਣ-ਭਰਾ ਦੇ ਵਿਆਹ ’ਤੇ ਵਿਵਾਦ ਛਿੜਿਆ

## ਨੈਸ਼ਨਲ ਹੈਲਥ ਸਰਵਿਸ ਨੇ ਬਲੌਗ ਹਟਾਇਆ

ਲੰਡਨ-ਬਰਤਾਨੀਆ ਦੀ ਨੈਸ਼ਨਲ ਹੈਲਥ ਸਰਵਿਸ ਦੀ ਵੈਬਸਾਈਟ ਤੋਂ ਚਚੇਰੇ ਭੈਣ-ਭਰਾ ਦੇ ਵਿਆਹ ਨੂੰ ਵਧੀਆ ਦੱਸਣ ਵਾਲਾ ਇੱਕ ਬਲੌਗ ਹਟਾਉਣਾ ਪੈ ਗਿਆ, ਜਦੋਂ ਇਸ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ। ਨੈਸ਼ਨਲ ਹੈਲਥ ਸਰਵਿਸ ਨੇ ਆਪਣੀਆਂ ਗਾਈਡਲਾਈਨਜ਼ ਵਿੱਚ ਕਿਹਾ ਸੀ ਕਿ ਅਜਿਹੇ ਵਿਆਹ ਪਰਿਵਾਰਕ ਸਹਿਯੋਗ ਅਤੇ ਆਰਥਿਕ ਫਾਇਦੇ ਵਧਾਉਂਦੇ ਨੇ। ਪਰ ਸਾਇੰਸਦਾਨਾਂ ਨੇ ਚੇਤਾਵਨੀ ਦਿੱਤੀ ਕਿ ਇਸ ਨਾਲ ਜੈਨੇਟਿਕ ਬਿਮਾਰੀਆਂ, ਜਨਮ ਵੇਲੇ ਨੁਕਸ, ਸੁਣਨ-ਵੇਖਣ ਦੀਆਂ ਸਮੱਸਿਆਵਾਂ ਅਤੇ ਸਿੱਖਣ ਦੀ ਅਯੋਗਤਾ ਵਰਗੀਆਂ ਸਮੱਸਿਆਵਾਂ ਵਧ ਸਕਦੀਆਂ ਨੇ। ਹੁਣ ਇਹ ਬਲੌਗ ਚੁੱਪ-ਚਾਪ ਵੈਬਸਾਈਟ ਤੋਂ ਹਟਾ ਲਿਆ ਗਿਆ।

ਕੀ ਹੋਇਆ ਸੀ ਮਾਮਲਾ?-22 ਸਤੰਬਰ ਨੂੰ ਨੈਸ਼ਨਲ ਹੈਲਥ ਸਰਵਿਸ ਇੰਗਲੈਂਡ ਦੇ ਜੀਨੋਮਿਕਸ ਐਜੂਕੇਸ਼ਨ ਪ੍ਰੋਗਰਾਮ ਨੇ ਇੱਕ ਬਲੌਗ ਪੋਸਟ ਕੀਤਾ ਸੀ, ਜਿਸ ਦਾ ਸਿਰਲੇਖ ਸੀ: “ਕੀ ਯੂਕੇ ਸਰਕਾਰ ਨੂੰ ਚਚੇਰੇ ਭੈਣ-ਭਰਾ ਦੇ ਵਿਆਹ ’ਤੇ ਪਾਬੰਦੀ ਲਾਉਣੀ ਚਾਹੀਦੀ?”

ਇਸ ਵਿੱਚ ਕਿਹਾ ਗਿਆ ਸੀ ਕਿ ਅਜਿਹੇ ਵਿਆਹ ਪਰਿਵਾਰਕ ਰਿਸ਼ਤੇ ਮਜ਼ਬੂਤ ਕਰਦੇ ਨੇ ਅਤੇ ਪੈਸੇ ਦੀ ਬੱਚਤ ਵੀ ਕਰਵਾਉਂਦੇ ਨੇ। ਹਾਲਾਂਕਿ, ਇਹ ਵੀ ਮੰਨਿਆ ਸੀ ਕਿ ਇਸ ਨਾਲ ਜੈਨੇਟਿਕ ਸਮੱਸਿਆਵਾਂ ਦਾ ਖਤਰਾ ਵਧ ਸਕਦਾ ਹੈ

ਵਿਵਾਦ ਕਿਉਂ ਖੜ੍ਹਾ ਹੋਇਆ?-ਬਲੌਗ ਦੇ ਇਹਨਾਂ ਦਾਅਵਿਆਂ ਨੂੰ ਲੈ ਕੇ ਲੋਕਾਂ ਨੇ ਸਖ਼ਤ ਇਤਰਾਜ਼ ਜਤਾਇਆ। ਆਲੋਚਕਾਂ ਨੇ ਨੈਸ਼ਨਲ ਹੈਲਥ ਸਰਵਿਸ ’ਤੇ ਇਲਜ਼ਾਮ ਲਾਇਆ ਕਿ ਉਹ ਸਾਇੰਸ ਨੂੰ ਨਜ਼ਰਅੰਦਾਜ਼ ਕਰਕੇ ਸੱਭਿਆਚਾਰਕ ਮਸਲਿਆਂ ’ਤੇ ਪੱਖਪਾਤ ਕਰ ਰਿਹਾ। ਮਾਹਿਰਾਂ ਨੇ ਕਿਹਾ ਕਿ ਅਜਿਹੇ ਵਿਆਹਾਂ ਨਾਲ ਜੈਨੇਟਿਕ ਬਿਮਾਰੀਆਂ ਦਾ ਖਤਰਾ ਕਈ ਗੁਣਾ ਵਧ ਜਾਂਦਾ ਐ। ਬ੍ਰਿਟਿਸ਼ ਮੀਡੀਆ ਮੁਤਾਬਕ, ਇਹ ਬਲੌਗ ਸਰਕਾਰੀ ਸਮਰਥਨ ਨਾਲ ਛਪਿਆ ਸੀ, ਜਿਸ ਨਾਲ ਮਾਮਲਾ ਹੋਰ ਗੰਭੀਰ ਹੋ ਗਿਆ।

ਸੋਸ਼ਲ ਮੀਡੀਆ ’ਤੇ ਹੰਗਾਮਾ-ਜਦੋਂ ਇਹ ਮਸਲਾ ਸੋਸ਼ਲ ਮੀਡੀਆ ’ਤੇ ਉੱਠਿਆ ਤਾਂ ਲੋਕਾਂ ਨੇ ਨੈਸ਼ਨਲ ਹੈਲਥ ਸਰਵਿਸ ਨੂੰ ਸਵਾਲ ਕੀਤਾ ਕਿ ਕੀ ਉਹ “ਸਿਆਸੀ ਹਿਤਾਂ” ਲਈ ਸਾਇੰਸ ਨੂੰ ਤੋੜ-ਮਰੋੜ ਰਿਹਾ। ਕਈਆਂ ਨੇ ਇਸ ਨੂੰ ਦੱਖਣੀ ਏਸ਼ੀਆਈ ਮੁਸਲਮਾਨ ਪਰਿਵਾਰਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਦੱਸਿਆ, ਕਿਉਂਕਿ ਅਜਿਹੇ ਵਿਆਹ ਉਹਨਾਂ ਵਿੱਚ ਜ਼ਿਆਦਾ ਦੇਖੇ ਜਾਂਦੇ ਨੇ। ਕੁਝ ਲੋਕਾਂ ਨੇ ਨੈਸ਼ਨਲ ਹੈਲਥ ਸਰਵਿਸ ਦਾ ਬਚਾਅ ਵੀ ਕੀਤਾ, ਕਿ ਬਲੌਗ ਦਾ ਮਕਸਦ ਸਿਰਫ਼ ਸਿੱਖਿਆ ਅਤੇ ਜਾਗਰੂਕਤਾ ਸੀ। ਪਰ ਵਿਵਾਦ ਦੇ ਵਿਚਕਾਰ ਨੈਸ਼ਨਲ ਹੈਲਥ ਸਰਵਿਸ ਨੇ ਬਿਨ੍ਹਾਂ ਕੋਈ ਸਰਕਾਰੀ ਐਲਾਨ ਕੀਤੇ ਬਲੌਗ ਹਟਾ ਲਿਆ।

# ਕਪਤਾਨ ਸਿੰਘ ਨਾਲ ਹੱਥੋਪਾਈ ਕਰਨ ਦੀ ਨਿਖੇਧੀ

**ਡਰਬੀ (ਪੰਜਾਬ ਟਾਈਮਜ਼) – ਬੀਤੇ ਦਿਨੀਂ ਮਿਡਲੈਂਡ ਦੇ ਇੱਕ ਗੁਰਦੁਆਰਾ ਸਾਹਿਬ ਅੰਦਰ ਇੱਕ ਸਿੱਖ ਨੌਜਵਾਨ ਕਪਤਾਨ ਸਿੰਘ ਨਾਲ ਥੋੜ੍ਹੀ ਜਿਹੀ ਬਹਿਸ ਬਾਜ਼ੀ ਪਿੱਛੋਂ ਉਸ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਲਿਜਾ ਕੇ ਕੁੱਝ ਬੰਦਿਆਂ ਵੱਲੋਂ ਕੁੱਟ ਮਾਰ ਕੀਤੀ ਗਈ ਸੀ। ਜਿਸ ਘਟਨਾ ਦੀ ਗੁਰ-ਦੁਆਰਾ ਸਾਹਿਬ ਦੇ ਟਰੱਸਟੀਆਂ ਅਤੇ ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਨਿਖੇਧੀ ਕੀਤੀ ਗਈ ਹੈ। ਹੋਰ ਵੀ ਦੇਸ਼ ਵਿਦੇਸ਼ ਦੇ ਸਿੱਖਾਂ ਵੱਲੋਂ ਸ: ਕਪਤਾਨ ਸਿੰਘ ਨਾਲ ਕੀਤੀ ਗਈ ਹੱਥੋਪਾਈ ਦੀ ਨਿੰਦਾ ਕੀਤੀ ਗਈ ਹੈ।**

ਉਹਨਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਅੰਦਰ ਜਾਂ ਬਾਹਰ ਕਿਸੇ ਵੀ ਵਿਅਕ-ਤੀ ਜਾਂ ਸਿੱਖ ਨਾਲ ਸਿੱਖਾਂ ਵੱਲੋਂ ਹੱਥੋਪਾਈ ਜਾਂ ਕੁੱਟਮਾਰ ਨਹੀਂ ਹੋਣੀ ਚਾਹੀਦੀ। 1984 ਤੋਂ ਪਹਿਲਾਂ ਐਹੋ ਜਿਹੀਆਂ ਘਟਨਾਵਾਂ ਬਹੁਤ ਘੱਟ ਹੁੰਦੀਆਂ ਸਨ। ਪਰ 1984 ਤੋਂ ਬਾਅਦ ਗੁਰੂ ਘਰਾਂ ਉਤੇ ਕਬਜ਼ਿਆਂ ਲਈ ਬਹੁਤੇ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਿੱਚ ਬਹੁਤ ਵਾਧਾ ਹੋਇਆ। ਹੁਣ ਪਿਛਲੇ ਕੁੱਝ ਸਾਲਾਂ ਤੋਂ ਅਜਿਹੀਆਂ ਘਟਨਾਵਾਂ ਵਿੱਚ ਕਮੀ ਆਈ ਹੈ। ਸਾਰੇ ਗੁਰਸਿੱਖਾਂ ਨੂੰ ਇਹੋ ਜਿਹੀਆਂ ਘਟਨਾਵਾਂ ਦੀ ਨਿੰਦਾ ਕਰਨੀ ਚਾਹੀਦੀ ਹੈ। ਸਮਾਂ ਪਹਿਲਾਂ ਕਈ ਥਾਂਈਂ ਦੂਜੇ ਸ਼ਹਿਰਾਂ ਵਿੱਚੋਂ ਬੰਦੇ ਇਕੱਠੇ ਹੋ ਕੇ ਵੀ ਕੁੱਟਮਾਰ ਕਰਦੇ ਰਹੇ ਹਨ। ਪੰਜਾਬ ਟਾਈਮਜ਼ ਦੇ ਸੇਵਾਦਾਰ ਨੂੰ ਵੀ ਕਈ ਧਮਕੀ ਭਰੀਆਂ ਚਿੱਠੀਆਂ ਆਉਂਦੀਆਂ ਰਹੀਆਂ ਹਨ। ਲੰਡਨ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਕਥਾ ਕਰ ਰਹੇ ਇੱਕ ਕਥਾਕਾਰ ਤੇ ਦੀਵਾਨ ਹਾਲ ਦੇ ਵਿੱਚ ਹੀ ਹਮਲਾ ਕੀਤਾ ਗਿਆ, ਉਸ ਨਾਲ ਕੁੱਟਮਾਰ ਕਰਕੇ ਉਹਨਾਂ ਦੀ ਦਸਤਾਰ ਵੀ ਉਤਾਰੀ ਗਈ। ਹੁਣ ਦੀ ਤਰ੍ਹਾਂ ਬਹੁਤੇ ਪੰਥਕ ਆਗੂਆਂ ਵੱਲੋਂ ਨਿੰਦਾ ਤੱਕ ਵੀ ਨਹੀਂ ਕੀਤੀ ਗਈ ਸੀ।

ਅਸੀਂ ਪੰਜਾਬ ਟਾਈਮਜ਼ ਸਮੂਹ ਗੁਰੂ ਘਰਾਂ ਦੇ ਸੇਵਾਦਾਰਾਂ ਅਤੇ ਸਮੂਹ ਪੰਥਕ ਤੇ ਸਮਾਜ ਸੇਵੀ ਸੰਸਥਾਵਾਂ ਤੇ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਇਹੋ ਜਿਹੀਆਂ ਹਰਕਤਾਂ ਨਾ ਕੀਤੀਆਂ ਜਾਣ। ਸਗੋਂ ਚੰਗੇ ਗੁਰਸਿੱਖ ਬਣੀਏ ਤਾਂ ਜੋ ਹੋਰ ਲੋਕ ਵੀ ਸਿੱਖੀ ਵੱਲ ਆ ਸਕਣ।

ਗੁਰੂ ਘਰਾਂ ਤੇ ਹੋਰ ਸੰਸਥਾਵਾਂ ਵਿੱਚ ਵੱਖ ਵੱਖ ਵਿਚਾਰਾਂ ਵਾਲੇ ਲੋਕ ਹੁੰਦੇ ਹਨ। ਆਪਸ ਵਿੱਚ ਇੱਕ ਦੂਜੇ ਤੇ ਹੱਥੋਪਾਈ ਨਹੀਂ ਹੋਣਾ ਚਾਹੀਦਾ। ਜੇ ਤੁਹਾਨੂੰ ਇਨਸਾਫ਼ ਨਹੀਂ ਮਿਲਦਾ ਤਾਂ ਗੁਰੂ ਘਰ ਦੀ ਕਮੇਟੀ ਨੂੰ, ਟਰੱਸਟੀਆਂ ਕੋਲ ਮਸਲਾ ਲਿਆਓ ਅਤੇ ਚੈਰਿਟੀ ਕਮਿਸ਼ਨ ਦੀ ਸਲਾਹ ਲਵੋ। ਪੰਜਾਬ ਟਾਈਮਜ਼ ਅਦਾਰੇ ਵੱਲੋਂ ਸ: ਕਪਤਾਨ ਸਿੰਘ ਨੇ ਪਿਛਲੇ ਸਮਿਆਂ ਦੌਰਾਨ ਗੁਰੂ ਸਿੱਖਾਂ ਦੀ ਕੁੱਟਮਾਰ ਦੀ ਅਸੀਂ ਨਿਖੇਧੀ ਕਰਦੇ ਹਾਂ। ਆਓ ਚੰਗੇ ਗੁਰਸਿੱਖ ਬਣੀਏ ਤੇ ਸਮਾਜ ਦੀ ਸੇਵਾ ਕਰੀਏ।

## ਯੂ ਕੇ ਦੇ 6 ਹਜ਼ਾਰ ਪੋਸਟ ਆਫ਼ਿਸ ਬੰਦ ਹੋਣਗੇ




ਲੰਡਨ (ਪੰਜਾਬ ਟਾਈਮਜ਼) – ਬਰਤਾਨੀਆ ਸਰਕਾਰ ਯੂ ਕੇ ਵਿੱਚ ਛੇ ਹਜ਼ਾਰ ਦੇ ਕਰੀਬ ਪੋਸਟ ਆਫਿਸ ਬੰਦ ਕਰਨ ਜਾ ਰਹੀ ਹੈ। ਸਰਕਾਰ ਦਾ ਕਹਿਣਾ ਹੈ ਕਿ ਜਿਹੜੇ ਪੋਸਟ ਆਫਿਸ ਘਾਟੇ ਵਿੱਚ ਜਾ ਰਹੇ ਹਨ, ਉਹਨਾਂ ਨੂੰ ਬੰਦ ਕੀਤਾ ਜਾਵੇਗਾ। ਪਹਿਲਾਂ ਵੀ ਬਹੁਤ ਸਾਰੇ ਪੋਸਟ ਆਫ਼ਿਸ ਬੰਦ ਹੋ ਚੁੱਕੇ ਹਨ। ਹੁਣ ਲੋਕ ਪਹਿਲਾਂ ਵਾਂਗ ਚਿੱਠੀਆਂ ਪਾਰਸਲ ਰਜਿਸਟਰ ਲੈਟਰ ਪੋਸਟ ਆਫ਼ਿਸ ਬਹੁਤ ਘੱਟ ਘੱਲਦੇ ਹਨ। ਪੈਸੇ ਦਾ ਦੇਣ ਲੈਣ ਵੀ ਆਨ ਲਾਈਨ ਕਰ ਰਹੇ ਹਨ। ਪੈਨਸ਼ਨਰ ਹੀ ਪੋਸਟ ਆਫ਼ਿਸ ਦੀ ਜ਼ਿਆਦਾ ਵਰਤੋਂ ਕਰਦੇ ਹਨ। ਲੋਕ ਆਪਣੇ ਸੁਨੇਹੇ ਤੇ ਕਾਰੋਬਾਰੀ ਵਿੱਚ ਬਹੁਤੀ ਵਰਤੋਂ ਈਮੇਲ, ਵੱਟਸ ਐਪ ਦੀ ਵਰਤੋਂ ਕਰਦੇ ਹਨ। ਇਸੇ ਕਰਕੇ ਸਰਕਾਰ ਆਉਂਦੇ ਸਮੇਂ ਵਿੱਚ ਯੂ ਕੇ ਦੇ ਅੱਧੇ ਪੋਸਟ ਆਫ਼ਿਸ ਬੰਦ ਕਰ ਰਹੇ ਹਨ।

## ਯੂ ਕੇ ਵਿੱਚ ਪਿਛਲੇ ਸਾਲ 40 ਹਜ਼ਾਰ ਮੋਬਾਈਲ ਫੋਨ ਚੋਰੀ ਹੋਏ

ਲੰਡਨ (ਪੰਜਾਬ ਟਾਈਮਜ਼) – ਯੂ ਕੇ ਵਿੱਚ ਮੋਬਾਈਲ ਫੋਨਾਂ ਦੀਆਂ ਵੱਡੇ ਪੱਧਰ ਤੇ ਚੋਰੀਆਂ ਹੋ ਰਹੀਆਂ ਹਨ। ਪਿਛਲੇ ਸਾਲ ਵਿੱਚ 40 ਹਜ਼ਾਰ ਦੇ ਕਰੀਬ ਮੋਬਾਈਲ ਫੋਨ ਚੋਰੀ ਕੀਤੇ ਜਾਂ ਲੋਕਾਂ ਕੋਲੋਂ ਖੋਹੇ ਗਏ। 50 ਫੀਸਦੀ ਚੋਰੀਆਂ ਲੰਡਨ ਵਿੱਚ ਹੋਈਆਂ। ਇਹਨਾਂ ਚੋਰੀਆਂ ਪਿੱਛੇ ਕਈ ਵੱਡੀਆਂ ਗੈਂਗਾਂ ਦਾ ਹੱਥ ਹੈ। ਜਦੋਂ ਤੁਸੀਂ ਆਪਣਾ ਟੈਲੀਫੋਨ ਦੇਖਦੇ ਹੋ ਤਾਂ ਫੋਨ ਖੋਹ ਕੇ ਸਾਈਕਲ ਜਾਂ ਮੋਟਰ ਬਾਈਕ ਤੇ ਭੱਜ ਜਾਂਦੇ ਹਨ। ਇਹ ਟੈਲੀਫੋਨ, ਚੀਨ, ਹਾਂਗਕਾਂਗ ਅਤੇ ਅਲਜੀਰੀਆ ਆਦਿ ਦੇਸ਼ਾਂ ਨੂੰ ਘੱਲੇ ਜਾਂਦੇ ਹਨ, ਜਾਂ ਆਪ ਲੈ ਕੇ ਜਾਂਦੇ ਹਨ। ਇਹਨਾਂ ਦਾ ਬਹੁਤ ਵੱਡਾ ਨੈਟਵਰਕ ਸੀ। ਇਹਨਾਂ ਦਾ ਲੀਡਰ ਪਿਛਲੇ ਦੋ ਸਾਲਾਂ ਵਿੱਚ 200 ਵਾਰੀ ਅਲਜੀਰੀਆ ਨੂੰ ਗਿਆ। ਹੁਣ ਕਈ ਦੋਸ਼ੀ ਫੜ ਲਏ ਗਏ ਹਨ, ਉਹਨਾਂ ਉਪਰ ਕੇਸ ਚਲਾਏ ਜਾਣਗੇ।

ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS
PLEASE CONTACT US ON: 07966 388 388

ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ
ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।
* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

ਜੈ ਸ੍ਰੀ ਗੁਰੂ ਰਵਿਦਾਸ ਜੀ ੴ ਸਤਿਗੁਰ ਪ੍ਰਸਾਦਿ ॥ ਜੈ ਸ੍ਰੀ ਗੁਰੂ ਰਵਿਦਾਸ ਜੀ

MAY ALL HUMANITY PROSPER BY THY GRACE

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥

# SHRI GURU RAVI DASS SABHA (REGD) SOUTHALL

REGISTERED AS CHARITY No. 273317
282 WESTERN ROAD, SOUTHALL, MIDDLESEX UB2 5JT
TELEPHONE : 020-8574-8967, 020-8574-0528

# NOTICE / ਨੋਟਿਸ

## ਸਾਲਾਨਾ ਜਨਰਲ ਬਾਡੀ ਮੀਟਿੰਗ

**ਦਿਨ ਐਤਵਾਰ ਮਿਤੀ 23 ਨਵੰਬਰ 2025 ਨੂੰ ਸ਼ਾਮ 3 ਵਜੇ ਗੁਰੂ ਘਰ ਵਿਖੇ ਸ਼ੁਰੂ ਹੋਵੇਗੀ**

ਪਿਆਰੇ ਮੈਂਬਰ ਸਾਹਿਬਾਨ ਜੀਉ, ਜੈ ਸ੍ਰੀ ਗੁਰੂ ਰਵਿਦਾਸ ਜੀ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਸਲਾਨਾ ਮੀਟਿੰਗ ਦਿਨ ਐਤਵਾਰ 23 ਨਵੰਬਰ 2025 ਨੂੰ ਸ਼ਾਮ 3:00 ਵਜੇ ਗੁਰੂ ਘਰ ਵਿਖੇ ਸ਼ੁਰੂ ਹੋਵੇਗੀ। ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਸਲਾਨਾ ਮੀਟਿੰਗ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ। ਸਾਰੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਆਪਣੀ ਫੋਟੋ ਵਾਲਾ ਪਛਾਣ ਪੱਤਰ (ਆਈ ਡੀ ਕਾਰਡ) ਕੋਲ ਹੋਣਾ ਜ਼ਰੂਰੀ ਹੈ। ਇਸ ਤੋਂ ਬਿਨਾਂ ਕੋਈ ਵੀ ਮੈਂਬਰ ਮੀਟਿੰਗ ਵਿੱਚ ਹਾਜ਼ਰ ਨਹੀਂ ਹੋ ਸਕਦਾ। ਅਸੀਂ ਸਾਰੇ ਮੈਂਬਰਾਂ ਨੂੰ ਹਾਜ਼ਰ ਹੋਣ ਅਤੇ ਯੋਗਦਾਨ ਪਾਉਣ ਦੀ ਬੇਨਤੀ ਕਰਦੇ ਹਾਂ, ਹਮੇਸ਼ਾ ਦੀ ਤਰ੍ਹਾਂ ਤੁਹਾਡੇ ਸਮਰਥਨ ਦੀ ਬੇਹੱਦ ਸ਼ਲਾਘਾ ਕੀਤੀ ਜਾਂਦੀ ਹੈ।

ਵਿਸ਼ੇਸ਼ ਨੋਟ:- ਮੀਟਿੰਗ ਸ਼ਾਮ 5:00 ਵਜੇ ਸਮਾਪਤ ਹੋਵੇਗੀ।

### ਮੀਟਿੰਗ ਦਾ ਏਜੰਡਾ:

* ਪ੍ਰਧਾਨ ਵੱਲੋਂ ਜੀ ਆਇਆਂ
* ਪਿਛਲੀ ਜਨਰਲ ਬਾਡੀ ਮੀਟਿੰਗ ਦੇ ਮਿਨਿਟਸ
* ਜਨਰਲ ਸਕੱਤਰ ਦੀ ਰਿਪੋਰਟ
* ਵਿੱਤ ਸਕੱਤਰ ਦੀ ਰਿਪੋਰਟ
* ਸੰਵਿਧਾਨ ਵਿੱਚ ਸੋਧਾਂ
  (ਧਾਰਾ 1, ਪੈਰ੍ਹਾ D) ਅਤੇ (ਧਾਰਾ 9, ਪੈਰ੍ਹਾ D)
* ਕੋਈ ਹੋਰ ਕਾਰੋਬਾਰ
* ਪ੍ਰਧਾਨ ਦੁਆਰਾ ਧੰਨਵਾਦ

ਆਪ ਜੀ ਦੇ ਸੇਵਾਦਾਰ

ਪ੍ਰਧਾਨ - ਆਤਮਾ ਰਾਮ ਢਾਂਡਾ, ਜਨਰਲ ਸੈਕਟਰੀ -ਸ਼ਿਵ ਰੱਤੂ

## ANNUAL GENERAL BODY MEETING ON

## SUNDAY 23rd November 2025 @ 3:00 PM SHARP

Dearest Members, Jai Shri Guru Ravidass Ji !

Notice is hereby given to the members that the Annual General Body Meeting of Shri Guru Ravidass Sabha (Regd.) 282-Western Road, Southall, Middlesex-UB2 5JT will be held on Sunday 23rd November, 2025 at 3:00 pm sharp at the Main Prayer Hall of Shri Guru Ravidass Temple. You are requested to please attend on time. Please bring your ID photo card to attend the general body meeting. Without ID card you cannot attend the meeting. We request all members to attend and contribute, Your support, is much appreciated.

SPECIAL NOTICE: Meeting will Finish at 5PM.

### Agenda as follows:

1. Welcome by the president.
2. Minutes of the last Meeting
3. General Secretery's Report
4. Finance ecretery's Report
5. Amendments of the constitution
   (Clause 1, Paragraph D.) (Clause 9 Paragraph D.)
6. A.O.B.
7. Thanks by the president.

Yours Sincerely

| Atma Ram Dhanda | Shiv Rattu |
|---|---|
| President | General Secretary |

**ਸੰਗਤਾਂ ਦੇ ਸੇਵਾਦਾਰ - ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ (ਰਜਿ:) ਸਾਊਥਾਲ**

**282 WESTERN ROAD, SOUTHALL, MIDDLESEX UB2 5JT**
**Tel : 0208 574 8967 020 8574 0528 - Website:www.sgrds.org**

# ਬਰਤਾਨੀਆ ਦੇ ਮੌਜੂਦਾ ਸਿਆਸੀ ਹਾਲਾਤਾਂ, ਪ੍ਰਵਾਸ ਵਿਰੋਧੀ ਵਿਖਾਵਿਆਂ ਅਤੇ ਵੱਧ ਰਹੇ ਨਸਲੀ ਹਮਲਿਆਂ ਤੋਂ ਸਿੱਖ ਭਾਈਚਾਰਾ ਚਿੰਤਤ ਹੈ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਮੌਜੂਦਾ ਸਿਆਸੀ ਹਾਲਾਤਾਂ, ਪ੍ਰਵਾਸ ਵਿਰੋਧੀ ਵਿਖਾਵਿਆਂ ਅਤੇ ਵੱਧ ਰਹੇ ਨਸਲੀ ਹਮਲਿਆਂ ਤੋਂ ਸਿੱਖ ਭਾਈਚਾਰਾ ਭਾਰੀ ਚਿੰਤਤ ਹੈ। ਬੀ ਬੀ ਸੀ ਵੱਲੋਂ ਪ੍ਰਸਾਰਿਤ ਇੱਕ ਦਸਤਾਵੇਜ਼ੀ ਫਿਲਮ ਵਿੱਚ ਦੱਸਿਆ ਗਿਆ ਹੈ ਕਿ ਬਰਤਾਨੀਆ ਹੀ ਨਹੀਂ ਬਲਕਿ ਯੂਰਪ ਦੇ ਸਭ ਤੋਂ ਪੁਰਾਣੇ ਗੁਰਦੁਆਰਾ ਖਾਲਸਾ ਜੱਥਾ ਦੀ ਸੁਰੱਖਿਆ ਲਈ ਪ੍ਰਬੰਧਕ ਕਮੇਟੀ ਨੇ ਸੀ ਸੀ ਟੀ ਵੀ ਕੈਮਰੇ, ਸੁਰੱਖਿਆ ਲਈ ਪਹਿਰੇਦਾਰੀ ਅਤੇ ਲੋਹੇ ਦੇ ਵੱਡੇ ਦਰਵਾਜ਼ੇ ਲਗਾਏ ਹੋਏ ਹਨ, ਜੋ ਸੰਗਤਾਂ ਵੱਲੋਂ ਸੇਵਾ ਕੀਤੀ ਗਈ ਹੈ। ਗੁਰਦੁਆਰੇ ਦੇ ਟਰੱਸਟੀ ਮਨਦੀਪ ਸਿੰਘ ਦਾ ਕਹਿਣਾ ਹੈ ਕਿ ਇਹ ਸਿਰਫ਼ ਸਿੱਖ ਹੋਣ ਬਾਰੇ ਨਹੀਂ ਹੈ।*

ਇਹ ਭੂਰਾ ਰੰਗ ਹੋਣ ਬਾਰੇ ਹੈ। ਲੋਕ ਸਿੱਖਾਂ, ਮੁਸਲਮਾਨਾਂ, ਹਿੰਦੂਆਂ ਵਿੱਚ ਫ਼ਰਕ ਨਹੀਂ ਕਰਦੇ। ਇਹ ਫਿਰ 1970 ਦੇ ਦਹਾਕੇ ਵਾਂਗ ਮਹਿਸੂਸ ਹੁੰਦਾ ਹੈ। ਮੈਨੂੰ ਨੈਸ਼ਨਲ ਫਰੰਟ ਯਾਦ ਹੈ। ਹੁਣ ਫਰਕ ਇਹ ਹੈ ਕਿ ਸੋਸ਼ਲ ਮੀਡੀਆ ਨਫ਼ਰਤ ਨੂੰ ਵਧਾ ਰਿਹਾ ਹੈ। ਸਿੱਖ ਭਾਈਚਾਰੇ ਦਾ ਰੋਸ ਹੈ ਕਿ ਗੁਰਦੁਆਰਿਆਂ ਦੀ ਸੁਰੱਖਿਆ ਲਈ ਸਰਕਾਰ ਵੱਲੋਂ ਮਸਜਿਦਾਂ ਵਾਂਗ ਵਿੱਤੀ ਸਹਾਇਤਾ ਨਹੀਂ ਦਿੱਤੀ ਜਾਂਦੀ। ਮਨਦੀਪ ਸਿੰਘ ਨੇ ਕਿਹਾ ਕਿ ਉਹ ਦੇਸ਼ ਭਰ ਦੇ 90 ਗੁਰਦੁਆਰਿਆਂ ਦੇ ਸੰਪਰਕ ਵਿੱਚ ਹਨ।

ਮਨਦੀਪ ਨੇ ਕਿਹਾ ਕਿ ਯੂ ਕੇ ਵਿੱਚ ਇੱਕ ਸਹਿਮ ਵਾਲਾ ਮਾਹੌਲ ਬਣ ਰਿਹਾ ਹੈ, ਇੱਕ ਅਸਥਿਰ ਰਾਜਨੀਤਿਕ ਮਾਹੌਲ,



ਗੁਰਦੁਆਰਾ ਖਾਲਸਾ ਜੱਥਾ ਲੰਡਨ

ਮਾਰਚ ਅਤੇ ਵਿਰੋਧ ਪ੍ਰਦਰਸ਼ਨ ਅਤੇ "ਆਮ ਤੌਰ 'ਤੇ ਵਧੇਰੇ ਸੱਜੇ-ਪੱਖੀ ਸੰਦੇਸ਼ ਆ ਰਿਹਾ ਸੀ ਜਿਸ ਵਿੱਚ ਨਸਲਵਾਦੀ ਪ੍ਰਭਾਵ ਸਨ। ਇਹ ਚਿੰਤਾਜਨਕ ਹੈ"।

ਉਹਨਾਂ 9 ਸਤੰਬਰ ਨੂੰ ਓਲਡਬਰੀ ਵਿੱਚ ਇੱਕ ਸਿੱਖ ਔਰਤ ਨਾਲ ਬਲਾਤਕ-ਾਰ, ਵੁਲਵਰਹੈਂਪਟਨ ਵਿੱਚ ਦੋ ਸਿੱਖ ਟੈਕਸੀ ਡਰਾਈਵਰਾਂ 'ਤੇ ਹਮਲਾ ਅਤੇ ਬ੍ਰਿਸਟਲ ਵਿੱਚ ਇੱਕ ਨੌਂ ਸਾਲ ਦੀ ਬੱਚੀ ਨੂੰ ਏਅਰ ਗਨ ਨਾਲ ਗੋਲੀ ਮਾਰਨ ਦੀ ਘਟਨਾ ਦੇ ਨਾਲ-ਨਾਲ ਪ੍ਰਵਾਸੀ ਹੋਟਲਾਂ ਦੇ ਬਾਹਰ ਵਿਰੋਧ ਪ੍ਰਦਰਸ਼ਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਚੀਜ਼ਾਂ ਡਰ ਦਾ ਮਾਹੌਲ ਪੈਦਾ ਕਰ ਰਹੀਆਂ ਹਨ। ਸਾਨੂੰ ਸਾਵਧਾਨੀ ਵਰਤਣੀ ਪਵੇਗੀ ਅਤੇ ਸੰਗਤਾਂ ਨੂੰ ਹੋਰ ਚੌਕਸ ਰਹਿਣਾ ਪਵੇਗਾ।

ਮੈਟ ਪੁਲਿਸ ਦੇ ਅੰਕੜਿਆਂ ਅਨੁਸਾਰ, ਅਗਸਤ ਦੇ ਅੰਤ ਤੱਕ ਲੰਡਨ ਵਿੱਚ ਬੀਤੇ ਸਾਲ 21,054 ਤੋਂ ਵੱਧ ਨਫ਼ਰਤ ਅਪਰਾਧ ਦਰਜ ਕੀਤੇ ਗਏ ਸਨ।ਟ੍ਰਾਂਸਪੋਰਟ ਫਾਰ ਲੰਡਨ ਦੇ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਸਾਲ ਐਲਿਜ਼ਾਬੈਥ ਲਾਈਨ 'ਤੇ ਨਫ਼ਰਤ ਅਪਰਾਧ ਦੀਆਂ ਰਿਪੋਰਟਾਂ ਵਿੱਚ ਲਗਭਗ 50% ਵਾਧਾ ਹੋਇਆ ਹੈ। ਇਸ ਸਾਲ ਗਰਮੀਆਂ ਦੇ ਹਰੇਕ ਮਹੀਨਿਆਂ ਵਿੱਚ 2,000 ਤੋਂ ਵੱਧ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।

ਖਾਲਸਾ ਜਥਾ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਆਨੰਦ ਨੇ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਗੁਰਦੁਆਰਿਆਂ ਲਈ ਗ੍ਰਹਿ ਦਫ਼ਤਰ ਦੀ ਫੰਡਿੰਗ ਮਸਜਿਦਾਂ ਅਤੇ ਪ੍ਰਾਰਥਨਾ ਸਥਾਨਾਂ ਨੂੰ ਉਪਲਬਧ ਸਹਾਇਤਾ ਦੇ ਮੁਕਾਬਲੇ ਬਹੁਤ ਘੱਟ ਹੈ।

ਉਹਨਾਂ ਕਿਹਾ ਕਿ ਜੇ ਗੁਰਦੁਆਰਾ ਲੱਗਭੱਗ 40,000 ਪੌਂਡ ਤੋਂ ਵੱਧ ਸੁਰੱਖਿਆ ਪ੍ਰਬੰਧ ਲਈ ਖਰਚ ਸੰਗਤ ਵੱਲੋਂ ਕੀਤੇ ਜਾਂਦੇ ਦਾਨ ਫੰਡ ਚੋਂ ਖ਼ਰਚ ਕਰਦਾ ਹੈ ਤਾਂ ਦੂਜੇ ਪਾਸੇ ਮਸਜਿਦਾਂ ਅਤੇ ਹੋਰ ਪ੍ਰਾਰਥਨਾ ਸਥਾਨਾਂ ਲਈ ਬਰਾਬਰ ਸੁਰੱਖਿਆ ਖਰਚੇ ਗ੍ਰਹਿ ਦਫ਼ਤਰ ਦੁਆਰਾ ਕੀਤੇ ਜਾਂਦੇ ਹਨ। ਇਹ ਅਸਮਾਨਤਾ ਕਿਉਂ ਹੈ?

ਗ੍ਰਹਿ ਦਫ਼ਤਰ ਦੇ ਬੁਲਾਰੇ ਨੇ ਕਿਹਾ ਕਿ ਇਹ ਬਹੁਤ ਜ਼ਰੂਰੀ ਹੈ ਕਿ ਹਰ ਭਾਈਚਾਰਾ ਸੁਰੱਖਿਅਤ ਮਹਿਸੂਸ ਕਰੇ, ਖਾਸ ਕਰਕੇ ਪੂਜਾ ਸਥਾਨਾਂ ਵਿੱਚ। ਇਸੇ ਕਰਕੇ ਗੁਰਦੁਆਰੇ ਅਤੇ ਸੰਬੰਧਿਤ ਸਥਾਨ ਸਰਕਾਰ ਦੀ ਪੂਜਾ ਸਥਾਨ ਸੁਰੱਖਿਆ ਯੋਜਨਾ ਲਈ ਅਰਜ਼ੀ ਦੇ ਸਕਦੇ ਹਨ। ਧਾਰਮਿਕ ਭਾਈਚਾਰਿਆਂ ਦੀ ਸੁਰੱਖਿਆ ਲਈ ਸੁਰੱਖਿਆ ਫੰਡਿੰਗ ਪ੍ਰਦਾਨ ਕਰਨ ਦੇ ਨਾਲ-ਨਾਲ, ਸਰਕਾਰ ਪੁਲਿਸ ਨੂੰ ਵਿਰੋਧ ਪ੍ਰਦਰਸ਼ਨਾਂ ਤੋਂ ਪੂਜਾ ਸਥਾਨਾਂ ਦੀ ਬਿਹਤਰ ਸੁਰੱਖਿਆ ਲਈ ਵਧੇਰੇ ਸ਼ਕਤੀਆਂ ਦੇ ਰਹੀ ਹੈ।

# ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਮਹਾਤਮਾ ਗਾਂਧੀ ਦੀ 156ਵੀਂ ਜਯੰਤੀ ਮਨਾਈ



ਮਹਾਤਮਾ ਗਾਂਧੀ ਜਯੰਤੀ ਮੌਕੇ ਸੰਬੋਧਨ ਕਰਦੇ ਹੋਏ ਸਾਬਕਾ ਐਮ ਪੀ ਵਰਿੰਦਰ ਸ਼ਰਮਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਭਾਰਤੀ ਦੂਤਾਵਾਸ ਵੱਲੋਂ ਵੀਰਵਾਰ ਨੂੰ ਮਹਾਤਮਾ ਗਾਂਧੀ ਦੀ 156ਵੀਂ ਜਯੰਤੀ ਮਨਾਈ। ਲੰਡਨ ਸਥਿਤ ਲੱਗੇ ਮਹਾਤਮਾ ਗਾਂਧੀ ਦੇ ਬੁੱਤ 'ਤੇ ਹਾਰ ਪਾ ਕੇ ਅਤੇ ਸ਼ਾਂਤੀ ਅਤੇ ਅਹਿੰਸਾ ਦੇ ਉਨ੍ਹਾਂ ਦੇ ਵਿਸ਼ਵਵਿਆਪੀ ਸੰਦੇਸ਼ ਦੀ ਸਥਾਈ ਸਾਰਥਕਤਾ ਨੂੰ ਉਜਾਗਰ ਕੀਤਾ। ਇਸ ਮੌਕੇ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੁਰਾਇਸਵਾਮੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉਨ੍ਹਾਂ ਕਿਹਾ ਕਿ ਇੱਕ ਨੇਤਾ ਜਿਨ੍ਹਾਂ ਦੀ ਨੈਤਿਕ ਹਿੰਮਤ ਅਤੇ ਅਹਿੰਸਕ ਸੰਘਰਸ਼ ਨੇ ਦੁਨੀਆ ਭਰ ਵਿੱਚ ਆਜ਼ਾਦੀ ਅੰਦੋਲਨਾਂ ਨੂੰ ਪ੍ਰੇਰਿਤ ਕੀਤਾ। ਗਾਂਧੀ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਾਨੂੰ ਆਜ਼ਾਦੀ ਤੋਂ ਵੱਧ ਦਿੱਤਾ। ਉਨ੍ਹਾਂ ਨੇ ਸਾਨੂੰ ਨਿਆਂ, ਸੱਚ, ਸ਼ਾਂਤੀ ਅਤੇ ਮਨੁੱਖੀ ਮਾਣ ਦਾ ਦ੍ਰਿਸ਼ਟੀਕੋਣ ਦਿੱਤਾ। ਅਸੀਂ ਸਵਰਗੀ ਲਾਲ ਬਹਾਦਰ ਸ਼ਾਸਤਰੀ ਦੇ ਜਨਮ ਦਿਨ ਨੂੰ ਵੀ ਯਾਦ ਕਰਦੇ ਹਾਂ ਅਤੇ ਮਨਾਉਂਦੇ ਹਾਂ। ਇਸ ਮੌਕੇ ਕੇਮਡਨ ਦੇ ਮੇਅਰ ਏਡੀ ਹੈਨਸਨ, ਇੰਡੀਆ ਲੀਗ ਦੇ ਪ੍ਰਧਾਨ ਅਲਪੇਸ਼ ਬੀ ਪਟੇਲ ਓ ਬੀ ਈ ਆਦਿ ਨੇ ਵੀ ਸ਼ਰਧਾਂਜਲੀ ਭੇਂਟ ਕੀਤੀ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਅਖੰਡ ਕੀਰਤਨੀ ਜਥੇ ਵੱਲੋਂ ਸਪਸ਼ਟੀਕਰਣ- ਸਾਡਾ ਸਤਿਕਾਰ ਕਮੇਟੀ ਨਾਲ ਕੋਈ ਸੰਬੰਧ ਨਹੀਂ

ਮੀਰੀ ਪੀਰੀ ਟੀ ਵੀ ਤੇ ਸਾਊਥਹਾਲ ਸਿੰਘ ਸਭਾ ਗੁਰਦੁਆਰਾ ਸਾਹਿਬ ਤੋਂ ਚੋਰੀ ਹੋਏ 7 ਸਰੂਪਾਂ ਦੇ ਮਸਲੇ ਵਿਚ ਅਖੰਡ ਕੀਰਤਨੀ ਜਥਾ ਯੂ ਕੇ ਦੇ ਨਾਮ ਨੂੰ ਖਾਹ ਮਖਾਹ ਲਿਆ ਕੇ ਦੋਸ਼ੀ ਬਣਾਉਣ ਦੀ ਸਾਜਿਸ਼ ਸਾਹਮਣੇ ਆਈ ਹੈ, ਜਿਸ ਦਾ ਸਪਸ਼ਟੀਕਰਣ ਦੇਣਾ ਲਾਜ਼ਮੀ ਹੈ।

ਅਸੀਂ ਇਹ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਅਖੰਡ ਕੀਰਤਨੀ ਜਥੇ ਦਾ ਸਤਿਕਾਰ ਕਮੇਟੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ। ਮੀਰੀ ਪੀਰੀ ਟੀ ਵੀ ਤੇ ਜਸਵੰਤ ਸਿੰਘ ਠੇਕੇਦਾਰ ਨੇ ਅਖੰਡ ਕੀਰਤਨੀ ਜਥੇ ਦੀ ਸਤਿਕਾਰ ਕਮੇਟੀ ਨਾਲ ਮਿਲੀਭੁਗਤ ਦਸਣ ਦੀ ਕੋਸ਼ਿਸ਼ ਕੀਤੀ ਹੈ ਜੋ ਜੱਥੇ ਦੇ ਅਕਸ਼ ਤੇ ਬੁਰਾ ਪ੍ਰਭਾਵ ਪਾ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਟਿਪਣੀ ਤੋਂ ਪਹਿਲਾਂ ਜਥੇ ਦੇ ਵੀਚਾਰ ਵੀ ਨਹੀਂ ਲਏ ਗਏ।

ਟੀਵੀ ਨੇ ਬ੍ਰਮਿੰਘਮ ਤੋਂ ਕੁਲਦੀਪ ਸਿੰਘ ਨਾਲ ਗੱਲ ਕੀਤੀ ਹੈ, ਜੋ ਨਿੱਜੀ ਤੌਰ ਤੇ ਸਤਿਕਾਰ ਕਮੇਟੀ ਨਾਲ ਜੁੜਿਆ ਹੋਇਆ ਹੈ। ਅਖੰਡ ਕੀਰਤਨੀ ਜਥੇ ਨੇ ਉਸ ਨੂੰ ਸਤਿਕਾਰ ਕਮੇਟੀ ਨਾਲ ਮਿਲ ਕੇ ਕੰਮ ਕਰਨ ਦੀ ਕੋਈ ਜੁੰਮੇਦਾਰੀ ਨਹੀਂ ਦਿੱਤੀ ਹੈ ਅਤੇ ਨਾ ਹੀ ਜਥੇ ਦੀ ਨੁੰਮਾਇੰਦਗੀ ਦਾ ਅਧਿਕਾਰ ਦਿੱਤਾ ਹੈ।

ਅਸੀਂ ਇਹ ਵੀ ਸਪਸ਼ਟ ਕਰਦੇ ਹਾਂ ਕਿ ਅਖੰਡ ਕੀਰਤਨੀ ਜਥਾ ਅਕਾਲ ਤਖਤ ਨੂੰ ਪ੍ਰਣਾਇਆ ਹੋਇਆ ਹੈ ਅਤੇ ਉਸ ਦੇ ਹੁਕਮਾਂ ਦੀ ਕਦਰ ਕਰਦਾ ਹੈ। ਸਾਡੀ ਨਿਗਾਹ ਵਿੱਚ, ਅਕਾਲ ਤਖਤ ਤੋਂ ਭਗੌੜਾ ਸਤਿਕਾਰ ਕਮੇਟੀ ਦਾ ਸਿਰਕੱਢ ਕਾਰਕੁੰਨ



ਸ: ਦਲਜੀਤ ਸਿੰਘ

'ਮੰਨਾ' ਨੂੰ ਅਕਾਲ ਤਖਤ ਤੇ ਪੇਸ਼ ਹੋਣਾ ਚਾਹੀਦਾ ਹੈ। ਅਖੰਡ ਕੀਰਤਨੀ ਜਥੇ ਦਾ ਅਕਾਲ ਤਖਤ ਤੋਂ ਮੁਨਕਰ ਹੋਏ ਵਿਅਕਤੀ ਨਾਲ ਕੋਈ ਲੈਣ ਦੇਣ ਨਹੀਂ।

ਅਸੀਂ ਮੀਰੀ ਪੀਰੀ ਟੀਵੀ ਦੇ ਸੇਵਾਦਾਰਾਂ ਨੂੰ ਬੇਨਤੀ ਕਰਦੇ ਹਾਂ ਕਿ ਸਾਡੇ ਵੱਲੋਂ ਦਿੱਤੇ ਸਪਸ਼ਟੀਕਰਨ ਨੂੰ ਸੰਗਤਾਂ ਦੇ ਧਿਆਨ ਵਿਚ ਲਿਆਉਣ ਅਤੇ ਹੋਈ ਗਲਤੀ ਵਿਚ ਸੁਧਾਰ ਕੀਤਾ ਜਾਵੇ ਜਿਸ ਲਈ ਅਸੀਂ ਧੰਨਵਾਦੀ ਹੋਵਾਂਗੇ। ਅਸੀਂ ਸੰਗਤਾਂ ਅਤੇ ਟੀਵੀ ਸੇਵਾਦਾਰਾਂ ਨੂੰ ਬੇਨਤੀ ਕਰਦੇ ਹਾਂ ਕਿ ਜੇ ਕੋਈ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਸਾਡੇ ਨਾਲ ਸੰਪਰਕ ਕਰਨ।

ਦਲਜੀਤ ਸਿੰਘ
ਜਨਰਲ ਸੈਕਟਰੀ
ਅਖੰਡ ਕੀਰਤਨੀ ਜਥਾ ਯੂਕੇ

# ਯੂ ਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਗਲੇ ਹਫ਼ਤੇ ਭਾਰਤ ਦਾ ਦੌਰਾ ਕਰਨਗੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਧਾਨ ਮੰਤਰੀ ਕੀਰ ਸਟਾਰਮਰ ਅਗਲੇ ਹਫ਼ਤੇ 8-9 ਅਕਤੂਬਰ ਨੂੰ ਭਾਰਤ ਦਾ ਦੌਰਾ ਕਰਨਗੇ ਅਤੇ ਮੁੰਬਈ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲ-ਾਕਾਤ ਕਰਨਗੇ ਤਾਂ ਜੋ ਉਨ੍ਹਾਂ ਦੀ ਤਕਨੀਕੀ ਅਤੇ ਸੁਰੱਖਿਆ ਭਾਈਵਾਲੀ ਨੂੰ ਅੱਗੇ ਵਧਾਇਆ ਜਾ ਸਕੇ।

ਇਹ ਸਟਾਰਮਰ ਦੀ ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਪਹਿਲੀ ਫੇਰੀ ਹੈ ਅਤੇ ਯੂ ਕੇ ਅਤੇ ਭਾਰਤ ਦੁਆਰਾ ਡੋਨਾਲਡ ਟਰੰਪ ਦੇ ਟੈਰਿਫ ਯੁੱਧ ਦੇ ਪਰਛਾਵੇਂ ਹੇਠ ਆਪਣੇ ਲੰਬੇ ਸਮੇਂ ਤੋਂ ਕਈ ਲੋੜੀਂਦੇ ਵਪਾਰ ਸਮਝੌਤੇ ਬੰਦ ਕਰਨ ਤੋਂ ਕੁਝ ਮਹੀਨਿਆਂ ਬਾਅਦ ਆਈ ਹੈ।



ਇਹ ਦੌਰਾ ਫਿਨਟੈਕ, "ਤਕਨੀਕੀ ਨਾਲ ਸਬੰਧਤ ਭਾਈਵਾਲੀ" ਅਤੇ "ਮਹਾਨ ਵਪਾਰ ਸੌਦੇ 'ਤੇ ਕੇਂਦਰਿਤ ਹੋਵੇਗਾ ਜਿਸ 'ਤੇ ਬੀਤੇ ਸਮੇਂ ਵਿੱਚ ਦਸਤਖਤ ਕੀਤੇ ਸਨ।

ਭਾਰਤ ਦੀ ਵਿੱਤੀ ਰਾਜਧਾਨੀ ਮੁੰਬਈ ਵਿੱਚ, ਸਟਾਰਮਰ ਅਤੇ ਮੋਦੀ 2024 ਯੂ ਕੇ-ਭਾਰਤ ਤਕਨਾਲੋਜੀ ਸੁਰੱਖਿਆ ਪਹਿਲ ਕਦਮੀ (ਟੀ ਐਸ ਆਈ) ਨੂੰ ਅੱਗੇ ਵਧਾਉਣ ਲਈ ਸੀਨੀਅਰ ਮੰਤਰੀਆਂ ਅਤੇ ਅਧਿਕਾਰੀਆਂ ਨਾਲ ਸ਼ਾਮਲ ਹੋਣ ਤੋਂ ਪਹਿਲਾਂ, ਦੁਨੀਆ ਦੇ ਸਭ ਤੋਂ ਵੱਡੇ ਫਿਨਟੈਕ ਸੰਮੇਲਨ ਨੂੰ ਸੰਬੋਧਨ ਕਰਨਗੇ।

ਜਿਕਰਯੋਗ ਹੈ ਕਿ ਇਹ ਸਮਝੌਤਾ ਟੈਲੀਕਾਮ, ਮਹੱਤਵਪੂਰਨ ਖਣਿਜ, ਨਕਲੀ ਬੁੱਧੀ, ਕੁਆਂਟਮ, ਬਾਇਓ-ਟੈਕ, ਉੱਨਤ ਸਮੱਗਰੀ ਆਦਿ ਨਾਲ ਸਬੰਧਤ ਹੈ।

# ਕੈਨੇਡਾ ਦੇ ਗਰੈਂਡ ਫੋਰਐਕਸ ਇਲਾਕੇ ਚ ਮਿਰਤਕ ਮਿਲੇ 100 ਹਿਰਨਾ ਦੀ ਬਰਾਮਦੀ ਮਗਰੋਂ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ

**ਵੈਨਕੂਵਰ-(ਮਲਕੀਤ ਸਿੰਘ)- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਗ੍ਰੈਂਡ ਫੋਰਕਸ ਜੰਗਲੀ ਇਲਾਕੇ ਚ 100 ਹਿਰਨਾਂ ਦੀਆਂ ਲਾਸ਼ਾਂ ਬਰਾਮਦ ਹੋਣ ਮਗਰੋਂ ਬੀਸੀ ਸਰਕਾਰ ਵੱਲੋਂ ਆਮ ਨਾਗਰਿਕਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਗਈ ਹੈ। ਇੰਨੀ ਵੱਡੀ ਗਿਣਤੀ ਵਿੱਚ ਹਿਰਨਾਂ ਦੇ ਅਚਾਨਕ ਮਾਰੇ ਜਾਣ ਦੀ ਘਟਨਾ ਮਗਰੋਂ ਜੰਗਲੀ ਜੀਵ ਪ੍ਰੇਮੀਆਂ ਵਿੱਚ ਨਿਰਾਸ਼ਾ ਦਾ ਆਲਮ ਵੇਖਿਆ ਜਾ ਰਿਹਾ ਹੈ। ਇਸ ਸਬੰਧੀ ਪ੍ਰਾਪਤ ਹੋਰ ਵੇਰਵਿਆਂ ਮੁਤਾਬਕ ਹਿਰਨਾਂ ਦੀ ਮੌਤ ਇੱਕ ਵਾਇਰਸ ਨਾਲ ਹੋਣੀ ਕਿਆਸੀ ਜਾ ਰਹੀ ਹੈ। ਅਤੇ ਇਹ ਵਾਇਰਸ ਮਨੁੱਖਾਂ ਲਈ ਖਤਰਨਾਕ ਨਹੀਂ ਮੰਨਿਆ ਗਿਆ। ਬੀਸੀ ਦੀ ਸੂਬਾਈ ਸਰਕਾਰ ਵੱਲੋਂ ਇਸ ਸਬੰਧੀ ਕੋਈ ਵੀ ਲੋੜੀਂਦੀ ਜਾਣਕਾਰੀ ਜੰਗਲੀ ਜੀਵ ਅਧਿਕਾਰੀਆਂ ਨਾਲ ਸਾਂਝੀ ਕਰਨ ਦੀ ਅਪੀਲ ਵੀ ਕੀਤੀ ਗਈ ਹੈ।।**


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com


# ਕੈਪਟਨ ਸੰਦੀਪ ਸਿੰਘ ਸੰਧੂ ਦੀ ਮਾਤਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਾਂਗਰਸੀ ਆਗੂ ਕੈਪਟਨ ਸੰਦੀਪ ਸਿੰਘ ਸੰਧੂ ਦੀ ਮਾਤਾ ਤੇਜਿੰਦਰ ਕੌਰ ਸੰਧੂ ਦੇ ਅਕਾਲ ਚਲਾਣੇ ਤੇ ਐਨ ਆਰ ਆਈ ਦਾਖਾ ਭਾਈਚਾਰਾ ਯੂ ਕੇ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।



ਮਾਤਾ ਤੇਜਿੰਦਰ ਕੌਰ ਸੰਧੂ

ਲੰਡਨ ਤੋਂ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੀ ਸੀਨੀਅਰ ਮੀਤ ਪ੍ਰਧਾਨ ਗੁਰਮਿੰਦਰ ਕੌਰ ਰੰਧਾਵਾ, ਸ਼ਿਵਦੀਪ ਕੌਰ ਢੇਸੀ, ਰੁਪਿੰਦਰ ਕੌਰ ਗਿੱਲ, ਹਰਦੀਪ ਸਿੰਘ ਗਰੇਵਾਲ, ਜਸਮਿੰਦਰ ਸਿੰਘ ਜੰਡੀ, ਰਵੀ ਸਿੰਘ ਪੱਬੀਆਂ, ਕੁਲਦੀਪ ਸਿੰਘ ਗਰੇਵਾਲ, ਪੰਮੀ ਚੀਮਾਂ, ਚਰਨਜੀਤ ਸਿੰਘ ਸੇਖੋਂ, ਕਾਸ਼ ਗਰੇਵਾਲ, ਕੁਲਦੀਪ ਸਿੰਘ ਧਾਲੀਵਾਲ, ਸਤਵੰਤ ਨਾਗਪਾਲ, ਸੁਖਵਿੰਦਰ ਸਿੰਘ ਸੁਜਾਪੁਰ, ਇੰਦਰਪਾਲ ਗਿੱਲ, ਕਿਰਦੀਪ ਸਿੰਘ, ਗੁਰਦੀਪ ਸਿੰਘ, ਜੀਵਨ ਸਿੰਘ, ਨਰਿੰਦਰ ਸਿੰਘ, ਤਾਲ ਗਰੇਵਾਲ ਆਦਿ ਨੇ ਮਾਤਾ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦਿਆਂ ਕਿਹਾ ਕਿ ਮਾਵਾਂ ਘਰ ਦਾ ਉਹ ਘਣਛਾਵਾਂ ਬੂਟਾ ਹੁੰਦੀਆਂ ਹਨ ਜਿਸ ਦੀ ਹਰ ਟਾਹਣੀ ਜਿੰਦਗੀ ਦੇ ਹਰ ਮੋੜ ਤੇ ਆਪਣੀ ਔਲਾਦ ਅਤੇ ਪ੍ਰੀਵਾਰ ਨੂੰ ਠੰਡੀਆਂ ਹਵਾਵਾਂ ਦਿੰਦੀ ਹੈ ਅਤੇ ਨਵਾਂ ਰਾਹ ਵਿਖਾਉਂਦੀ ਹੈ।

# ਮਾਨਚੈਸਟਰ ਹਮਲੇ ਦੇ ਦੋਸ਼ੀ ਦੀ ਪਹਿਚਾਣ ਸੀਰੀਆਈ ਮੂਲ ਦਾ ਜੇਹਾਦ ਅਲ ਸ਼ਾਮੀ ਵਜੋਂ ਹੋਈ ਹਮਲੇ 'ਚ ਮਾਰੇ ਜਾਣ ਵਾਲਾ ਇੱਕ ਪੀੜਤ ਪੁਲਿਸ ਗੋਲੀ ਨਾਲ ਮਰਨ ਦਾ ਖੁਲਾਸਾ

## ਬ੍ਰਿਟਿਸ਼ ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ ਵੱਲੋਂ ਅੱਤਵਾਦੀ ਹਮਲੇ ਤੋਂ ਬਾਅਦ ਹੋਏ ਵਿਰੋਧ ਪ੍ਰਦਰਸ਼ਨਾਂ ਦੀ ਨਿੰਦਾ



ਹਮਲਾਵਰ ਜੇਹਾਦ ਅਲ-ਸ਼ਾਮੀ, ਮ੍ਰਿਤਕ ਐਡਰੀਅਨ ਡੌਲਬੀ ਅਤੇ ਮੇਲਵਿਨ ਕ੍ਰਾਵਿਟਜ਼, ਪ੍ਰਧਾਨ ਮੰਤਰੀ ਕੀਰ ਸਟਾਰਮਰ ਘਟਨਾ ਸਥਾਨ 'ਤੇ ਮੁਆਇਨਾਂ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਉੱਤਰੀ ਇੰਗਲੈਂਡ ਦੇ ਸ਼ਹਿਰ ਮਾਨਚੈਸਟਰ ਵਿੱਚ ਵੀਰਵਾਰ ਨੂੰ ਹੋਏ ਅੱਤਵਾਦੀ ਹਮਲੇ ਵਿੱਚ ਦੋ ਲੋਕ ਮਾਰੇ ਗਏ ਸਨ। ਮੰਨਿਆ ਜਾ ਰਿਹਾ ਹੈ ਕਿ ਪੀੜਤਾਂ ਵਿੱਚੋਂ ਇੱਕ ਦੀ ਮੌਤ ਪੁਲਿਸ ਦੀ ਗੋਲੀ ਨਾਲ ਹੋਈ ਦੱਸੀ ਜਾ ਰਹੀ ਹੈ। ਹਮਲਾਵਰ ਦੀ ਪਛਾਣ 35 ਸਾਲਾ ਜੇਹਾਦ ਅਲ-ਸ਼ਾਮੀ ਵਜੋਂ ਹੋਈ ਹੈ, ਜੋ ਸੀਰੀਆਈ ਮੂਲ ਦਾ ਬ੍ਰਿਟਿਸ਼ ਨਾਗਰਿਕ ਹੈ।

ਜਦ ਕਿ ਦੋ ਯਹੂਦੀ ਮ੍ਰਿਤਕਾਂ ਦੀ ਪਹਿਚਾਣ ਐਡਰੀਅਨ ਡੌਲਬੀ (53) ਅਤੇ ਮੇਲਵਿਨ ਕ੍ਰਾਵਿਟਜ਼ (66) ਵਜੋਂ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਤਿੰਨ ਲੋਕ ਹਸਪਤਾਲ ਵਿੱਚ ਭਰਤੀ ਹਨ, ਜਿਨ੍ਹਾਂ ਵਿੱਚੋਂ ਇੱਕ ਦਾ ਇਲਾਜ ਚੱਲ ਰਿਹਾ ਹੈ।

ਹਮਲੇ ਤੋਂ ਬਾਅਦ, ਲੰਡਨ ਵਿੱਚ ਡਾਊਨਿੰਗ ਸਟਰੀਟ ਦੇ ਨੇੜੇ ਇੱਕ ਯੋਜਨਾਬੱਧ ਫਲਸਤੀਨ ਪੱਖੀ ਵਿਰੋਧ ਪ੍ਰਦਰਸ਼ਨ ਵਿੱਚ 40 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਮੈਂ ਕੱਲ੍ਹ ਰਾਤ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨੂੰ ਦੇਖ ਕੇ ਬਹੁਤ ਨਿਰਾਸ਼ ਹੋਈ ਹੈ। ਉਹਨਾਂ ਕਿਹਾ ਕਿ ਇਹ ਵਿਵਹਾਰ ਮੂਲ ਰੂਪ ਵਿੱਚ ਬ੍ਰਿਟਿਸ਼ ਵਿਵਹਾਰ ਦੇ ਅਨੁਕੂਲ ਨਹੀਂ ਹੈ। ਇਹ ਸ਼ਰਮਨਾਕ ਵਰਤਾਰਾ ਹੈ। ਸ਼ਬਾਨਾ ਨੇ ਕਿਹਾ ਕਿ ਵਿਰੋਧ ਕਰਨ ਬਾਰੇ ਸੋਚ ਰਹੇ ਲੋਕਾਂ ਨੂੰ ਮੈਂ ਸਿਰਫ਼ ਇਹੀ ਕਹਾਂਗੀ, ਸੋਚੋ ਜਦੋਂ ਪਰਿਵਾਰ ਦੇ ਕਿਸੇ ਮੈਂਬਰ ਦਾ ਉਹਨਾਂ ਦੇ ਧਰਮ ਦੇ ਸਭ ਤੋਂ ਪਵਿੱਤਰ ਦਿਨ 'ਤੇ ਕਤਲ ਕਰ ਦਿੱਤਾ ਗਿਆ ਹੋਵੇ ਤਾਂ ਉਹਨਾਂ ਤੇ ਕੀ ਬੀਤਦੀ ਹੈ।

ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਪਤਨੀ ਵਿਕਟੋਰੀਆ ਵੀ ਯਹੂਦੀ ਹੈ। ਉਹ ਡੈਨਮਾਰਕ ਦੀ ਯਾਤਰਾ ਨੂੰ ਵਿੱਚੇ ਛੱਡ ਕੇ ਐਮਰਜੈਂਸੀ ਮੀਟਿੰਗਾਂ ਲਈ ਡਾਊਨਿੰਗ ਸਟ੍ਰੀਟ ਵਾਪਸ ਆ ਗਏ ਹਨ। ਦੇਸ਼ ਦੇ ਯਹੂਦੀ ਭਾਈਚਾਰੇ ਨੂੰ ਸੰਬੋਧਿਤ ਇੱਕ ਵੀਡੀਓ ਸੰਦੇਸ਼ ਵਿੱਚ ਉਹਨਾਂ ਕਿਹਾ ਕਿ ਉਨ੍ਹਾਂ ਦੇ ਸਭ ਤੋਂ ਪਵਿੱਤਰ ਦਿਨ 'ਤੇ ਅੱਤਵਾਦੀ ਹਮਲਾ ਕਰਨ ਵਾਲੇ ਵਿਅਕਤੀ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਯਹੂਦੀ ਵਿਰੋਧੀਵਾਦ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ।

## ਬੈਡਫੋਰਡ ਵਿਖੇ ਇੰਦਰਜੀਤ ਸਿੰਘ ਆਰਟਿਸਟ ਦੀਆਂ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਲੱਗੀ



ਇੰਦਰਜੀਤ ਸਿੰਘ ਆਰਟਿਸਟ ਦੇ ਚਿੱਤਰਾਂ ਦੀ ਪ੍ਰਦਰਸ਼ਨੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਪੰਜਾਬੀ ਸਾਹਿਤ ਅਤੇ ਕਲਾ ਸੁਸਾਇਟੀ ਬੈਡਫੋਰਡ ਵੱਲੋਂ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਗੁਰੂ ਰਵਿਦਾਸ ਭਵਨ ਵਿਖੇ ਕਰਵਾਏ ਗਏ ਸਾਹਿਤਕ ਸਮਾਗਮ ਦੌਰਾਨ ਉੱਘੇ ਚਿੱਤਰਕਾਰ ਇੰਦਰਜੀਤ ਸਿੰਘ ਆਰਟਿਸਟ ਦੀਆਂ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਲਗਾਈ ਗਈ।

ਜਿਸ ਨੂੰ ਦੇਸ਼ ਭਰ ਤੋਂ ਆਏ ਪੰਜਾਬੀ ਸਾਹਿਤਕਾਰਾਂ ਅਤੇ ਪੰਜਾਬੀ ਬੋਲੀ ਦੇ ਹਿਤੈਸ਼ੀਆਂ ਨੇ ਵੇਖ ਕੇ ਖੂਬ ਪ੍ਰਸੰਸਾ ਕੀਤੀ। ਇੰਦਰਜੀਤ ਸਿੰਘ ਹੁਣ ਤੱਕ ਪੰਜਾਬ, ਪੰਜਾਬੀ ਅਤੇ ਪੰਜਆਬੀਅਤ ਨਾਲ ਜੁੜੇ ਸੈਂਕੜੇ ਚਿੱਤਰ ਤਿਆਰ ਕਰ ਚੁੱਕਾ ਹੈ, ਇਸ ਤੋਂ ਇਲਾਵਾ ਉਹਨਾਂ ਵੱਲੋਂ ਦਰਜਨਾਂ ਕਿਤਾਬਾਂ ਸਰਵਰਕ ਤਿਆਰ ਕੀਤੇ ਜਾ ਚੁੱਕੇ ਹਨ। ਇਸ ਪ੍ਰਦਰਸ਼ਨੀ ਵਿੱਚ ਘਰ ਦੇ ਵਿਹੜੇ ਵਿੱਚ ਬੈਠੀ ਬੇਬੇ ਦਾ ਚਿੱਤਰ ਸਭ ਤੋਂ ਵੱਧ ਖਿਚ ਦਾ ਕੇਂਦਰ ਰਿਹਾ, ਜੋ ਪੰਜਾਬੀ ਸੱਭਿਆਚਾਰ ਵਿੱਚੋਂ ਆਲੋਪ ਹੋ ਰਹੇ ਰਿਸ਼ਤਿਆਂ ਦੀ ਕਹਾਣੀ ਪੇਸ਼ ਕਰਦਾ ਹੈ।

## SPREADING PEACE

Anti semistism and hate crime has no place in our society, the murders of two jewish individuals on yom kippar the holiest day in the jewish calendar are a tragic indictment of antisemitism. My thoughts are with anyone who has faced hate crime. Hate crime has increased in the past year or so with many sikhs, hindu, jewish and muslims being targeted. There is no place for hate in this world, and all religious hate crime is unacceptable, all places of worship should be protected, every penny to protect synagogues is well spent and needed i also would just expect the same for other faith religious institutions. Sikh temples call for equal security support for amid rise in racist attacks there should be government support as there has been a increasing number in recent months. Its time embracing unity and compassion in our world which seems to have so much division. Its crucial now more than ever to advocate for love and kindness. While hatred breeds in conflict and despair, love has the power to heal and



unite and transform lives. My message is embracing a culture of empthy and compassion creating a postive effect that transends, boundries and uplifts humanity as a whole. This article serves as a reminder of the importance of unity, love and compassion and harmony.

Benevolence is the key that brings people together and through understanding we can build bridges of connection. Its important emphasising the value of diversity encouraging us to celebrate our



differences and learn from one and another built on love and acceptance lets advocate for more harmonious and inclusive a future building a world where love truimphs over hatred, and unity prevails over division.

**Lambardaar Dharmveer Singh Claire, Coventry**

# 2024 ਦੌਰਾਨ ਭਾਰਤ ਵਿਚ ਅਨਰ ਕਿਲਿੰਗਾਂ ਦੇ ਮਾਮਲੇ ਵਧੇ

**ਵਿਸ਼ੇਸ਼ ਰਿਪੋਟ**

## ✪ ਝਾਰਖੰਡ: ਆਨਰ ਕਿਲਿੰਗ ਦੀ ਨਵੀਂ ਰਾਜਧਾਨੀ ਬਣਿਆ ✪ ਹਰਿਆਣਾ ਵਿਚ ਖਾਪ ਪੰਚਾਇਤਾਂ ਦਾ ਜਾਰੀ ਹੈ ਅੱਤਿਆਚਾਰ ✪ ਪੰਜਾਬ ਵਿਚ ਗੋਤਰ ਅਤੇ ਧਰਮ ਦੀ ਜਕੜ ਕਾਰਣ ਹੋ ਰਹੀ ਹੈ ਆਨਰ ਕਿਲਿੰਗ

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਨੇ ਅਜੇ ਤੱਕ 2024 ਵਾਲੀ ਪੂਰੀ ਰਿਪੋਰਟ ਜਾਰੀ ਨਹੀਂ ਕੀਤੀ ਹੈ, ਜੋ ਕਿ ਅਕਤੂਬਰ 2025 ਵਿੱਚ ਆਉਣ ਵਾਲੀ ਹੈ। ਪਰ ਮੀਡੀਆ ਰਿਪੋਰਟਾਂ ਅਤੇ ਪੁਲਿਸ ਅੰਕੜਿਆਂ ਅਨੁਸਾਰ, 2024 ਵਿੱਚ ਭਾਰਤ ਵਿੱਚ ਅਣਖਾਂ ਕਾਰਣ ਕਤਲ ਸਬੰਧੀ ਮਾਮਲੇ ਵਧੇ ਹਨ, ਜੋ ਕਿ ਪਿਛਲੇ ਸਾਲਾਂ ਦੇ ਰੁਝਾਨ ਨੂੰ ਜਾਰੀ ਰੱਖਦੇ ਹਨ। 2023 ਵਿੱਚ 38 ਮਾਮਲੇ ਦਰਜ ਹੋਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਝਾਰਖੰਡ (9), ਹਰਿਆਣਾ (6), ਪੰਜਾਬ ਅਤੇ ਮੱਧ ਪ੍ਰਦੇਸ਼ (5-5) ਵਿੱਚ ਹੋਏ ਸਨ। 2024 ਵਿੱਚ ਵੀ ਇਹ ਰਾਜ ਵਧੇਰੇ ਪ੍ਰਭਾਵਿਤ ਹੋਏ ਹਨ, ਜਿੱਥੇ ਗੋਤਰ, ਜਾਤ ਅਤੇ ਧਰਮ ਦੇ ਨਾਮ ਉਪਰ ਜਾਨ ਲਈਆਂ। ਐੱਨਜੀਓਜ਼ ਅਨੁਸਾਰ, ਅਸਲ ਅੰਕੜਾ ਰਿਪੋਰਟ ਨਾਲੋਂ ਬਹੁਤ ਵੱਧ ਹੈ, ਕਿਉਂਕਿ ਬਹੁਤੇ ਮਾਮਲੇ ਲੁਕਾਏ ਜਾਂਦੇ ਹਨ। ਇਸ ਸਾਲ ਵਿੱਚ ਰਿਪੋਰਟ ਹੋਏ ਮਾਮਲਿਆਂ ਵਿੱਚ ਔਰਤਾਂ ਨੂੰ ਆਪਣੀ ਮਰਜ਼ੀ ਨਾਲ ਵਿਆਹ ਕਰਨ 'ਤੇ ਨਿਸ਼ਾਨਾ ਬਣਾਇਆ ਗਿਆ ਹੈ, ਅਤੇ ਪਰਿਵਾਰ ਵਲੋਂ ਅਣਖ ਨੂੰ ਬਚਾਉਣ ਦੇ ਨਾਂ ਤੇ ਹਿੰਸਾ ਕੀਤੀ ਗਈ ਸੀ। ਹੇਠਾਂ 2024 ਵਿੱਚ ਵੱਡੇ ਰਾਜਾਂ ਵਿੱਚ ਹੋਈਆਂ ਚੋਣਵੀਂ ਘਟਨਾਵਾਂ ਅਤੇ ਅੰਦਾਜ਼ਨ ਅੰਕੜੇ ਦਿੱਤੇ ਗਏ ਹਨ।




### ਝਾਰਖੰਡ: ਵਧਦੇ ਗੋਤਰੀ ਤਣਾਅ ਤੇ ਹਿੰਸਾ

2023 ਵਿੱਚ 9 ਮਾਮਲੇ ਨਾਲ ਸਭ ਤੋਂ ਅੱਗੇ ਰਿਹਾ ਝਾਰਖੰਡ । 2024 ਵਿੱਚ ਵੀ ਅਨਰ ਕਿਲਿੰਗਾਂ ਨੇ ਨਵਾਂ ਰੂਪ ਅਪਣਾਇਆ ਸੀ। ਕਬਾਇਲੀ ਖੇਤਰਾਂ ਵਿੱਚ ਆਰਥਿਕ ਵਿਕਾਸ ਨਾਲ ਨੌਜਵਾਨਾਂ ਵਿੱਚ ਆਜ਼ਾਦੀ ਦੀ ਭਾਵਨਾ ਵਧੀ ਹੈ, ਪਰ ਪੁਰਾਣੀਆਂ ਰੀਤਾਂ ਵਿਚ ਫਸੇ ਸਮਾਜ ਤੇ ਪਰਿਵਾਰ ਇਸ ਨੂੰ ਬਰਦਾਸ਼ਤ ਨਹੀਂ ਕਰ ਰਹੇ। ਐੱਨਜੀਓ 'ਐਵੀਡੈਂਸ' ਅਨੁਸਾਰ, 2024 ਵਿੱਚ ਘੱਟੋ-ਘੱਟ 7-8 ਮਾਮਲੇ ਰਿਪੋਰਟ ਹੋਏ ਸਨ, ਜਿਨ੍ਹਾਂ ਵਿੱਚੋਂ ਕਈ ਟ੍ਰਾਈਬਲ ਅਤੇ ਨੀਚੀ ਜਾਤੀਆਂ ਨਾਲ ਜੁੜੇ ਸਨ।

ਜਨਵਰੀ ਦੌਰਾਨ ਰਾਂਚੀ ਨੇੜੇ ਇੱਕ 22 ਸਾਲਾਂ ਦੀ ਲੜਕੀ ਨੂੰ ਉਸ ਦੇ ਪਰਿਵਾਰ ਨੇ ਇੱਕ ਵੱਖਰੀ ਜਾਤੀ ਦੇ ਮੁੰਡੇ ਨਾਲ ਰਿਸ਼ਤੇ ਕਰਕੇ ਜੀਉਂਦਿਆਂ ਜਲਾ ਦਿੱਤਾ। ਪੁਲਿਸ ਨੇ ਤਿੰਨ ਨੂੰ ਗ੍ਰਿਫ਼ਤਾਰ ਕੀਤਾ, ਪਰ ਗੁਆਂਢੀ ਪਿੰਡ ਵਾਸੀਆਂ ਨੇ ਪਰਿਵਾਰ ਨੂੰ ਸਮਰਥਨ ਦਿੱਤਾ ਸੀ। ਅਪ੍ਰੈਲ ਵਿੱਚ ਗਿਰੀਡੀਹ ਜ਼ਿਲ੍ਹੇ ਵਿੱਚ ਇੱਕ ਜੋੜੇ ਨੂੰ ਗੋਲੀ ਮਾਰ ਦਿੱਤੀ ਗਈ ਸੀ, ਜੋ ਕਿ ਗੋਤਰ ਤੋਂ ਬਾਹਰ ਜਾਕੇ ਵਿਆਹ ਕਰ ਰਹੇ ਸਨ। ਇਹ ਘਟਨਾਵਾਂ ਇਸ ਝਾਰਖੰਡ ਨੂੰ ਅਨਰ ਕਿਲਿੰਗਾਂ ਦੀ ਰਾਜਧਾਨੀ ਬਣਾਉਣ ਵਾਲੀਆਂ ਹਨ।

### ਹਰਿਆਣਾ: ਖਾਪ ਪੰਚਾਇਤਾਂ ਦਾ ਜਾਰੀ ਰਾਜ

ਹਰਿਆਣਾ ਵਿੱਚ 2023 ਵਿੱਚ 6 ਮਾਮਲੇ ਹੋਣ ਤੋਂ ਬਾਅਦ, 2024 ਵਿੱਚ ਘੱਟੋ-ਘੱਟ 5 ਵੱਡੇ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚ ਖਾਪ ਪੰਚਾਇਤਾਂ ਨੇ ਅਹਿਮ ਭੂਮਿਕਾ ਨਿਭਾਈ ਸੀ। ਖਾਪ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤੇ ਜਾਣ ਤੋਂ ਬਾਵਜੂਦ, ਉਹ ਅੱਜ ਵੀ ਗੋਤਰੀ ਵਿਆਹਾਂ ਤੇ ਜਾਤਾਂ ਵਿਚੋਂ ਬਾਹਰ ਜਾਕੇ ਵਿਆਹ ਕਰਵਾਉਣ ਨੂੰ ਰੋਕਣ ਲਈ ਹੁਕਮ ਜਾਰੀ ਕਰਦੀਆਂ ਹਨ।

ਜੂਨ ਵਿੱਚ ਹਿਸਾਰ ਵਿੱਚ ਮੀਨਾ (28) ਅਤੇ ਤੇਜਬੀਰ (29) ਨੂੰ ਜਾਤੀ ਤੋਂ ਬਾਹਰ ਵਿਆਹ ਕਰਵਾਉਣ ਕਰਕੇ ਗੋਲੀ ਮਾਰ ਦਿੱਤੀ ਗਈ ਸੀ। ਮੀਨਾ ਦੇ ਭਰਾ ਅਤੇ ਚਚੇਰੇ ਭਰਾ ਨੇ ਖਾਪ ਦੇ ਹੁਕਮ ਨਾਲ ਇਹ ਕਰਾਈਮ ਕੀਤਾ ਸੀ, ਅਤੇ ਪੁਲਿਸ ਨੇ ਬਾਅਦ ਵਿੱਚ ਚਾਰ ਨੂੰ ਗ੍ਰਿਫ਼ਤਾਰ ਕੀਤਾ ਸੀ। ਅਗਸਤ ਵਿੱਚ ਰੋਹਤਕ ਵਿੱਚ ਇੱਕ 20 ਸਾਲਾਂ ਦੀ ਲੜਕੀ ਨੂੰ ਪਰਿਵਾਰ ਨੇ ਮਾਰ ਕੇ ਜਲਾ ਦਿੱਤਾ ਸੀ, ਕਿਉਂਕਿ ਉਹ ਇੱਕ ਦਲਿਤ ਗੋਤਰ ਦੇ ਮੁੰਡੇ ਨਾਲ ਵਿਆਹ ਕਰਵਾਇਆ ਸੀ। ਐੱਲਡਬਲਯੂਐੱਸ (ਆਲ ਇੰਡੀਆ ਡੈਮੋਕਰੇਟਿਕ ਵੁਮੈਨਜ਼ ਐੱਸੋਸੀਏਸ਼ਨ) ਨੇ ਰਿਪੋਰਟ ਕੀਤਾ ਕਿ ਇਹਨਾਂ ਘਟਨਾਵਾਂ ਵਿੱਚ ਖਾਪ ਨੂੰ ਰੋਕਣ ਲਈ ਵਿਸ਼ੇਸ਼ ਕਾਨੂੰਨ ਦੀ ਲੋੜ ਹੈ, ਕਿਉਂਕਿ ਸੁਪਰੀਮ ਕੋਰਟ ਦੇ 2018 ਵਾਲੇ ਹੁਕਮ ਅਜੇ ਲਾਗੂ ਨਹੀਂ ਹੋ ਰਹੇ।

### ਪੰਜਾਬ: ਗੋਤਰ ਅਤੇ ਧਰਮ ਨਾਲ ਜੁੜੀਆਂ ਘਟਨਾਵਾਂ

ਪੰਜਾਬ ਵਿੱਚ 2023 ਵਿੱਚ 5 ਮਾਮਲੇ ਹੋਣ ਤੋਂ ਬਾਅਦ, 2024 ਵਿੱਚ ਘੱਟੋ-ਘੱਟ 4 ਮਾਮਲੇ ਰਿਪੋਰਟ ਹੋਏ, ਜੋ ਕਿ ਗੋਤਰੀ ਵਿਆਹਾਂ ਨਾਲ ਜੁੜੇ ਹਨ। ਪੰਜਾਬ ਪੁਲਿਸ ਅਨੁਸਾਰ, 2011 ਤੋਂ ਹੁਣ ਤੱਕ 40 ਤੋਂ ਵੱਧ ਮਾਮਲੇ ਵਾਪਰ ਚੁੱਕੇ ਹਨ।

ਮਈ ਵਿੱਚ ਬਰਨਾਲਾ ਵਿੱਚ ਮਨਪ੍ਰੀਤ ਕੌਰ (25) ਅਤੇ ਗੁਰਦੀਪ ਸਿੰਘ (30) ਨੂੰ ਗੋਲੀ ਮਾਰ ਦਿੱਤੀ ਗਈ ਸੀ, ਕਿਉਂਕਿ ਉਹ ਇੱਕੋ ਗੋਤਰ ਵਿੱਚ ਵਿਆਹ ਕਰ ਰਹੇ ਸਨ। ਪਰਿਵਾਰ ਨੇ ਇਸ ਨੂੰ 'ਗਲਤੀ ਨਾਲ ਫਾਇਰਿੰਗ' ਕਹਿ ਕੇ ਲੁਕਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਪੋਸਟਮਾਰਟਮ ਨੇ ਅਨਰ ਕਿਲਿੰਗ ਦੀ ਪੁਸ਼ਟੀ ਕੀਤੀ। ਜੁਲਾਈ ਵਿੱਚ ਲੁਧਿਆਣਾ ਨੇੜੇ ਇੱਕ ਇੰਟਰ-ਫੇਥ ਜੋੜੇ ਨੂੰ ਮਾਰ ਦਿੱਤਾ ਗਿਆ ਸੀ। ਇਹ ਘਟਨਾਵਾਂ ਪੰਜਾਬੀ ਸਮਾਜ ਵਿੱਚ ਆਧੁਨਿਕਤਾ ਅਤੇ ਪਰੰਪਰਾ ਵਿਚਕਾਰ ਟਾਕਰੇ ਨੂੰ ਦਰਸਾਉਂਦੀਆਂ ਹਨ, ਜਿੱਥੇ ਵਿਦੇਸ਼ਾਂ ਵਿੱਚ ਵੱਸਣ ਵਾਲੇ ਨੌਜਵਾਨ ਵੀ ਪਰਿਵਾਰਕ ਦਬਾਅ ਵਿੱਚ ਫਸ ਜਾਂਦੇ ਹਨ। ਇੱਕ ਵਿਸ਼ਲੇਸ਼ਣ ਅਨੁਸਾਰ, ਪੰਜਾਬ ਵਿੱਚ ਅਨਰ ਕਿਲਿੰਗਾਂ ਦਾ ਕਾਰਨ ਜਾਤ ਅਤੇ ਧਰਮ ਹੈ, ਜੋ ਨੌਜਵਾਨਾਂ ਨੂੰ ਨਿੱਜੀ ਆਜ਼ਾਦੀ ਤੋਂ ਵਾਂਝਾ ਰੱਖਦਾ ਹੈ।

### ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼: ਪੱਛਮੀ ਯੂਪੀ ਅਤੇ ਦਿਹਾਤੀ ਖੇਤਰਾਂ ਵਿੱਚ ਵਾਧਾ

ਉੱਤਰ ਪ੍ਰਦੇਸ਼ ਵਿੱਚ 2023 ਵਿੱਚ 4 ਮਾਮਲੇ ਹੋਣ ਤੋਂ ਬਾਅਦ, 2024 ਵਿੱਚ ਪੱਛਮੀ ਯੂਪੀ ਵਿੱਚ 6 ਤੋਂ ਵੱਧ ਘਟਨਾਵਾਂ ਹੋਈਆਂ ਸਨ। ਮਈ ਵਿੱਚ ਸੀਤਾਪੁਰ ਵਿੱਚ ਇੱਕ ਭਤੀਜੀ ਨੂੰ ਭੱਜਣ ਕਰਕੇ ਗਲਾ ਕੱਟ ਦਿੱਤਾ ਗਿਆ ਸੀ। ਐੱਸਸੀ ਐੱਸਟੀ ਵਿੱਚ ਵੀ ਅਜਿਹੇ ਮਾਮਲੇ ਵਧੇ ਹਨ।

ਮੱਧ ਪ੍ਰਦੇਸ਼ ਵਿੱਚ ਜਨਵਰੀ ਵਿੱਚ ਮੋਰੇਨਾ ਜ਼ਿਲ੍ਹੇ ਵਿੱਚ ਰਾਧੇਸ਼ਿਆਮ ਤੋਮਰ (21) ਅਤੇ ਸ਼ਿਵਾਨੀ ਤੋਮਰ (18) ਨੂੰ ਚੰਬਲ ਨਦੀ ਵਿੱਚ ਸੁਟ ਦਿੱਤਾ ਗਿਆ ਸੀ। ਇਹ ਜੋੜਾ ਵੱਖਰੇ ਗੋਤਰ ਵਿੱਚ ਵਿਆਹ ਕਰ ਰਿਹਾ ਸੀ। ਅਪ੍ਰੈਲ ਵਿੱਚ ਇੱਕ ਲੜਕੀ ਨੂੰ ਪਰਿਵਾਰ ਨੇ ਗੋਲੀ ਮਾਰ ਦਿੱਤੀ, ਕਿਉਂਕਿ ਉਹ ਆਪਣੀ ਪਸੰਦ ਨਾਲ ਵਿਆਹ ਕਰਨਾ ਚਾਹੁੰਦੀ ਸੀ। ਐੱਨਸੀਆਰਬੀ ਅਨੁਸਾਰ, ਇਹਨਾਂ ਰਾਜਾਂ ਵਿੱਚ 58% ਮਾਮਲੇ ਵਾਪਰੇ ਹਨ, ਅਤੇ 2024 ਵਿੱਚ ਵੀ ਇਹ ਰੁਝਾਨ ਜਾਰੀ ਹੈ।

### ਕੁੱਲ ਅੰਦਾਜ਼ਨ ਅੰਕੜੇ ਅਤੇ ਰੁਝਾਨ

2024 ਵਿੱਚ ਭਾਰਤ ਵਿੱਚ ਘੱਟੋ-ਘੱਟ 30-35 ਮਾਮਲੇ ਰਿਪੋਰਟ ਹੋਏ ਹਨ, ਜੋ ਕਿ 2023 ਦੇ 38 ਨਾਲੋਂ ਥੋੜ੍ਹੇ ਘੱਟ ਹਨ ਪਰ ਅਸਲ ਵਿੱਚ ਵਧੇ ਹਨ ਕਿਉਂਕਿ ਰਿਪੋਰਟਿੰਗ ਵਧੀ ਹੈ। ਝਾੜਖੰਡ ਅਤੇ ਹਰਿਆਣਾ ਅੱਗੇ ਰਹੇ, ਜਦਕਿ ਪੰਜਾਬ, ਯੂਪੀ ਅਤੇ ਐੱਮਪੀ ਵਿੱਚ ਵੀ ਵਾਧਾ ਹੋਇਆ। ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਇਹ ਅਪਰਾਧਾਂ ਨੂੰ ਵੱਖਰਾ ਘੋਸ਼ਿਤ ਕਰਨ ਅਤੇ ਖਾਪ ਨੂੰ ਖਤਮ ਕਰਨ ਦੀ ਲੋੜ ਹੈ।

ਐੱਨਸੀਆਰਬੀ ਅਤੇ ਐੱਮਨੈਸਟੀ ਨੇ ਸੁਝਾਇਆ ਕਿ ਵਿਸ਼ੇਸ਼ ਕਾਨੂੰਨ ਬਣਾਓ, ਪੁਲਿਸ ਨੂੰ ਨਿਰਪੱਖ ਬਣਾਓ ਅਤੇ ਸਿੱਖਿਆ ਰਾਹੀਂ ਜਾਗਰੂਕਤਾ ਵਧਾਓ। ਆਰਥਿਕ ਆਜ਼ਾਦੀ ਨਾਲ ਔਰਤਾਂ ਨੂੰ ਮਜਬੂਤ ਕਰੋ। ਨੌਜਵਾਨ ਵਰਗ ਨੂੰ ਚੇਤਨ ਕਰਨ ਨਾਲ ਹੀ ਇਹ ਸਮਾਜਿਕ ਬਦਲਾਅ ਆ ਸਕਦਾ ਹੈ।

# ਤਰਨਤਾਰਨ ਜ਼ਿਮਨੀ ਚੋਣ ਲਈ ਆਪ ਨੇ ਐਲਾਨਿਆ ਉਮੀਦਵਾਰ

## ✪ ਭਗਵੰਤ ਮਾਨ ਨੇ ਰੈਲੀ ਵਿਚ ਕੀਤਾ ਐਲਾਨ ✪ ਹਰਮੀਤ ਸਿੰਘ ਸੰਧੂ ਬਾਦਲ ਦਲ ਤੋਂ ਆਪ ਵਿੱਚ ਸ਼ਾਮਲ ਹੋਏ ਸਨ

ਤਰਨ ਤਾਰਨ-ਤਰਨਤਾਰਨ ਵਿੱਚ ਹੋਣ ਵਾਲੀ ਵਿਧਾਨ ਸਭਾ ਜ਼ਿਮਨੀ ਚੋਣ ਲਈ ਆਪ ਨੇ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਤਰਨਤਾਰਨ ਰੈਲੀ ਵਿੱਚ ਹਰਮੀਤ ਸਿੰਘ ਸੰਧੂ ਦਾ ਨਾਮ ਐਲਾਨਿਆ ਹੈ। ਹਰਮੀਤ ਸਿੰਘ ਸੰਧੂ ਅਕਾਲੀ ਦਲ ਤੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਹਲਕਾ ਇੰਚਾਰਜ ਦੀ ਜ਼ਿੰਮੇਵਾਰੀ ਦਿੱਤੀ ਹੋਈ ਹੈ।

ਦੱਸ ਦੇਈਏ ਵਿਧਾਨ ਸਭਾ ਚੋਣ 2022 ਵਿੱਚ ਤਰਨਤਾਰਨ ਤੋਂ 'ਆਪ' ਦੇ ਕਸ਼ਮੀਰ ਸਿੰਘ ਸੋਹਲ ਵਿਧਾਇਕ ਚੁਣੇ ਗਏ ਸਨ। ਬਿਮਾਰੀ ਦੇ ਕਰਕੇ ਉਨ੍ਹਾਂ ਦਾ 27 ਜੂਨ 2025 ਨੂੰ ਦੇਹਾਂਤ ਹੋ ਗਿਆ ਸੀ। ਇਸ ਤੋਂ ਬਾਅਦ ਇਹ ਸੀਟ ਖ਼ਾਲੀ ਹੋ ਗਈ ਸੀ। ਇਸ ਸੀਟ ਨੂੰ ਪੰਥਕ ਸੀਟ ਮੰਨਿਆ ਜਾਂਦਾ ਹੈ। ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਖਡੂਰ ਸਾਹਿਬ ਦੇ ਵਿਧਾਇਕ ਤੇ ਖਾਲਿਸਤਾਨ ਸਮਰਥਕ, ਅੰਮ੍ਰਿਤਪਾਲ ਸਿੰਘ ਦੀ ਪਾਰਟੀ ਵੀ ਇੱਥੋਂ ਚੋਣ ਲੜਨ ਦਾ ਐਲਾਨ ਕਰ ਚੁੱਕੀ ਹੈ। ਅਜਿਹੇ ਵਿਚ ਆਮ ਆਦਮੀ ਪਾਰਟੀ ਨੂੰ ਇੱਥੋਂ ਮਜ਼ਬੂਤ ਚਿਹਰੇ ਦੀ ਤਲਾਸ਼ ਸੀ, ਇਸ ਲਈ ਹਰਮੀਤ ਸਿੰਘ ਸੰਧੂ ਲਈ ਜ਼ਿਮੇਵਾਰੀ ਵੱਡੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇੱਥੋਂ ਸੁਖਵਿੰਦਰ ਕੌਰ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ।



# ‘ਡੌਂਕੀ’ ਰਸਤੇ ਅਮਰੀਕਾ ਭੇਜਣ ਵਾਲੇ ਏਜੰਟਾਂ ਖ਼ਿਲਾਫ਼ ਐੱਨ. ਆਈ. ਏ ਹੋਈ ਸਰਗਰਮ

## ✪ ਦੋ ਮੁਲਜ਼ਮਾਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ




ਨਵੀਂ ਦਿੱਲੀ-ਰਾਸ਼ਟਰੀ ਜਾਂਚ ਏਜੰਸੀ (ਐੱਨ. ਆਈ. ਏ) ਨੇ ਡੌਂਕੀ ਮਾਰਗ ਰਾਹੀ ਭਾਰਤ ਤੋਂ ਅਮਰੀਕਾ ਵਿਚ ਕਥਿਤ ਮਨੁੱਖੀ ਤਸਕਰੀ ਦੇ ਸਬੰਧ ਵਿਚ ਦੋ ਮੁਲਜ਼ਮਾਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਹੈ। ਮੁਲਜ਼ਮਾਂ ਦੀ ਪਛਾਣ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਦੇ ਧਰਮਸ਼ਾਲਾ ਦੇ ਰਹਿਣ ਵਾਲੇ ਸੰਨੀ ਅਤੇ ਦਿੱਲੀ ਦੇ ਪੀਰਾਗੜ੍ਹੀ ਦੇ ਰਹਿਣ ਵਾਲੇ ਸ਼ੁਭਮ ਸੰਧਾਲ ਵਜੋਂ ਹੋਈ ਹੈ। ਮੁੱਖ ਮੁਲਜ਼ਮ ਦਿੱਲੀ ਦੇ ਤਿਲਕ ਨਗਰ ਦੇ ਰਹਿਣ ਵਾਲੇ ਗਗਨਦੀਪ ਸਿੰਘ ਦੀ ਗ੍ਰਿਫ਼ਤਾਰੀ ਤੋਂ ਲਗਭਗ ਤਿੰਨ ਮਹੀਨੇ ਬਾਅਦ ਉਨ੍ਹਾਂ ਨੂੰ ਜੁਲਾਈ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਹ ਦੋਸ਼ ਹੈ ਕਿ ਗਗਨਦੀਪ ਸਿੰਘ ਨੇ ਕਾਨੂੰਨੀ ਤੌਰ ’ਤੇ ਅਮਰੀਕੀ ਵੀਜ਼ੇ ਦਾ ਪ੍ਰਬੰਧ ਕਰਨ ਦੇ ਨਾਮ ’ਤੇ ਪ੍ਰਤੀ ਵਿਅਕਤੀ ਕੋਲੋਂ ਲਗਭਗ 45 ਲੱਖ ਰੁਪਏ ਲਏ। ਇਸ ਦੇ ਬਾਅਦ ਉਹ ਕਥਿਤ ਤੌਰ ’ਤੇ ਸਪੇਨ, ਅਲ ਸਲਵਾਡੋਰ, ਗੁਆਟੇਮਾਲਾ ਅਤੇ ਮੈਕਸੀਕੋ ਸਮੇਤ ਕਈ ਦੇਸ਼ਾਂ ਤੋਂ ਗੈਰ ਕਾਨੂੰਨੀ ਰੂਪ ਨਾਲ ਅਮਰੀਕਾ ਵਿੱਚ ਭੇਜਣ ਦੀ ਮਦਦ ਕਰਦਾ ਸੀ। “ਮਾਸਟਰਮਾਈਂਡ” ਨੇ ਕਥਿਤ ਤੌਰ ’ਤੇ 100 ਤੋਂ ਵੱਧ ਪੀੜਤਾਂ ਨੂੰ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਪਹੁੰਚਾਇਆ। ਇਹ ਮਾਮਲਾ ਪਹਿਲਾਂ ਪੰਜਾਬ ਪੁਲਸ ਨੇ ਤਰਨਤਾਰਨ ਵਿੱਚ ਦਰਜ ਕੀਤਾ ਸੀ ਅਤੇ 13 ਮਾਰਚ 2025 ਨੂੰ ਦੋ ਮੁਲਜ਼ਮਾਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਸੀ। ਐੱਨ. ਆਈ. ਏ ਮੁਤਾਬਕ ਸੰਨੀ ਇਕ ਡੌਂਕਰ ਹੈ, ਜੋ ਡੌਂਕੀ ਰਸਤੇ ਰਾਹੀਂ ਮਨੁੱਖੀ ਤਸਕਰੀ ਵਿੱਚ ਸ਼ਾਮਲ ਸੀ।

ਏਜੰਸੀ ਨੇ ਕਿਹਾ ਕਿ ਜਦੋਂ ਉਹ 2021 ਤੋਂ 2023 ਤੱਕ ਮੈਕਸੀਕੋ ਵਿੱਚ ਸੀ ਤਾਂ ਉਸ ਨੇ ਗੋਲਡੀ ਅਤੇ ਹੋਰਾਂ ਲੋਕਾਂ ਨਾਲ ਮਿਲ ਕੇ ਗੈਰ-ਕਾਨੂੰਨੀ ਸਰਹੱਦ ਪਾਰ ਕਰਨ ਅਤੇ ਪੀੜਤਾਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਣ ਵਿੱਚ ਮਦਦ ਕੀਤੀ। ਉਸ ਨੂੰ ‘ਹਵਾਲਾ’ ਅਤੇ ਬੈਂਕ ਟ੍ਰਾਂਸਫਰ ਰਾਹੀਂ ਭੁਗਤਾਨ ਕੀਤਾ ਗਿਆ। 2023 ਵਿੱਚ ਭਾਰਤ ਵਾਪਸ ਆਉਣ ਤੋਂ ਬਾਅਦ ਵੀ ਉਸ ਨੇ ਲੌਜਿਸਟਿਕਸ ਦਾ ਤਾਲਮੇਲ ਕਰਨਾ, ‘ਹਵਾਲਾ’ ਲੈਣ-ਦੇਣ ਦਾ ਪ੍ਰਬੰਧਨ ਕਰਨਾ ਅਤੇ ਪੀੜਤਾਂ ਨੂੰ ਸਿੱਧੇ ਡੌਂਕੀ ਰਸਤੇ ਰਾਹੀਂ ਭੇਜਣਾ ਜਾਰੀ ਰੱਖਿਆ।

ਦਿੱਲੀ ਸਥਿਤ ਹਵਾਲਾ ਏਜੰਟ ਸ਼ੁਭਮ ਸੰਧਲ ਮੁੱਖ ਤੌਰ ’ਤੇ ਗੋਲਡੀ ਅਤੇ ਉਸ ਦੇ ਸਾਥੀਆਂ ਦੁਆਰਾ ਸੰਚਾਲਿਤ ਮਨੁੱਖੀ ਤਸਕਰੀ ਸਿੰਡੀਕੇਟ ਲਈ ਗੈਰ-ਕਾਨੂੰਨੀ ਪੈਸੇ ਦੇ ਤਬਾਦਲੇ ਵਿੱਚ ਸ਼ਾਮਲ ਸੀ। ਐੱਨ. ਆਈ. ਏ. ਦੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਸ਼ੁਭਮ ਭਾਰਤੀ ਗਾਹਕਾਂ ਤੋਂ ਪੈਸੇ ਇਕੱਠੇ ਕਰਦਾ ਸੀ ਅਤੇ ਹਵਾਲਾ ਨੈੱਟਵਰਕ ਰਾਹੀਂ ਵਿਦੇਸ਼ ਭੇਜਦਾ ਸੀ। ਉਸ ਦੀ ਭੂਮਿਕਾ ਗੈਰ-ਕਾਨੂੰਨੀ ਇਮੀਗ੍ਰੇਸ਼ਨ ਰੈਕੇਟ ਦੇ ਹਿੱਸੇ ਵਜੋਂ ਭਾਰਤ, ਮੈਕਸੀਕੋ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਗੈਰ-ਕਾਨੂੰਨੀ ਪੈਸੇ ਦਾ ਸੁਚਾਰੂ ਪ੍ਰਬੰਧਨ ਅਤੇ ਟਰਾਂਸਪੋਰਟ ਕਰਨਾ ਸੀ। ਅਮਰੀਕਾ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਪੁਲਸ ਦੁਆਰਾ ਦਰਜ ਕੀਤੇ ਗਏ 17 ਅਜਿਹੇ ਮਾਮਲਿਆਂ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਮਨੀ ਲਾਂਡਰਿੰਗ ਦੇ ਪਹਿਲੂ ਦੀ ਵੀ ਜਾਂਚ ਕਰ ਰਿਹਾ ਹੈ। ਏਜੰਸੀ ਨੇ ਦੋਵਾਂ ਰਾਜਾਂ ਵਿੱਚ ਕਈ ਤਲਾਸ਼ੀਆਂ ਲਈਆਂ ਹਨ।

ਇਹ ਦੋਸ਼ ਹੈ ਕਿ ਏਜੰਟਾਂ ਨੇ ਵਿਦੇਸ਼ ਜਾਣ ਦੇ ਇਛੁੱਕ ਲੋਕਾਂ ਨੂੰ ਨਿਸ਼ਾਨਾ ਬਣਾਇਆ ਅਤੇ ਕਾਨੂੰਨੀ ਰਸਤੇ ਨਾਲ ਹਵਾਈ ਯਾਤਰਾ ਦਾ ਝੂਠਾ ਵਾਅਦਾ ਕਰਕੇ ਪ੍ਰਤੀ ਵਿਅਕਤੀ ਲਗਭਗ 45-50 ਲੱਖ ਰੁਪਏ ਵਸੂਲੇ। ਈਡੀ ਨੇ ਪਹਿਲਾਂ ਕਿਹਾ ਸੀ ਕਿ ਹਾਲਾਂਕਿ, ਏਜੰਟਾਂ ਨੇ ਮਾਸੂਮ ਲੋਕਾਂ ਨੂੰ ਧੋਖਾ ਦਿੱਤਾ ਕਿਉਂਕਿ ਉਨ੍ਹਾਂ ਨੂੰ ਡੌਂਕਰਸ (ਮਨੁੱਖੀ ਤਸਕਰਾਂ) ਅਤੇ ਮਾਫ਼ੀਆ ਦੇ ਪ੍ਰਭਾਵ ਹੇਠ ਖ਼ਤਰਨਾਕ/ਜੰਗਲੀ ਰਸਤਿਆਂ ਰਾਹੀਂ ਕਈ ਦੇਸ਼ਾਂ ਦੀਆਂ ਸਰਹੱਦਾਂ ਤੋਂ ਗੈਰ-ਕਾਨੂੰਨੀ ਢੰਗ ਨਾਲ ਲਿਜਾਇਆ ਜਾਂਦਾ ਸੀ। ਏਜੰਟਾਂ ਨੇ ਕਥਿਤ ਤੌਰ ’ਤੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਖ਼ਤਰਨਾਕ ਹਾਲਾਤ ਪੈਦਾ ਕੀਤੇ, ਉਨ੍ਹਾਂ ਨੂੰ ਵਧੇਰੇ ਭੁਗਤਾਨ ਕਰਨ ਲਈ ਮਜਬੂਰ ਕੀਤਾ।

# ਮੋਹਾਲੀ ਅਦਾਲਤ ਨੇ ਲਾਰੈਂਸ ਸਮੇਤ ਤਿੰਨ ਹੋਰ ਆਰਮਜ਼ ਐਕਟ ਮਾਮਲੇ ਵਿੱਚੋਂ ਕੀਤੇ ਬਰੀ



ਮੋਹਾਲੀ-ਮੋਹਾਲੀ ਦੀ ਇੱਕ ਅਦਾਲਤ ਨੇ ਬਦਨਾਮ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸਦੇ ਤਿੰਨ ਸਾਥੀਆਂ ਨੂੰ ਤਿੰਨ ਸਾਲ ਪੁਰਾਣੇ ਅਸਲਾ ਐਕਟ ਨਾਲ ਜੁੜੇ ਇੱਕ ਮਾਮਲੇ ਵਿੱਚ ਬਰੀ ਕਰ ਦਿੱਤਾ ਹੈ। ਇਹ ਫੈਸਲਾ ਪੰਜਾਬ ਦੇ ਇਸ ਵਿਵਾਦਿਤ ਗੈਂਗਸਟਰ ਲਈ ਵੱਡੀ ਰਾਹਤ ਹੈ, ਜੋ ਗੁਜਰਾਤ ਦੀ ਸਬਰਮਤੀ ਜੇਲ੍ਹ ਵਿੱਚ ਕੈਦ ਹੈ। ਹਾਲਾਂਕਿ, ਅਦਾਲਤ ਨੇ ਇੱਕ ਦੋਸ਼ੀ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਨੂੰ ਤਿੰਨ ਸਾਲ ਦੀ ਕੈਦ ਨਾਲ ਸਜ਼ਾ ਸੁਣਾਈ, ਨਾਲ ਹੀ 500 ਰੁਪਏਦਾ ਜੁਰਮਾਨਾ ਲਗਾਇਆ। ਜੁਰਮਾਨਾ ਅਦਾ ਨਾ ਕਰਨ ’ਤੇ ਉਸ ਨੂੰ ਇੱਕ ਮਹੀਨਾ ਵਾਧੂ ਜੇਲ੍ਹ ਵਿੱਚ ਬਿਤਾਉਣਾ ਪਵੇਗਾ। ਲਾਰੈਂਸ ਬਿਸ਼ਨੋਈ ਦੀ ਨੁਮਾਇੰਦਗੀ ਕਰ ਰਹੇ ਵਕੀਲ ਕਰਨ ਸੋਫਤ ਨੇ ਦੱਸਿਆ ਕਿ ਇਹ ਕੇਸ 2022 ਵਿੱਚ ਸੋਹਾਣਾ ਪੁਲਿਸ ਸਟੇਸ਼ਨ ਵਿੱਚ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਹੇਠ ਦਰਜ ਹੋਇਆ ਸੀ। ਮੁਲਜ਼ਮਾਂ ਵਿੱਚ ਲਾਰੈਂਸ ਬਿਸ਼ਨੋਈ, ਅਸੀਮ ਉਰਫ਼ ਹਾਸ਼ਮ ਬਾਬਾ, ਦੀਪਕ ਅਤੇ ਵਿਕਰਮ ਸਿੰਘ ਉਰਫ਼ ਵਿੱਕੀ ਸ਼ਾਮਲ ਸਨ। ਇਸਤਗਾਸਾ ਪੱਖ ਇਨ੍ਹਾਂ ਚਾਰਾਂ ਵਿਰੁੱਧ ਦੋਸ਼ ਸਾਬਤ ਕਰਨ ਵਿੱਚ ਅਸਫਲ ਰਿਹਾ, ਜਿਸ ਕਾਰਨ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ। ਉਧਰ, ਸਿਰਫ਼ ਸੋਨੂੰ ਨੂੰ ਅਸਲਾ ਐਕਟ ਦੀ ਧਾਰਾ 25 ਹੇਠ ਦੋਸ਼ੀ ਠਹਿਰਾਇਆ ਗਿਆ।

# ਦੁਸਹਿਰਾ ਦੇਖਣ ਗਏ 27 ਸਾਲਾ ਨੌਜਵਾਨ ਦੀ ਹੱਤਿਆ

## ✪ ਪਰਿਵਾਰਕ ਮੈਂਬਰਾਂ ਵਲੋਂ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਦੀ ਕੀਤੀ ਮੰਗ



ਬਰਨਾਲਾ-ਬਰਨਾਲਾ ਵਿਚ ਦੁਸਹਿਰਾ ਦੇਖਣ ਗਏ 27 ਸਾਲਾ ਇਕ ਨੌਜਵਾਨ ਹੀਰਾ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਗਰਚਾ ਰੋਡ, ਬਰਨਾਲਾ ਦੇ ਬੇਰਹਿਮੀ ਨਾਲ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ। ਹੀਰਾ ਸਿੰਘ ਦੇ ਪਿਤਾ ਭੋਲਾ ਸਿੰਘ, ਪਤਨੀ ਰੀਟਾ, ਮਾਤਾ ਹਰਬੰਸ ਕੌਰ, ਚਾਚਾ ਹਰਜੀਤ ਸਿੰਘ ਤੇ ਨਿਰਮਲ ਸਿੰਘ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਵੀਰਵਾਰ ਨੂੰ ਦੁਸਹਿਰੇ ਮੌਕੇ ਹੀਰਾ ਸਿੰਘ ਦੁਸਹਿਰਾ ਦੇਖਣ ਗਿਆ ਸੀ। ਉੱਥੇ ਦੋ ਧਿਰਾਂ ਵਿਚਾਲੇ ਲੜਾਈ-ਝਗੜਾ ਹੋ ਰਿਹਾ ਸੀ ਜਿਸ ਵਿਚ ਹੀਰਾ ਸਿੰਘ ਬੇਵਜ੍ਹਾ ਸ਼ਿਕਾਰ ਬਣ ਗਿਆ। ਉਨ੍ਹਾਂ ਦੱਸਿਆ ਕਿ ਹੀਰਾ ਸਿੰਘ ਦਾ ਕਿਸੇ ਨਾਲ ਕੋਈ ਲੜਾਈ-ਝਗੜਾ ਨਹੀਂ ਹੋਇਆ ਸੀ ਪਰ ਕਾਤਲਾਂ ਨੇ ਉਨ੍ਹਾਂ ਦੇ ਪੁੱਤ ਦਾ ਕਿਰਚ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪਰਿਵਾਰਕ ਮੈਂਬਰਾਂ ਨੇ ਕਾਤਲਾਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਇਨਸਾਫ਼ ਮਿਲ ਸਕੇ। ਪਰਿਵਾਰ ਨੇ ਇਕਲੌਤੇ ਕਮਾਊ ਪੁੱਤ ਹੀਰਾ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਸਰਕਾਰ ਤੋਂ ਆਰਥਿਕ ਮੁਆਵਜ਼ਾ ਰਾਸ਼ੀ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਵੀ ਮੰਗ ਕੀਤੀ ਤਾਂ ਜੋ ਪਰਿਵਾਰ ਦਾ ਗੁਜ਼ਾਰਾ ਚਲਾਇਆ ਜਾ ਸਕੇ। ਡੀਐੱਸਪੀ ਬਰਨਾਲਾ ਸਤਬੀਰ ਸਿੰਘ ਬੈਂਸ ਨੇ ਮਾਮਲੇ ਬਾਰੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ’ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਸਾਬਕਾ ਸਰਪੰਚ ਦੇ ਪੁੱਤਰ ਦਾ ਕਤਲ

## ✪ ਗੋਲੀਆਂ ਮਾਰ ਕੇ ਹਮਲਾਵਰ ਫਰਾਰ



ਬਰਨਾਲਾ-ਬਰਨਾਲਾ ਜ਼ਿਲ੍ਹੇ ਦੇ ਸ਼ਹਿਣਾ ਪਿੰਡ ਦੀ ਸਾਬਕਾ ਸਰਪੰਚ ਗੁਰਮੀਤ ਕੌਰ ਦੇ ਪੁੱਤਰ, ਸੁਖਵਿੰਦਰ ਸਿੰਘ ਕਲਕੱਤਾ (42), ਨੂੰ ਬੱਸ ਸਟੈਂਡ ਨੇੜੇ ਇੱਕ ਦਫਤਰ ਵਿੱਚ ਬੈਠੇ ਹੋਏ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਗੋਲੀਆਂ ਮਾਰਕੇ ਹਮਲਾਵਰ ਤੁਰੰਤ ਭੱਜ ਗਿਆ। ਹਾਲਾਂਕਿ, ਸ਼ੁਰੂਆਤੀ ਪੁਲਿਸ ਜਾਂਚ ਵਿੱਚ ਇਹ ਘਟਨਾ ਆਪਸੀ ਵਿੱਤੀ ਝਗੜੇ ਅਤੇ ਨਿੱਜੀ ਦੁਸ਼ਮਣੀ ਨਾਲ ਜੁੜੀ ਨਿਕਲੀ ਹੈ। ਡੀਐਸਪੀ ਅਸ਼ੋਕ ਸ਼ਰਮਾ ਦੀ ਅਗਵਾਈ ਵਿੱਚ ਜਾਂਚ ਚੱਲ ਰਹੀ ਹੈ ਅਤੇ ਮ੍ਰਿਤਕ ਦੇ ਪਰਿਵਾਰਕ ਬਿਆਨਾਂ ਅਧਾਰ ਤੇ ਐਫਆਈਆਰ ਦਰਜ ਕੀਤੀ ਜਾਵੇਗੀ।

# ਦਿੱਲੀ ਵਿੱਚ ਔਰਤਾਂ ਅਸੁਰੱਖਿਅਤ ਕਿਉਂ ? ਪੁਲਿਸ ਦੀ ਢਿੱਲ ਕਿਉਂ ?

**✪ ਔਰਤਾਂ ਵਿਰੁੱਧ ਅਪਰਾਧਾਂ ਦੇ ਲਈ ਯੂਪੀ ਤੋਂ ਰਾਜਸਥਾਨ ਤਕ ਸੂਬੇ ਖਤਰਨਾਕ ✪ ਪੰਜਾਬ ਵਿੱਚ ਔਰਤਾਂ ਦੀ ਸੁਰੱਖਿਆ, ਸੁਧਾਰ ਦੀ ਲੋੜ ✪ ਸਰਕਾਰ ਦੀ ਜ਼ਿੰਮੇਵਾਰੀ: ਸੁਰੱਖਿਅਤ ਸ਼ਹਿਰ ਤੇ ਨੀਤੀਆਂ ਲਈ ਕਦਮ ਚੁੱਕੋ**

## ਨਿਊਜ਼ ਵਿਸ਼ਲੇਸ਼ਣ

ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦਾ ਕੇਸ ਲਗਾਤਾਰ ਵਧ ਰਿਹਾ ਹੈ, ਜੋ ਇਸ ਨੂੰ ਦੇਸ਼ ਦੇ ਸਭ ਤੋਂ ਅਸੁਰੱਖਿਅਤ ਸ਼ਹਿਰ ਬਣਾ ਰਿਹਾ ਹੈ। ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ (ਐੱਨਸੀਆਰਬੀ) ਦੀ 2023 ਦੀ ਰਿਪੋਰਟ ਅਨੁਸਾਰ, ਦਿੱਲੀ ਵਿੱਚ ਔਰਤਾਂ ਵਿਰੁੱਧ 13,366 ਕੇਸ ਰਜਿਸਟਰ ਹੋਏ, ਜੋ 19 ਵੱਡੇ ਮਹਾਂਨਗਰਾਂ ਵਿੱਚੋਂ ਸਭ ਤੋਂ ਵੱਧ ਹਨ। ਇਹ ਅੰਕੜੇ 2022 ਦੇ 14,158 ਕੇਸਾਂ ਨਾਲੋਂ 5.7 ਫੀਸਦੀ ਘੱਟ ਹਨ, ਪਰ ਫਿਰ ਵੀ ਦਿੱਲੀ ਨੇ ਤੀਜੇ ਸਾਲ ਔਰਤਾਂ ਲਈ ਸਭ ਤੋਂ ਖਤਰਨਾਕ 'ਮੈਗਾ ਸਿਟੀ' ਦਾ ਟੈਗ ਰੱਖਿਆ ਹੈ। ਇਸ ਵਿੱਚ ਬਲਾਤਕਾਰ, ਛੇੜਛਾੜ, ਜ਼ੁਲਮ, ਦਾਜ ਕਾਰਣ ਤੰਗ ਕਰਨਾ ਅਤੇ ਦਾਜ ਹੱਤਿਆ ਵਰਗੇ ਮਾਮਲੇ ਸ਼ਾਮਲ ਹਨ।

ਦਿੱਲੀ ਦੀ ਅਸੁਰੱਖਿਆ ਦੇ ਕਾਰਨਾਂ ਵਿੱਚ ਸ਼ਾਮਲ ਹਨ ਘੱਟ ਰੋਸ਼ਨੀ ਵਾਲੀਆਂ ਗਲੀਆਂ, ਜਨਤਕ ਟਰਾਂਸਪੋਰਟ ਵਿੱਚ ਭੀੜ ਅਤੇ ਪੁਲਿਸ ਦੀ ਕਮੀ। ਐੱਨਸੀਆਰਬੀ ਦੇ ਅਨੁਸਾਰ, ਦਿੱਲੀ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀ ਦਰ 144.4 ਪ੍ਰਤੀ ਲੱਖ ਔਰਤਾਂ ਹੈ, ਜੋ ਰਾਸ਼ਟਰੀ ਔਸਤ 66.4 ਤੋਂ ਕਿਤੇ ਵੱਧ ਹੈ। ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਰਾਤ ਨੂੰ ਔਰਤਾਂ ਨੂੰ 35 ਫੀਸਦੀ ਔਰਤਾਂ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ, ਜਦਕਿ ਦਿਨ ਵਿੱਚ ਇਹ ਅੰਕੜਾ ਸਿਰਫ 8 ਫੀਸਦੀ ਹੈ। ਇਸ ਤੋਂ ਇਲਾਵਾ, ਸ਼ਹਿਰੀ ਯੋਜਨਾ ਵਿੱਚ ਔਰਤਾਂ ਦੀਆਂ ਲੋੜਾਂ ਨੂੰ ਅਖੋਂ ਪਰੋਖੇ ਕੀਤਾ ਜਾਂਦਾ ਹੈ, ਜਿਵੇਂ ਕਿ ਸੁਰੱਖਿਅਤ ਪਾਰਕਿੰਗ, ਬੈਠਣ ਵਾਲੀਆਂ ਜਗ੍ਹਾਵਾਂ ਅਤੇ ਐਮਰਜੈਂਸੀ ਸੇਵਾਵਾਂ ਦੀ ਕਮੀ ਹੈ।

ਪੁਲਿਸ ਵੱਲੋਂ ਕੁਝ ਕਦਮ ਚੁਕੇ ਗਏ ਹਨ, ਪਰ ਨਤੀਜੇ ਨਿਰਾਸ਼ਾਜਨਕ ਹਨ। ਦਿੱਲੀ ਪੁਲਿਸ ਨੇ 'ਜ਼ੀਰੋ ਟਾਲਰੈਂਸ' ਨੀਤੀ ਅਪਣਾਈ ਹੈ, ਜਿਸ ਨਾਲ ਐਫਆਈਆਰਾਂ ਦੀ ਰਜਿਸਟ੍ਰੇਸ਼ਨ ਵਧੀ ਹੈ। ਪਰ ਅਪਰਾਧਾਂ ਨੂੰ ਰੋਕਣ ਲਈ ਪੈਟਰੋਲਿੰਗ ਅਤੇ ਮੈਨ ਪਾਵਰ ਵਿੱਚ ਵਾਧਾ ਨਹੀਂ ਹੋਇਆ। ਕੰਪਟਰੋਲਰ ਐਂਡਿਟਰ ਜਨਰਲ ਦੀ ਰਿਪੋਰਟ ਅਨੁਸਾਰ, ਪੁਲਿਸ ਵਿੱਚ ਸਟਾਫ ਦੀ ਕਮੀ ਹੈ, ਜਿਸ ਨਾਲ ਅਪਰਾਧੀ ਬੇਪਰਵਾਹ ਘੁੰਮਦੇ ਰਹਿੰਦੇ ਹਨ। ਔਰਤਾਂ ਨੇ ਸ਼ਿਕਾਇਤ ਕੀਤੀ ਹੈ ਕਿ ਪਬਲਿਕ ਬੱਸਾਂ ਵਿੱਚ ਛੇੜਛਾੜ ਆਮ ਹੈ ਅਤੇ ਪੁਲਿਸ ਵਲੋਂ ਸ਼ਿਕਾਇਤਾਂ ਨੂੰ ਅਕਸਰ ਅਖੋਂ ਪਰੋਖੇ ਕੀਤਾ ਜਾਂਦਾ ਹੈ।

### ਭਾਰਤ ਵਿੱਚ ਔਰਤਾਂ ਅਪਰਾਧਾਂ ਲਈ ਸਭ ਤੋਂ ਖਤਰਨਾਕ ਸੂਬੇ

ਐੱਨਸੀਆਰਬੀ ਦੀ 2023 ਰਿਪੋਰਟ ਅਨੁਸਾਰ, ਭਾਰਤ ਵਿੱਚ ਔਰਤਾਂ ਵਿਰੁੱਧ ਕੁੱਲ 4,48,211 ਅਪਰਾਧੀ ਕੇਸ ਰਜਿਸਟਰ ਹੋਏ ਸਨ, ਜੋ 2022 ਦੇ 4,45,256 ਕੇਸਾਂ ਨਾਲੋਂ 0.7 ਫੀਸਦੀ ਵਧ ਹਨ। ਇਹ ਦਰ ਪ੍ਰਤੀ ਲੱਖ ਔਰਤਾਂ ਵਿੱਚ 66.2 ਹੈ। ਇਸ ਵਿੱਚ ਪਤੀ ਜਾਂ ਰਿਸ਼ਤੇਦਾਰਾਂ ਵੱਲੋਂ ਸ਼ੋਸ਼ਣ ਤੇ ਜ਼ੁਲਮ (1,33,676 ਕੇਸ, 29.8 ਫੀਸਦੀ), ਅਗਵਾ (88,605 ਕੇਸ, 19.8 ਫੀਸਦੀ), ਛੇੜਛਾੜ (83,891 ਕੇਸ, 18.7 ਫੀਸਦੀ) ਅਤੇ ਪੌਕਸੋ ਅਧੀਨ ਬਲਾਤਕਾਰ (66,232 ਕੇਸ, 14.8 ਫੀਸਦੀ) ਸਭ ਤੋਂ ਵੱਧ ਹਨ।

ਸੂਬਿਆਂ ਵਿੱਚ, ਉੱਤਰ ਪ੍ਰਦੇਸ਼ (ਯੂਪੀ) ਸਭ ਤੋਂ ਖਤਰਨਾਕ ਹੈ, ਜਿੱਥੇ 66,381 ਕੇਸ ਰਜਿਸਟਰ ਹੋਏ - ਇਹ ਦੇਸ਼ ਦੇ ਕੁੱਲ ਕੇਸਾਂ ਦਾ 14.8 ਫੀਸਦੀ ਹੈ। ਯੂਪੀ ਵਿੱਚ ਬਲਾਤਕਾਰ, ਅਗਵਾ ਅਤੇ ਵਿਆਹ ਲਈ ਅਗਵਾ (10,675 ਕੇਸ) ਵਧੇ ਹਨ। ਬਿਹਾਰ ਦੂਜੇ ਨੰਬਰ ਤੇ ਹੈ, ਜਿੱਥੇ 9,486 ਵਿਆਹ ਲਈ ਅਗਵਾ ਦੇ ਕੇਸ ਹਨ ਅਤੇ ਕੁੱਲ ਅਪਰਾਧਾਂ ਵਿੱਚ ਵਾਧਾ ਹੈ। ਰਾਜਸਥਾਨ (45,450 ਕੇਸ, ਦਰ 114.8 ਪ੍ਰਤੀ ਲੱਖ) ਅਤੇ ਮਹਾਰਾਸ਼ਟਰ (47,101 ਕੇਸ) ਵੀ ਟਾਪ ਤੇ ਹਨ। ਤੇਲੰਗਾਨਾ ਦੀ ਦਰ 124.9 ਪ੍ਰਤੀ ਲੱਖ ਹੈ, ਜੋ ਰਾਸ਼ਟਰੀ ਔਸਤ ਤੋਂ ਡਬਲ ਹੈ। ਓਡੀਸ਼ਾ ਵਿੱਚ 25,914 ਕੇਸ ਅਤੇ ਸਾਈਬਰ ਅਪਰਾਧਾਂ ਵਿੱਚ 761 ਕੇਸ ਹਨ। ਮੱਧ ਪ੍ਰਦੇਸ਼ ਵਿੱਚ 32,342 ਕੇਸ ਅਤੇ ਐਸਿਡ ਅਟੈਕ ਵਿੱਚ ਵਾਧਾ ਹੈ।



### ਪੰਜਾਬ ਵਿੱਚ ਔਰਤਾਂ ਅਪਰਾਧਾਂ ਦੀ ਹਾਲਤ ਕੀ ਹੈ ?

ਪੰਜਾਬ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀ ਹਾਲਤ ਚਿੰਤਾਜਨਕ ਹੈ, ਪਰ ਰਾਸ਼ਟਰੀ ਪੱਧਰ ਨਾਲੋਂ ਥੋੜ੍ਹੀ ਬਿਹਤਰ ਹੈ। ਐੱਨਸੀਆਰਬੀ 2023 ਅਨੁਸਾਰ, ਪੰਜਾਬ ਵਿੱਚ ਵਿਆਹ ਲਈ ਔਰਤਾਂ ਦੇ ਅਗਵਾ ਦੇ 1,413 ਕੇਸ ਰਜਿਸਟਰ ਹੋਏ, ਜੋ ਦੇਸ਼ ਵਿੱਚ ਚੌਥੇ ਨੰਬਰ ਤੇ ਹੈ। ਕੁੱਲ ਅਪਰਾਧਾਂ ਵਿੱਚ 2022 ਨਾਲੋਂ ਘਟ ਕੇ 5,572 ਐਫਆਈਆਰਾਂ ਰਹੀਆਂ ਹਨ (2021 ਵਿੱਚ 5,662), ਜੋ 1.5 ਫੀਸਦੀ ਘਟੀਆਂ ਹਨ। ਬਲਾਤਕਾਰ ਦੇ 517 ਕੇਸ ਹਨ, ਜੋ ਪਿਛਲੇ ਸਾਲ ਨਾਲੋਂ ਵਧੇ ਹਨ। ਪਤੀ ਵੱਲੋਂ ਜ਼ੁਲਮ 1,640 ਕੇਸ ਅਤੇ ਅਪਹਰਣ 1,478 ਕੇਸ ਹਨ, ਜੋ ਘਟੇ ਹਨ। ਬੱਚਿਆਂ ਵਿਰੁੱਧ ਅਪਰਾਧ 2,494 ਕੇਸ ਰਹੇ, ਜਿਸ ਵਿੱਚ ਪੌਕਸੋ ਅਧੀਨ 883 ਕੇਸ ਹਨ।

ਪੰਜਾਬ ਵਿੱਚ ਸ਼ਹਿਰੀ ਖੇਤਰਾਂ ਜਿਵੇਂ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਛੇੜਛਾੜ ਅਤੇ ਘਰੇਲੂ ਹਿੰਸਾ ਵਧ ਰਹੇ ਹਨ, ਜਦਕਿ ਪੇਂਡੂ ਖੇਤਰਾਂ ਵਿੱਚ ਅਗਵਾ ਅਤੇ ਐਸਿਡ ਅਟੈਕ (ਵੈਸਟ ਬੈਂਗਲ ਨਾਲੋਂ ਘੱਟ ਪਰ ਵਧ ਰਹੇ) ਮੁੱਖ ਸਮੱਸਿਆ ਹਨ। ਇਹ ਹਾਲਤ ਦੱਸਦੀ ਹੈ ਕਿ ਪੰਜਾਬ ਵਿੱਚ ਸੁਧਾਰ ਹੋ ਰਿਹਾ ਹੈ, ਪਰ ਵਧੇਰੇ ਯੋਜਨਾਵਾਂ ਦੀ ਲੋੜ ਹੈ।

### ਸਰਕਾਰ ਨੂੰ ਕੀ ਉਪਰਾਲੇ ਚੁੱਕਣੇ ਚਾਹੀਦੇ ਹਨ ?

ਔਰਤਾਂ ਦੀ ਸੁਰੱਖਿਆ ਲਈ ਸਰਕਾਰ ਨੂੰ ਤੁਰੰਤ ਅਤੇ ਵਿਆਪਕ ਉਪਰਾਲੇ ਚੁੱਕਣੇ ਚਾਹੀਦੇ ਹਨ। ਪਹਿਲਾਂ, ਨਿਰਭਯਾ ਫੰਡ ਨੂੰ ਪੂਰੀ ਤਰ੍ਹਾਂ ਵਰਤੋਂ ਵਿੱਚ ਲਿਆਓ, ਜੋ ਔਰਤਾਂ ਦੀ ਸੁਰੱਖਿਆ ਲਈ ਪ੍ਰੋਜੈਕਟਾਂ ਲਈ ਹੈ। ਇਸ ਵਿੱਚ ਸੀਸੀਟੀਵੀ, ਸਟ੍ਰੀਟ ਲਾਈਟਾਂ ਅਤੇ ਐਮਰਜੈਂਸੀ ਬਟਨ ਵਾਲੇ ਐਪਸ ਸ਼ਾਮਲ ਕਰੋ। ਦੂਜਾ, ਕ੍ਰਿਮੀਨਲ ਲਾਅ (ਐਮੈਂਡਮੈਂਟ) ਐਕਟ 2018 ਨੂੰ ਸਖਤੀ ਨਾਲ ਲਾਗੂ ਕਰੋ, ਜਿਸ ਵਿੱਚ ਬਲਾਤਕਾਰ ਲਈ ਫਾਂਸੀ ਵਰਗੀਆਂ ਸਜ਼ਾਵਾਂ ਹਨ। ਤੀਜਾ, ਵੋਮੈਨ ਸੇਫਟੀ ਡਿਵੀਜ਼ਨ ਨੂੰ ਮਜ਼ਬੂਤ ਕਰੋ ਅਤੇ ਸ਼ੀ-ਬਾਕਸ ਪੋਰਟਲ ਨੂੰ ਵਧਾਓ, ਜੋ ਵਰਕਪਲੇਸ ਹਰਾਸਮੈਂਟ ਲਈ ਸ਼ਿਕਾਇਤਾਂ ਦਾ ਹੱਲ ਕਰਦਾ ਹੈ।

ਪੰਜਾਬ ਵਿੱਚ, ਪੰਜਾਬ ਸਟੇਟ ਕਮਿਸ਼ਨ ਫਾਰ ਵੋਮੈਨ ਨੂੰ ਵਧੇਰੇ ਅਧਿਕਾਰ ਦਿਓ ਅਤੇ ਐਸਿਡ ਅਟੈਕ ਵਿਰੁੱਧ ਕਾਨੂੰਨ ਸਖਤ ਕਰੋ। ਬੱਚਿਆਂ ਲਈ ਕ੍ਰੈੱਚ ਬਣਾਓ ਤਾਂ ਜੋ ਕੰਮਕਾਜ਼ ਔਰਤਾਂ ਨੂੰ ਚਿੰਤਾ ਨਾ ਹੋਵੇ। ਅੰਤ ਵਿੱਚ, ਪੁਲਿਸ ਰਿਫਾਰਮ ਕਰੋ - ਮਨ ਪਾਵਰ ਵਧਾਓ ਅਤੇ ਫਾਸਟ-ਟ੍ਰੈਕ ਕੋਰਟਸ ਲਈ ਬਜਟ ਵਧਾਓ।

## ਮਨੋਰੰਜਨ ਕਾਲੀਆ ਦੇ ਘਰ 'ਤੇ ਹਮਲਾ ਕਰਨ ਵਾਲੇ ਚਾਰ ਗੈਂਗਸਟਰਾਂ ਵਿਰੁੱਧ ਚਾਰਜਸ਼ੀਟ ਦਾਇਰ

ਜਲੰਧਰ-ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਸੀਨੀਅਰ ਭਾਜਪਾ ਨੇਤਾ ਤੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ 'ਤੇ ਗ੍ਰਨੇਡ ਹਮਲੇ ਦੇ ਮਾਮਲੇ ਵਿਚ ਚਾਰ ਦੋਸ਼ੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਹੈ। ਚਾਰਜਸ਼ੀਟ ਵਿਚ ਦੋ ਗ੍ਰਿਫ਼ਤਾਰ ਮੁਲਜ਼ਮ, ਸੈਦੁਲ ਅਮੀਨ ਵਾਸੀ ਅਮਰੋਹਾ (ਯੂਪੀ) ਤੇ ਅਭਿਜੋਤ ਜਾਂਗਰਾ ਵਾਸੀ ਕੁਰੂਕਸ਼ੇਤਰ (ਹਰਿਆਣਾ) ਤੇ ਦੋ ਫਰਾਰ ਮੁਲਜ਼ਮ, ਕੁਲਬੀਰ ਸਿੰਘ ਸਿੱਧੂ ਵਾਸੀ ਯਮੁਨਾਨਗਰ (ਹਰਿਆਣਾ) ਤੇ ਮਨੀਸ਼ ਕਾਕਾ ਰਾਣਾ ਵਾਸੀ ਕਰਨਾਲ (ਹਰਿਆਣਾ) ਸ਼ਾਮਲ ਹਨ।

ਚਾਰਜਸ਼ੀਟ ਵਿਚ, ਐੱਨਆਈਏ ਨੇ ਚਾਰਾਂ ਨੂੰ ਵਿਸਫੋਟਕ ਐਕਟ ਤੇ ਵੱਖ-ਵੱਖ ਧਾਰਾਵਾਂ ਤਹਿਤ ਚਾਰਜਸ਼ੀਟ ਦਾਇਰ ਕੀਤੀ ਹੈ। ਇੱਥੇ ਜ਼ਿਕਰਯੋਗ ਹੈ ਕਿ ਸਾਬਕਾ ਭਾਜਪਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ 'ਤੇ ਗ੍ਰਨੇਡ ਹਮਲਾ 7 ਅਪ੍ਰੈਲ, 2025 ਦੀ ਰਾਤ ਨੂੰ ਹੋਇਆ ਸੀ। ਕੁਝ ਦਿਨਾਂ ਬਾਅਦ 12 ਅਪ੍ਰੈਲ ਨੂੰ ਐੱਨਆਈਏ ਨੇ ਜਾਂਚ ਆਪਣੇ ਹੱਥਾਂ ਵਿਚ ਲੈ ਲਈ। ਜਾਂਚ ਵਿਚ ਪਾਇਆ ਗਿਆ ਕਿ ਕੁਲਬੀਰ ਸਿੰਘ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਸੰਪਰਕ ਵਿਚ ਸੀ ਤੇ ਮਨੀਸ਼ ਉਰਫ਼ ਕਾਕਾ ਰਾਣਾ ਨਾਲ ਮਿਲ ਕੇ, ਪੰਜਾਬ ਵਿਚ ਪ੍ਰਮੁੱਖ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਿਹਾ ਸੀ। ਉਸਨੇ ਜਨਤਾ 'ਚ ਦਹਿਸ਼ਤ ਫੈਲਾਉਣ ਤੇ ਜਬਰੀ ਵਸੂਲੀ ਰਾਹੀਂ ਫੰਡ ਇਕੱਠਾ ਕਰਨ ਲਈ ਇਕ ਗੈਂਗ ਵੀ ਬਣਾਇਆ। ਬਾਅਦ ਵਿਚ ਮਨੀਸ਼ ਨੇ ਸੈਦੁਲ ਅਮੀਨ ਨੂੰ ਇਸ ਸਮੂਹ ਵਿਚ ਭਰਤੀ ਕੀਤਾ, ਜਿਸਨੇ 7 ਅਪ੍ਰੈਲ ਦੀ ਰਾਤ ਨੂੰ ਸਾਬਕਾ ਮੰਤਰੀ ਦੇ ਘਰ 'ਤੇ ਗ੍ਰਨੇਡ ਸੁੱਟਿਆ।

# ਆਈਐਸਆਈ ਨੇ ਪੰਜਾਬ ਵਿਚ ਵਡੀ ਵਾਰਦਾਤ ਕਰਨ ਲਈ ਭੇਜੇ ਗਏ ਚਾਰ ਗ੍ਰਨੇਡ

## ✪ ਖਾੜਕੂਆਂ ਦੀ ਭਾਲ ਵਿਚ ਪੁਲਿਸ, ਬੀਐੱਸਐੱਫ ਤੇ ਖੁਫੀਆਂ ਏਜੰਸੀਆਂ

ਅੰਮ੍ਰਿਤਸਰ-ਖਾੜਕੂਆਂ ਨੇ ਇਸ ਦੀਵਾਲੀ ’ਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਵੱਲੋਂ ਭੇਜੇ ਗਏ ਚਾਰ ਗ੍ਰਨੇਡਾਂ ਨਾਲ ਪੰਜਾਬ ਨੂੰ ਹਿਲਾ ਦੇਣ ਦਾ ਇਰਾਦਾ ਬਣਾਇਆ ਸੀ। ਇਹ ਖਦਸ਼ਾ ਹੈ ਕਿ ਜ਼ਬਤ ਕੀਤੇ ਗਏ ਚਾਰ ਗ੍ਰਨੇਡਾਂ ਤੋਂ ਇਲਾਵਾ ਸਰਹੱਦੀ ਖੇਤਰ ਵਿਚ ਹੋਰ ਵਿਸਫੋਟਕ ਵੀ ਆਏ ਹਨ। ਪੁਲਿਸ, ਬੀਐੱਸਐੱਫ ਤੇ ਖੁਫੀਆ ਏਜੰਸੀਆਂ ਇਨ੍ਹਾਂ ਨੂੰ ਲੱਭਣ ਲਈ ਇਕ ਤਾਲਮੇਲ ਕਰ ਕੇ ਖੋਜ ਮੁਹਿੰਮ ਚਲਾ ਰਹੀਆਂ ਹਨ।

ਐੱਸਐੱਸਪੀ ਮਨਿੰਦਰ ਸਿੰਘ ਨੇ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਤਰਨਤਾਰਨ ਜ਼ਿਲ੍ਹੇ ਦੇ ਪੱਟੀ ਸਦਰ ਥਾਣੇ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡ ਤਲਵੰਡੀ ਮੇਹਰ ਸਿੰਘ ਵਾਸੀ ਰਵਿੰਦਰ ਸਿੰਘ ਰਵੀ ਉਰਫ਼ ਬੱਤੀ, ਬਟਾਲਾ ਜ਼ਿਲ੍ਹੇ ਦੇ ਘੁਮਾਣ ਥਾਣੇ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡ ਹਰਪੁਰਾ ਵਾਸੀ ਧਰਮਿੰਦਰ ਸਿੰਘ ਧਰਮ ਤੇ ਉਸ ਦੇ ਸਾਥੀ ਮਹਿਕਪ੍ਰੀਤ ਸਿੰਘ ਵਜੋਂ ਕੀਤੀ ਹੈ। ਰਵਿੰਦਰ ਦੇ ਕਬਜ਼ੇ ਵਿਚੋਂ ਦੋ ਗ੍ਰਨੇਡ ਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ।

ਧਰਮਿੰਦਰ ਤੇ ਮਹਿਕਪ੍ਰੀਤ ਸਿੰਘ ਦੋਵੇਂ ਫੌਜ ’ਚ ਸੇਵਾ ਨਿਭਾਅ ਰਹੇ ਹਨ, ਜਿਨ੍ਹਾਂ ਤੋਂ ਦੋ ਗ੍ਰਨੇਡ, ਇਕ ਗਲੌਕ ਪਿਸਤੌਲ, ਇਕ ਮੈਗਜ਼ੀਨ ਤੇ 15 ਕਾਰਤੂਸ ਬਰਾਮਦ ਕੀਤੇ ਗਏ ਹਨ। ਰਵਿੰਦਰ ਤੋਂ ਪੁੱਛਗਿੱਛ ਜਾਰੀ ਹੈ, ਜਦਕਿ ਬਾਕੀ ਦੋ ਨੂੰ ਅਦਾਲਤ ’ਚ ਪੇਸ਼ ਕਰ ਕੇ ਨਿਆਂਇਕ ਹਿਰਾਸਤ ’ਚ ਭੇਜ ਦਿੱਤਾ ਗਿਆ ਹੈ।

ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਖਾੜਕੂਆਂ ਦਾ ਇਰਾਦਾ ਇਨ੍ਹਾਂ ਚਾਰ ਗ੍ਰਨੇਡਾਂ ਦੀ ਵਰਤੋਂ ਕਰ ਕੇ ਇਸ ਦੀਵਾਲੀ ’ਤੇ ਵੱਡੇ ਹਮਲੇ ਕਰਨ ਦਾ ਸੀ। ਧਰਮਿੰਦਰ, ਜਿਸ ਨੂੰ ਫੌਜ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ, ਅਤੇ ਰਵਿੰਦਰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਨਾਲ ਸਿੱਧੇ ਸੰਪਰਕ ਵਿਚ ਸਨ। ਪੁਲਿਸ ਨੂੰ ਸ਼ੱਕ ਹੈ ਕਿ ਦੋਵਾਂ ਨੇ ਪਹਿਲਾਂ ਵੀ ਇਸੇ ਤਰ੍ਹਾਂ ਦੇ ਹਥਿਆਰਾਂ ਦੀ ਖੇਪ ਖਰੀਦੀ ਤੇ ਸਪਲਾਈ ਕੀਤੀ ਹੈ।

ਇਹ ਖੁਲਾਸਾ ਹੋਇਆ ਹੈ ਕਿ ਧਰਮਿੰਦਰ ਜਿਸ ਨੇ ਪਹਿਲਾਂ ਸਜ਼ਾ ਭੁਗਤ ਲਈ ਸੀ, ਖਾਲਿਸਤਾਨ ਕਮਾਂਡੋ ਫੋਰਸ (ਕੇਸੀਐਫ) ਦੇ ਖਾੜਕੂ ਕੁਲਵੰਤ ਸਿੰਘ ਉਰਫ ਕਾਂਤਾ ਦੇ ਸੰਪਰਕ ਵਿਚ ਸੀ। ਕਾਂਤਾ ਇਸ ਸਮੇਂ ਯੂਕੇ ਤੋਂ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇ ਰਿਹਾ ਹੈ। ਇਸ ਦੌਰਾਨ ਰਵਿੰਦਰ ਬੱਬਰ ਖਾਲਸਾ ਦੇ ਮੁਖੀ ਹਰਵਿੰਦਰ ਸਿੰਘ ਰਿੰਦਾ ਦੇ ਇਸ਼ਾਰੇ ’ਤੇ ਹਥਿਆਰਾਂ ਦਾ ਨਿਪਟਾਰਾ ਕਰ ਰਿਹਾ ਸੀ।

ਦੋਸ਼ੀਆਂ ਤੋਂ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਆਈਐੱਸਆਈ ਦੀਵਾਲੀ ’ਤੇ ਵੱਡੇ ਹਮਲੇ ਦੀ ਯੋਜਨਾ ਬਣਾ ਰਹੀ ਹੈ। ਖੁਫੀਆ ਏਜੰਸੀ ਨੇ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਜਾਣਕਾਰੀ ਭੇਜੀ ਹੈ। ਅਜਿਹੇ ਹਮਲੇ ਨੂੰ ਰੋਕਣ ਲਈ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ’ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਰਵਿੰਦਰ ਵਿਰੁੱਧ ਤਰਨਤਾਰਨ ਵਿਚ ਕਤਲ ਦੀ ਕੋਸ਼ਿਸ਼ ਦੇ ਦੋਸ਼ ਵਿਚ ਕੇਸ ਦਰਜ ਕੀਤਾ ਗਿਆ ਹੈ।

ਕਮਾਂਡੋ ਭੇਸ ਬਦਲਣ ਵਿਚ ਮਾਹਿਰ-ਜਾਂਚ ਅਧਿਕਾਰੀ ਨੇ ਦੱਸਿਆ ਕਿ ਗ੍ਰਿਫ਼ਤਾਰ ਕਮਾਂਡੋ ਧਰਮਿੰਦਰ ਨੇ ਲਗਭਗ ਪੰਜ ਸਾਲ ਫੌਜ ਵਿਚ ਸੇਵਾ ਨਿਭਾਈ। ਉਹ ਇੰਟਰਨੈੱਟ ਮੀਡੀਆ ਰਾਹੀਂ ਆਈਐਸਆਈ ਨਾਲ ਜੁੜਿਆ ਹੋਇਆ ਸੀ। ਪਿਛਲੇ ਛੇ ਸਾਲਾਂ ਵਿਚ ਉਸ ਨੇ ਕਈ ਵਾਰ ਆਪਣਾ ਭੇਸ ਬਦਲਿਆ ਹੈ। ਪਤਾ ਲੱਗਾ ਹੈ ਕਿ ਮੁਜਲਮ ਨੂੰ ਕਈ ਵਾਰ ਮੁਸਲਿਮ ਪਹਿਰਾਵੇ ਵਿਚ ਵੀ ਦੇਖਿਆ ਗਿਆ ਹੈ।

# ਪਤਨੀ ਨੇ ਆਪਣੇ ਦੋਸਤਾਂ ਨਾਲ ਮਿਲਕੇ ਬੀਮਾ ਕੰਪਨੀ ਨਾਲ ਮਾਰੀ ਠੱਗੀ

## ✪ ਫਿਰੋਜ਼ਪੁਰ ਵਿਚ ਜਿਉਂਦੇ ਪਤੀ ਦੀ ਮੌਤ ਦਾ ਸਰਟੀਫਿਕੇਟ ਬਣਾ ਕੇ ਵਸੂਲੇ 19 ਲੱਖ

ਫਿਰੋਜ਼ਪੁਰ-ਪਿੰਡ ਨਵਾਂ ਪੁਰਬਾ ਵਿਚ ਰਹਿਣ ਵਾਲੇ ਨੌਜਵਾਨ ਨਾਲ ਫਰਜ਼ੀ ਵਿਆਹ ਸਾਬਿਤ ਕਰ ਕੇ ਔਰਤ ਨੇ ਇਕ ਵਿਅਕਤੀ ਦਾ ਜਾਅਲੀ ਮੌਤ ਸਰਟੀਫਿਕੇਟ ਬਣਵਾ ਲਿਆ। ਇਸ ਮਗਰੋਂ ਬੀਮਾ ਕੰਪਨੀ ਕੋਲੋਂ 19 ਲੱਖ ਦਾਅਵੇ ਤਹਿਤ ਹਾਸਿਲ ਕੀਤੇ। ਲੰਘੀ 15 ਸਤੰਬਰ ਨੂੰ ਇਸ ਕੇਸ ਵਿਚ ਪੀੜਤ ਨੇ ਐੱਸਐੱਸਪੀ ਨੂੰ ਸ਼ਿਕਾਇਤ ਦੇ ਕੇ ਮੁਲਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਇਸ ਮਾਮਲੇ ਵਿਚ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੇ ਔਰਤ ਤੇ ਉਸ ਦੇ ਦੋ ਦੋਸਤਾਂ ਉੱਤੇ ਕੇਸ ਦਰਜ ਕੀਤਾ ਹੈ।

ਏਐੱਸਆਈ ਅਯੂਬ ਮਸੀਹ ਨੇ ਦੱਸਿਆ ਕਿ ਵਿਸ਼ਾਲ ਪੁੱਤਰ ਵਿਜੇ ਨਿਵਾਸੀ ਚੁੰਗੀ ਨੰਬਰ ਅੱਠ, ਫ਼ਰੀਦਕੋਟ ਰੋਡ ਨਵਾਂ ਪੁਰਬਾ ਨੇ ਸ਼ਿਕਾਇਤ ਦਿੱਤੀ ਸੀ। ਵਿਸ਼ਾਲ ਮੁਤਾਬਕ ਮੁਲਜ਼ਮਾਂ ਸੰਜਨਾ ਨਿਵਾਸੀ ਕੁੰਡੇ ਤੇ ਉਸ ਦੇ ਦੋਸਤਾਂ ਸਾਹਿਲ ਖੰਨਾ ਨਿਵਾਸੀ ਸਾਹਮਣੇ ਮੋਦੀ ਮਿੱਲ ਫਿਰੋਜ਼ਪੁਰ ਤੇ ਸੁਖਦੇਵ ਸਿੰਘ ਨੇ ਬੀਮਾ ਕੰਪਨੀ ਐੱਚਡੀਐੱਫਸੀ ਲਾਈਫ ਨਾਲ 19 ਲੱਖ ਰੁਪਏ ਦੀ ਠੱਗੀ ਕੀਤੀ ਹੈ। ਦਰਅਸਲ, ਸੰਜਨਾ ਤੇ ਸਾਥੀਆਂ ਨੇ ਪੀੜਤ ਵਿਸ਼ਾਲ ਨੂੰ ਬੈਂਕ ਤੋਂ ਨਾਨ-ਰਿਫੰਡੇਬਲ ਕਰਜ਼ਾ ਦਿਵਾਉਣ ਦੇ ਬਹਾਨੇ ਜ਼ਰੂਰੀ ਦਸਤਾਵੇਜ਼ ਹਾਸਿਲ ਕੀਤੇ ਸਨ। ਫਿਰ ਇਨ੍ਹਾਂ ਦਸਤਾਵੇਜ਼ਾਂ ਦੀ ਬੁਨਿਆਦ ’ਤੇ ਫਰਜ਼ੀ ਅਧਾਰ ਕਾਰਡ ਬਣਾ ਕੇ ਵਿਸ਼ਾਲ ਨਾਲ ਸੰਜਨਾ ਕੁੰਡੇ ਦਾ ਫਰਜ਼ੀ ਵਿਆਹ ਸਾਬਿਤ ਕੀਤਾ। ਇਸ ਮਗਰੋਂ ਜਾਅਲਸਾਜ਼ ਔਰਤ ਨੇ ਵਿਸ਼ਾਲ ਦੀ ਮੌਤ ਦਾ ਸਰਟੀਫਿਕੇਟ ਜਾਰੀ ਕਰਵਾ ਲਿਆ ਤੇ ਐੱਚਡੀਐੱਫਸੀ ਲਾਈਫ ਕੋਲੋਂ 19 ਲੱਖ ਰੁਪਏ ਵਸੂਲੇ।

ਫਿਰ ਜਦੋਂ ਬੀਮਾ ਕੰਪਨੀ ਨੇ ਵਿਸ਼ਾਲ ਦੇ ਅਸਲੀ ਪਤੇ ’ਤੇ ਦਸਤਕ ਦਿੱਤੀ ਤਾਂ ਮਾਮਲੇ ਦਾ ਰਾਜ਼ਫ਼ਾਸ਼ ਹੋ ਗਿਆ। ਪਿੰਡ ਦੇ ਸਰਪੰਚ ਨੇ ਬੀਮਾ ਕੰਪਨੀ ਦੇ ਕਰਿੰਦਿਆਂ ਨੂੰ ਵਿਸ਼ਾਲ ਦੇ ਜਿਉਂਦੇ ਹੋਣ ਦੀ ਗੱਲ ਕਹੀ ਸੀ ਤੇ ਵਿਸ਼ਾਲ ਦੇ ਪਰਿਵਾਰ ਨੇ ਵੀ ਮਾਮਲੇ ਦੇ ਭੇਤ ਖੋਲ੍ਹ ਦਿੱਤੇ।

## ਪੁਲਿਸ ਵਲੋਂ 288 ਥਾਵਾਂ ’ਤੇ ਛਾਪੇਮਾਰੀ

### ✪ 78 ਸਮਗਲਰ 4 ਕਿੱਲੋ ਹੈਰੋਇਨ ਤੇ ਲੱਖਾਂ ਦੀ ਡਰੱਗ ਮਨੀ ਫੜੇ

ਚੰਡੀਗੜ੍ਹ-ਪੰਜਾਬ ਪੁਲਿਸ ਨੇ ਵੀਰਵਾਰ ਨੂੰ ਰਾਜ ਭਰ ਵਿੱਚ 288 ਥਾਵਾਂ ’ਤੇ ਛਾਪੇਮਾਰੀ ਕੀਤੀ ਤੇ 78 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਇਨ੍ਹਾਂ ਛਾਪਿਆਂ ਦੌਰਾਨ ਪੁਲਿਸ ਨੇ 4 ਕਿੱਲੋ ਹੈਰੋਇਨ, 500 ਗ੍ਰਾਮ ਅਫੀਮ, 842 ਨਸ਼ੀਲੇ ਕੈਪਸੂਲ ਅਤੇ 2.13 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ। ਜ਼ਿਕਰਯੋਗ ਹੈ ਕਿ ਹੁਣ ਤੱਕ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 31,649 ਤੱਕ ਪਹੁੰਚ ਗਈ ਹੈ। 34 ਲੋਕਾਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦੇ ਇਲਾਜ ਲਈ ਪ੍ਰੇਰਿਤ ਕੀਤਾ ਗਿਆ।

# ਭਈਆ ਵਲੋਂ ਗੋਲੀ ਮਾਰ ਕੇ ਭਈਏ ਦੀ ਹੱਤਿਆ

## ✪ ਦੋਸ਼ੀ ਫਰਾਰ, ਪੁਲਿਸ ਵਲੋਂ ਨਾਜਾਇਜ਼ ਪਿਸਤੌਲ ਬਰਾਮਦ



ਲੁਧਿਆਣਾ-ਥਾਣਾ ਜਮਾਲਪੁਰ ਦੇ ਘੇਰੇ ਅੰਦਰ ਪੈਂਦੇ ਇਲਾਕੇ ਰਾਮ ਨਗਰ ’ਚ ਗੁਆਂਢੀ ਵਲੋਂ ਗੋਲੀ ਮਾਰ ਕੇ ਇਕ ਨੌਜਵਾਨ ਦੀ ਹੱਤਿਆ ਕਰ ਦੇਣ ਦੀ ਖ਼ਬਰ ਹੈ। ਮਿਰਤਕ ਦੀ ਸ਼ਨਾਖ਼ਤ ਹਿਮਾਂਸ਼ੂ (19) ਵਜੋਂ ਹੋਈ ਹੈ। ਹਿਮਾਂਸ਼ੂ ਇਥੇ ਆਪਣੇ ਭਰਾ ਨਾਲ ਰਹਿੰਦਾ ਸੀ, ਜਦਕਿ ਮੂਲ ਰੂਪ ਵਿਚ ਉਹ ਆਜ਼ਮਗੜ੍ਹ (ਯੂ. ਪੀ.) ਦਾ ਰਹਿਣ ਵਾਲਾ ਸੀ। ਉਹ ਆਪਣੇ ਭਰਾ ਨਾਲ ਹੀ ਰਾਮ ਨਗਰ ਵਿਚ ਵਿਹਲੇ ਸਮੇਂ ਸੈਲੂਨ ਦਾ ਕੰਮ ਕਰਦਾ ਸੀ ਅਤੇ ਪਿਛਲੇ ਕੁਝ ਦਿਨਾਂ ਤੋਂ ਉਸ ਦੀ ਆਪਣੇ ਗੁਆਂਢ ਵਿਚ ਰਹਿਣ ਵਾਲੇ ਨੌਜਵਾਨ ਗੁਲਸ਼ਨ ਨਾਲ ਰੰਜਿਸ਼ ਚੱਲ ਰਹੀ ਸੀ। ਦੁਪਹਿਰ ਵੀ ਇਨ੍ਹਾਂ ਦੋਵਾਂ ਦੀ ਆਪਸ ਵਿਚ ਬਹਿਸ ਹੋਈ, ਜਿਸ ’ਤੇ ਗੁਲਸ਼ਨ ਵਲੋਂ ਆਪਣੇ ਪਾਸ ਰੱਖੀ ਪਿਸਤੌਲ ਕੱਢ ਲਈ ਅਤੇ ਹਿਮਾਂਸ਼ੂ ’ਤੇ ਗੋਲੀ ਚਲਾ ਦਿੱਤੀ। ਹਿਮਾਂਸ਼ੂ ਦਾ ਦੋਸਤ ਵੀ ਇਸ ਮੌਕੇ ਉਸ ਦੇ ਨਾਲ ਸੀ, ਜੋ ਕਿ ਇਸ ਵਾਰਦਾਤ ਵਿਚ ਮਾਮੂਲੀ ਜ਼ਖ਼ਮੀ ਹੋ ਗਿਆ ਹੈ। ਸੂਚਨਾ ਮਿਲਦਿਆਂ ਏ.ਸੀ.ਪੀ. ਜਸਬਿੰਦਰ ਸਿੰਘ ਸਮੇਤ ਹੋਰ ਉਚ ਪੁਲਿਸ ਅਧਿਕਾਰੀ ਮੌਕੇ ’ਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀ ਗਲਾਡਾ ਦਾ ਮੁਲਾਜ਼ਮ ਹੈ ਅਤੇ ਉਸ ਨੂੰ ਪਿਤਾ ਦੀ ਮੌਤ ਤੋਂ ਬਾਅਦ ਉਥੇ ਨੌਕਰੀ ਮਿਲੀ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਵਲੋਂ ਘਟਨਾ ਵਾਲੀ ਥਾਂ ਤੋਂ ਹੱਤਿਆ ਵਿਚ ਵਰਤੀ ਗਈ ਪਿਸਤੌਲ ਬਰਾਮਦ ਕੀਤੀ ਹੈ, ਜੋ ਕਿ ਨਾਜਾਇਜ਼ ਹੈ। ਉਨ੍ਹਾਂ ਦੱਸਿਆ ਕਿ ਘਟਨਾ ਤੋਂ ਬਾਅਦ ਗੁਲਸ਼ਨ ਮੌਕੇ ਤੋਂ ਫ਼ਰਾਰ ਹੋ ਗਿਆ ਹੈ। ਪੁਲਿਸ ਵਲੋਂ ਉਸ ਦੀ ਭਾਲ ਕੀਤੀ ਜਾ ਰਹੀ ਹੈ।

# ਦਿੱਲੀ ਪੁਲਿਸ ਵਲੋਂ ਵਿਦੇਸ਼ ਬੈਠੇ ਗੈਂਗਸਟਰਾਂ ਦੇ ਦੋ ਗੁਰਗੇ ਮੁਕਾਬਲੇ ਦੌਰਾਨ ਗ੍ਰਿਫਤਾਰ

ਨਵੀਂ ਦਿੱਲੀ-ਦਿੱਲੀ ਪੁਲੀਸ ਨੇ ਬੀਤੇ ਦਿਨੀਂ ਕਾਪਾਸ਼ੇਰਾ ਇਲਾਕੇ ਵਿਚ ਹੋਏ ਮੁਕਾਬਲੇ ਦੌਰਾਨ ਵਿਦੇਸ਼ ਵਿਚ ਬੈਠੇ ਗੈਂਗਸਟਰਾਂ ਦੇ ਦੋ ਗੁਰਗਿਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਹ ਦੋਵੇਂ ਵੱਖ ਵੱਖ ਅਪਰਾਧਾਂ ਵਿਚ ਪੁਲੀਸ ਨੂੰ ਲੋੜੀਂਦੇ ਸਨ। ਮੁਲਜ਼ਮਾਂ ਦੀ ਪਛਾਣ ਆਕਾਸ਼ ਰਾਜਪੂਤ ਤੇ ਮਹੀਪਾਲ ਵਜੋਂ ਹੋਈ ਹੈ ਤੇ ਦੋਵੇਂ ਰਾਜਸਥਾਨ ਦੇ ਵਸਨੀਕ ਹਨ। ਪੁਲੀਸ ਨੇ ਦੱਸਿਆ ਕਿ ਰਾਜਪੂਤ ਹਰਿਆਣਾ, ਗੁਜਰਾਤ ਅਤੇ ਰਾਜਸਥਾਨ ਵਿੱਚ ਕਈ ਜਬਰਨ ਵਸੂਲੀ ਅਤੇ ਅਗਵਾ ਦੇ ਮਾਮਲਿਆਂ ਵਿੱਚ ਲੋੜੀਂਦਾ ਸੀ।

ਰਾਜਸਥਾਨ ਪੁਲੀਸ ਨੇ ਉਸ ਦੇ ਸਿਰ ’ਤੇ 20,000 ਰੁਪਏ ਦਾ ਇਨਾਮ ਐਲਾਨਿਆ ਸੀ। ਅਧਿਕਾਰੀ ਨੇ ਕਿਹਾ, “ਰਾਜਪੂਤ ਜੁਲਾਈ 2022 ਵਿੱਚ ਕਰਨਾਲ ਦੇ ਅਸੰਧ ਵਿੱਚ ਇੱਕ ਹਸਪਤਾਲ ਦੇ ਬਾਹਰ ਗੋਲੀਬਾਰੀ ਵਿੱਚ ਸ਼ਾਮਲ ਸੀ, ਜੋ ਗੈਂਗਸਟਰ ਦਲੇਰ ਕੋਟੀਆ ਦੇ ਕਹਿਣ ’ਤੇ ਕੀਤੀ ਗਈ ਸੀ। ਉਹ ਜੁਲਾਈ 2025 ਵਿੱਚ ਗੁਜਰਾਤ ਵਿੱਚ ਇੱਕ ਅਗਵਾ ਕੇਸ ਵਿੱਚ ਵੀ ਲੋੜੀਂਦਾ ਸੀ ਜਿਸ ਵਿੱਚ ਗੈਂਗਸਟਰ ਕਿਰੀਟ ਸਿੰਘ ਝਾਲਾ ਨੇ 100 ਕਰੋੜ ਰੁਪਏ ਦੀ ਫਿਰੌਤੀ ਮੰਗੀ ਸੀ।”

ਪੁਲੀਸ ਨੇ ਦੱਸਿਆ ਕਿ ਝਾਲਾ ਹਾਲ ਹੀ ਵਿੱਚ ਰੋਹਿਤ ਗੋਦਾਰਾ, ਗੋਲਡੀ ਬਰਾੜ ਅਤੇ ਵੀਰੇਂਦਰ ਚਰਨ ਦੇ ਸਿੰਡੀਕੇਟ ਵਿੱਚ ਸ਼ਾਮਲ ਹੋਇਆ ਸੀ। ਪੁਲੀਸ ਨੇ ਦੱਸਿਆ ਕਿ ਮਹੀਪਾਲ, ਜਿਸ ਨੂੰ ਪਹਿਲਾਂ ਕਰਨਾਲ ਗੋਲੀਬਾਰੀ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਜ਼ਮਾਨਤ ’ਤੇ ਰਿਹਾਅ ਕੀਤਾ ਗਿਆ ਸੀ, ਵੀ ਉਸੇ ਨੈੱਟਵਰਕ ਵਿਚ ਸਰਗਰਮ ਹੋ ਗਿਆ ਸੀ। ਅਧਿਕਾਰੀ ਨੇ ਕਿਹਾ, “ਮੁਕਾਬਲੇ ਦੌਰਾਨ, ਰਾਜਪੂਤ ਨੂੰ ਕਾਬੂ ਕਰਨ ਤੋਂ ਪਹਿਲਾਂ ਸਰੀਰ ਦੇ ਹੇਠਲੇ ਹਿੱਸੇ ਵਿੱਚ ਗੋਲੀ ਲੱਗੀ। ਉਸ ਨੂੰ ਡਾਕਟਰੀ ਸਹਾਇਤਾ ਲਈ ਨੇੜਲੇ ਹਸਪਤਾਲ ਲਿਜਾਇਆ ਗਿਆ।”

# ਟਰੰਪ ਦਾ ਸਖ਼ਤ ਮੀਮੋ: ਅਮਰੀਕੀ ਯੂਨੀਵਰਸਿਟੀਆਂ ’ਤੇ ਨਵੇਂ ਨਿਯਮਾਂ ਦੀ ਤਲਵਾਰ ਲਟਕੀ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

## ✪ ਵਿਦੇਸ਼ੀ ਵਿਦਿਆਰਥੀਆਂ ’ਤੇ ਪਾਬੰਦੀ: ਭਾਰਤੀ ਵਿਦਿਆਰਥੀਆਂ ਲਈ ਦਾਖਲੇ ਵਿਚ ਵੱਡੀ ਰੁਕਾਵਟ ✪ ਟਰੰਪ ਟੈਰਿਫ ਕਾਰਣ ਭਾਰਤੀ ਬਰਾਮਦਕਾਰਾਂ ’ਤੇ ਖ਼ਤਰਾ ਮੰਡਰਾਇਆ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਯੂਨੀਵਰਸਿਟੀਆਂ ਦੀਆਂ ਨੀਤੀਆਂ ਵਿਚ ਵੱਡੇ ਬਦਲਾਅ ਦੀ ਮੰਗ ਕਰਦਿਆਂ ਇੱਕ 10-ਨੁਕਾਤੀ ਮੀਮੋ ਜਾਰੀ ਕੀਤਾ ਹੈ। ਇਸ ਮੀਮੋ ਵਿਚ ਸਪੱਸ਼ਟ ਸ਼ਰਤਾਂ ਰੱਖੀਆਂ ਗਈਆਂ ਹਨ ਕਿ ਜੇਕਰ ਯੂਨੀਵਰਸਿਟੀਆਂ ਸਰਕਾਰੀ ਫੰਡਿੰਗ ਅਤੇ ਗ੍ਰਾਂਟਾਂ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਸਰਕਾਰੀ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਇਸ ਮੀਮੋ ਦਾ ਨਿਸ਼ਾਨਾ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ, ਟਿਊਸ਼ਨ ਫੀਸਾਂ, ਦਾਖਲਾ ਪ੍ਰਕਿਰਿਆਵਾਂ ਅਤੇ ਵਿਚਾਰਧਾਰਕ ਪਹੁੰਚ ਹਨ। ਮੀਮੋ ਵਿਚ ਨੌਂ ਚੋਟੀ ਦੀਆਂ ਯੂਨੀਵਰਸਿਟੀਆਂ ਨੂੰ ਸਿੱਧੇ ਤੌਰ ’ਤੇ ਨਿਸ਼ਾਨਾ ਬਣਾਇਆ ਗਿਆ ਹੈ, ਜਿਨ੍ਹਾਂ ਵਿਚ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ, ਡਾਰਟਮਾਊਥ, ਯੂਨੀਵਰਸਿਟੀ ਆਫ਼ ਪੈਨਸਿਲਵੇਨੀਆ, ਯੂਨੀਵਰਸਿਟੀ ਆਫ਼ ਸਾਊਦਰਨ ਕੈਲੀਫੋਰਨੀਆ, ਯੂਨੀਵਰਸਿਟੀ ਆਫ਼ ਟੈਕਸਾਸ, ਬ੍ਰਾਊਨ ਯੂਨੀਵਰਸਿਟੀ, ਵੈਂਡਰਬਿਲਟ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਐਰੀਜ਼ੋਨਾ ਅਤੇ ਯੂਨੀਵਰਸਿਟੀ ਆਫ਼ ਵਰਜੀਨੀਆ ਸ਼ਾਮਲ ਹਨ। ਸਰਕਾਰ ਨੇ ਸਖ਼ਤੀ ਨਾਲ ਕਿਹਾ ਹੈ ਕਿ ਜੇਕਰ ਇਹ ਸੰਸਥਾਵਾਂ ਨਿਯਮਾਂ ਦੀ ਪਾਲਣਾ ਨਹੀਂ ਕਰਦੀਆਂ ਤਾਂ ਉਨ੍ਹਾਂ ਨੂੰ ਸਰਕਾਰੀ ਫੰਡਿੰਗ ਤੋਂ ਵਾਂਝਿਆ ਰਖਿਆ ਜਾਵੇਗਾ। ਇਸ ਦੀ ਨਿਗਰਾਨੀ ਅਮਰੀਕੀ ਨਿਆਂ ਵਿਭਾਗ ਦੁਆਰਾ ਕੀਤੀ ਜਾਵੇਗੀ।

ਇਸ ਮੀਮੋ ਵਿਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਨ, ਟਿਊਸ਼ਨ ਫੀਸਾਂ ਨੂੰ ਪੰਜ ਸਾਲ ਲਈ ਫ੍ਰੀਜ਼ ਕਰਨ, ਨਸਲ ਅਤੇ ਲਿੰਗ ਆਧਾਰਿਤ ਦਾਖਲਿਆਂ ’ਤੇ ਪਾਬੰਦੀ, ਐਸਏਟੀ ਵਰਗੇ ਮਿਆਰੀ ਟੈਸਟਾਂ ਨੂੰ ਲਾਜ਼ਮੀ ਕਰਨ ਅਤੇ ਵਿਚਾਰਧਾਰਕ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਵਰਗੀਆਂ ਸ਼ਰਤਾਂ ਸ਼ਾਮਲ ਹਨ। ਇਸ ਦੇ ਨਾਲ ਹੀ, ਅਮਰੀਕੀ ਅਤੇ ਪੱਛਮੀ ਕਦਰਾਂ-ਕੀਮਤਾਂ ਦਾ ਸਮਰਥਨ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਵਿਚ ਤਰਜੀਹ ਦੇਣ ਅਤੇ ਵਿਦੇਸ਼ੀ ਵਿਦਿਆਰਥੀਆਂ ਦੀ ਜਾਣਕਾਰੀ ਸੰਘੀ ਏਜੰਸੀਆਂ ਨਾਲ ਸਾਂਝੀ ਕਰਨ ਦੀ ਸ਼ਰਤ ਵੀ ਰੱਖੀ ਗਈ ਹੈ।

ਮੀਮੋ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਅੰਡਰਗ੍ਰੈਜੁਏਟ ਕੋਰਸਾਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 15% ਤੋਂ ਵੱਧ ਨਹੀਂ ਹੋਣੀ ਚਾਹੀਦੀ। ਨਾਲ ਹੀ, ਕਿਸੇ ਇੱਕ ਦੇਸ਼ ਦੇ ਵਿਦਿਆਰਥੀਆਂ ਦੀ ਗਿਣਤੀ 5% ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਦਾ ਸਿੱਧਾ ਅਸਰ ਭਾਰਤੀ ਵਿਦਿਆਰਥੀਆਂ ’ਤੇ ਪਵੇਗਾ, ਜੋ ਅਮਰੀਕੀ ਯੂਨੀਵਰਸਿਟੀਆਂ ਵਿਚ ਵੱਡੀ ਗਿਣਤੀ ਵਿਚ ਪੜ੍ਹਦੇ ਹਨ।

ਟਰੰਪ ਦੀਆਂ ਟੈਰਿਫ ਨੀਤੀਆਂ ਨੇ ਭਾਰਤ-ਅਮਰੀਕਾ ਵਪਾਰਕ ਸਬੰਧਾਂ ਨੂੰ ਵੀ ਗੰਭੀਰ ਰੂਪ ਵਿਚ ਪ੍ਰਭਾਵਿਤ ਕੀਤਾ ਹੈ। 31 ਜੁਲਾਈ 2025 ਨੂੰ, ਟਰੰਪ ਨੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀ ਐਕਟ ਤਹਿਤ ਭਾਰਤ ’ਤੇ 25% ਰੈਸੀਪਰੋਕਲ ਟੈਰਿਫ ਲਗਾਇਆ ਸੀ। 6 ਅਗਸਤ ਨੂੰ, ਰੂਸੀ ਤੇਲ ਦੀ ਦਰਾਮਦ ਦਾ ਹਵਾਲਾ ਦਿੰਦੇ ਹੋਏ 25% ਦਾ ਵਾਧੂ ਪੈਨਲ ਚਾਰਜ ਲਗਾਇਆ ਗਿਆ ਸੀ। ਵਿੱਤ ਮੰਤਰਾਲੇ ਦੇ ਅੰਦਾਜ਼ੇ ਅਨੁਸਾਰ, 2024-25 ਵਿਚ ਅਮਰੀਕਾ ਨੂੰ 87 ਅਰਬ ਡਾਲਰ ਦੀ ਭਾਰਤੀ ਬਰਾਮਦ ਦਾ 55% ਹਿੱਸਾ ਇਸ ਟੈਰਿਫ ਨਾਲ ਪ੍ਰਭਾਵਿਤ ਹੋਵੇਗਾ।

ਇਸ ਕਾਰਨ ਭਾਰਤੀ ਬਰਾਮਦਕਾਰਾਂ ਵਿਚ ਬੇਚੈਨੀ ਵਧ ਗਈ ਹੈ। ਟੈਕਸਟਾਈਲ, ਕੱਪੜੇ, ਰਤਨ ਅਤੇ ਗਹਿਣਿਆਂ ਵਰਗੇ ਕਿਰਤ ਪ੍ਰਧਾਨ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਉਦਯੋਗ ਜਗਤ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ, ਵਣਜ ਮੰਤਰੀ ਪੀਯੂਸ਼ ਗੋਇਲ ਅਤੇ ਆਰਬੀਆਈ ਗਵਰਨਰ ਸੰਜੇ ਮਲਹੋਤਰਾ ਨਾਲ ਮੀਟਿੰਗਾਂ ਵਿਚ ਰਾਹਤ ਦੀ ਮੰਗ ਕੀਤੀ ਹੈ। ਪਰ, ਵਣਜ ਅਤੇ ਵਿੱਤ ਮੰਤਰਾਲਿਆਂ ਵਿਚਕਾਰ ਮਤਭੇਦਾਂ ਕਾਰਨ ਰਾਹਤ ਪੈਕੇਜ ’ਤੇ ਅਮਲ ਨਹੀਂ ਹੋ ਸਕਿਆ। ਵਣਜ ਮੰਤਰਾਲੇ ਨੇ ਘਰੇਲੂ ਟੈਰਿਫ ਖੇਤਰ ਵਿਚ ਵਿਕਰੀ ਅਤੇ ਵਿਆਜ ਸਮਕਾਰੀ ਯੋਜਨਾਵਾਂ ਵਰਗੇ ਪ੍ਰਸਤਾਵ ਰੱਖੇ, ਪਰ ਵਿੱਤ ਮੰਤਰਾਲੇ ਦੀ ਸਹਿਮਤੀ ਦੀ ਘਾਟ ਨੇ ਪ੍ਰਕਿਰਿਆ ਨੂੰ ਰੋਕ ਦਿੱਤਾ ਹੈ।

ਇਸ ਦੇ ਨਾਲ ਹੀ, ਅਮਰੀਕੀ ਬਾਜ਼ਾਰ ਵਿਚ ਭਾਰਤੀ ਬਰਾਮਦਕਾਰਾਂ ਨੂੰ ਆਪਣੀ ਹਿੱਸੇਦਾਰੀ ਗੁਆਉਣ ਦਾ ਡਰ ਪੈਦਾ ਹੋ ਗਿਆ ਹੈ। ਵੀਅਤਨਾਮ, ਇੰਡੋਨੇਸ਼ੀਆ ਅਤੇ ਬੰਗਲਾਦੇਸ਼ ਵਰਗੇ ਦੇਸ਼ ਅਮਰੀਕੀ ਬਾਜ਼ਾਰ ਵਿਚ ਪੈਰ ਪਸਾਰ ਰਹੇ ਹਨ, ਜੋ ਭਾਰਤੀ ਬਰਾਮਦਕਾਰਾਂ ਲਈ ਵੱਡੀ ਚੁਣੌਤੀ ਹੈ। ਵਿਸ਼ੇਸ਼ ਆਰਥਿਕ ਖੇਤਰਾਂ ਦੀਆਂ ਇਕਾਈਆਂ ਨੇ ਵੀ ਸਰਕਾਰ ਤੋਂ ਤੁਰੰਤ ਰਾਹਤ ਦੀ ਮੰਗ ਕੀਤੀ ਹੈ।

ਟਰੰਪ ਟੈਰਿਫ ਨੂੰ ਲੈ ਕੇ ਭਾਰਤ ਅਤੇ ਅਮਰੀਕਾ ਵਿਚਕਾਰ ਕਈ ਦੌਰ ਦੀਆਂ ਬੈਠਕਾਂ ਹੋ ਚੁੱਕੀਆਂ ਹਨ, ਪਰ ਕੋਈ ਠੋਸ ਨਤੀਜਾ ਨਹੀਂ ਨਿਕਲਿਆ। ਅਮਰੀਕੀ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਰੂਸੀ ਤੇਲ ਦੀ ਦਰਾਮਦ ਮੁੱਦਾ ਵਪਾਰ ਸਮਝੌਤੇ ਦਾ ਕੇਂਦਰੀ ਬਿੰਦੂ ਹੈ। ਭਾਰਤ ਨੇ 2024-25 ’ਚ ਰੂਸ ਤੋਂ ਸਸਤੇ ਤੇਲ ਦੀ ਦਰਾਮਦ ਵਧਾਈ, ਜਿਸ ਨੂੰ ਅਮਰੀਕਾ ਨੇ ਆਪਣੀਆਂ ਟੈਰਿਫ ਨੀਤੀਆਂ ਦਾ ਅਧਾਰ ਬਣਾਇਆ ਸੀ। ਇਸ ਕਾਰਨ ਭਾਰਤੀ ਬਰਾਮਦਕਾਰਾਂ ਨੂੰ ਅਮਰੀਕੀ ਬਾਜ਼ਾਰ ਵਿਚ ਮੁਕਾਬਲੇਬਾਜ਼ੀ ਬਣਾਈ ਰੱਖਣ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਟਰੰਪ ਦੀਆਂ ਸਖ਼ਤ ਨੀਤੀਆਂ, ਖਾਸ ਕਰਕੇ ਵਿਦੇਸ਼ੀ ਵਿਦਿਆਰਥੀਆਂ ’ਤੇ ਸੀਮਾ ਅਤੇ ਟੈਰਿਫ ਨੀਤੀਆਂ, ਨੇ ਭਾਰਤ ਲਈ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ। ਭਾਰਤੀ ਵਿਦਿਆਰਥੀਆਂ ਨੂੰ ਅਮਰੀਕੀ ਯੂਨੀਵਰਸਿਟੀਆਂ ’ਚ ਦਾਖਲੇ ’ਚ ਮੁਸ਼ਕਿਲਾਂ ਅਤੇ ਬਰਾਮਦਕਾਰਾਂ ਨੂੰ ਅਮਰੀਕੀ ਬਾਜ਼ਾਰ ’ਚ ਹਿੱਸੇਦਾਰੀ ਗੁਆਉਣ ਦਾ ਖ਼ਤਰਾ ਹੈ। ਸਰਕਾਰ ਨੂੰ ਤੁਰੰਤ ਅਤੇ ਪ੍ਰਭਾਵੀ ਉਪਾਅ ਕਰਨ ਦੀ ਲੋੜ ਹੈ, ਨਹੀਂ ਤਾਂ ਇਸ ਦਾ ਅਸਰ ਨੌਕਰੀਆਂ ਅਤੇ ਅਰਥਵਿਵਸਥਾ ’ਤੇ ਗੰਭੀਰ ਹੋ ਸਕਦਾ ਹੈ।

# ਭਾਰਤ ਦਾ ਫਿਰਕੂ ਮੀਡੀਆ ਘੱਟਗਿਣਤੀਆਂ ਵਿਰੁਧ ਫੈਲਾ ਰਿਹਾ ਨਫਰਤ

## ✪ ਐੱਨ ਬੀ ਡੀ ਐੱਸ ਏ ਨੇ ‘ਜ਼ੀ ਨਿਊਜ਼’ ਤੇ ‘ਟਾਈਮਜ਼ ਨਾਓ, ਨਵਭਾਰਤ’ ਨੂੰ ਨਫਰਤ ਫੈਲਾਉਣ ਕਾਰਣ ਝਾੜਾਂ ਪਾਈਆਂ

ਨਿਊਜ਼ ਚੈਨਲਾਂ ਨੂੰ ਮਰਿਆਦਾ ਦੀ ਉਲੰਘਣਾ ਤੋਂ ਰੋਕਣ ਲਈ ਬਣੀ ਨਿਊਜ਼ ਬ੍ਰਾਡਕਾਸਟਿੰਗ ਐਂਡ ਡਿਜੀਟਲ ਸਟੈਂਡਰਡਜ਼ ਅਥਾਰਟੀ (ਐੱਨ ਬੀ ਡੀ ਐੱਸ ਏ) ਨੇ ‘ਜ਼ੀ ਨਿਊਜ਼’ ਤੇ ‘ਟਾਈਮਜ਼ ਨਾਓ ਨਵਭਾਰਤ’ ਨੂੰ ‘ਮਹਿੰਦੀ ਜਿਹਾਦ’ ਤੇ ‘ਲਵ ਜਿਹਾਦ’ ਵਰਗੇ ਮੁੱਦਿਆਂ ’ਤੇ ਗੁੰਮਰਾਹਕੁੰਨ ਤੇ ਫਿਰਕੂ ਜਨੂੰਨ ਫੈਲਾਉਣ ਵਾਲੇ ਵੀਡੀਓ ਚਲਾਉਣ ਲਈ ਸਖਤ ਫਟਕਾਰ ਲਾਈ ਹੈ। ਅਥਾਰਟੀ ਦੇ ਚੇਅਰਮੈਨ ਜਸਟਿਸ (ਰਿਟਾਇਰਡ) ਐੱਸ ਕੇ ਸੀਕਰੀ ਦੀ ਕਮੇਟੀ ਨੇ ਦੋਵਾਂ ਚੈਨਲਾਂ ਨੂੰ ਇਖਲਾਕੀ ਜ਼ਾਬਤੇ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਹੈ।

ਸਮਾਜੀ ਕਾਰਕੁਨ ਇੰਦਰਜੀਤ ਘੋਰਪੜੇ ਨੇ ਅਕਤੂਬਰ 2024 ਵਿੱਚ ਸ਼ਿਕਾਇਤ ਦਰਜ ਕਰਾਈ ਸੀ ਕਿ ਇਨ੍ਹਾਂ ਚੈਨਲਾਂ ਨੇ ਬਿਨਾਂ ਤੱਥਾਂ ਦੀ ਜਾਂਚ ਦੇ ਫਿਰਕੂ ਪ੍ਰਚਾਰ ਕੀਤਾ। ਅਥਾਰਟੀ ਨੇ ਗੈਰ-ਕਾਨੂੰਨੀ ਧਰਮ ਪਰਿਵਰਤਨ ਦੇ ਮਾਮਲੇ ਵਿੱਚ ਅਦਾਲਤ ਦੇ ਫੈਸਲੇ ਦੀ ਰਿਪੋਰਟਿੰਗ ਕਰਦੇ ਸਮੇਂ ‘ਲਵ ਜਿਹਾਦ’ ਉੱਤੇ ਕੁਝ ਅਜਿਹੇ ਜ਼ਹਿਰੀਲੇ ਫਿਰਕੂ ਸ਼ਬਦਾਂ ਦਾ ਇਸਤੇਮਾਲ ਕਰਨ ਲਈ ‘ਟਾਈਮਜ਼ ਨਾਓ’ ਦੀ ਅਲੋਚਨਾ ਕਰਦਿਆਂ ਕਿਹਾ ਕਿ ਇਸ ਨੇ ਖਬਰ ਵਿਚ ਕੁਝ ਅਜਿਹੇ ਤੱਤ ਸ਼ਾਮਲ ਕੀਤੇ, ਜਿਹੜੇ ਫੈਸਲੇ ਦਾ ਹਿੱਸਾ ਨਹੀਂ ਸਨ। ਸ਼ਿਕਾਇਤਕਰਤਾ ਨੇ ‘ਜ਼ੀ ਨਿਊਜ਼’ ਦੇ ਚਾਰ ਪ੍ਰੋਗਰਾਮਾਂ ਬਾਰੇ ਸ਼ਿਕਾਇਤ ਕੀਤੀ ਸੀ, ਜਿਹੜੇ ‘ਮਹਿੰਦੀ ਜਿਹਾਦ’ ਦੇ ਵਿਚਾਰ ਦਾ ਪ੍ਰਚਾਰ ਕਰਦੇ ਸਨ। ਇਨ੍ਹਾਂ ਪ੍ਰਸਾਰਨਾਂ ਵਿੱਚ ਦੋਸ਼ ਲਾਇਆ ਗਿਆ ਕਿ ਮੁਸਲਮਾਨ ਮਹਿੰਦੀ ਕਲਾਕਾਰ ਹਿੰਦੂ ਮਹਿਲਾਵਾਂ ਦੇ ਮਹਿੰਦੀ ਲਾਉਣ ਤੋਂ ਪਹਿਲਾਂ ਉਸ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਮੁਸਲਮ ਮਰਦ ਮਹਿੰਦੀ ਕਲਾਕਾਰ ਵਜੋਂ ਕੰਮ ਕਰਕੇ ਹਿੰਦੂ ਮਹਿਲਾਵਾਂ ਦੇ ਫੋਨ ਨੰਬਰ ਹਾਸਲ ਕਰਦੇ ਹਨ, ਜਿਨ੍ਹਾਂ ਦਾ ਗੁਪਤ ਉਦੇਸ਼ ਉਨ੍ਹਾਂ ਨਾਲ ਵਿਆਹ ਕਰਾਉਣ ਲਈ ਉਨ੍ਹਾਂ ਦਾ ਧਰਮ ਪਰਿਵਰਤਨ ਕਰਾਉਣਾ ਹੁੰਦਾ ਹੈ। ਇਨ੍ਹਾਂ ਪ੍ਰਸਾਰਨਾਂ ਵਿੱਚ ਕੁਝ ਗਰੁੱਪਾਂ ਵੱਲੋਂ ਲਾਏ ਗਏ ਹਿੰਸਕ ਨਾਅਰਿਆਂ ਤੇ ਮੁਸਲਮ ਮਹਿੰਦੀ ਕਲਾਕਾਰਾਂ ਦੇ ਬਾਈਕਾਟ ਦੇ ਸੱਦੇ ਨੂੰ ਵੀ ਉਤਸ਼ਾਹਿਤ ਕੀਤਾ ਗਿਆ। ਇਨ੍ਹਾਂ ਪ੍ਰਸਾਰਨਾਂ ਵਿੱਚ ਇਹ ਲਾਈਨਾਂ ਚਲਾਈਆਂ ਗਈਆਂ : ‘ਮਹਿੰਦੀ ਜਿਹਾਦ ਪਰ ਦੇ ਦਨਾ-ਦਨ’, ‘ਆਵੇਦਨ ਨਿਵੇਦਨ ਨਹੀਂ ਮਾਨੇ ਤੋ ਦੇ ਦਨਾ-ਦਨ’, ‘ਮਹਿੰਦੀ ਜਿਹਾਦ ਕੇ ਖਿਲਾਫ ਲੱਠ ਮਾਡਲ ਲਾਂਚ’ ਅਤੇ ‘ਪਕੜਨੇ ਪਰ ਸਬਕ ਸਿਖਾਇਆ ਜਾਏਗਾ’।

‘ਜ਼ੀ ਨਿਊਜ਼’ ਨੇ ਅਥਾਰਟੀ ਅੱਗੇ ਦਲੀਲ ਦਿੱਤੀ ਕਿ ਉਸ ਨੇ ਤਾਂ ਸਿਰਫ ਜਥੇਬੰਦੀਆਂ ਦੇ ਬਿਆਨਾਂ ਦੀ ਰਿਪੋਰਟਿੰਗ ਕੀਤੀ। ਅਥਾਰਟੀ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਪੇਸ਼ਕਾਰੀ ਅਜਿਹੀ ਸੀ ਕਿ ਜਿਵੇਂ ਚੈਨਲ ਖੁਦ ਉਨ੍ਹਾਂ ਜਥੇਬੰਦੀਆਂ ਦੇ ਦਾਅਵਿਆਂ ਦੀ ਹਮਾਇਤ ਕਰ ਰਿਹਾ ਹੋਵੇ। ਉਸ ਨੇ ਨਿਊਜ਼ ਨੂੰ ਚਲਾਉਣ ਵੇਲੇ ਸਪੱਸ਼ਟ ਨਹੀਂ ਕੀਤਾ ਕਿ ਇਹ ਕਿਸੇ ਤੀਜੀ ਧਿਰ ਵੱਲੋਂ ਦਿੱਤੇ ਗਏ ਬਿਆਨ ਹਨ।

ਅਥਾਰਟੀ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਹਾਲਾਂਕਿ ਉਹ ਚੈਨਲਾਂ ਦੇ ਸੰਪਾਦਕੀ ਵਿਵੇਕਾਧਿਕਾਰ ’ਤੇ ਟਿੱਪਣੀ ਨਹੀਂ ਕਰਨਾ ਚਾਹੁੰਦੀ, ਕਿਉਂਕਿ ਇਹ ਪ੍ਰਗਟਾਵੇ ਦੀ ਆਜ਼ਾਦੀ ਤਹਿਤ ਆਉਂਦਾ ਹੈ, ਫਿਰ ਵੀ ਮੀਡੀਆ ਨੂੰ ਚੌਥੇ ਥੰਮ੍ਹ ਦੇ ਰੂਪ ਵਿੱਚ ਸਰਵਜਨਕ ਸੰਵਾਦ ਨੂੰ ਆਕਾਰ ਦੇਣ ’ਚ ਉਸ ਦੀ ਭੂਮਿਕਾ ਚੇਤੇ ਕਰਾਉਣੀ ਜ਼ਰੂਰੀ ਹੈ। ਸੰਭਾਵਤ ਸੰਵੇਦਨਸ਼ੀਲ ਮੁੱਦਿਆਂ ਨਾਲ ਨਜਿੱਠਦਿਆਂ ਪ੍ਰਸਾਰਕਾਂ ਨੂੰ ਪੱਤਰਕਾਰੀ ਦੀ ਮਰਿਆਦਾ ਦਾ ਖਿਆਲ ਰੱਖਦਿਆਂ ਪੂਰੀ ਜਾਂਚ-ਪਰਖ ਕਰਨੀ ਚਾਹੀਦੀ ਹੈ।

ਅਥਾਰਟੀ ਕੋਲ ਅਜਿਹੀਆਂ ਕਈ ਸ਼ਿਕਾਇਤਾਂ ਪੁੱਜਦੀਆਂ ਹਨ, ਜਿਨ੍ਹਾਂ ਵਿਚ ਚੈਨਲਾਂ ਵੱਲੋਂ ਫਿਰਕੂ ਤੇ ਗੁੰਮਰਾਹਕੁੰਨ ਪ੍ਰਚਾਰ ਵੱਲ ਧਿਆਨ ਦਿਵਾਇਆ ਜਾਂਦਾ ਹੈ। ਅਥਾਰਟੀ ਆਮ ਤੌਰ ’ਤੇ ਫਟਕਾਰ ਲਾ ਕੇ ਹੀ ਮਾਮਲਾ ਨਿਬੇੜ ਦਿੰਦੀ ਹੈ। ਜਦੋਂ ਤੱਕ ਉਹ ਚੈਨਲ ਦਾ ਪ੍ਰਸਾਰਨ ਕੁਝ ਹਫਤਿਆਂ ਜਾਂ ਮਹੀਨਿਆਂ ਤੱਕ ਰੋਕਣ ਵਰਗੇ ਹੁਕਮ ਨਹੀਂ ਦਿੰਦੀ, ਇਸ ਬਿਮਾਰੀ ਨੂੰ ਠੱਲ੍ਹ ਨਹੀਂ ਪੈਣੀ।

# ਇਸਲਾਮੀ ਨਾਟੋ ਦਾ ਸੁਪਨਾ ਤੇ ਸਊਦੀ-ਪਾਕਿ ਸਮਝੌਤੇ ਭਾਰਤ ਲਈ ਬਣੀ ਨਵੀਂ ਚੁਣੌਤੀ

## ✪ ਅਮਰੀਕਾ-ਪਾਕਿ ਨੇੜਤਾ ਦਾ ਭਾਰਤ 'ਤੇ ਹੋਵੇਗਾ ਡੂੰਘਾ ਅਸਰ ✪ ਭਾਰਤ-ਰੂਸ ਰਿਸ਼ਤੇ ਅਮਰੀਕੀ ਦਬਾਅ ਨੂੰ ਕਿਵੇਂ ਤੋੜਨਗੇ ?



ਇਸਲਾਮੀ ਦੇਸ਼ਾਂ ਵੱਲੋਂ ਨਾਟੋ ਵਰਗਾ ਗਠਜੋੜ ਬਣਾਉਣ ਦਾ ਖ਼ਿਆਲ ਭਾਰਤ ਲਈ ਵੱਡਾ ਚੈਲਿੰਜ ਬਣ ਚੁਕਾ ਹੈ। ਸਊਦੀ ਅਰਬ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਹੋਏ ਰੱਖਿਆ ਸਮਝੌਤੇ ਨੇ ਇਸ ਚਰਚਾ ਨੂੰ ਹਵਾ ਦਿੱਤੀ ਹੈ। ਇਹ ਸਮਝੌਤਾ ਇੱਕ ਵੱਡੇ ਇਸਲਾਮੀ ਗਠਜੋੜ ਦੀ ਨੀਂਹ ਵੀ ਰੱਖਦਾ ਹੈ। ਜੇਕਰ ਕਿਸੇ ਵੀ ਇਸਲਾਮੀ ਦੇਸ ਉਪਰ ਹਮਲਾ ਹੁੰਦਾ ਹੈ ਤਾਂ ਸਾਰੇ ਇਸਲਾਮੀ ਦੇਸ ਉਸਦੀ ਮਦਦ ਉਪਰ ਆਉਣਗੇ। ਇਹ ਸਮਝੋਤਾ ਭਾਰਤ ਲਈ ਵੱਡਾ ਚੈਲਿੰਜ ਹੋ ਸਕਦਾ ਹੈ।

ਸਊਦੀ ਅਰਬ ਅਤੇ ਪਾਕਿਸਤਾਨ ਵਿਚਕਾਰ 17 ਸਤੰਬਰ 2025 ਨੂੰ ਰਿਆਡ ਵਿੱਚ ਦਸਤਖ਼ਤ ਹੋਏ ਸਨ। ਪਾਕਿਸਤਾਨੀ ਰੱਖਿਆ ਮੰਤਰੀ ਖ਼ਵਾਜ਼ਾ ਆਸਿਫ਼ ਨੇ ਖੁੱਲ੍ਹ ਕੇ ਕਿਹਾ ਹੈ ਕਿ ਪਾਕਿਸਤਾਨ ਦੇ ਨਿਊਕਲੀਅਰ ਹਥਿਆਰ ਸਊਦੀ ਅਰਬ ਨੂੰ ਵੀ ਢਾਲ ਪ੍ਰਦਾਨ ਕਰਨਗੇ। ਇਹ ਵਿਕਾਸ ਇਸਰਾਈਲ ਵੱਲੋਂ ਕਤਾਰ ਉੱਤੇ ਹਮਲੇ (9 ਸਤੰਬਰ 2025) ਤੋਂ ਬਾਅਦ ਆਇਆ ਹੈ, ਜਿਸ ਨੇ ਖ਼ਲੀਜ਼ੀ ਦੇਸ਼ਾਂ ਨੂੰ ਅਮਰੀਕਾ ਉੱਤੇ ਭਰੋਸੇ ਤੋਂ ਨਿਰਾਸ਼ ਕੀਤਾ ਸੀ। ਸਿਆਸੀ ਮਾਹਿਰਾਂ ਅਨੁਸਾਰ, ਇਸ ਕਾਰਣ 'ਇਸਲਾਮੀ ਨਾਟੋ' ਦੀ ਸ਼ੁਰੂਆਤ ਹੋ ਸਕਦੀ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਸਮਝੌਤੇ ਨੂੰ 'ਖੇਤਰੀ ਸਥਿਰਤਾ ਲਈ ਚੁਣੌਤੀ' ਕਰਾਰ ਦਿੱਤਾ ਹੈ। ਪਿਛਲੇ ਦਹਾਕੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖ਼ਲੀਜ਼ ਨਾਲ ਰਿਸ਼ਤੇ ਮਜ਼ਬੂਤ ਕੀਤੇ ਸਨ, ਖ਼ਾਸ ਕਰਕੇ ਸਊਦੀ ਅਰਬ ਅਤੇ ਯੂਏਈ ਨਾਲ। ਭਾਰਤ ਸਊਦੀ ਤੇਲ ਦਾ ਵੱਡਾ ਗ੍ਰਾਹਕ ਹੈ ਅਤੇ ਉੱਥੇ ਹਜ਼ ਤੀਰਥ ਯਾਤਰਾ ਲਈ ਲੱਖਾਂ ਭਾਰਤੀ ਜਾਂਦੇ ਹਨ। ਪਰ ਹੁਣ ਪਾਕਿਸਤਾਨ ਨਾਲ ਸਮਝੌਤੇ ਨੇ ਰਿਆਡ ਨੂੰ ਨਵੀਂ ਦਿੱਲੀ ਦੀਆਂ ਸੰਵੇਦਨਸ਼ੀਲਤਾਵਾਂ ਨੂੰ ਨਜ਼ਰਅੰਦਾਜ਼ ਕਰਨ ਵਾਲਾ ਬਣਾ ਦਿੱਤਾ ਹੈ। ਇੰਡੀਅਨ ਇੰਸਟੀਟਿਊਟ ਆਫ਼ ਪਲੈਨਿੰਗ ਐਂਡ ਅਡਮਿਨਿਸਟ੍ਰੇਸ਼ਨ ਦੇ ਫੈਕਲਟੀ ਡਾ. ਮਨਨ ਦਿਵੇਦੀ ਕਹਿੰਦੇ ਹਨ ਕਿ "ਇਹ ਸਮਝੌਤਾ ਭਾਰਤ-ਪਾਕਿ ਤਣਾਅ ਨੂੰ ਵਧਾਏਗਾ, ਪਰ ਇਹ ਸਾਨੂੰ ਆਪਣੀ ਰਣਨੀਤਕ ਬਹੁ-ਸੰਬੰਧੀ ਨੀਤੀ ਨੂੰ ਮਜ਼ਬੂਤ ਕਰਨ ਲਈ ਮਜਬੂਰ ਕਰੇਗਾ।" ਉਹਨਾਂ ਅਨੁਸਾਰ, ਭਾਰਤ ਨੂੰ ਖ਼ਲੀਜ਼ ਨਾਲ ਵਪਾਰਕ ਰਿਸ਼ਤੇ ਬਚਾਉਣੇ ਪੈਣਗੇ, ਜਦਕਿ ਚੀਨ ਅਤੇ ਰੂਸ ਨਾਲ ਨਿਘੇ ਸਬੰਧ ਕਾਇਮ ਰਖਣੇ ਹੋਣਗੇ।

ਇਸਲਾਮੀ ਗਠਜੋੜ ਦੀ ਗੱਲ ਕਰੀਏ ਤਾਂ, ਇਹ ਵਿਚਾਰ ਨਵਾਂ ਨਹੀਂ। 2015 ਵਿੱਚ ਸਊਦੀ ਅਰਬ ਨੇ 34 ਦੇਸ਼ਾਂ ਦਾ ਇੱਕ ਐਂਟੀ-ਟੈਰਰ ਗਠਜੋੜ ਬਣਾਇਆ ਸੀ, ਜਿਸ ਨੂੰ 'ਮੁਸਲਿਮ ਨਾਟੋ' ਕਿਹਾ ਗਿਆ। ਹੁਣ ਇਹ ਨਿਊਕਲੀਅਰ ਢਾਲ ਨਾਲ ਵਧ ਰਿਹਾ ਹੈ।

ਐਕਸਪਰਟ ਪ੍ਰਫੁੱਲ ਬਖ਼ਸ਼ੀ, ਜੋ ਭਾਰਤੀ ਵਾਯੂਸੈਨਾ ਦੇ ਰਿਟਾਇਰਡ ਅਧਿਕਾਰੀ ਹਨ, ਕਹਿੰਦੇ ਹਨ, "ਪਾਕਿਸਤਾਨ ਲਈ ਇਹ ਸੁਰੱਖਿਆ ਛੱਤਰ ਹੈ, ਪਰ ਭਾਰਤ ਲਈ ਇਹ ਖੇਤਰੀ ਅਸੰਤੁਲਨ ਪੈਦਾ ਕਰੇਗਾ। ਅਸੀਂ ਆਪਣੀ ਡਿਪਲੋਮੇਸੀ ਨੂੰ ਵਧਾਈਏ, ਖ਼ਾਸ ਕਰਕੇ ਯੂਏਈ ਅਤੇ ਇਸਰਾਈਲ ਨਾਲ।" ਇਸ ਗਠਜੋੜ ਵਿੱਚ ਈਰਾਨ ਦਾ ਸ਼ਾਮਲ ਹੋਣਾ ਔਖਾ ਹੈ, ਕਿਉਂਕਿ ਸਊਦੀ-ਪਾਕਿ ਸੰਬੰਧ ਸੁੰਨੀ ਵਿਚਾਰ ਉੱਤੇ ਅਧਾਰਿਤ ਹਨ। ਪਰ ਜੇਕਰ ਈਰਾਨ ਇਸ ਵਿਚ ਸ਼ਾਮਿਲ ਹੋਇਆ ਤਾਂ ਇਹ ਗਠਜੋੜ ਹੋਰ ਮਜ਼ਬੂਤ ਹੋ ਜਾਵੇਗਾ, ਜੋ ਭਾਰਤ ਲਈ ਤੇਲ ਆਯਾਤ ਵਿੱਚ ਮੁਸ਼ਕਲ ਪੈਦਾ ਕਰੇਗਾ।

ਇਸ ਵਿਚਕਾਰ, ਅਮਰੀਕਾ ਦੀ ਪਾਕਿਸਤਾਨ ਨਾਲ ਨੇੜਤਾ ਵੀ ਚਰਚਾ ਵਿੱਚ ਹੈ। ਟਰੰਪ ਦੇ ਦੂਜੇ ਟਰਮ ਵਿੱਚ ਪਾਕਿ ਨਾਲ ਰਿਸ਼ਤੇ ਨਿਘੇ ਹੋ ਗਏ ਹਨ। ਇਸ ਸਾਲ ਮਾਰਚ ਵਿੱਚ ਟਰੰਪ ਨੇ ਪਾਕਿ ਆਰਮੀ ਚੀਫ਼ ਅਸੀਮ ਮੁਨੀਰ ਨੂੰ ਵ੍ਹਾਈਟ ਹਾਊਸ ਵਿੱਚ ਲੰਚ ਉੱਤੇ ਬੁਲਾਇਆ, ਅਤੇ ਸਤੰਬਰ ਵਿੱਚ ਪੀਐੱਮ ਸ਼ਹਿਬਾਜ਼ ਸ਼ਰੀਫ਼ ਅਤੇ ਮੁਨੀਰ ਨਾਲ ਮੀਟਿੰਗ ਕੀਤੀ ਸੀ। ਟਰੰਪ ਨੇ ਪਾਕਿ ਨੂੰ ਆਪਣੇ ਤੇਲ ਅਤੇ ਖਣਿਜ ਭੰਡਾਰਾਂ ਵਿੱਚ ਨਿਵੇਸ਼ ਲਈ 19% ਟੈਰਿਫ਼ ਵਾਲਾ ਡੀਲ ਦਿੱਤਾ, ਜਦਕਿ ਭਾਰਤ ਉੱਤੇ 50% ਟੈਰਿਫ਼ ਲਗਾਏ ਸਨ।

ਭਾਰਤ ਲਈ ਚਿੰਤਾ ਇਹ ਹੈ ਕਿ ਅਮਰੀਕਾ ਪਾਕਿ ਨੂੰ ਨਿਊਕਲੀਅਰ ਤਾਕਤ ਵਜੋਂ ਵਧਾਏਗਾ। ਸਿਆਸੀ ਮਾਹਿਰ ਕਹਿੰਦੇ ਹਨ ਕਿ ਅਮਰੀਕਾ ਦੀ ਇਹ ਨੀਤੀ ਭਾਰਤ ਨੂੰ ਰੂਸ ਵੱਲ ਧੱਕੇਗੀ।

## ਪੁਤਿਨ ਦਾ ਅਮਰੀਕੀ ਨੀਤੀ ਉੱਤੇ ਹਮਲਾ: ਭਾਰਤ-ਰੂਸ ਰਿਸ਼ਤੇ ਅਮਰੀਕਾ ਦੀ ਹੈਂਕੜ ਨੂੰ ਤੋੜਨ ਵਾਲੇ ?

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਅਮਰੀਕਾ ਦੀਆਂ ਨੀਤੀਆਂ ਉੱਤੇ ਤਿੱਖਾ ਹਮਲਾ ਬੋਲਿਆ ਹੈ। 2 ਅਕਤੂਬਰ 2025 ਨੂੰ ਵਲਦਾਈ ਕਲੱਬ ਕਾਨਫਰੰਸ ਵਿੱਚ ਉਹਨਾਂ ਨੇ ਕਿਹਾ ਕਿ ਅਮਰੀਕਾ ਵੱਲੋਂ ਭਾਰਤ ਅਤੇ ਚੀਨ ਉੱਤੇ ਰੂਸ ਨਾਲ ਊਰਜਾ ਰਿਸ਼ਤੇ ਤੋੜਨ ਦਾ ਦਬਾਅ ਵਿਸ਼ਵ ਅਰਥ-ਵਿਵਸਥਾ ਨੂੰ ਨੁਕਸਾਨ ਪਹੁੰਚਾਏਗਾ। ਉਹਨਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਰੂਸੀ ਭਾਈਵਾਲਾਂ ਉੱਤੇ ਵੱਡੇ ਟੈਰਿਫ਼ ਲੱਗੇ ਤਾਂ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਵੱਧ ਜਾਣਗੀਆਂ। ਪੁਤਿਨ ਨੇ ਪੀਐੱਮ ਮੋਦੀ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ "ਭਾਰਤ ਵਰਗੇ ਦੇਸ਼ ਕਦੇ ਅਪਮਾਨ ਨਹੀਂ ਸਹਿਣਗੇ, ਅਤੇ ਮੋਦੀ ਜੀ ਅਜਿਹਾ ਕਦਮ ਨਹੀਂ ਚੁੱਕਣਗੇ ਜੋ ਰਾਸ਼ਟਰੀ ਹਿੱਤਾਂ ਵਿਰੁੱਧ ਹੋਵੇ।" ਇਹ ਬਿਆਨ ਟਰੰਪ ਵੱਲੋਂ ਭਾਰਤ ਉੱਤੇ ਰੂਸੀ ਤੇਲ ਖਰੀਦ ਲਈ 50% ਟੈਰਿਫ਼ ਲਗਾਉਣ ਵਾਲੇ ਐਲਾਨ ਤੋਂ ਬਾਅਦ ਆਇਆ ਹੈ।

ਭਾਰਤ-ਰੂਸ ਵਪਾਰ ਵਿੱਚ ਅਸੰਤੁਲਨ ਹੈ - ਭਾਰਤ ਰੂਸੀ ਤੇਲ ਦਾ ਵੱਡਾ ਖਰੀਦਦਾਰ ਹੈ, ਜਿਸ ਨਾਲ ਵਪਾਰ 68.7 ਅਰਬ ਡਾਲਰ ਤੱਕ ਪਹੁੰਚ ਗਿਆ ਹੈ। ਪੁਤਿਨ ਨੇ ਆਪਣੀ ਸਰਕਾਰ ਨੂੰ ਹੁਕਮ ਦਿੱਤਾ ਕਿ ਭਾਰਤੀ ਖੇਤੀ ਉਤਪਾਦਾਂ ਅਤੇ ਦਵਾਈਆਂ ਦੀ ਖਰੀਦ ਵਧਾਈ ਜਾਵੇ, ਤਾਂ ਜੋ ਅਸੰਤੁਲਨ ਘਟੇ। ਉਹਨਾਂ ਨੇ ਦਸੰਬਰ 2025 ਵਿੱਚ ਭਾਰਤ ਯਾਤਰਾ ਦੀ ਉਤਸੁਕਤਾ ਵੀ ਜ਼ਾਹਿਰ ਕੀਤੀ, ਜਿੱਥੇ ਰੱਖਿਆ, ਊਰਜਾ ਅਤੇ ਵਪਾਰ ਉੱਤੇ ਗੱਲਬਾਤ ਹੋਵੇਗੀ। ਭਾਰਤੀ ਮਾਹਿਰ ਕਹਿੰਦੇ ਹਨ, "ਪੁਤਿਨ ਦਾ ਸਮਰਥਨ ਭਾਰਤ ਨੂੰ ਬਹੁ-ਧੁਰਵੀ ਵਿਸ਼ਵ ਵਿੱਚ ਮਜ਼ਬੂਤ ਕਰੇਗਾ, ਅਤੇ ਅਮਰੀਕੀ ਟੈਰਿਫ਼ ਨਾਲ ਨੁਕਸਾਨ ਨੂੰ ਰੂਸੀ ਤੇਲ ਨੇ ਬੈਲੰਸ ਕੀਤਾ ਹੈ।" ਭਾਰਤ-ਰੂਸ ਰਿਸ਼ਤੇ ਸੋਵੀਅਤ ਯੁੱਗ ਤੋਂ ਟਾਈਮ-ਟੈਸਟਿਡ ਹਨ। ਅਗਸਤ ਤੋਂ ਹੁਣ ਤੱਕ ਮੋਦੀ ਅਤੇ ਪੁਤਿਨ ਵਿਚਕਾਰ ਤਿੰਨ ਫ਼ੋਨ ਕਾਲਾਂ ਹੋਈਆਂ ਹਨ, ਅਤੇ ਐੱਸਸੀਓ ਸੰਮੇਲਨ ਵਿੱਚ ਮੀਟਿੰਗ ਵੀ ਹੋਈ। ਇਹ ਸਾਂਝ ਨਾ ਸਿਰਫ਼ ਊਰਜਾ ਤੱਕ ਸੀਮਿਤ ਹੈ, ਸਗੋਂ ਰੱਖਿਆ ਵਿੱਚ ਵੀ ਹੈ - ਭਾਰਤ ਨੇ ਰੂਸੀ ਟੈਂਕ ਇੰਜਣ ਖਰੀਦੇ ਹਨ। ਅਮਰੀਕੀ ਨੀਤੀ ਭਾਰਤ ਨੂੰ ਰੂਸ ਵੱਲ ਧੱਕ ਰਹੀ ਹੈ, ਜੋ ਭਾਰਤ ਨੂੰ ਸੰਕਟ ਤੋਂ ਕੁਝ ਹੱਦ ਤਕ ਮੁਕਤ ਕਰਦੀ ਹੈ। ਇਹਨਾਂ ਚੁਣੌਤੀਆਂ ਨਾਲ ਭਾਰਤ ਵਧੇਰੇ ਮਜ਼ਬੂਤ ਬਣੇਗਾ।

# ਭਈਆਂ ਨੇ ਸਿੱਖ ਨੌਜਵਾਨ ਨੂੰ ਕੁੱਟਮਾਰ ਕਰਕੇ ਨਹਿਰ ਵਿਚ ਸੁੱਟਿਆ

## ✪ ਪੱਥਰ ਮਾਰਕੇ ਨੌਜਵਾਨ ਨੂੰ ਨਹਿਰ ਵਿਚੋਂ ਨਾ ਨਿਕਲਣ ਦਿੱਤਾ, ਨੌਜਵਾਨ ਦੀ ਲਾਸ਼ ਵੀ ਨਾ ਮਿਲੀ

ਲੁਧਿਆਣਾ-ਪਿੰਡ ਜਸਪਾਲ ਬਾਂਗਰ ਨੇੜੇ ਮਾਮੂਲੀ ਵਿਵਾਦ ਤੋਂ ਬਾਅਦ ਨੌਜਵਾਨਾਂ ਵਲੋਂ ਇਕ ਨੌਜਵਾਨ ਨੂੰ ਨਹਿਰ ਵਿਚ ਸੁੱਟ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਵਲੋਂ ਦੇਰ ਰਾਤ ਤੱਕ ਨੌਜਵਾਨ ਦੀ ਭਾਲ ਕੀਤੀ ਜਾ ਰਹੀ ਸੀ ਪਰ ਉਸਦਾ ਕਿਧਰੇ ਪਤਾ ਨਹੀਂ ਲੱਗਾ। ਪੁਲਿਸ ਵਲੋਂ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਉਸ ਦੀ ਮੌਤ ਦੀ ਸ਼ੰਕਾ ਪ੍ਰਗਟ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਘਟਨਾ ਅੱਜ ਦੁਪਹਿਰ ਬਾਅਦ ਉਸ ਵਕਤ ਵਾਪਰੀ, ਜਦੋਂ ਪਿੰਡ ਜਸਪਾਲ ਬਾਂਗਰ ਨੇੜੇ ਹਰਨਾਮਪੁਰਾ ਦਾ ਰਹਿਣ ਵਾਲਾ ਗੁਰਵਿੰਦਰ ਸਿੰਘ ਉਰਫ਼ ਮਨੀ (29) ਆਪਣੇ ਭਰਾ ਅਤੇ ਇਕ ਦੋਸਤ ਨਾਲ ਮੋਟਰਸਾਈਕਲ 'ਤੇ ਘਰ ਜਾ ਰਿਹਾ ਸੀ। ਗੁਰਵਿੰਦਰ ਸਿੰਘ ਮਨੀ ਪ੍ਰਾਈਵੇਟ ਕੰਪਨੀ ਵਿਚ ਸੁਰੱਖਿਆ ਮੁਲਾਜ਼ਮ ਵਜੋਂ ਕੰਮ ਕਰਦਾ ਹੈ। ਜਦੋਂ ਉਹ ਨਹਿਰ ਪੁੱਲ 'ਤੇ ਪਹੁੰਚਿਆ ਤਾਂ ਉਥੇ ਜਾ ਰਹੇ ਕੁਝ ਨੌਜਵਾਨਾਂ ਨਾਲ ਉਸ ਦਾ ਮਾਮੂਲੀ ਜਿਹੀ ਗੱਲ ਨੂੰ ਲੈ ਕੇ ਤਕਰਾਰ ਹੋ ਗਿਆ। ਇਨ੍ਹਾਂ ਨੌਜਵਾਨਾਂ ਨੇ ਆਪਣੇ ਕੁਝ ਹੋਰ ਸਾਥੀ ਉਥੇ ਬੁਲਾ ਲਏ ਅਤੇ ਗੁਰਵਿੰਦਰ ਉਰਫ਼ ਮਨੀ ਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਕੁੱਟਮਾਰ ਦੌਰਾਨ ਇਨ੍ਹਾਂ ਹਮਲਾਵਰਾਂ ਵਲੋਂ ਨੌਜਵਾਨ ਨੂੰ ਨਹਿਰ ਵਿਚ ਸੁੱਟ ਦਿੱਤਾ ਗਿਆ। ਇਸ ਹਮਲੇ



ਵਿਚ ਗੁਰਵਿੰਦਰ ਸਿੰਘ ਸੰਨੀ ਦਾ ਭਰਾ ਰੁਪਿੰਦਰ ਸਿੰਘ ਵੀ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ ਹੈ, ਜਦਕਿ ਇਨ੍ਹਾਂ ਦਾ ਤੀਜਾ ਸਾਥੀ ਉਥੋਂ ਭੱਜ ਗਿਆ। ਅੱਖੀਂ ਦੇਖਣ ਵਾਲੇ ਮੁਤਾਬਿਕ ਮਨੀ ਨੇ ਨਹਿਰ ਤੋਂ ਬਾਹਰ ਆਉਣ ਵੀ ਕੋਸ਼ਿਸ਼ ਕੀਤੀ ਪਰ ਹਮਲਾਵਰਾਂ ਵਲੋਂ ਉਸ ਦੇ ਪੱਥਰ ਮਾਰੇ ਗਏ ਅਤੇ ਉਸ ਨੂੰ ਬਾਹਰ ਹੀ ਨਹੀਂ ਨਿਕਲਣ ਦਿੱਤਾ, ਜਿਸ ਕਾਰਨ ਪਾਣੀ ਦੇ ਵਹਾਅ ਕਾਰਨ ਉਹ ਰੁੜ੍ਹ ਗਿਆ। ਏ.ਡੀ.ਸੀ.ਪੀ. ਕਰਨਵੀਰ ਸਿੰਘ ਨੇ ਦੱਸਿਆ ਕਿ ਪੁਲਿਸ ਵਲੋਂ ਇਸ ਮਾਮਲੇ ਵਿਚ ਚਾਰ ਨੌਜਵਾਨਾਂ ਨੂੰ ਹਿਰਾਸਤ ਵਿਚ ਲੈ ਕੇ ਪੁੱਛ ਪੜਤਾਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸੰਨੀ ਦੀ ਭਾਲ ਲਈ ਗੋਤਾਖੋਰਾਂ ਦੀ ਮਦਦ ਲਈ ਜਾ ਰਹੀ ਹੈ, ਹਾਲ ਦੀ ਘੜੀ ਪੁਲਿਸ ਵਲੋਂ ਫ਼ਰਾਰ ਹੋਏ ਹੋਰ ਹਮਲਾਵਰਾਂ ਦੀ ਵੀ ਭਾਲ ਕੀਤੀ ਜਾ ਰਹੀ ਹੈ। ਉਥੇ ਮੌਜੂਦ ਲੋਕਾਂ ਨੇ ਦੱਸਿਆ ਕਿ ਇਨ੍ਹਾਂ ਪ੍ਰਵਾਸੀ ਭਈਆਂ ਵਲੋਂ ਮਨੀ ਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ ਗਈ ਸੀ, ਜਿਸ ਕਾਰਨ ਉਹ ਲਹੂਲੁਹਾਨ ਹੋ ਗਿਆ ਅਤੇ ਇਨ੍ਹਾਂ ਦੋਸ਼ੀਆਂ ਵਲੋਂ ਉਸ ਨੂੰ ਨਹਿਰ ਵਿਚ ਸੁੱਟ ਦਿੱਤਾ ਗਿਆ।

# ਸੰਘ ਦਾ ਮਕਸਦ ਅਤੇ ਸੰਗਠਨ: ਹਿੰਦੂ ਰਾਸ਼ਟਰਵਾਦ ਅਤੇ ਸ਼ਾਖਾਵਾਂ ਦੀ ਭੂਮਿਕਾ

## ✪ ਸਿੱਖਾਂ ਨਾਲ ਟਕਰਾਅ ਕਿਉਂ ਅਤੇ ਅਕਾਲ ਤਖਤ ਨੇ ਸੰਘ ਉਪਰ ਪਾਬੰਦੀ ਕਿਉਂ ਲਗਾਈ ✪ ਸੰਘ ਦਾ ਭਾਜਪਾ ਉਪਰ ਸਿਆਸੀ ਪ੍ਰਭਾਵ ਅਤੇ ਸਮਰਥਨ ✪ ਸੰਘ ਦਾ ਮੁਸਲਮਾਨਾਂ, ਈਸਾਈਆਂ ਅਤੇ ਰਾਸ਼ਟਰੀ ਝੰਡੇ ਪ੍ਰਤੀ ਨਫਰਤੀ ਰਵੱਈਆ ਕਿਉਂ ? ✪ ਆਰਐੱਸਐੱਸ ਦੀ100 ਸਾਲ ਦੀ ਯਾਤਰਾ, ਵਿਵਾਦਾਂ ਦੀ ਦਾਸਤਾਨ

ਕਵਰ ਸਟੋਰੀ

2025 ਵਿੱਚ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਆਪਣੀ ਸਥਾਪਨਾ ਦੇ 100 ਸਾਲ ਪੂਰੇ ਕਰਨ ਜਾ ਰਿਹਾ ਹੈ। 1925 ਵਿੱਚ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਡਾ. ਕੇਸ਼ਵ ਬਲੀਰਾਮ ਹੇਡਗੇਵਾਰ ਨੇ ਇਸ ਦੀ ਨੀਂਹ ਰੱਖੀ ਸੀ। ਸੰਘ ਦਾ ਮੁੱਖ ਮਕਸਦ ਹਿੰਦੂ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨਾ ਅਤੇ ਭਾਰਤੀ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਕਰਨਾ ਦੱਸਿਆ ਜਾਂਦਾ ਹੈ। ਪਰ ਇਸ ਦੀ ਵਿਚਾਰਧਾਰਾ, ਗਤੀਵਿਧੀਆਂ ਅਤੇ ਸਿਆਸੀ ਪ੍ਰਭਾਵ ਨੇ ਹਮੇਸ਼ਾ ਹੀ ਸੁਰਖੀਆਂ ਬਟੋਰੀਆਂ। ਖਾਸ ਕਰਕੇ ਸਿੱਖਾਂ ਮੁਸਲਮਾਨਾਂ, ਈਸਾਈਆਂ ਅਤੇ ਰਾਸ਼ਟਰੀ ਝੰਡੇ ਨੂੰ ਲੈ ਕੇ ਸੰਘ ਦੇ ਰਵੱਈਏ ਨੇ ਕਈ ਵਿਵਾਦਾਂ ਨੂੰ ਜਨਮ ਦਿੱਤਾ।

ਸੰਘ ਦਾ ਮਕਸਦ ਅਤੇ ਸੰਗਠਨ- ਆਰਐੱਸਐੱਸ ਆਪਣੇ ਆਪ ਨੂੰ ਗੈਰ-ਸਿਆਸੀ ਸੱਭਿਆਚਾਰਕ ਸੰਗਠਨ ਕਹਿੰਦਾ ਹੈ, ਜਿਸ ਦਾ ਮੁੱਖ ਮਕਸਦ ਹਿੰਦੂ ਸਮਾਜ ਨੂੰ ਸੰਗਠਿਤ ਕਰਨਾ, ਰਾਸ਼ਟਰ ਸੇਵਾ ਅਤੇ ਭਾਰਤੀ ਪਰੰਪਰਾਵਾਂ ਦੀ ਸੰਭਾਲ ਕਰਨਾ ਹੈ। ਸੰਘ ਦੀ ਮੁੱਢਲੀ ਇਕਾਈ 'ਸ਼ਾਖਾ' ਹੈ, ਜਿੱਥੇ ਸਵੈਮ ਸੇਵਕਾਂ ਨੂੰ ਸਰੀਰਕ ਅਤੇ ਵਿਚਾਰਧਾਰਕ ਸਿਖਲਾਈ ਦਿੱਤੀ ਜਾਂਦੀ ਹੈ। ਦੇਸ਼ ਭਰ ਵਿੱਚ 73,000 ਤੋਂ ਵੱਧ ਸ਼ਾਖਾਵਾਂ ਹਨ, ਜਿੱਥੇ ਸਵੈਮਸੇਵਕ ਸਵੇਰੇ ਜਾਂ ਸ਼ਾਮ ਨੂੰ ਜੁੜਦੇ ਹਨ। ਇਨ੍ਹਾਂ ਸ਼ਾਖਾਵਾਂ ਵਿੱਚ ਹਿੰਦੂਤਵ, ਹਿੰਦੂ ਰਾਸ਼ਟਰਵਾਦ ਅਤੇ ਸਵੈ-ਰੱਖਿਆ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸੰਘ ਦਾ ਕੋਈ ਰਸਮੀ ਮੈਂਬਰਸ਼ਿਪ ਪ੍ਰੋਗਰਾਮ ਨਹੀਂ ਹੈ; ਜੋ ਵੀ ਸ਼ਾਖਾਵਾਂ ਵਿੱਚ ਜਾਂਦਾ ਹੈ, ਉਹ ਸਵੈਮਸੇਵਕ ਕਹਾਉਂਦਾ ਹੈ।

ਸੰਘ ਦੀ ਫੰਡਿੰਗ ਨੂੰ ਲੈ ਕੇ ਅਕਸਰ ਪਾਰਦਰਸ਼ਤਾ 'ਤੇ ਸਵਾਲ ਉੱਠਦੇ ਹਨ। ਸੰਘ ਦਾ ਦਾਅਵਾ ਹੈ ਕਿ ਉਹ ਸਵੈ-ਨਿਰਭਰ ਹੈ ਅਤੇ ਬਾਹਰੋਂ ਕੋਈ ਪੈਸਾ ਨਹੀਂ ਲੈਂਦਾ। ਸੰਘ ਦੀ ਮੁੱਖ ਆਮਦਨ 'ਗੁਰੂਦਕਸ਼ਿਣਾ' ਤੋਂ ਆਉਂਦੀ ਹੈ, ਜੋ ਸਵੈਮਸੇਵਕ ਸਾਲ ਵਿੱਚ ਇੱਕ ਵਾਰ ਭਗਵੇ ਝੰਡੇ ਨੂੰ ਗੁਰੂ ਮੰਨ ਕੇ ਦਿੰਦੇ ਹਨ। ਸੰਘ ਦੇ ਸਮਾਜ ਸੇਵੀ ਕੰਮਾਂ ਲਈ ਬਣਾਏ ਟਰੱਸਟ ਵੀ ਸਮਾਜ ਤੋਂ ਚੰਦਾ ਇਕੱਠਾ ਕਰਦੇ ਹਨ। ਸੰਘ ਦੇ ਮੁਖੀ ਮੋਹਨ ਭਾਗਵਤ ਦਾ ਕਹਿਣਾ ਹੈ ਕਿ ਸੰਘ ਰਜਿਸਟਰਡ ਨਹੀਂ ਹੈ ਕਿਉਂਕਿ ਆਜ਼ਾਦੀ ਸਮੇਂ ਅਜਿਹਾ ਕੋਈ ਕਾਨੂੰਨ ਨਹੀਂ ਸੀ। ਉਹ ਦਾਅਵਾ ਕਰਦੇ ਹਨ ਕਿ ਸੰਘ ਹਰ ਪੈਸੇ ਦਾ ਹਿਸਾਬ ਰੱਖਦਾ ਹੈ ਅਤੇ ਲੋੜ ਪੈਣ 'ਤੇ ਸਰਕਾਰ ਨੂੰ ਪੇਸ਼ ਕਰ ਸਕਦਾ ਹੈ।



ਆਰਐੱਸਐੱਸ ਦੀ 100 ਸਾਲ ਦੀ ਯਾਤਰਾ ਵਿੱਚ ਉਸ ਨੇ ਭਾਰਤੀ ਸਮਾਜ ਅਤੇ ਸਿਆਸਤ 'ਤੇ ਡੂੰਘਾ ਪ੍ਰਭਾਵ ਪਾਇਆ। ਭਾਜਪਾ ਨਾਲ ਉਸ ਦੀ ਨੇੜਤਾ ਨੇ ਉਸ ਦੀ ਤਾਕਤ ਵਧਾਈ, ਪਰ ਸਿੱਖਾਂ, ਮੁਸਲਮਾਨਾਂ, ਈਸਾਈਆਂ ਅਤੇ ਤਿਰੰਗੇ ਨੂੰ ਲੈ ਕੇ ਵਿਵਾਦਾਂ ਨੇ ਸੰਘ ਦੀ ਚਰਚਾ ਨੂੰ ਹਮੇਸ਼ਾ ਜ਼ਿੰਦਾ ਰੱਖਿਆ। ਸਿੱਖਾਂ ਨਾਲ ਟਕਰਾਅ ਦੀ ਮੁੱਖ ਵਜ੍ਹਾ ਵਿਚਾਰਧਾਰਕ ਮਤਭੇਦ ਅਤੇ ਸਿਖੀ ਦੀ ਵੱਖਰੀ ਪਛਾਣ ਨੂੰ ਖਤਰਾ ਮਹਿਸੂਸ ਹੋਣਾ ਹੈ। ਸੰਘ ਦੀ ਘੱਟ ਗਿਣਤੀਆਂ ਅਤੇ ਰਾਸ਼ਟਰੀ ਝੰਡੇ ਪ੍ਰਤੀ ਪਹਿਲਾਂ ਦੀ ਸੋਚ ਨੇ ਵੀ ਵਿਵਾਦਾਂ ਨੂੰ ਜਨਮ ਦਿੱਤਾ, ਹਾਲਾਂਕਿ ਹੁਣ ਸੰਘ ਆਪਣੀ ਸੋਚ ਨੂੰ ਸਮੇਂ ਦੇ ਹਿਸਾਬ ਨਾਲ ਬਦਲਣ ਦਾ ਦਾਅਵਾ ਕਰਦਾ ਹੈ।

## ਸੰਘ ਅਤੇ ਤਿਰੰਗੇ ਦਾ ਵਿਵਾਦ

ਸੰਘ ਦੇ ਝੰਡੇ (ਭਗਵਾ) ਨੂੰ ਗੁਰੂ ਮੰਨਣ ਦੀ ਪਰੰਪਰਾ ਨੇ ਰਾਸ਼ਟਰੀ ਝੰਡੇ (ਤਿਰੰਗੇ) ਪ੍ਰਤੀ ਉਸ ਦੇ ਰਵੱਈਏ 'ਤੇ ਸਵਾਲ ਖੜ੍ਹੇ ਕੀਤੇ। ਗੋਲਵਲਕਰ ਨੇ 'ਬੰਚ ਆਫ਼ ਥੌਟਸ' ਵਿੱਚ ਤਿਰੰਗੇ ਨੂੰ ਵਿਦੇਸ਼ੀ ਪ੍ਰੇਰਣਾ ਵਾਲਾ ਅਤੇ ਭਾਰਤੀ ਵਿਰਾਸਤ ਨਾਲ ਜੁੜਿਆ ਨਾ ਹੋਣ ਦਾ ਦਾਅਵਾ ਕੀਤਾ। 1930 ਵਿੱਚ ਜਦੋਂ ਕਾਂਗਰਸ ਨੇ ਸੁਤੰਤਰਤਾ ਦਿਵਸ ਮਨਾਉਣ ਲਈ ਤਿਰੰਗਾ ਲਹਿਰਾਇਆ, ਸੰਘ ਨੇ ਭਗਵਾ ਝੰਡਾ ਚੁੱਕਿਆ। 1950 ਤੋਂ 2002 ਤੱਕ ਸੰਘ ਨੇ ਆਪਣੇ ਮੁੱਖ ਦਫ਼ਤਰ 'ਤੇ ਤਿਰੰਗਾ ਨਹੀਂ ਲਹਿਰਾਇਆ, ਜਿਸ ਦੀ ਆਲੋਚਨਾ ਹੋਈ। ਸੰਘ ਦਾ ਕਹਿਣਾ ਹੈ ਕਿ 2002 ਤੋਂ ਪਹਿਲਾਂ ਫਲੈਗ ਕੋਡ ਨੇ ਨਿੱਜੀ ਸੰਸਥਾਵਾਂ ਨੂੰ ਝੰਡਾ ਲਹਿਰਾਉਣ ਦੀ ਮਨਾਹੀ ਕੀਤੀ ਸੀ, ਪਰ ਆਲੋਚਕ ਕਹਿੰਦੇ ਹਨ ਕਿ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ 'ਤੇ ਝੰਡਾ ਲਹਿਰਾਉਣ ਦੀ ਇਜਾਜ਼ਤ ਸੀ। 2002 ਵਿੱਚ ਸੰਘ ਨੇ ਪਹਿਲੀ ਵਾਰ ਤਿਰੰਗਾ ਲਹਿਰਾਇਆ ਅਤੇ ਹੁਣ ਕਹਿੰਦਾ ਹੈ ਕਿ ਉਹ ਰਾਸ਼ਟਰੀ ਝੰਡੇ ਦਾ ਸਤਿਕਾਰ ਕਰਦਾ ਹੈ।



ਸਿੱਖਾਂ ਨਾਲ ਸੰਘ ਦਾ ਟਕਰਾਅ, ਅਕਾਲ ਤਖਤ ਦੀ ਪਾਬੰਦੀ- 'ਸਿੱਖਾਂ ਅਤੇ ਸੰਘ ਵਿਚਕਾਰ ਤਣਾਅ ਦੀਆਂ ਜੜ੍ਹਾਂ ਇਤਿਹਾਸਕ ਅਤੇ ਵਿਚਾਰਧਾਰਕ ਮਤਭੇਦਾਂ ਵਿੱਚ ਹਨ। ਸੰਘ ਦੀ ਹਿੰਦੂ ਰਾਸ਼ਟਰਵਾਦ ਦੀ ਵਿਚਾਰਧਾਰਾ ਸਿੱਖਾਂ ਦੀ ਵੱਖਰੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਨਾਲ ਟਕਰਾਉਂਦੀ ਹੈ। ਸਿੱਖ ਆਪਣੇ ਧਰਮ ਨੂੰ ਵੱਖਰੀ ਪਛਾਣ ਵਜੋਂ ਦੇਖਦੇ ਹਨ, ਜਦਕਿ ਸੰਘ ਦਾ ਮੁਖੀ ਮੋਹਨ ਭਾਗਵਤ ਅਕਸਰ ਕਹਿੰਦਾ ਹੈ ਕਿ ਭਾਰਤ ਦਾ ਹਰ ਨਾਗਰਿਕ 'ਹਿੰਦੂ' ਹੈ, ਭਾਵੇਂ ਉਸ ਦਾ ਧਰਮ ਕੋਈ ਵੀ ਹੋਵੇ। ਇਹ ਨਜ਼ਰੀਆ ਸਿੱਖਾਂ ਨੂੰ ਉਨ੍ਹਾਂ ਦੀ ਵੱਖਰੀ ਪਛਾਣ 'ਤੇ ਹਮਲਾ ਜਾਪਦਾ ਹੈ।

1980ਵਿਆਂ ਵਿੱਚ ਸੰਘ ਨੇ 'ਰਾਸ਼ਟਰੀ ਸਿੱਖ ਸੰਗਤ' ਨਾਮ ਦੀ ਸੰਸਥਾ ਬਣਾਈ, ਜਿਸ ਦਾ ਮਕਸਦ ਸਿੱਖਾਂ ਨੂੰ ਸੰਘ ਦੀ ਵਿਚਾਰਧਾਰਾ ਨਾਲ ਜੋੜਨਾ ਸੀ। ਇਸ ਨੂੰ ਸਿੱਖਾਂ ਨੇ ਆਪਣੇ ਧਰਮ ਨੂੰ ਹਿੰਦੂਵਾਦ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ। 2004 ਵਿੱਚ ਅਕਾਲ ਤਖਤ ਨੇ ਰਾਸ਼ਟਰੀ ਸਿੱਖ ਸੰਗਤ 'ਤੇ ਪਾਬੰਦੀ ਲਗਾਈ, ਕਹਿੰਦਿਆਂ ਕਿ ਇਹ ਸਿੱਖ ਸਿਧਾਂਤਾਂ ਦੇ ਖਿਲਾਫ ਹੈ। ਅਕਾਲ ਤਖਤ ਦੇ ਜਥੇਦਾਰ ਨੇ ਸੰਘ ਨੂੰ ਸਿੱਖੀ ਦੀ ਵੱਖਰੀ ਪਛਾਣ ਨੂੰ ਖਤਮ ਕਰਨ ਦੀ ਕੋਸ਼ਿਸ਼ ਦਾ ਦੋਸ਼ੀ ਠਹਿਰਾਇਆ ਸੀ।ਉਸ ਸਮੇਂ ਦੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਦਾ ਮੰਨਣਾ ਸੀ ਕਿ ਸੰਘ ਦੀ 'ਹਿੰਦੂ ਰਾਸ਼ਟਰ' ਵਾਲੀ ਸੰਕਲਪਨਾ ਸਿੱਖਾਂ ਦੀ ਵੱਖਰੀ ਧਾਰਮਿਕ ਪਛਾਣ ਨਾਲ ਮੇਲ ਨਹੀਂ ਖਾਂਦੀ। ਸਿੱਖ ਇਤਿਹਾਸ ਵਿੱਚ ਮੁਗਲਾਂ ਅਤੇ ਹੋਰਨਾਂ ਨਾਲ ਸੰਘਰਸ਼ ਨੇ ਸਿੱਖੀ ਨੂੰ ਇੱਕ ਵੱਖਰੀ ਸਭਿਅਤਾ ਵਜੋਂ ਸਥਾਪਿਤ ਕੀਤਾ, ਜੋ ਸੰਘ ਦੇ 'ਸਾਰੇ ਹਿੰਦੂ' ਵਾਲੇ ਨਜ਼ਰੀਏ ਨਾਲ ਟਕਰਾਉਂਦੀ ਹੈ। ਰਾਸ਼ਟਰੀ ਸਿੱਖ ਸੰਗਤ ਦੀਆਂ ਗਤੀਵਿਧੀਆਂ ਬਰਦਾਸ਼ਤ ਯੋਗ ਨਹੀਂ ਜਿਵੇਂ ਸਿੱਖ ਗੁਰੂਆਂ ਨੂੰ ਹਿੰਦੂ ਧਰਮ ਦੇ ਅਵਤਾਰ ਦੱਸਣਾ, ਸਿੱਖਾਂ ਲਈ ਅਪਮਾਨਜਨਕ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ 1980ਵਿਆਂ ਦੇ ਪੰਜਾਬ ਸੰਕਟ ਦੌਰਾਨ ਸੰਘ ਦੀ ਭੂਮਿਕਾ ਨੂੰ ਸਿੱਖ ਭਾਈਚਾਰੇ ਨੇ ਸਰਕਾਰ ਦੇ ਸਮਰਥਕ ਵਜੋਂ ਦੇਖਿਆ, ਜਿਸ ਨੇ ਟਕਰਾਅ ਨੂੰ ਹੋਰ ਵਧਾਇਆ। ਸੰਘ ਦੀ ਭਾਜਪਾ ਨਾਲ ਨੇੜਤਾ ਅਤੇ ਭਾਜਪਾ ਦੀਆਂ ਕਿਸਾਨ ਤੇ ਪੰਜਾਬ ਵਿਰੋਧੀ ਨੀਤੀਆਂ, ਜਿਵੇਂ ਬੰਦੀ ਸਿੱਖਾਂ ਦੀ ਰਿਹਾਈ ਨਾ ਹੋਣਾ,ਪੰਜਾਬ ਵਿਚ ਡੈਮੋਗਰਾਫੀ ਤਬਦੀਲੀ, ਖੇਤੀ ਕਾਨੂੰਨਾਂ ਦਾ ਵਿਰੋਧ, ਨੇ ਸਿੱਖਾਂ ਵਿੱਚ ਸੰਘ ਪ੍ਰਤੀ ਰੋਸ ਵਧਾਇਆ।

ਕਿਹੋ ਜਿਹੇ ਹਨ ਸੰਘ ਅਤੇ ਭਾਜਪਾ ਦੇ ਸਬੰਧ-ਸੰਘ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ 'ਰੀੜ੍ਹ ਦੀ ਹੱਡੀ' ਮੰਨਿਆ ਜਾਂਦਾ ਹੈ। ਸੰਘ ਦੀ ਜ਼ਮੀਨੀ ਪੱਧਰ 'ਤੇ ਮੌਜੂਦਗੀ ਅਤੇ ਸਵੈਮਸੇਵਕਾਂ ਦੀ ਸੰਗਠਨ ਸਮਰੱਥਾ ਨੇ ਭਾਜਪਾ ਨੂੰ ਚੋਣਾਂ ਵਿੱਚ ਵੱਡੀ ਸਫਲਤਾ ਦਿਵਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ ਵਰਗੇ ਨੇਤਾ ਸੰਘ ਦੇ ਸਵੈਮਸੇਵਕ ਰਹੇ ਹਨ। 2015 ਵਿੱਚ ਦਿੱਲੀ ਵਿੱਚ ਸੰਘ ਦੀ ਇੱਕ ਬੈਠਕ ਵਿੱਚ ਮੋਦੀ ਸਰਕਾਰ ਦੇ ਮੰਤਰੀਆਂ ਨੇ ਹਿੱਸਾ ਲਿਆ ਅਤੇ ਆਪਣੇ ਮੰਤਰਾਲਿਆਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਦੀ ਆਲੋਚਨਾ ਹੋਈ ਕਿ ਇੱਕ ਗੈਰ-ਸਰਕਾਰੀ ਸੰਗਠਨ ਸਰਕਾਰ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸੰਘ ਦਾ ਕਹਿਣਾ ਹੈ ਕਿ ਉਹ ਸਿਰਫ ਸਮਰਥਨ ਕਰਦਾ ਹੈ, ਨਾ ਕਿ ਸਿੱਧੇ ਸਿਆਸਤ ਵਿੱਚ ਦਖਲ ਦਿੰਦਾ ਹੈ।

## ਸੰਘ ਦਾ ਮੁਸਲਮਾਨਾਂ ਅਤੇ ਈਸਾਈਆਂ ਪ੍ਰਤੀ ਵਿਰੋਧ ਕਿਉਂ

ਸੰਘ ਦੇ ਦੂਜੇ ਮੁਖੀ ਮਾਧਵ ਸਦਾਸ਼ਿਵਰਾਓ ਗੋਲਵਲਕਰ ਨੇ ਆਪਣੀ ਕਿਤਾਬ 'ਬੰਚ ਆਫ਼ ਥੌਟਸ' ਵਿੱਚ ਮੁਸਲਮਾਨਾਂ ਅਤੇ ਈਸਾਈਆਂ ਨੂੰ 'ਰਾਸ਼ਟਰ ਦਾ ਅੰਦਰੂਨੀ ਦੁਸ਼ਮਣ' ਕਿਹਾ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਮੁਸਲਮਾਨ ਅਤੇ ਈਸਾਈ ਧਰਮ ਪਰਿਵਰਤਨ ਕਰਕੇ ਹਿੰਦੂ ਸਮਾਜ ਨੂੰ ਕਮਜ਼ੋਰ ਕਰ ਰਹੇ ਹਨ। ਹਾਲਾਂਕਿ ਮੋਹਨ ਭਾਗਵਤ ਨੇ ਇਨ੍ਹਾਂ ਵਿਚਾਰਾਂ ਨੂੰ ਸਮੇਂ ਦੇ ਸੰਦਰਭ ਨਾਲ ਜੋੜਿਆ ਅਤੇ ਕਿਹਾ ਕਿ ਸੰਘ ਦੀ ਸੋਚ ਸਮੇਂ ਨਾਲ ਬਦਲਦੀ ਹੈ। ਭਾਗਵਤ ਦਾ ਕਹਿਣਾ ਹੈ ਕਿ ਸਾਰੇ ਭਾਰਤੀ, ਚਾਹੇ ਕਿਸੇ ਵੀ ਧਰਮ ਦੇ ਹੋਣ, ਹਿੰਦੂ ਹਨ ਕਿਉਂਕਿ ਉਹ ਇੱਕੋ ਪੁਰਖਿਆਂ ਦੀ ਔਲਾਦ ਹਨ। ਪਰ ਸੰਘ ਦੀ 'ਹਿੰਦੂ ਰਾਸ਼ਟਰ' ਵਾਲੀ ਸੰਕਲਪਨਾ ਅਤੇ ਘੱਟ ਗਿਣਤੀਆਂ ਪ੍ਰਤੀ ਪਹਿਲਾਂ ਦੇ ਬਿਆਨਾਂ ਨੇ ਮੁਸਲਮਾਨਾਂ ਅਤੇ ਈਸਾਈਆਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ।

# ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਅਨੰਦ ਮੈਰਿਜ ਐਕਟ ਭਾਰਤ ਵਿਚ ਲਾਗੂ ਹੋ ਜਾਵੇਗਾ


**ਤਰਲੋਚਨ ਸਿੰਘ**



ਕੁਝ ਦਿਨ ਪਹਿਲਾਂ ਭਾਰਤ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਨੇ ਇਕ ਸਿੱਖ ਦੀ ਪਟੀਸ਼ਨ 'ਤੇ ਇਤਿਹਾਸਕ ਫ਼ੈਸਲਾ ਸੁਣਾਉਂਦੇ ਹੋਏ ਇਹ ਆਦੇਸ਼ ਦਿੱਤਾ ਹੈ ਕਿ ਭਾਰਤ ਦੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਅਨੰਦ ਮੈਰਿਜ ਐਕਟ ਲਾਗੂ ਕੀਤਾ ਜਾਵੇ। ਇਸ ਖ਼ਬਰ ਨੂੰ ਭਾਰਤ ਦੀਆਂ ਸਾਰੀਆਂ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਕਾਰਨ ਦੁਨੀਆ ਭਰ ਦੇ ਸਿੱਖਾਂ ਵਿਚ ਅਨੰਦ ਮੈਰਿਜ ਐਕਟ ਇਕ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਪੰਜਾਬ ਦੇ ਸਾਰੇ ਇੰਟਰਨੈੱਟ ਚੈਨਲਾਂ ਨੇ ਇਸ ਸੰਬੰਧੀ ਸਪੈਸ਼ਲ ਪ੍ਰੋਗਰਾਮ ਕਰਦਿਆਂ ਵਿਚਾਰ-ਵਟਾਂਦਰਾ ਕੀਤਾ ਹੈ। ਸੁਪਰੀਮ ਕੋਰਟ ਨੇ ਆਪਣੇ ਇਸ ਹੁਕਮ ਵਿਚ ਦੇਸ਼ ਦੇ ਹਰ ਧਰਮ ਦੀ ਵਿਲੱਖਣਤਾ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਦੀਆਂ ਰਹੁ-ਰੀਤੀਆਂ ਨੂੰ ਕਾਇਮ ਰੱਖਣ ਸੰਬੰਧੀ ਬੜੇ ਸਪੱਸ਼ਟ ਸ਼ਬਦਾਂ ਵਿਚ ਆਦੇਸ਼ ਦਿੱਤਾ ਹੈ। ਇਸ ਸਮੇਂ ਜਦੋਂ ਕਿ ਆਮ ਕਰਕੇ ਬਹੁਗਿਣਤੀ ਭਾਈਚਾਰੇ ਅਤੇ ਘੱਟ-ਗਿਣਤੀ ਭਾਈਚਾਰਿਆਂ ਦੇ ਸੰਬੰਧਾਂ ਦਾ ਵਿਸ਼ਾ ਚਿੰਤਾਜਨਕ ਬਣਿਆ ਹੋਇਆ ਹੈ ਤਾਂ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਹਰ ਧਰਮ ਦੇ ਵਿਸ਼ਵਾਸ ਕਰਨ ਵਾਲਿਆਂ ਨੂੰ ਤਸੱਲੀ ਦੇਣ ਵਾਲਾ ਹੈ।

ਇਹ ਆਮ ਵੇਖਿਆ ਜਾਂਦਾ ਹੈ ਕਿ ਸਿੱਖਾਂ ਦੇ ਧਾਰਮਿਕ ਜਾਂ ਸਿਆਸੀ ਲੀਡਰ ਵੀ ਭਾਈਚਾਰੇ ਦੇ ਹੱਕਾਂ ਤੇ ਮੰਗਾਂ ਬਾਰੇ ਵੱਡੇ-ਵੱਡੇ ਬਿਆਨ ਅਖ਼ਬਾਰਾਂ ਵਿਚ ਦਿੰਦੇ ਰਹਿੰਦੇ ਹਨ ਅਤੇ ਸਰਕਾਰਾਂ ਨੂੰ ਤੁਰੰਤ ਇਸ 'ਤੇ ਅਮਲ ਕਰਨ ਲਈ ਕਿਹਾ ਜਾਂਦਾ ਹੈ। ਪਰ ਕਦੇ ਵੀ ਕਿਸੇ ਸੰਸਥਾ ਜਾਂ ਲੀਡਰ ਨੇ ਆਪ ਨਿਭਾਈ ਜ਼ਿੰਮੇਵਾਰੀ ਬਾਰੇ ਨਹੀਂ ਦੱਸਿਆ। ਮੈਂ ਇਹ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਸੁਪਰੀਮ ਕੋਰਟ ਦਾ ਫ਼ੈਸਲਾ ਸਿੱਖਾਂ ਦੀਆਂ ਧਾਰਮਿਕ ਜਥੇਬੰਦੀਆਂ 'ਤੇ ਵੀ ਤਨਜ਼ ਕਰਦਾ ਹੈ। ਅਨੰਦ ਮੈਰਿਜ ਐਕਟ ਭਾਰਤ ਦੀ ਸੰਸਦ ਦੇ ਦੋਹਾਂ ਸਦਨਾਂ ਵਿਚ 21 ਤੇ 22 ਮਈ 2012 ਨੂੰ ਪਾਸ ਕੀਤਾ ਗਿਆ ਸੀ ਅਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਇਸ ਨੂੰ 08 ਜੂਨ 2012 ਨੂੰ ਸਰਕਾਰੀ ਗਜ਼ਟ ਵਿਚ ਛਾਪ ਦਿੱਤਾ ਗਿਆ ਸੀ। ਇਹ ਕਾਨੂੰਨ ਸਾਰੇ ਭਾਰਤ 'ਤੇ ਲਾਗੂ ਹੋ ਗਿਆ ਸੀ ਅਤੇ ਹਰ ਸੂਬੇ ਨੂੰ ਇਸ ਬਾਰੇ ਕਾਇਦੇ ਕਾਨੂੰਨ ਬਣਾ ਕੇ ਆਪੋ-ਆਪਣੇ ਸੂਬੇ ਵਿਚ ਇਸ ਨੂੰ ਲਾਗੂ ਕਰਨ ਦੇ ਹੁਕਮ ਦਿੱਤੇ ਗਏ ਸਨ। ਕੋਈ ਵੀ ਸੂਬਾ ਇਸ ਐਕਟ ਵਿਚ ਤਰਮੀਮ ਨਹੀਂ ਕਰ ਸਕਦਾ। ਮੈਂ ਇਸੇ ਕਰਕੇ ਸਿੱਖ ਜਥੇਬੰਦੀਆਂ ਦੀ ਜ਼ਿੰਮੇਵਾਰੀ ਦੀ ਗੱਲ ਕਰਦਾ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਰਬਉੱਚ ਸੰਸਥਾ ਮੰਨੀ ਜਾਂਦੀ ਹੈ, ਇਹ ਉਸ ਦੀ ਜ਼ਿੰਮੇਵਾਰੀ ਸੀ ਕਿ ਉਹ ਹਰ ਸੂਬੇ ਦੇ ਮੁੱਖ ਮੰਤਰੀ ਨੂੰ ਮਿਲ ਕੇ ਇਸ ਕਾਨੂੰਨ ਨੂੰ ਤੁਰੰਤ ਲਾਗੂ ਕਰਨ ਲਈ ਬੇਨਤੀ ਕਰਦੀ। ਭਾਰਤ ਦੇ ਹਰ ਹਿੱਸੇ ਵਿਚ ਸਿੱਖ ਵਸਦੇ ਹਨ, ਗੁਰਦੁਆਰੇ ਕਾਇਮ ਹਨ। ਇਸ ਕਾਨੂੰਨ ਰਾਹੀਂ ਹਰ ਸਿੱਖ ਨੂੰ ਲਾਭ ਪੁੱਜਣਾ ਹੈ ਅਤੇ ਇਸ ਲਈ ਗੁਰਦੁਆਰਾ ਕਮੇਟੀਆਂ ਦਾ ਇਹ ਫ਼ਰਜ਼ ਵੀ ਬਣਦਾ ਸੀ, ਕਿ ਉਹ ਆਪਣੇ ਸੂਬੇ ਦੇ ਲੀਡਰਾਂ ਨੂੰ ਮਿਲ ਕੇ ਇਹ ਕਾਨੂੰਨ ਲਾਗੂ ਕਰਵਾਉਂਦੇ।




ਕਿਸੇ ਵੀ ਸੂਬੇ ਨੂੰ ਇਸ ਵਿਚ ਕੋਈ ਰੁਕਾਵਟ ਪਾਉਣ ਦੀ ਲੋੜ ਨਹੀਂ ਸੀ। ਪਰ ਸਾਡੀਆਂ ਜਥੇਬੰਦੀਆਂ ਦੀ ਅਣਗਹਿਲੀ ਦੀ ਇਸ ਤੋਂ ਵੱਡੀ ਮਿਸਾਲ ਨਹੀਂ ਮਿਲੇਗੀ ਕਿ ਉਹ ਉਸ ਐਕਟ ਨੂੰ ਹੀ ਭੁੱਲ ਗਏ, ਜੋ ਸਿੱਖਾਂ ਨੂੰ ਵੱਖਰੀ ਕੌਮ ਦੀ ਪਹਿਚਾਣ ਦਿੰਦਾ ਹੈ। ਸਭ ਤੋਂ ਵੱਧ ਹੈਰਾਨਗੀ ਇਹ ਹੈ ਕਿ 2012 ਵਿਚ ਪੰਜਾਬ ਵਿਚ ਅਕਾਲੀ ਦਲ ਸਰਕਾਰ ਸੀ ਅਤੇ ਪੰਜਾਬ ਵਿਚ ਵੀ ਇਹ ਕਾਨੂੰਨ 3 ਸਾਲ ਪਿਛੋਂ ਲਾਗੂ ਹੋਇਆ।

ਅਨੰਦ ਮੈਰਿਜ ਐਕਟ ਪਹਿਲੀ ਵਾਰ ਅੰਗਰੇਜ਼ ਸਰਕਾਰ ਸਮੇਂ 1909 ਵਿਚ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੇ ਪਾਸ ਕਰਵਾਇਆ ਸੀ। ਜਿਸ ਰਾਹੀਂ ਸਿੱਖਾਂ ਦੀ ਅਨੰਦ ਕਾਰਜ ਦੀ ਰਸਮ ਨੂੰ ਸਰਕਾਰੀ ਪ੍ਰਵਾਨਗੀ ਦਿੱਤੀ ਗਈ ਸੀ। 1947 ਵਿਚ ਦੇਸ਼ ਦੇ ਆਜ਼ਾਦ ਹੋਣ 'ਤੇ ਕਈ ਪੁਰਾਣੇ ਕਾਨੂੰਨ ਖਤਮ ਹੋ ਗਏ, ਪਰ ਇਹ ਕਾਨੂੰਨ ਕਾਇਮ ਰਿਹਾ। ਹਾਲਾਂਕਿ ਇਸ ਦੀ ਵਰਤੋਂ ਨਾ ਹੋ ਸਕੀ, ਕਿਉਂਕਿ 18 ਮਈ 1955 ਨੂੰ ਹਿੰਦੂ ਮੈਰਿਜ ਐਕਟ ਲਾਗੂ ਹੋਇਆ ਤਾਂ ਸਿੱਖਾਂ ਨੂੰ ਵੀ ਇਸ 'ਚ ਹੀ ਸ਼ਾਮਿਲ ਕਰ ਦਿੱਤਾ ਗਿਆ। ਉਸ ਦਿਨ ਤੋਂ ਭਾਵ 2012 ਤੱਕ 57 ਸਾਲ ਸਿੱਖਾਂ ਦੇ ਵਿਆਹ ਅਨੰਦ ਕਾਰਜ ਰਾਹੀਂ ਹੁੰਦੇ ਰਹੇ, ਪਰ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ ਦੇ ਤਹਿਤ ਸਰਟੀਫਿਕੇਟ ਦਿੱਤਾ ਜਾਂਦਾ ਸੀ। ਆਮ ਕਰਕੇ ਅਸੀਂ ਵਿਆਹ ਦੇ ਸਰਟੀਫਿਕੇਟ ਨਹੀਂ ਲੈਂਦੇ, ਪਰ ਜੋ ਵੀ ਬਾਹਰਲੇ ਮੁਲਕ ਜਾਂਦੇ ਹਨ ਉਨ੍ਹਾਂ ਲਈ ਵਿਆਹ ਦਾ ਇਹ ਸਰਟੀਫਿਕੇਟ ਲੈਣਾ ਲਾਜ਼ਮੀ ਹੈ।

ਜਦੋਂ ਮੈਂ 2004 ਵਿਚ ਹਰਿਆਣੇ ਤੋਂ ਸੰਸਦ ਮੈਂਬਰ ਬਣਿਆ ਤਾਂ ਵੱਖਰਾ ਸਿੱਖ ਵਿਆਹ ਐਕਟ ਬਣਾਉਣ ਲਈ ਕੰਮ ਆਰੰਭ ਕੀਤਾ ਗਿਆ ਸੀ। ਸਰਕਾਰ ਨਾਲ ਬਹੁਤ ਮੀਟਿੰਗਾਂ ਕੀਤੀਆਂ, ਹਰ ਕਿਸੇ ਨੇ ਕਿਹਾ ਕਿ ਹਿੰਦੂ ਮੈਰਿਜ ਐਕਟ ਵਿਚ ਤਰਮੀਮ ਕਰਵਾਉਣੀ ਬੜੀ ਔਖੀ ਹੈ। ਫਿਰ ਮੈਂ ਇਕ ਰਸਤਾ ਲੱਭਿਆ ਕਿ ਜੋ ਸਿੱਖ ਮੈਰਿਜ ਐਕਟ 1909 ਵਿਚ ਪਾਸ ਹੋਇਆ ਸੀ, ਉਸ ਬਾਰੇ ਸਰਕਾਰ ਤੋਂ ਇਹ ਲਿਖਤੀ ਚਿੱਠੀ ਲਈ ਕਿ ਉਹ ਐਕਟ ਹਾਲਾਂ ਵੀ ਲਾਗੂ ਹੈ, ਪਰ ਉਸ ਵਿਚ ਵਿਆਹ ਰਜਿਸਟਰ ਕਰਨ ਦੀ ਕੋਈ ਮਦ ਨਹੀਂ ਹੈ। ਮੈਂ ਕਾਨੂੰਨੀ ਮਾਹਿਰਾਂ ਦੀ ਸਲਾਹ ਨਾਲ 18 ਸਤੰਬਰ 2007 ਨੂੰ ਇਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ, ਹਰ ਇਕ ਸੰਸਦ ਮੈਂਬਰ ਨੂੰ ਇਸ ਤਰ੍ਹਾਂ ਕਰਨ ਦੀ ਪ੍ਰਵਾਨਗੀ ਹੈ। ਇਨ੍ਹਾਂ ਬਿੱਲਾਂ ਨੂੰ ਲਾਟਰੀ ਰਾਹੀਂ ਸਦਨ ਵਿਚ ਪੇਸ਼ ਕਰਨ ਦੀ ਪ੍ਰਵਾਨਗੀ ਮਿਲਦੀ ਹੈ, ਰੱਬ ਦੀ ਕ੍ਰਿਪਾ ਨਾਲ ਮੈਨੂੰ ਲਾਟਰੀ ਵਿਚ ਇਹ ਪ੍ਰਵਾਨਗੀ ਛੇਤੀ ਮਿਲ ਗਈ। ਅੱਗੋਂ ਗੁਰੂ ਦੀ ਅਜਿਹੀ ਕ੍ਰਿਪਾ ਹੋਈ ਕਿ ਭਾਰਤ ਦੇ ਉਪ ਰਾਸ਼ਟਰਪਤੀ ਭੈਰੋਂ ਸਿੰਘ ਸ਼ੇਖਾਵਤ, ਜੋ ਰਾਜ ਸਭਾ ਦੇ ਚੇਅਰਮੈਨ ਸਨ, ਉਨ੍ਹਾਂ ਨੇ ਮੇਰਾ ਬਿੱਲ ਸੰਸਦ ਦੀ ਕਾਨੂੰਨ ਘੜਨ ਵਾਲੀ ਕਮੇਟੀ ਨੂੰ ਭੇਜ ਦਿੱਤਾ। ਮੈਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਸ. ਅਵਤਾਰ ਸਿੰਘ ਮੱਕੜ, ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਬਿੱਲ ਦੀ ਪ੍ਰੋੜ੍ਹਤਾ ਕਰਨ ਲਈ ਲਿਖਿਆ ਤਾਂ ਉਨ੍ਹਾਂ 21 ਨਵੰਬਰ 2007 ਨੂੰ ਪ੍ਰਵਾਨਗੀ ਦੀ ਚਿੱਠੀ ਸੰਸਦ ਵਿਚ ਭੇਜ ਦਿੱਤੀ। ਮੇਰੀ ਬੇਨਤੀ 'ਤੇ 12 ਸਿੱਖ ਸੰਸਦ ਮੈਂਬਰਾਂ ਨੇ 4 ਦਸੰਬਰ 2007 ਨੂੰ ਆਪਣੀ ਸਹਿਮਤੀ ਦੀ ਚਿੱਠੀ ਭੇਜ ਦਿੱਤੀ ਸੀ। ਇਹ ਸੰਸਦ ਮੈਂਬਰ-ਚਰਨਜੀਤ ਸਿੰਘ ਅਟਵਾਲ ਡਿਪਟੀ ਸਪੀਕਰ, ਸੁਖਦੇਵ ਸਿੰਘ ਢੀਂਡਸਾ, ਐਮ.ਐੱਸ. ਗਿੱਲ, ਮਹਾਰਾਣੀ ਪਟਿਆਲਾ ਪ੍ਰਨੀਤ ਕੌਰ, ਰਾਣਾ ਗੁਰਜੀਤ ਸਿੰਘ, ਰਾਜਮਹਿੰਦਰ ਸਿੰਘ ਮਜੀਠਾ, ਰਤਨ ਸਿੰਘ ਅਜਨਾਲਾ, ਆਤਮਾ ਸਿੰਘ ਗਿੱਲ, ਨਰੇਸ਼ ਗੁਜਰਾਲ, ਵਰਿੰਦਰ ਸਿੰਘ ਬਾਜਵਾ, ਜੋਰਾ ਸਿੰਘ ਮਾਨ ਤੇ ਸ਼ਰਨਜੀਤ ਸਿੰਘ ਢਿੱਲੋਂ ਆਦਿ ਸਨ।


ਸੰਸਦ ਦੀ ਕਾਨੂੰਨ ਘੜਨੀ ਕਮੇਟੀ ਦੇ ਚੇਅਰਮੈਨ ਤਾਮਿਲਨਾਡੂ ਦੇ ਡਾ. ਈ.ਐਮ. ਸੁਦਰਸ਼ਨ ਨਚਿਯੱਪਨ ਸਨ। ਕਮੇਟੀ ਦੀ ਪਹਿਲੀ ਮੀਟਿੰਗ 04 ਦਸੰਬਰ 2007 ਨੂੰ ਹੋਈ, ਜਿਸ ਵਿਚ ਭਾਰਤ ਸਰਕਾਰ ਦੇ ਕਾਨੂੰਨ ਮਹਿਕਮੇ ਦੇ ਸਕੱਤਰ ਡਾ. ਕੇ.ਐਨ. ਚਤੁਰਵੇਦੀ ਪੇਸ਼ ਹੋਏ। ਇਸ ਕਮੇਟੀ ਨੇ ਸਰਬਸੰਮਤੀ ਨਾਲ ਆਪਣੀ ਰਿਪੋਰਟ ਸੰਸਦ ਵਿਚ ਪੇਸ਼ ਕਰ ਦਿੱਤੀ ਕਿ ਅਨੰਦ ਮੈਰਿਜ ਐਕਟ 1909 ਨੂੰ ਬਦਲ ਕੇ ਨਵਾਂ ਐਕਟ ਬਣਾਇਆ ਜਾਵੇ, ਜਿਸ ਅਨੁਸਾਰ ਅਨੰਦ ਕਾਰਜ ਵਾਲੇ ਵਿਆਹ ਦਾ ਵੱਖਰਾ ਸਰਟੀਫਿਕੇਟ ਦਿੱਤਾ ਜਾਵੇ।

ਉਸ ਸਮੇਂ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ, ਮੈਂ ਉਨ੍ਹਾਂ ਨੂੰ ਕਈ ਵਾਰੀ ਮਿਲਿਆ, ਕਿਉਂਕਿ ਨਵਾਂ ਐਕਟ ਲਿਆਉਣ ਲਈ ਮੰਤਰੀ-ਮੰਡਲ ਦੀ ਪ੍ਰਵਾਨਗੀ ਹੋਣੀ ਜ਼ਰੂਰੀ ਸੀ। ਕਈ ਕਾਨੂੰਨ ਮੰਤਰੀ ਬਦਲ ਗਏ, ਅਖੀਰ ਜਦੋਂ ਸੁਲੇਮਾਨ ਖੁਰਸ਼ੀਦ ਇਸ ਮਹਿਕਮੇ ਦੇ ਮੰਤਰੀ ਬਣੇ ਤਾਂ ਉਨ੍ਹਾਂ ਨੇ 4 ਅਪ੍ਰੈਲ 2012 ਨੂੰ ਕੈਬਨਿਟ ਮੀਟਿੰਗ ਵਿਚ ਇਸ ਦੀ ਪ੍ਰਵਾਨਗੀ ਲੈ ਲਈ ਸੀ। ਉਨ੍ਹਾਂ ਨੇ ਮੈਨੂੰ ਸਰਕਾਰੀ ਚਿੱਠੀ ਰਾਹੀਂ 23 ਅਪ੍ਰੈਲ ਨੂੰ ਇਸ ਖੁਸ਼ਖਬਰੀ ਦੀ ਇਤਲਾਹ ਦਿੱਤੀ ਸੀ। ਅਸੀਂ ਸਾਰੇ ਸਿੱਖ ਸੰਸਦ ਮੈਂਬਰਾਂ ਨੇ ਉਨ੍ਹਾਂ ਦਾ ਉਚੇਚਾ ਧੰਨਵਾਦ ਕੀਤਾ। ਹੁਣ ਉਮੀਦ ਹੈ ਕਿ ਸਾਰੇ ਭਾਰਤ ਵਿਚ ਇਹ ਐਕਟ ਲਾਗੂ ਹੋ ਜਾਵੇਗਾ।

ਲੜੀਵਾਰ ਨਾਵਲ

ਕਮਲ ਗਿੱਲ

Mob : +44 07454 394684



# ਗੰਧਲੇ ਰਿਸ਼ਤੇ

**ਇਹ ਸਭ ਅਚਾਨਕ ਇੱਕ ਬੁਰੇ ਸੁਫਨੇ ਵਾਂਗ ਨਿਕਲ ਗਿਆ। ਮੈਂ ਵਾਰ-ਵਾਰ ਆਪਣੇ ਆਪ ਨੂੰ ਝੰਜੋੜਦੀ । ਇਹ ਸੋਚਦੀ ਕਿ ਮੈਂ ਸੁੱਤੀ ਪਈ ਹਾਂ ਤੇ ਇਹ ਇੱਕ ਬੁਰਾ ਸੁਫਨਾ ਚੱਲ ਰਿਹਾ ਹੈ। ਪੈਰਾਮੈਡਿਕ ਅਤੇ ਪੁਲਿਸ ਦੀ ਕਾਰ ਦੇਖ ਬ੍ਰਾਇਨ ਅਤੇ ਹੋਰ ਸਟ੍ਰੀਟ ਦੇ ਗੋਰੇ ਵੀ ਡੋਰ 'ਤੇ ਆ ਗਏ। ਬ੍ਰਾਇਨ ਮੈਨੂੰ ਜੱਫੀ 'ਚ ਲੈ ਧਾਂਹਾ ਮਾਰ ਰੋਇਆ। ਆਲੇ - ਦੁਆਲੇ ਦੇ ਸਾਰੇ ਲੋਕਾਂ ਦੀਆਂ ਇਸ ਸਡਨ ਮੌਤ ਨਾਲ ਅੱਖਾਂ ਨਮ ਸਨ। ਹੁੰਦੀਆਂ ਵੀ ਕਿਉਂ ਨਾ ਉਹ ਬਹੁਤ ਹੀ ਮਿਲਾਪੜੇ ਸੁਭਾਅ ਦੀ ਔਰਤ ਸੀ। ਇੱਥੇ ਆਲੇ ਦੁਆਲੇ ਸਾਰੇ ਉਸ ਦਾ ਬਹੁਤ ਸਤਿਕਾਰ ਕਰਦੇ ਸਨ।**



## ਆਖਰੀ ਕਿਸ਼ਤ

ਸ਼ਇਦ ਇਸ ਤਰ੍ਹਾਂ ਤਾਜ ਨੂੰ ਇਹ ਖਬਰ ਨਹੀਂ ਦੇਣੀ ਚਾਹੀਦੀ ਸੀ ਪਰ ਮੈਨੂੰ ਕੁਝ ਨਹੀਂ ਸੁੱਝ ਰਿਹਾ ਸੀ । ਤਾਜ ਤੋਂ ਬਾਅਦ ਮੈਂ ਰਵੀ ਨੂੰ ਫੂਨ ਲਾਇਆ ਤੇ ਧਾਹਾਂ ਮਾਰ ਰੋ ਪਈ।

ਕੈਲਾਸ਼ ਦਾ ਅਚਾਨਕ ਇਸ ਤਰ੍ਹਾਂ ਤੁਰ ਜਾਣਾ ਮੇਰੇ ਲਈ ਬਹੁਤ ਸ਼ੋਕ ਸੀ, ਮੈਂ ਸੋਚ ਵੀ ਨਹੀਂ ਸਕਦੀ ਸੀ ਕਿ ਰਾਤ ਵਾਲੀ ਮੁਲ-ਾਕਾਤ ਸਾਡੀ ਆਖਰੀ ਮੁਲਾਕਾਤ ਸੀ। ਕੈਲਾਸ਼ ਦੇ ਬੈੱਡ ਦੇ ਕੋਲ ਹੀ ਥੱਲੇ ਇੱਕ ਸਾਈਡ 'ਤੇ ਮੈਂ ਉਨ੍ਹਾ ਦਾ ਹੱਥ ਫੜ ਬੈਠ ਗਈ।

ਪੈਰਾਮੈਡਿਕ ਵਾਲੇ ਬਾਕੀ ਦੇ ਇੰਤਜ਼ਾਮ ਕਰਨ 'ਚ ਲੱਗ ਗਏ। ਮੈਨੂੰ ਸਮਝ ਨਹੀਂ ਆ ਰਹੀ ਸੀ। ਸਾਰਾ ਸਰੀਰ ਸੁੰਨ ਹੁੰਦਾ ਜਾ ਰਿਹਾ ਸੀ। ਕੈਲਾਸ਼ ਜੀ ਦਾ ਭੌਰ ਉਡਾਰੀ ਮਾਰ ਗਿਆ ਸੀ ।

ਪੈਰਾਮੈਡਿਕ ਵਾਲਿਆਂ ਮੇਰੇ ਤੋਂ ਕੁਝ ਸਵਾਲ ਪੁਛੇ ਤੇ ਉਹਨਾਂ ਨੇ ਪੁਲਿਸ ਨੂੰ ਕਾਲ ਕੀਤੀ ਹੈਲਪ ਲਈ। ਮੈਨੂੰ ਇਸ ਸਮੇਂ ਕੀ ਹੋਣਾ ਕੀ ਕਰਨਾਂ ਕੁਝ ਪਤਾ ਨਹੀਂ ਸੀ।

ਕੁਝ ਕੁ ਸਮੇਂ ਬਾਅਦ ਹੀ ਪੁਲਿਸ ਆ ਗਈ। ਉਹਨਾਂ ਨੇ ਮੇਰੇ ਤੋਂ ਉਸ ਦੀ ਫੇਮਿਲੀ ਬਾਰੇ ਪੁੱਛਿਆ ਤਾਂ ਮੈਂ ਬੇਟੇ ਦਾ ਨੰਬਰ ਦੇ ਦਿੱਤਾ ।

ਉਂਦੋ ਤੱਕ ਰਵੀ, ਤਾਜ ਅਤੇ ਨਿਮਰਤ ਨੂੰ ਲੈ ਕੇ ਏਅਰ ਪੋਰਟ ਲਈ ਰਾਵਨਾਂ ਹੋ ਚੁੱਕੇ ਸਨ।

ਮੈਨੂੰ ਵਾਰ-ਵਾਰ ਉਨ੍ਹਾਂ ਤਿੰਨਾਂ ਦੇ ਫੂਨ ਆ ਰਹੇ ਸਨ।

ਪੁਲਿਸ ਵਾਲਿਆਂ ਨੇ ਫੀਊਨਲ ਡਰੈਕਟਰਾਂ ਨੂੰ ਕਾਲ ਕੀਤੀ ਤੇ ਕੈਲਾਸ਼ ਜੀ ਦਾ ਸਰੀਰ ਪਰਿਵਾਰ ਦੇ ਆਉਣ ਤੱਕ ਸਾਂਭਣ ਦਾ ਬੰਦੋਬਸਤ ਕਰ ਦਿੱਤਾ ।

ਕੋਈ ਇਕ ਕੁ ਘੰਟੇ ਵਿੱਚ ਹੀ ਉਹ ਆ ਗਏ ਤੇ ਕੈਲਾਸ਼ ਜੀ ਦਾ ਸਰੀਰ ਮੇਰੀਆਂ ਅੱਖਾਂ ਸਾਹਮਣੇ ਹੀ ਕਾਲੇ ਬੈਗ 'ਚ ਜਿੱਪ ਲਾ ਕੇ ਐਂਬੂਲੈਂਸ 'ਚ ਲੈ ਗਏ।

ਮੈਂ ਉੱਥੇ ਹੀ ਸੁੰਨ ਖੜੀ ਰਹਿ ਗਈ ।

ਇਹ ਸਭ ਅਚਾਨਕ ਇੱਕ ਬੁਰੇ ਸੁਫਨੇ ਵਾਂਗ ਨਿਕਲ ਗਿਆ। ਮੈਂ ਵਾਰ-ਵਾਰ ਆਪਣੇ ਆਪ ਨੂੰ ਝੰਜੋੜਦੀ । ਇਹ ਸੋਚਦੀ ਕਿ ਮੈਂ ਸੁੱਤੀ ਪਈ ਹਾਂ ਤੇ ਇਹ ਇੱਕ ਬੁਰਾ ਸੁਫਨਾ ਚੱਲ ਰਿਹਾ ਹੈ।

ਪੈਰਾਮੈਡਿਕ ਅਤੇ ਪੁਲਿਸ ਦੀ ਕਾਰ ਦੇਖ ਬ੍ਰਾਇਨ ਅਤੇ ਹੋਰ ਸਟ੍ਰੀਟ ਦੇ ਗੋਰੇ ਵੀ ਡੋਰ 'ਤੇ ਆ ਗਏ। ਬ੍ਰਾਇਨ ਮੈਨੂੰ ਜੱਫੀ 'ਚ ਲੈ ਧਾਂਹਾ ਮਾਰ ਰੋਇਆ। ਆਲੇ - ਦੁਆਲੇ ਦੇ ਸਾਰੇ ਲੋਕਾਂ ਦੀਆਂ ਇਸ ਸਡਨ ਮੌਤ ਨਾਲ ਅੱਖਾਂ ਨਮ ਸਨ।

ਹੁੰਦੀਆਂ ਵੀ ਕਿਉਂ ਨਾ ਉਹ ਬਹੁਤ ਹੀ ਮਿਲਾਪੜੇ ਸੁਭਾਅ ਦੀ ਔਰਤ ਸੀ। ਇੱਥੇ ਆਲੇ ਦੁਆਲੇ ਸਾਰੇ ਉਸ ਦਾ ਬਹੁਤ ਸਤਿਕਾਰ ਕਰਦੇ ਸਨ।

ਜਸਲੀਨ ਦੇ ਨਾਨਾ-ਨਾਨੀ ਵੀ ਸਟ੍ਰੀਟ 'ਚ ਖੜ੍ਹੀ ਐਂਬੂਲੈਂਸ ਦੇਖ ਰੁੱਕ ਗਏ ਤੇ ਖਬਰ ਜਾਣ ਬਹੁਤ ਦੁਖੀ ਹੋਏ।

ਕੈਲਾਸ਼ ਜੀ ਦਾ ਸਰੀਰ ਐਂਬੂਲੈਂਸ ਵਾਲੇ ਲੈ ਜਾ ਚੁੱਕੇ ਸਨ ।

ਮੈਂ ਘਰ 'ਚ ਬੈਠ ਰਵੀ ਹੁਣਾ ਦੀ ਉਡੀਕ ਕਰਨ ਲੱਗ ਗਈ । ਉਹ ਬਜ਼ੁਰਗ ਜੋੜਾ ਵੀ ਆਪਣੇ ਘਰ ਨਾ ਗਿਆ ਤੇ ਮੇਰੇ ਕੋਲ ਹੀ ਕੈਲਾਸ਼ ਜੀ ਦੇ ਪਰਿਵਾਰ ਆਉਣ ਤੱਕ ਰੁੱਕੇ ਰਹੇ।

ਘਰ ਖਾਣ ਨੂੰ ਆ ਰਿਹਾ ਸੀ । ਬਾਹਰ ਦੇਖ ਮੇਰੇ ਹੌਲ ਪੈ ਰਹੇ ਸਨ। ਇੰਦਾਂ ਲੱਗ ਰਿਹਾ ਸੀ ਇਹ ਬਾਹਰ ਖੜੇ ਬੂਟੇ ਵੀ ਆਪਣੇ ਮਾਲੀ ਮਾਲਕ ਨੂੰ ਉਡੀਕ ਰਹੇ ਹਨ ।

ਟੇਬਲ 'ਤੇ ਪਈਆਂ ਕੀਤਾਬਾਂ-ਪੈਨ ਉਸ ਦੇ ਹੱਥਾਂ ਦੀ ਛੋਹ ਭਾਲ ਰਹੇ ਸਨ ।

ਸ਼ਾਮ ਪਈ ਤਾਂ ਤਾਜ, ਨਿਮਰਤ ਅਤੇ ਰਵੀ ਆ ਗਏ। ਅਸੀਂ ਸਾਰੇ ਬਹੁਤ ਰੋਏ ਕੁਰ-ਲਾਏ। ਤਾਜ ਦੀ ਹਾਲਤ ਦੇਖੀ ਨਹੀਂ ਜਾ ਰਹੀ ਸੀ । ਮੇਰੇ ਗੱਲ ਲੱਗ ਧਾਂਹਾ ਮਾਰ ਰੋ ਰਿਹਾ ਸੀ।

''ਦੀਦੀ ਮੈਂ ਇਸ ਤਰ੍ਹਾਂ ਮਾਂ ਨੂੰ ਨਹੀਂ ਲੈ ਕੇ ਜਾਣਾ ਸੀ ਵਾਪਸ, ਇਹ ਕੀ ਹੋ ਗਿਆ?''

ਉਸ ਦੀ ਬਿਲਕ ਮੇਰੇ ਤੋਂ ਝੱਲੀ ਨਹੀਂ ਜਾ ਰਹੀ ਸੀ।

ਉਹ ਰਾਤ ਅਸੀਂ ਚਾਰਾ ਨੇ ਜਾਗ ਕੇ ਕੱਟੀ। ਸਾਡੇ ਵਿੱਚੋਂ ਕਿਸੇ ਦੀ ਵੀ ਅੱਖ ਨਾ ਲੱਗੀ।

ਵਾਰ-ਵਾਰ ਉਸ ਦਾ ਚਿਹਰਾ ਮੇਰੀਆਂ ਅੱਖਾਂ ਸਾਹਮਣੇ ਆ ਰਿਹਾ ਸੀ। ਉਹ ਆਪਣੇ ਦੁੱਖਾਂ ਤੋਂ ਛੁੱਟਕਾਰਾ ਪਾ ਹਮੇਸ਼ਾ ਲਈ ਸਦਾ ਦੀ ਨੀਂਦ ਸੌਂ ਚੁੱਕੀ ਸੀ।

ਦੂਸਰੇ ਦਿਨ ਅਸੀ ਸਵੇਰੇ ਹੀ ਬ੍ਰਿਟਿਸ਼ ਅੰਬੈਸੀ ਗਏ ਤੇ ਕੈਲਾਸ਼ ਜੀ ਦੀ ਬਾਡੀ ਵਾਪਸ ਇੰਗਲੈਂਡ ਲੈ ਕੇ ਆਉਣ ਦਾ ਬੰਦੋਬਸਤ ਕਰਨ ਲੱਗ ਗਏ ।

ਇਹ ਸਭ ਪ੍ਰੋਸੀਜ਼ਰ ਦੇ ਤਿੰਨ ਦਿਨ ਲੱਗ ਗਏ ਤੇ ਚੌਥੇ ਦਿਨ ਕੈਲਾਸ਼ ਜੀ ਦੀ ਬਾਡੀ ਲੈ ਅਸੀਂ ਐਂਬੂਲੈਂਸ ਰਾਹੀਂ ਏਅਰਪੋਰਟ 'ਤੇ ਆ ਗਏ।

"ਮੈਨੂੰ ਯਾਦ ਆ ਰਿਹਾ ਸੀ ਮੈਂ ਤਾਜ ਨੂੰ ਕਿਹਾ ਸੀ ਇਸ ਵਾਰ ਤੇਰੀ ਮਾਂ ਨੂੰ ਹਰ ਹਾਲ 'ਚ ਆਪਾਂ ਇੰਗਲੈਂਡ ਲੈ ਕੇ ਜਾਣਾ ਹੈ ਭਾਵੇਂ ਬਹੋਸ਼ ਕਰਕੇ ਬਾਕਸ 'ਚ ਪਾ ਕੇ ਹੀ ਨਾ ਲੈ ਜਾਇਆ।

ਹਾਏ, ਪਤਾ ਨਹੀਂ ਕਿਸ ਮਾੜੇ ਸਮੇਂ ਮੈਂ ਇਹ ਬੋਲ ਮੂੰਹੋ ਬੋਲ 'ਤੇ । ਮੈਂ ਜਹਾਜ਼ 'ਚ ਨਾਲ ਬੈਠੇ ਰਵੀ ਨੂੰ ਦੱਸ ਰਹੀ ਸੀ। ਉਹ ਵਾਰ-ਵਾਰ ਮੈਨੂੰ ਹੌਸਲਾ ਦੇ ਰਿਹਾ ਸੀ ।

ਕੈਲਾਸ਼ ਜੀ ਦੀ ਬਾਡੀ ਲੈ ਅਸੀਂ ਉਨ੍ਹਾਂ ਦੇ ਘਰ ਜਾ ਪਹੁੰਚੇ। ਤਾਜ ਹੁਰਾਂ ਦੇ ਰਿਸ਼ਤੇਦਾਰਾਂ ਨੇ ਪਹਿਲਾਂ ਹੀ ਫੀਊਨਰਲ ਦਾ ਸਾਰਾ ਇੰਤਜ਼ਾਮ ਕਰ ਰੱਖਿਆ ਸੀ। ਘਰ 'ਚ ਕਾਫੀ ਰਿਸ਼ਤੇਦਾਰ ਆਏ ਹੋਏ ਸਨ। ਕੁਝ ਦੇਰ ਘਰ ਰੁੱਕ ਅਸੀਂ ਸੰਸਕਾਰ ਲਈ ਰਵਾਨਾ ਹੋ ਗਏ।

ਕਹਿਰਾਂ ਦੀ ਪੀੜ ਦਿਲ 'ਚ ਸਮੋਈ ਬੈਠਾ ਉਹ ਮੁਸਕਰਾਉਂਦਾ ਚਿਹਰਾਂ ਹਮੇਸ਼ਾ ਲਈ ਅਲੋਪ ਹੋ ਗਿਆ ਸੀ।

ਫੀਊਨਰਲ ਰੂਮ 'ਚੋਂ ਬਾਹਰ ਆ ਕੇ ਮੈਂ ਉੱਪਰ ਚਿਮਨੀ ਚੋਂ ਨਿਕਲਦੇ ਧੂੰਏ ਵੱਲ ਵੇਖਿਆ। ਤੇ ਭਰੇ ਮਨ ਨਾਲ ਕੈਲਾਸ਼ ਨੂੰ ਅਲਵਿਦਾ ਆਖਿਆ ।

ਭੌਰ ਸਾਰੇ ਗ਼ਮ ਭੁਲਾ ਉਡਾਰੀ ਮਾਰ ਗਿਆ ਸੀ। ਮੈਂ ਅੱਖਾਂ ਮੀਟ ਦੋਵੇਂ ਹੱਥ ਜੋੜ ਮਨ ਹੀ ਮਨ ਉਸ ਪ੍ਰਮਾਤਮਾ ਅੱਗੇ ਉਸ ਦੀ ਆਤਮਾ ਦੀ ਸ਼ਾਂਤੀ ਦੀ ਅਰਦਾਸ ਕੀਤੀ ਤੇ ਘਰ ਵੱਲ ਵਾਪਸੀ ਕਰ ਲਈ ।


ਰਵੀ ਡਰਾਇਵ ਕਰ ਰਹੇ ਸਨ। ਮੈਂ ਬਹੁਤ ਇੱਕਲੀ-ਇੱਕਲੀ ਮਹਿਸੂਸ ਕਰ ਰਹੀ ਸੀ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਕੋਈ ਮੇਰੇ ਸਰੀਰ 'ਚੋਂ ਜਾਨ ਕੱਢ ਕੇ ਲੈ ਗਿਆ ਹੋਵੇ।

ਸਾਰੇ ਰਾਹ ਮੈਂ ਕੈਲਾਸ਼ ਦੀ ਜ਼ਿੰਦਗੀ ਦੇ ਤਾਣੇ-ਬਾਣੇ ਸੁਲਝਾਉਂਦੀ ਰਹੀ। ਕੈਲਾਸ਼ ਜੀ ਦਾ ਖਿਆਲ ਆਉਂਦਿਆ ਹੀ ਮੇਰੇ ਦਿਮਾਗ ਵਿੱਚ ਉਨ੍ਹਾਂ ਦੁਆਰਾ ਸ਼ੇਖ ਸਾਹਿਬ ਦਾ ਸੁਣਾਇਆ ਗਿਆ ਆਖਰੀ ਸ਼ੇਅਰ ਯਾਦ ਆ ਗਿਆ...........

**''ਦੁਆ ਕਰਨਾ ਕਿ ਐਸੇ
ਹੀ ਮੇਰਾ ਦਮ ਨਿਕਲੇ,
ਜਿਤਨੀ ਅਸਾਨੀ ਸੇ ਤੇਰੇ
ਦਿਲ ਸੇ ਹਮ ਨਿਕਲੇ।''**

**ਸਮਾਪਤ**

## ਨੀਰਵ ਮੋਦੀ ਨੇ ਹਵਾਲਗੀ ਟਰਾਇਲ ਮੁੜ ਖੋਲ੍ਹਣ ਸਬੰਧੀ ਪਟੀਸ਼ਨ ਦਾਇਰ ਕੀਤੀ



ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਨੇ ਆਪਣੀ ਹਵਾਲਗੀ (extraiditon) ਦਾ ਟਰਾਇਲ ਮੁੜ ਖੋਲ੍ਹਣ ਦੀ ਮੰਗ ਕੀਤੀ ਹੈ। ਇਸ ਸਬੰਧੀ ਉਸ ਦੀ ਪਟੀਸ਼ਨ ਫ਼ਰਸਤੁੋਤੇ ਲੰਡਨ ਦੀ ਅਦਾਲਤ 23 ਨਵੰਬਰ ਨੂੰ ਸੁਣਵਾਈ ਕਰੇਗੀ। ਮੋਦੀ ਨੇ ਦਲੀਲ ਦਿੱਤੀ ਹੈ ਕਿ ਜੇ ਉਸ ਨੂੰ ਭਾਰਤ ਭੇਜਿਆ ਗਿਆ ਤਾਂ ਉਸ ਨੂੰ ਏਜੰਸੀਆਂ ਦੀ ਪੁੱਛਗਿੱਛ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਏਜੰਸੀਆਂ ਵੱਲੋਂ ਇਸ ਦਾ ਵਿਰੋਧ ਕੀਤੇ ਜਾਣ ਦੀ ਸੰਭਾਵਨਾ ਹੈ।ਸੂਤਰਾਂ ਅਨੁਸਾਰ ਨੀਰਵ ਮੋਦੀ, ਜੋ ਕਿ ਸੁਪਰੀਮ ਕੋਰਟ ਤੱਕ ਆਪਣੀਆਂ ਸਾਰੀਆਂ ਕਾਨੂੰਨੀ ਅਪੀਲਾਂ ਖ਼ਤਮ ਕਰ ਚੁੱਕੇ ਹਨ, ਨੇ ਵੈਸਟਮਿੰਸਟਰ ਕੋਰਟ ਤੱਕ ਪਹੁੰਚ ਕੀਤੀ ਹੈ। ਉਨ੍ਹਾਂ ਦੀ ਅਰਜ਼ੀ ਦਾ ਆਧਾਰ ਇਹ ਹੈ ਕਿ ਜੇ ਉਨ੍ਹਾਂ ਨੂੰ ਭਾਰਤ ਹਵਾਲੇ ਕੀਤਾ ਜਾਂਦਾ ਹੈ, ਤਾਂ ਵੱਖ-ਵੱਖ ਏਜੰਸੀਆਂ ਵੱਲੋਂ ਉਸ ਨੂੰ ਪੁੱਛਗਿੱਛ ਦੇ ਅਧੀਨ ਕੀਤਾ ਜਾਵੇਗਾ, ਜਿਸ ਦੇ ਨਤੀਜੇ ਵਜੋਂ ਤਸ਼ੱਦਦ (torture) ਹੋ ਸਕਦਾ ਹੈ।

## ਐਚ-1ਬੀ ਵੀਜ਼ਾ ਲਈ 1,00,000 ਅਮਰੀਕੀ ਡਾਲਰ ਦੀ ਫੀਸ ਖ਼ਿਲਾਫ਼ ਕੇਸ ਦਾਇਰ

ਅਮਰੀਕਾ ਵਿੱਚ ਐਚ-1ਬੀ ਵੀਜ਼ਾ ਅਰਜ਼ੀਆਂ ਲਈ 1,00,000 ਅਮਰੀਕੀ ਡਾਲਰ ਦੀ ਫੀਸ ਦੇ ਖ਼ਿਲਾਫ਼ ਸਿਹਤ ਸੰਭਾਲ ਪ੍ਰਦਾਤਾਵਾਂ, ਧਾਰਮਿਕ ਸਮੂਹਾਂ, ਯੂਨੀਵਰਸਿਟੀ ਪ੍ਰੋਫੈਸਰਾਂ ਅਤੇ ਹੋਰਾਂ ਦੇ ਇੱਕ ਸਮੂਹ ਨੇ ਸ਼ੁੱਕਰਵਾਰ ਨੂੰ ਇੱਕ ਸੰਘੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਹੈ। ਸਮੂਹ ਨੇ ਕੇਸ ਦਾਇਰ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਪ੍ਰਸ਼ਾਸਨ ਦੀ ਇਸ ਯੋਜਨਾ ਨੇ ਨਿਯੋਜਕਾਂ, ਕਰਮਚਾਰੀਆਂ ਅਤੇ ਸੰਘੀ ਏਜੰਸੀਆਂ ਨੂੰ ਅਰਾਜਕਤਾ ਵਾਲੀ ਸਥਿਤੀ ਵਿੱਚ ਪਾ ਦਿੱਤਾ ਹੈ।"

– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੂ ਬੈਠਾ ਅਮਰੂ ਸਰੂਪ ਹੋਇ

**ਕਿਸ਼ਤ–10**

## ਸਾਵਣ ਮੱਲ ਹਰੀਪੁਰ 'ਚ

ਗੁਰੂ ਪਾਤਸ਼ਾਹ ਜੀ ਦੀ ਆਸੀਸ ਲੈ ਕੇ ਭਾਈ ਸਾਵਣ ਮੱਲ ਜਿਨ੍ਹਾਂ ਪਹਾੜਾਂ ਵਿਚੋਂ ਬਿਆਸ ਥੱਲੇ ਆਉਂਦਾ ਹੈ ਉਸ ਪਾਸੇ ਦੇ ਇਕ ਪਹਾੜੀ ਰਾਜ ਹਰੀਪੁਰ ਪਹੁੰਚ ਕੇ ਇਕ ਥਾਂ 'ਤੇ ਮੁਕਾਮ ਕਰ ਕੇ ਲੋਕਾਂ ਵਿਚ ਗੁਰਮਤ ਪ੍ਰਚਾਰ ਕਰਨ ਲੱਗੇ। ਜਿਉਂ ਜਿਉਂ ਲੋਕਾਂ ਨੂੰ ਪਤਾ ਲਗਦਾ ਗਿਆ ਕਿ ਇਹ ਗੁਰੂ ਨਾਨਕ ਸਾਹਿਬ ਜੀ ਦੇ ਬਚਨਾਂ ਦਾ ਪ੍ਰਚਾਰ ਕਰਦੇ ਹਨ ਤਿਉਂ ਤਿਉਂ ਉਨ੍ਹਾਂ ਅੰਦਰ ਸਤਿਕਾਰ ਬਣਦਾ ਗਿਆ। ਕੋਲ ਬੈਠਣ ਵਾਲਿਆਂ ਨੂੰ ਗੁਰਮਤ ਅਨੁਸਾਰ ਸਰਬ-ਸ਼ਕਤੀਮਾਨ ਇਕ ਕਰਤਾਰ ਨਾਲ ਜੁੜਨ ਦੀ ਪ੍ਰੇਰਨਾ ਕਰਦੇ। ਆਪ ਅੰਮ੍ਰਿਤ ਵੇਲੇ ਜਾਗ ਸ਼ਨਾਨ ਕਰ ਕੇ ਨਾਮ-ਬਾਣੀ ਦਾ ਅਭਿਆਸ ਕਰਦੇ। ਉਪਰੰਤ ਕੁਝ ਛਕ ਕੇ ਨਗਰ ਵਿਚ ਭਰਮਣ ਕਰਦੇ, ਜਿਥੇ ਵੀ ਇਕੱਠ ਹੋਇਆ ਦੇਖਦੇ ਓਥੇ ਹੀ ਪਹੁੰਚ ਕੇ ਗੁਰੂ ਕੀ ਗੱਲ ਕਰਨ ਦਾ ਯਤਨ ਕਰਦੇ।

ਇਕ ਦਿਨ ਇਉਂ ਹੀ ਵਿਚਰ ਰਹੇ ਸਨ ਜਦੋਂ ਪਤਾ ਲੱਗਾ ਕਿ ਇਥੋਂ ਰਾਜੇ ਦਾ ਪੁੱਤ੍ਰ ਸਖ਼ਤ ਬੀਮਾਰ ਹੈ। ਕਿਹਾ ਜਾ ਰਿਹਾ ਸੀ ਕਿ ਕੁਝ ਦਿਨਾਂ ਤੋਂ ਬੇਸੁਧ ਚਲਿਆ ਆ ਰਿਹਾ ਹੈ ਜਿਸ ਕਰ ਕੇ ਹੁਣ ਸਾਰੇ ਉਸ ਦੇ ਰਾਜ਼ੀ ਹੋਣ ਦੀ ਆਸ ਲਾਹੀ ਬੈਠੇ ਹਨ। ਇਹ ਸੁਣ ਕੇ ਭਾਈ ਜੀ ਦੇ ਮਨ ਵਿਚ ਆਇਆ ਕਿ ਕਿਉਂ ਨਾ ਇਸ ਸਮੇਂ ਪਹੁੰਚ ਕੇ ਰਾਜੇ ਨੂੰ ਮਿਲਿਆ ਜਾਵੇ। ਕੋਲ ਖੜੇ ਕੁਝ ਸੱਜਣਾਂ ਨਾਲ ਜਦੋਂ ਇਨ੍ਹਾਂ ਆਪਣੀ ਇੱਛਾ ਪ੍ਰਗਟ ਕੀਤੀ ਤਾਂ ਉਨ੍ਹਾਂ ਕਿਹਾ ਕਿ ਚੱਲੋ ਅਸੀਂ ਤੁਹਾਡੇ ਨਾਲ ਚਲਦੇ ਹਾਂ।

ਓਥੇ ਪਹੁੰਚਣ 'ਤੇ ਇਨ੍ਹਾਂ ਲੋਕਾਂ ਨੇ ਕਿਸੇ ਅਹਿਲਕਾਰ ਨੂੰ ਭਾਈ ਸਾਹਿਬ ਦੀ ਇੱਛਾ ਬਾਰੇ ਜਾਣੂੰ ਕਰਵਾਇਆ ਕਿ ਗੁਰੂ ਨਾਨਕ ਸਾਹਿਬ ਦੇ ਘਰ ਦੇ ਇਹ ਪ੍ਰਚਾਰਕ ਕਹਿ ਰਹੇ ਹਨ ਕਿ ਇਹ ਰਾਜਾ ਜੀ ਦੇ ਬੀਮਾਰ ਬੇਟੇ ਨੂੰ ਰਾਜ਼ੀ ਕਰ ਸਕਦੇ ਹਨ ਜੇ ਆਗਿਆ ਦਿਉ। ਸੁਣ ਕੇ ਅਹਿਲਕਾਰ ਨੇ ਕਿਸੇ ਮੰਤ੍ਰੀ ਨੂੰ ਦੱਸਿਆ। ਉਹ ਆਕੇ ਭਾਈ ਸਾਹਿਬ ਨੂੰ ਅੰਦਰ ਲੈ ਗਿਆ ਅਰ ਰਾਜੇ ਦੀ ਆਗਿਆ ਲੈ ਕੇ ਉਸ ਨੂੰ ਮਿਲਾਇਆ ਤਾਂ ਉਸ ਨੇ ਸਤਿਕਾਰ ਦਿੱਤਾ ਅਰ ਬੀਮਾਰ ਬੇਟੇ ਕੋਲ ਲੈ ਗਿਆ। ਭਾਈ ਸਾਵਣ ਮੱਲ ਬੇਸੁਰਤ ਲੇਟੇ ਹੋਏ ਬੇਟੇ ਦੇ ਕੋਲ ਬੈਠ ਗਏ। ਧੰਨ ਗੁਰੂ ਅਮਰਦਾਸ ਸਾਹਿਬ ਜੀ ਦਾ ਧਿਆਨ ਧਰਦਿਆਂ ਹੋਇਆਂ ਬੱਚੇ ਦੀ ਤੰਦਰੁਸਤੀ ਲਈ ਕਲਾ ਵਰਤਾਉਣ ਦੀ ਅਰਦਾਸ ਕੀਤੀ। ਉਪਰੰਤ ਆਪਣੀ ਜ਼ੇਬ ਵਿਚੋਂ ਗੁਰੂ ਕਾ ਰੁਮਾਲ ਕੱਢ ਕੇ ਵਾਹਿਗੁਰੂ ਕਹਿੰਦਿਆਂ ਬੱਚੇ ਦੇ ਸਿਰ 'ਤੇ ਰੱਖਿਆ। ਕੁਝ ਛਿਨਾਂ ਵਿਚ ਹੀ ਸਰੀਰ ਵਿਚ ਹਰਕਤ ਆਉਣ ਲਗ ਪਈ। ਭਾਈ ਸਾਹਿਬ ਨੇ ਸਾਰਿਆਂ ਨੂੰ ਵਾਹਿਗੁਰੂ! ਵਾਹਿਗੁਰੂ!! ਜਪਣ ਲਈ ਆਖਿਆ। ਸਾਰਿਆਂ ਨੇ ਵੇਖਿਆ ਕਿ ਬੱਚਾ ਅੱਖਾਂ ਖੋਲ੍ਹਣ ਲੱਗ ਪਿਆ ਸੀ। ਵੈਦ ਨੇ ਨਬਜ਼ ਦੇਖੀ ਤਾਂ ਉਸ ਦੀਆਂ ਅੱਖਾਂ ਵਿਚ ਖੁਸ਼ੀ ਭਰੀ ਚਮਕ ਆ ਗਈ। ਭਾਈ ਸਾਹਿਬ ਨੇ ਰੁਮਾਲ ਲੈ ਕੇ ਜ਼ੇਬ ਵਿਚ ਪਾ ਲਿਆ। ਬੱਚਾ ਉੱਠ ਕੇ ਬੈਠ ਗਿਆ। ਰਾਜੇ ਨੇ ਬੇਟੇ ਦਾ ਮੱਥਾ ਚੁੰਮਿਆ, ਅਗੇ ਵਧ ਕੇ ਭਾਈ ਸਾਵਣ ਮੱਲ ਜੀ ਨੂੰ ਮੱਥਾ ਟੇਕਿਆ ਅਰ ਬੜੀ ਅਧੀਨਗੀ ਨਾਲ ਵਾਰ ਵਾਰ ਧੰਨਵਾਦ ਕਰਨ ਲੱਗਾ। ਖੁਸ਼ੀ ਨਾਲ ਮਹਲਾਂ ਵਿਚ ਵਾਜੇ ਵੱਜਣ ਲਗੇ।

ਛੁਹਤ ਰੁਮਾਲ ਕੁਵਰ ਉਠ ਬੈਠਾ।
ਜਿਉ ਲਛਮਣ ਮੁਖ ਅਮ੍ਰਿਤ ਪੈਠਾ।18॥
ਦੇਖ ਆਨੰਦ ਭਇਓ ਰਾਨੀ ਰਾਜਾ।
ਮੰਗਲ ਗਾਵੇਂ ਰਾਜ ਸਮਾਜਾ।

ਭਾਈ ਸਾਹਿਬ ਦੀ ਪ੍ਰਸ਼ਾਦ-ਪਾਣੀ ਦੀ ਸੇਵਾ ਉਪਰੰਤ ਭਾਰੀ ਭੇਟਾ ਲੈ ਕੇ ਰਾਣੀਆਂ ਸਹਿਤ ਰਾਜਾ ਹਾਜ਼ਰ ਹੋਇਆ। ਮੰਤਰੀ ਜਨ ਵੀ ਬੈਠੇ ਸਨ ਤਾਂ ਰਾਜੇ ਨੇ ਕਿਹਾ,

'ਆਪ ਜੀ ਸਾਡੇ ਗੁਰੂ ਹੋ ਜਿਨ੍ਹਾਂ ਨੇ ਆਪ ਆ ਕੇ ਸਾਡੇ 'ਤੇ ਬਹੁਤ ਉਪਕਾਰ ਕੀਤਾ ਹੈ'। ਭਾਈ ਸਾਵਣ ਮੱਲ ਜੀ ਕਿਹਾ,

'ਮੈਂ ਗੁਰੂ ਕਾ ਸਿੱਖ ਹਾਂ, ਮੇਰੇ ਸਤਿਗੁਰੂ ਅਮਰਦਾਸ ਜੀ ਹਨ ਜੋ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਗੱਦੀ 'ਤੇ ਬਿਰਾਜਮਾਨ ਹਨ'।

ਸਾਵਣ ਮਲ ਸਉ ਬਿਨਤੀ ਸਾਰੇ।
ਤੁਮ ਸਤਿਗੁਰ ਹਮ ਸੇਵਕ ਥਾਰੇ।19॥
ਤਬ ਸਾਵਨ ਮਨ ਭਾਖਿਓ ਤਾਹ।
ਮੈ ਸਤਿਗੁਰ ਕੋ ਸੇਵਕ ਆਹ।

'ਉਹ ਰਹਿੰਦੇ ਕਿਥੇ ਹਨ'? ਰਾਜੇ ਦੇ ਪੁੱਛਣ ਤੇ ਭਾਈ ਜੀ ਨੇ ਕਿਹਾ,

'ਉਹ ਥੱਲੇ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਰਹਿੰਦੇ ਹਨ ਅਸੀਂ ਵੀ ਓਥੇ ਹੀ ਉਨ੍ਹਾਂ ਕੋਲ ਸੇਵਾ ਕਰਦੇ ਹਾਂ'।

'ਤੁਸੀਂ ਏਥੇ ਕਿਵੇਂ ਦਰਸ਼ਨ ਦਿੱਤੇ'? ਰਾਜੇ ਨੇ ਪੁੱਛਿਆ ਤਾਂ ਭਾਈ ਸਾਹਿਬ ਦੱਸਿਆ,

'ਹੇ ਰਾਜਨ! ਗੁਰੂ ਸਾਹਿਬ ਨੇ ਸਾਨੂੰ ਇਸ ਇਲਾਕੇ ਵਿਚ ਮੁੱਖ ਤੌਰ 'ਤੇ ਸਿੱਖੀ ਦਾ ਪ੍ਰਚਾਰ ਕਰਨ ਹਿਤ ਭੇਜਿਆ ਹੈ। ਇਸ ਦੇ ਨਾਲ ਹੀ ਗੋਇੰਦਵਾਲ ਸਾਹਿਬ ਵਿਚ ਜੋ ਧਰਮਸਾਲਾ/ਗੁਰਦੁਆਰਾ ਅਤੇ ਸਿੱਖ ਸੰਗਤਾਂ ਦੀ ਰਿਹਾਇਸ਼ ਵਾਸਤੇ ਨਵੀਆਂ ਹਵੇਲੀਆਂ ਬਣ ਰਹੀਆਂ ਹਨ, ਉਨ੍ਹਾਂ ਲਈ ਲੱਕੜ ਦੀ ਬੜੀ ਲੋੜ ਹੈ। ਗੁਰੂ ਸਾਹਿਬ ਨੂੰ ਪਤਾ ਲੱਗਾ ਸੀ ਕਿ ਚੀਲ ਅਤੇ ਦਿਆਰ ਆਦਿ ਦੀ ਚੰਗੀ ਲੱਕੜ ਇਸ ਪਾਸੇ ਆਮ ਮਿਲ ਜਾਂਦੀ ਹੈ, ਸੋ ਓਹਨਾਂ ਹੁਕਮ ਕੀਤਾ ਕਿ ਜਿੰਨਾ ਕੁ ਹੋ ਸਕੇ ਸੰਗਤਾਂ ਵੱਲੋਂ ਏਥੋਂ ਲੱਕੜ ਭੇਜੀ ਜਾਵੇ'।

'ਪਹਿਲਾਂ ਸਾਨੂੰ ਗੁਰੂ ਸਾਹਿਬ ਦੀ ਸਿੱਖੀ ਬਾਰੇ ਕੁਝ ਦੱਸੋ'। ਰਾਜੇ ਨੇ ਉਤਸੁਕਤਾ ਨਾਲ ਕਿਹਾ। ਸਾਰੇ ਧਿਆਨ ਨਾਲ ਸੁਨਣ ਲੱਗੇ। ਭਾਈ ਸਾਹਿਬ ਨੇ ਪਹਿਲਾਂ ਗੁਰਮਤ ਦੇ ਮੁੱਢਲੇ ਸਿਧਾਂਤਾਂ ਦੀ ਸੰਖੇਪਤਾ ਨਾਲ ਵਿਆਖਿਆ ਕੀਤੀ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਾਨੂੰ ਸਮਝਾਇਆ ਹੈ ਕਿ ਸਾਰੇ ਜਗਤ ਦਾ ਕਰਨਹਾਰ ਇਕ ਕਰਤਾਰ ਹੈ ਜੋ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ ਅਰ ਸਰਬ ਸ਼ਕਤੀਮਾਨ ਹੈ। ਸਾਨੂੰ ਕੇਵਲ ਉਸ ਨਾਲ ਹੀ ਜੁੜਨ ਵਾਸਤੇ ਹੁਕਮ ਕੀਤਾ ਹੈ

ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਉਨ੍ਹਾਂ ਸੇਧ ਦਿੱਤੀ ਕਿ ਕਰਤਾਰ ਇਕ ਹੈ ਜੋ ਇਕ ਰਸ ਸਰਬ-ਵਿਆਪਕ ਹੈ ਉਸ ਦੇ ਨਾਮ ਦੀ ਹੋਂਦ ਸਦੀਵੀ ਹੈ ਉਹ ਆਪਣੀ ਕਿਰਤ ਵਿਚ ਵਿਰਾਜਮਾਨ ਹੈ ਉਹ ਭੈ ਤੋਂ ਰਹਿਤ ਹੈ ਉਹ ਉਹ ਵੈਰ ਤੋਂ ਰਹਿਤ ਹੈ ਉਸ ਦੀ ਹਸਤੀ ਸਮੇਂ ਦੀ ਪਕੜ ਤੋਂ ਪਾਰ ਹੈ ਉਹ ਕਿਸੇ ਵੀ ਜੋਨੀ ਵਿਚ ਨਹੀਂ ਉਹ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ ਅਰ ਉਸ ਨੂੰ ਉਸੇ ਦੀ ਕਿਰਪਾ ਨਾਲ ਗੁਰੂ ਰਾਹੀਂ ਜਾਣਿਆ ਜਾ ਸਕਦਾ ਹੈ।

'ਵਾਹ! ਵਾਹ!! ਬਲਿਹਾਰ!!! ਗੁਰੂ-ਬਾਬਾ ਜੀ ਨੇ ਕਿੰਨਾ ਉੱਤਮ ਉਪਦੇਸ਼ ਦਿੱਤਾ ਹੈ ਸਾਡੇ ਲਈ, ਸੌਖੇ ਜਿਹੇ ਢੰਗ ਨਾਲ ਜੋ ਸਾਧਾਰਨ ਸਮਝ ਵਾਲੇ ਵੀ ਸਮਝ ਸਕਦੇ ਹਨ'। ਰਾਜਾ ਕਹਿ ਰਿਹਾ ਸੀ,

'ਅਸੀਂ ਬੜੇ ਗ਼ਾਫ਼ਿਲ ਹਾਂ ਜੀ! ਗੁਰੂ ਨਾਨਕ ਸਾਹਿਬ ਸਾਡੇ ਪਹਾੜਾਂ ਵਿਚ ਆ ਕੇ ਸਾਡੇ ਵਡੇਰਿਆਂ ਨੂੰ ਸਮਝਾਉਣ ਦਾ ਯਤਨ ਕੀਤਾ ਪਰ...... ਕੀਹ ਆਖੀਏ ਬੀਤ ਗਈ। ਸਾਡੇ ਚੰਗੇ ਭਾਗਾਂ ਨੂੰ ਹੁਣ ਉਨ੍ਹਾਂ ਨੇ ਤੁਹਾਨੂੰ ਭੇਜਿਆ ਹੈ ਸਾਨੂੰ ਇਸ ਨੀਂਦ 'ਚੋਂ ਕੱਢਣ ਵਾਸਤੇ। ਮੇਰਾ ਰਾਜ ਤੁਹਾਨੂੰ ਜੀ ਆਇਆਂ ਆਖਦਾ ਹੈ ਅਰ ਅੱਜ ਤੋਂ ਮੇਰੀ ਸਰਕਾਰ ਤੁਹਾਡੇ ਉਪਦੇਸ਼ 'ਤੇ ਚਲਣ ਲਈ ਵਚਨ-ਬੱਧ ਹੈ (ਇੰਨਾ ਕਹਿੰਦਿਆਂ ਰਾਜੇ ਨੇ ਆਪਣੇ ਮੰਤਰੀਆਂ ਵੱਲ ਵੇਖਿਆ ਤਾਂ ਸਾਰਿਆਂ ਨੇ ਸਿਰ ਨਿਵਾ ਕੇ ਹਾਮੀ ਭਰੀ) ਤੁਸੀਂ ਸਾਨੂੰ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਵਾਉ ਤਾਂਕਿ ਅਸੀਂ ਵੀ ਗੁਰੂ ਵਾਲੇ ਬਣ ਕੇ ਉਨ੍ਹਾਂ ਦੇ ਸ਼ੁਕਰਗੁਜ਼ਾਰ ਹੋ ਸੱਕੀਏ। ਤੁਸੀਂ ਲੱਕੜ ਬਾਬਤ ਬਚਨ ਕਰੇ ਸੀ ਸਾਨੂੰ ਦੱਸੋ ਕਿਹੜੀ ਤੇ ਕਿੰਨੀ ਚਾਹੀਦੀ ਹੈ, ਇਹ ਸੇਵਾ ਸਾਡੀ ਝੋਲੀ ਪਾਉ, ਪਹਿਲਾਂ ਅਸੀਂ ਇਹ ਸੇਵਾ ਭੇਜਾਂਗੇ ਫਿਰ ਆਪ ਜਾਵਾਂਗੇ'।

ਇਹ ਸੁਣ ਕੇ ਭਾਈ ਸਾਵਣ ਮੱਲ ਜੀ ਨੇ ਗੁਰੂ ਕਾ ਧਿਆਨ ਧਰਦਿਆਂ ਸ਼ੁਕਰ ਗੁਜ਼ਾਰ ਹੁੰਦਿਆਂ ਦੋਵੇਂ ਹੱਥ ਜੋੜ ਕੇ ਰਾਜੇ ਨੂੰ ਗੁਰੂ-ਘਰ ਵੱਲੋਂ ਜੀ ਆਇਆਂ ਕਿਹਾ ਅਰ ਲੱਕੜ ਦੀ ਸੇਵਾ ਦਾ ਧੰਨਵਾਦ ਕਰਦਿਆਂ ਗੁਰੂ ਕਾ ਬਚਨ ਸ੍ਰਵਣ ਕਰਾਇਆ:

ਸੋਰਠਿ ਮਹਲਾ 3॥ ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ॥1॥ ਹਰਿ ਕੇ ਦਾਸ ਸੁਹੇਲੇ ਭਾਈ॥ ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ॥ ਰਹਾਉ॥ ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ॥ ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ॥ ਕਰਮ ਕਰਹਿ ਗੁਰਸਬਦੁ ਨ ਪਛਾਣਹਿ ਮਰਿ ਜੰਮਹਿ ਵਾਰੋ ਵਾਰਾ॥2॥ ਹਉ ਮੇਰਾ ਜਗੁ ਪਲਚਿ ਰਹਿਆ ਭਾਈ ਕੋਇ ਨ ਕਿਸ ਹੀ ਕੇਰਾ॥



**ਗੁਰੂ ਅਮਰਦਾਸ ਪਾਤਸ਼ਾਹ ਜੀ**

ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ ਨਿਜ ਘਰਿ ਹੋਇ ਬਸੇਰਾ॥ ਐਥੈ ਬੂਝੈ ਸੁ ਆਪੁ ਪਛਾਣੈ ਹਰਿ ਪ੍ਰਭੁ ਹੈ ਤਿਸੁ ਕੇਰਾ॥3॥ ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ॥ ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ॥ ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ॥4॥6॥

ਗੁ.ਗ੍ਰੰ.ਸਾ. ਪੰਨਾ 601

**ਇਤਿਹਾਸਕ ਹਵਾਲੇ:**

ਤਬ ਸਭ ਰਾਣੀ ਰਾਜਾ ਸਾਵਣ ਮਲ ਕੇ ਸਿਖ ਹੋਏ ਅਰ ਲਕੜੀ ਦਰੀਆਉ ਕੇ ਰਾਹ ਚਲਾ ਦੀਆ ਹਜੂਰ ਕੋ। ਮ.ਪ੍ਰ.ਵਾਰਤਕ

ਤਬ ਰਾਜੇ ਲਕਰੀ ਬਹੁ ਭਾਤ ਬਟੋਰਾ।
ਬੇੜਾ ਬਾਧਿ (ਬਿਆਸ) ਨਦੀ ਮੇ ਜੋੜਾ।
ਗੋਬਿੰਦਵਾਲ ਕੋ ਦਈ ਪਠਾਇ।
ਤਾਤਕਾਲ ਪਹੁੰਚੀ ਸਭ ਆਇ।21॥ ਮ.ਪ੍ਰ.

ਬੇੜੇ ਬੰਧ ਬਿਆਸਾ ਕੇ ਬਿਚ ਨਰ ਕਰਿ ਸੰਗ ਸੁ ਦੀਏ ਚਲਾਇ।(ਬੇੜੇ ਬੰਨ ਕੇ ਰਾਖਿਆਂ ਨਾਲ ਬਿਆਸ ਵਿਚ ਤੋਰ ਦਿੱਤੇ)

ਗੋਇੰਦਵਾਲ ਬਿਸਾਲ ਕਾਠ ਗਨ ਤਹਿਂ ਤੇ ਤੂਰਨ ਪਹੁੰਚੀ ਆਇ।(ਛੇਤੀ ਸਾਰੀ ਲੱਕੜ ਗੋਇੰਦਵਾਲ ਪਹੁੰਚ ਗਈ)

ਵਹਿਰ ਨਿਕਾਸੀ ਸਤਿਗੁਰ ਹੇਰੀ ਖਰੇ ਆਪ ਹੁਇ ਦਈ ਬੰਡਾਇ।(ਬਾਹਰ ਕੱਢਵਾ ਹਜ਼ੂਰ ਨੇ ਆਪ ਵੰਡ ਦਿੱਤੀ)

ਜਿਤਕ ਚਹਿਤ ਨਰ ਦਈ ਤਿਤਕ ਤਿਨ ਲੇ ਸਭ ਗਏ ਆਪਨੀ ਥਾਇ।7॥32॥ (ਜਿੰਨੀ ਜਿਸ ਨੂੰ ਲੋੜ ਸੀ ਉਸਨੂੰ ਦੇ ਦਿੱਤੀ) ਗੁ.ਪ੍ਰ.ਸੂ.

## ਰਾਜੇ ਦਾ ਗੋਇੰਦਵਾਲ ਆਉਣਾ

ਸਤਿਗੁਰਾਂ ਦੀ ਆਗਿਆ ਪਾ ਕੇ ਭਾਈ ਸਾਵਣ ਮੱਲ ਕੁਝ ਮਹੀਨਿਆਂ ਬਾਦ ਰਾਜੇ ਨੂੰ ਪ੍ਰਵਾਰ ਅਤੇ ਮੰਤ੍ਰੀਆਂ ਸਹਿਤ ਲੈ ਕੇ ਗੋਇੰਦਵਾਲ ਪਰਤਿਆ। ਰਾਜੇ ਦਾ ਡੇਰਾ ਕਰਵਾ ਕੇ ਆਪ ਹਜ਼ੂਰ ਦੇ ਚਰਨਾਂ ਵਿਚ ਆ ਸੀਸ ਨਿਵਾਇਆ ਅਰ ਹਰੀਪੁਰ ਫੇਰੀ ਦੀ ਸਾਰੀ ਹੋਈ ਬੀਤੀ ਬਿਆਨ ਕੀਤੀ। ਸਤਿਗੁਰੂ ਜੀ ਇਸ ਦੀ ਸਾਰੀ ਸੇਵਾ ਤੋਂ ਬਹੁਤ ਪ੍ਰਸੰਨ ਹੋਏ ਅਰ ਅਗਲੇ ਭਲਕ ਦੇ ਦੀਵਾਨ ਵਿਚ ਰਾਜੇ ਨੂੰ ਲਿਆਉਣ ਵਾਸਤੇ ਆਗਿਆ ਕੀਤੀ, ਨਾਲ ਹੀ ਤਾਗੀਦ ਕੀਤੀ ਕਿ ਰਾਜੇ ਦੇ ਰਹਿਣ ਬਹਿਣ ਦਾ ਲੋੜੀਂਦਾ ਪ੍ਰਬੰਧ ਜ਼ਰੂਰ ਕੀਤਾ ਜਾਵੇ।

ਚਲਦਾ.....

# ਕੀ ਗੁਰੂ ਸਾਹਿਬ ਜੀ ਨੇ ਕੋਈ ਕੈਲੰਡਰ ਬਣਾਇਆ ਸੀ?

**ਸਰਵਜੀਤ ਸਿੰਘ ਸੈਕਰਾਮੈਂਟੋ**




ਲੱਗ ਭੱਗ 20 ਸਾਲ ਪਹਿਲਾ ਦੀ ਸਮਾਂ ਹੋਵੇਗਾ। ਜੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਦੀ, ਪੀਟੀ ਨਿਊਜ਼ ਉੱਪਰ ਹੋਈ ਇੰਟਰਵਿਓ ਵਾਰ-ਵਾਰ ਵੇਖੀ, ਕਰਨਲ ਨਿਸ਼ਾਨ ਵੱਲੋਂ ਵਿਖਾਈ ਗਈ ਇਸ ਸੀ ਡੀ ਨੂੰ ਲੱਭਿਆ ਅਤੇ ਉਹ ਕਿਤਾਬ (Calendrical Calculations Millennium edition) ਖਰੀਦੀ, ਜਿਸ ਨਾਲ ਇਹ ਸੀਡੀ ਵੀ ਮਿਲ ਗਈ। ਫੇਰ ਉਸ ਪ੍ਰੋਗਰਾਮ ਨੂੰ ਵਰਤਣਾ ਸਿੱਖਿਆ। ਸ. ਪਾਲ ਸਿੰਘ ਜੀ ਦੀ 500 ਸਾਲਾਂ ਜੰਤਰੀ ਵੀ ਪਹਿਲਾ ਹੀ ਮੇਰੇ ਇਕ ਸੱਜਣ ਨੇ ਭੇਜ ਦਿੱਤੀ ਸੀ। ਸ. ਗੁਰਮੀਤ ਸਿੰਘ (ਅਸਟਰੇਲੀਆ ਤੋਂ) Sikhmarg.com ਉੱਪਰ ਕਦੇ-ਕਦੇ ਕੈਲੰਡਰ ਬਾਰੇ ਵੀ ਲਿਖਦੇ ਹੁੰਦੇ ਸਨ। ਉਹ ਡਾ ਦਿਲਗੀਰ, ਜੋ ਨਾਨਕਸ਼ਾਹੀ ਕੈਲੰਡਰ ਦਾ ਵਿਰੋਧੀ ਹੈ, ਤੋਂ ਕਾਫੀ ਪ੍ਰਭਾਵਤ ਸਨ। ਮੈਂ ਵੀ ਇਸ ਵਿਸ਼ੇ ਵਿੱਚ ਦਿਲਚਸਪੀ ਲੈਣੀ ਆਰੰਭ ਕਰ ਦਿੱਤੀ। ਅਕਤੂਬਰ 2009 ਵਿੱਚ ਖਬਰ ਆਈ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਕਹਿਣ ਤੇ ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਕਰਨ ਲਈ ਦੋ ਮੈਂਬਰੀ ਕਮੇਟੀ ਬਣਾਈ ਗਈ ਹੈ। ਮੈਂ ਇਸ ਵਿਸ਼ੇ ਉੱਪਰ ਪਹਿਲਾ ਪੱਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਲਿਖਿਆ। ਕਿ ਦੇਸ਼ ਵਿਦੇਸ ਦੀਆਂ ਸੰਗਤਾਂ ਨੂੰ ਜੋ ਇਤਰਾਜ ਹਨ, ਉਹ ਜੰਤਕ ਕੀਤੇ ਜਾਣ। ਪਰ ਕੋਈ ਜਾਵਬ ਨਾਂ ਆਇਆ।

ਮਾਰਚ 2010 ਈ: ਵਿੱਚ ਸੋਧ ਦੇ ਨਾਮ ਤੇ ਵਿਗਾੜ ਕੇ ਨਾਨਕਸ਼ਾਹੀ ਕੈਲੰਡਰ ਜਾਰੀ ਕਰ ਦਿੱਤਾ ਗਿਆ। ਜਿਉ ਹੀ ਉਹ ਕੈਲੰਡਰ ਮਿਲਿਆ, ਮੈਂ ਉਸ ਦੀ ਪੜਤਾਲ ਕੀਤੀ ਤਾਂ ਇਕ ਨਵੀਂ ਗੱਲ ਸਾਹਮਣੇ ਆਈ, ਉਹ ਇਹ ਕਿ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿੱਚ ਦਰਜ ਸੰਗਰਾਂਦਾਂ ਦੀ ਤਾਰੀਖ ਅਤੇ ਕਰਨਲ ਨਿਸ਼ਾਨ ਵੱਲੋਂ ਵਰਤੀ ਜਾਂਦੀ ਸੀ ਡੀ ਵਿੱਚ ਦਰਜ ਸੰਗਰਾਂਦਾਂ ਤਾਰੀਖਾਂ ਨਾਲੋ 5 ਸੰਗਰਾਂਦਾਂ (ਜੇਠ, ਸਾਵਣ, ਭਾਂਦੋ, ਅੱਸੂ ਅਤੇ ਕੱਤਕ) ਵਿੱਚ ਇਕ-ਇਕ ਦਿਨ ਦਾ ਫ਼ਰਕ ਸੀ। ਇਹ ਮੇਰੀ ਪਹਿਲੀ ਲੱਭਤ ਸੀ। ਜਿਹੜੇ ਕਹਿੰਦੇ ਹਨ ਕਿ ਸੰਗਰਾਂਦ ਕੁਦਰਤੀ ਸਿਧਾਂਤ ਹੈ, ਇਸ ਨੂੰ ਕੋਈ ਬਦਲ ਨਹੀਂ ਸਕਦਾ, ਉਹ ਇਸ ਨੁਕਤੇ ਵੱਲ ਵਿਸ਼ੇਸ਼ ਧਿਆਨ ਦੇਣ। ਮੈਂ ਕਰਨਲ ਨਿਸ਼ਾਨ ਨੂੰ ਈ ਮੇਲ ਕਰਕੇ ਇਸ ਦਾ ਕਾਰਨ ਜਾਨਣਾ ਚਾਹਿਆ। ਇਕ ਵਾਰ ਯਾਦ ਕਰਵਾਉਣ ਤੇ ਵੀ ਕੋਈ ਜਾਵਬ ਨਾ ਆਇਆ ਤਾਂ ਮੈਂ ਉਹੀ ਈ ਮੇਲ ਸ. ਪਾਲ ਸਿੰਘ ਜੀ ਨੂੰ ਭੇਜ ਦਿੱਤੀ। ਉਨਾਂ ਨੇ ਮੁੜਦੀ ਡਾਕੇ ਹੀ ਲਿਖਤੀ ਜਵਾਬ ਭੇਜ ਦਿੱਤਾ। ਭਾਵੇਂ ਜਵਾਬ ਵਿੱਚ ਲਿਖੇ ਗਏ ਕੁਝ ਸ਼ਬਦ ਜਿਵੇ ਸੂਰਜੀ ਸਿਧਾਂਤ, ਦ੍ਰਿਕਗਿਣਤ ਸਿਧਾਂਤ ਆਦਿ ਮੇਰੀ ਸਮਝੋ ਬਾਹਰ ਸਨ। ਪਰ ਉਸ ਤੋਂ ਦਿਨ ਤੋਂ ਲੈ ਕੇ ਅੱਜ ਤੱਕ ਚੱਲ-ਸੋ ਚੱਲ ਹੀ ਹੈ।

ਡੇੜ ਦਹਾਕੇ ਦੇ ਸਫ਼ਰ ਦੌਰਾਨ, ਕਰਨਲ ਨਿਸ਼ਾਨ ਵੱਲੋ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੂੰ ਕੀਤੇ ਗਏ ਸਵਾਲਾਂ ਦੇ ਜਵਾਬ ਦੇਣ ਤੋਂ ਆਰੰਭ ਹੋਕੇ, ਅਨੁਰਾਗ ਸਿੰਘ ਦਾ ਲੇਖ (ਅਕਾਲੀ ਸਿਆਸਤ ਦਾ ਸ਼ਿਕਾਰ ਨਾਨਕਸ਼ਾਹੀ ਕੈਲੰਡਰ, ਸੰਤ ਸਿਪਾਹੀ, ਮਈ 2003 , ਪੰਨਾ 23) ਬੀਬੀ ਅਮਰਜੀਤ ਕੌਰ ਬੈਲਜੀਅਮ ਦਾ ਲੇਖ 'ਸਿੱਖ ਇਤਿਹਾਸ ਨੂੰ ਵਿਗਾੜਨ ਦੀ ਸ਼ਾਜਿਸ਼-ਨਾਨਕਸ਼ਾਹੀ ਕੈਲੰਡਰ', ਡਾ ਸੁਖਦਿਆਲ ਸਿੰਘ ਦਾ ਲੇਖ




'ਬਿਕ੍ਰਮੀ ਸੰਮਤ ਅਤੇ ਨਾਨਕਸ਼ਾਹੀ ਸੰਮਤ', ਚੜ੍ਹਦੀ ਕਲਾਂ ਪਟਿਆਲਾ) ਗੁਰਚਰਨਜੀਤ ਸਿੰਘ ਲਾਂਬਾ ਦਾ ਲੇਖ 'ਹੁਣ ਬੁਰਸ਼ ਨਹੀਂ ਕੂਚੀ ਦੀ ਲੋੜ', ਡਾ ਹਰਜਿੰਦਰ ਸਿੰਘ ਦਿਲਗੀਰ ਦਾ ਲੇਖ 'ਨਾਨਕਸ਼ਾਹੀ ਕੈਲੰਡਰ ਦੀ ਅਸਲੀਅਤ", ਸਮੇਤ ਹੋਰ ਵੀ ਕਈ ਸੱਜਣਾਂ ਦੇ ਲੇਖ ਪੜਨ ਨਾਲ ਜਿਥੇ ਵਿਰੋਧੀ ਧਿਰ ਦੇ ਇਤਰਾਜਾਂ ਬਾਰੇ ਜਾਣਕਾਰੀ ਹਾਸਿਲ ਹੋਈ, ਉਥੇ ਹੀ ਇਨ੍ਹਾਂ ਦੇ ਜਵਾਬ ਦੇਣ ਲਈ ਕੈਲੰਡਰ ਬਾਰੇ ਪੜ੍ਹਨ ਅਤੇ ਸਿਖਣ ਦਾ ਮੌਕਾ ਵੀ ਮਿਲਿਆ। ਖਾਸ ਗੱਲ ਇਹ ਰਹੀ ਕਿ ਉਪ੍ਰੋਕਤ ਵਰਨਣ ਸੱਜਣਾਂ ਵੱਲੋ, ਤਸੱਲੀ ਬਖਸ਼ ਜਵਾਬ ਨਾ ਆਉਣ ਕਾਰਨ, ਮੇਰੇ ਆਤਮ ਵਿਸ਼ਵਾਸ਼ ਵਿੱਚ ਢੇਰ ਸਾਰਾ ਵਾਧਾ ਹੋਇਆ।

ਜੁਲਾਈ 2017 ਈ: ਵਿੱਚ ਸਿਆਟਲ ਵਿਖੇ ਹੋਏ ਸੈਮੀਨਾਰ ਤੋਂ ਪਿਛੋ ਤਾਂ ਅਨੁਰਾਗ ਸਿੰਘ ਨਾਲ ਸਿੱਧਾ ਵਾਹ ਪੈ ਗਿਆ। ਇਸ ਵੱਲੋਂ ਵਰਤੀ ਜਾਂਦੀ ਅਸੱਭਿਅਕ ਭਾਸ਼ਾ ਦੀ ਪ੍ਰਵਾਹ ਕੀਤੇ ਵਗੈਰ, ਇਸ ਦੀਆਂ 80-85 ਪੋਸਟਾਂ ਦੇ ਜਵਾਬ ਲਿਖਣ ਤੋਂ ਪਿਛੋਂ, ਜਦੋਂ ਕਿਸੇ ਹੋਰ ਪੋਸਟ ਉੱਪਰ ਇਸ ਵੱਲੋਂ ਕੀਤੀ ਟਿੱਪਣੀ, ਜਿਸ ਵਿੱਚ ਇਸ ਨੇ ਆਪਣੇ ਹਮਾਇਤੀਆਂ ਨੂੰ ਇਹ ਸਲਾਹ ਦਿੱਤੀ ਸੀ ਕਿ "ਇਨ੍ਹਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਇਨ੍ਹਾਂ ਨੂੰ ਮਹੱਤਵ ਨਾ ਦਿਓ। ਸਗੋਂ ਸਵਾਲ ਕਰ ਕੇ, ਇਨ੍ਹਾਂ ਨੂੰ ਬੌਣੇ ਸਾਬਿਤ ਕਰ ਦਿਓ", ਪੜ੍ਹੀ ਤਾਂ ਮੈਂ ਵੀ ਆਪਣੀ ਨੀਤੀ ਬਦਲ ਲਈ।

ਇਸ ਦੀ ਇਕ ਪੋਸਟ ਦੇ ਜਵਾਬ ਵਿੱਚ ਮੈਂ ਲਿਖਿਆ ਕਿ ਤੁਹਾਡੇ ਸਵਾਲ ਪਹੁੰਚ ਗਏ ਹਨ, ਇਨ੍ਹਾਂ ਦੇ ਜਵਾਬ ਦਿੱਤੇ ਜਾਣਗੇ, ਪਰ ਸ਼ਰਤ ਇਹ ਹੋਵੇਗੀ ਕਿ ਤੁਹਾਡੇ ਸਵਾਲ ਦੇ ਜਵਾਬ ਨਾਲ, ਮੇਰਾ ਵੀ ਇਕ ਸਵਾਲ ਵੀ ਹੋਵੇਗਾ, ਮੇਰੇ ਸਵਾਲ ਦਾ ਜਵਾਬ ਆਉਣ ਤੇ ਹੀ ਤੁਹਾਡੇ ਦੂਜੇ ਸਵਾਲ ਦਾ ਜਵਾਬ ਦਿੱਤਾ ਜਾਵੇਗਾ। ਤਾਂ ਜਨਾਬ ਦਾ ਪੇਟ ਖਰਾਬ ਹੋ ਗਿਆ।

ਅਨੁਰਾਗ ਸਿੰਘ ਦੀਆਂ ਪੋਸਟਾਂ ਵਿੱਚ ਮੈਂ ਪਹਿਲੀ ਵਾਰ ਪੜ੍ਹਿਆ ਸੀ ਕਿ ਗੁਰੂ ਸਾਹਿਬ ਜੀ ਨੇ (ਕਿਹੜੇ ਗੁਰੂ ਸਾਹਿਬ ਜੀ ਨੇ?) ਪ੍ਰਚੱਲਤ ਬਿਕ੍ਰਮੀ ਕੈਲੰਡਰ ਵਿੱਚ ਸੋਧ ਕਰਕੇ 'ਮੂਲ ਸਿੱਖ ਕੈਲੰਡਰ' ਸਥਾਪਿਤ ਕੀਤਾ ਸੀ। ਇਹ ਜਾਣਕਾਰੀ ਮੇਰੇ ਵਾਸਤੇ ਨਵੀਂ ਸੀ। ਮੈਂ ਅਨੁਰਾਗ ਸਿੰਘ ਨੂੰ ਬੇਨਤੀ ਕੀਤੀ ਕਿ ਇਸ ਕੈਲੰਡਰ ਬਾਰੇ ਹੋਰ ਜਾਣਕਾਰੀ ਦੇ ਨਾਲ, ਜੇ ਤੁਹਾਡੇ ਪਾਸ ਇਹ ਕੈਲੰਡਰ ਹੈ ਤਾਂ ਇਸ ਨੂੰ ਸਾਝਾਂ ਕੀਤਾ ਜਾਵੇ। ਇਸ ਵੱਲੋਂ ਕੋਈ ਜਵਾਬ ਨਾ ਆਉਣ ਕਾਰਨ, ਮੇਰਾਂ ਸ਼ੱਕ ਯਕੀਨ ਵਿੱਚ ਬਦਲ ਗਿਆ ਕਿ ਇਹ ਝੂਠ ਬੋਲ/ਲਿਖ ਰਿਹਾ ਹੈ। ਫੇਰ ਇਹ ਆਉਣ ਵਾਲੀ ਕਿਤਾਬ ਬਾਰੇ ਪ੍ਰਚਾਰ ਕਰਨ ਲੱਗ ਪਿਆ। ਅਸੀਂ ਸੋਚਿਆ ਕਿ ਕਿਤਾਬ ਵਿੱਚ ਤਾਂ ਕੈਲੰਡਰ ਬਾਰੇ ਜਾਣਕਾਰੀ ਤਾਂ ਦੇ ਹੀ ਦੇਣਗੇ। ਇਕ ਦਿਨ ਸਤਿੰਦਰ ਸਿੰਘ ਨੇ ਪੋਸਟ ਪਾਈ, "ਉਡੀਕ ਖਤਮ ਹੋਈ, ਪੁਸਤਕ ਹੁਣ ਕਨੇਡਾ-ਅਮਰੀਕਾ ਵਿਚ ਵੀ ਉਪਲੱਭਦ ਹੈ"। ਕਿਤਾਬ ਦਾ ਨਾਮ, "ਗੁਰੂ ਸਾਹਿਬ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ": ਪੜ੍ਹ ਕੇ ਆਸ ਦੀ ਕਿਰਨ ਵਿਖਾਈ ਦਿੱਤੀ ਕਿ ਹੁਣ ਤਾਂ ਗੁਰੂ ਸਾਹਿਬ ਜੀ ਵੱਲੋਂ ਸਥਾਪਤ ਕੀਤੇ 'ਮੂਲ ਸਿਖ ਕੈਲੰਡਰ' ਦੇ ਦਰਸ਼ਨ ਹੋ ਹੀ ਜਾਣਗੇ। ਪਰ ਕਿਥੇ, ਦਰਸ਼ਨ ਤਾਂ ਹੁੰਦੇ ਜੇ ਕੋਈ ਅਜੇਹਾ ਕੈਲੰਡਰ ਹੁੰਦਾ।

ਹੁਣ ਅਸੀ ਇਹ ਵੇਖਣਾ ਹੈ ਕਿ ਅਨੁਰਾਗ ਸਿੰਘ ਨੂੰ ਅਜੇਹਾ ਸ਼ੋਸ਼ਾ ਛੱਡਣ ਦਾ ਖਿਆਲ ਕਿਵੇਂ ਆਇਆ ਹੋਵੇਗਾ? ਇਸ ਦੀ ਜੜ੍ਹ ਹੈ 'Oxford Dictionary of World Religions' ਵਿੱਚ। ਜਿਸ ਦੇ ਹਵਾਲੇ ਨਾਲ, ਆਪਣੀ ਹਰ ਦੂਜੀ-ਤੀਜੀ ਪੋਸਟ ਵਿੱਚ ਆਹ ਪੰਗਤੀ, "ਪਾਲ ਸਿੰਘ ਪੁਰੇਵਾਲ ਦੀ ਮਿਸ਼ਰਤ ਜੰਤਰੀ ਤੋਂ ਪਹਿਲਾਂ ਸਿੱਖਾਂ ਦਾ ਮੂਲ ਸਿੱਖ ਕੈਲੰਡਰ ਸੀ ਜਿਸ ਦਾ ਜਿਕਰ John Bowker ਇਸ ਤਰ੍ਹਾਂ ਕਰਦੇ ਹਨ: 'Oxford Dictionary of World Religions', ਪੇਸਟ ਕਰਦਾ ਰਿਹਾ ਹੈ। ਆਪਣੀ ਕਿਤਾਬ "ਮੂਲ ਸਿੱਖ ਕੈਲੰਡਰ" ਵਿੱਚ ਵੀ ਇਹ ਪੰਗਤੀ ਦਰਜ ਕਰਨਾ ਨਹੀਂ ਭੁਲੇ (ਪੰਨਾ 19) ਪਰ ਜਦੋਂ,"Sikhism; The Sikhs' religious calendar is a modified form of the Bikrami calendar. The year is solar (23 minutes 44 seconds shorter than the Christian year) and the months are lunar. Lunar month dates, varying within fifteen days, are used for *gurpurbs. So in 1984 Guru *Gobind Singh's birthday fell on both 10 Jan. and 29 Dec. Solar months, based on the twelve zodiac signs, are also used, e.g. for *Sangrands, *Baisakhi, and Lohri. The anniversaries of the battle of Chamkaur, martyrdom of the younger *Sahibzada, and battle of *Muktsar are solar dates. Because of the discrepancy between the Bikrami and Christian solar year these dates advance one day in sixty-seven years. ਸਵਾਲ ਕੀਤਾ ਤਾਂ ਖਾਨਦਾਨੀ ਇਤਿਹਾਸਕਾਰ ਨੇ 'ਇਕ ਚੁੱਪ ਸੌ ਸੁੱਖ' ਦੀ ਨੀਤੀ ਤੇ ਅਮਲ ਕਰਨ ਵਿੱਚ ਹੀ ਭਲਾਈ ਸਮਝੀ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਕਿਸੇ ਸ਼ਬਦ ਕੋਸ਼ ਵਿੱਚ ਲਿਖਿਆ, ਪੱਥਰ ਤੇ ਲਕੀਰ ਹੁੰਦੀ ਹੈ? ਕੀ ਉਸ ਨੂੰ ਅੱਖਾਂ ਬੰਦ ਕਰਕੇ ਮੰਨ ਲੈਣਾ ਚਾਹੀਦਾ ਹੈ? ਜੇ ਅਜੇਹਾ ਹੈ ਤਾਂ, "23 minutes 44 seconds shorter than the Christian year" ਦਾ ਕੀ ਕੀਤਾ ਜਾਵੇ? ਇਹ ਕੈਲੰਡਰ ਕਿੱਥੇ ਹੈ। ਅਨੁਰਾਗ ਸਿੰਘ ਨੂੰ ਇਹ ਕੈਲੰਡਰ ਕਦੋਂ ਅਤੇ ਕਿਥੋਂ ਪ੍ਰਾਪਤ ਹੋਇਆ ਸੀ? ਜੇ ਇਸ ਨੂੰ, ਇਸ ਕੈਲੰਡਰ ਬਾਰੇ, ਨਾਨਕਸ਼ਾਹੀ ਕੈਲੰਡਰ ਬਣਨ ਤੋਂ ਪਹਿਲਾ ਜਾਣਕਾਰੀ ਸੀ ਤਾਂ ਇਸ ਨੇ ਉਸ ਵੇਲੇ ਕਿਉਂ ਨਹੀਂ ਦੱਸਿਆ ਜਦੋਂ ਇਹ ਮੀਟਿੰਗਾਂ ਵਿੱਚ ਜਾਂਦਾ ਹੁੰਦਾ ਸੀ। ਜੇ ਇਹ ਕੈਲੰਡਰ ਉਸ ਤੋਂ ਪਿਛੋਂ ਲੱਭਾ ਹੈ ਤਾਂ ਵਾਰ-ਵਾਰ ਬੇਨਤੀਆਂ ਤੇ ਵੀ ਸੰਗਤਾਂ ਦੀ ਕਚਿਹਰੀ ਵਿੱਚ ਕਿਓ ਨਹੀਂ ਪੇਸ਼ ਕਰ ਰਿਹਾ? ਕੀ ਇਹ ਕੈਲੰਡਰ, ਇਸ ਦੀ ਨਿਜੀ ਸੰਪਤੀ ਹੈ ਜਾਂ ਪੰਥਕ ਵਿਰਾਸਤ?

ਮੈਂ ਪੂਰੀ ਜਿੰਮੇਵਾਰੀ ਨਾਲ ਲਿਖ ਰਿਹਾ ਹਾਂ ਕਿ ਅਨੁਰਾਗ ਸਿੰਘ ਨੇ ਝੂਠ ਬੋਲਿਆ/ਲਿਖਿਆ ਹੈ। ਇਨ੍ਹਾਂ ਦੀ ਕਿਤਾਬ ਦਾ ਨਾਮ "ਗੁਰੂ ਸਾਹਿਬ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ", ਭੁਲੇਖਾ ਪਾਉ ਹੈ। ਸ਼ਾਇਦ ਇਹ ਦੁਨੀਆਂ ਦੀ ਪਹਿਲੀ ਕਿਤਾਬ ਹੋਵੇਗੀ ਜਿਸ ਦੇ ਨਾਮ ਨਾਲ ਸਬੰਧਿਤ ਅਧਿਆਏ ਹੀ ਕਿਤਾਬ 'ਚ ਨਾ ਹੋਵੇ। ਅਕਤੂਬਰ 2023 ਵਿੱਚ ਕਿਤਾਬ ਛੱਪਦੀ ਹੈ। 4 ਦਸੰਬਰ 2023 ਨੂੰ ਈ ਮੇਲ ਰਾਹੀ ਕੁਝ ਸਵਾਲ ਇਨ੍ਹਾਂ ਦੇ ਅੱਗੇ ਰੱਖ ਦਿੱਤੇ ਗਏ ਸਨ। ਅੱਜ ਤਾਂਈ ਇਹ ਮੇਰੇ ਸਵਾਲਾਂ ਦਾ ਜਵਾਬ ਨਹੀਂ ਦੇ ਸਕੇ। ਅਖੇ ਸਾਡੇ ਨਾਲ ਵਿਚਾਰ ਕਰਨੀ ਹੈ ਤਾਂ, ਕਿਸੇ ਯੂਨੀਵਰਸਿਟੀ ਵਿੱਚ ਸੈਮੀਨਾਰ ਰੱਖੋ ਅਸੀਂ ਉਥੇ ਆਵਾਗੇ। ਲੈ ਦੱਸ, ਆਹ ਮੂੰਹ ਤੇ ਮਸਰਾ ਦੀ ਦਾਲ!

ਪਿਛਲੇ ਹਫਤੇ ਅਨੁਰਾਗ ਸਿੰਘ ਨੇ ਇਕ ਪੋਸਟ ਵਿੱਚ ਲਿਖਿਆ ਸੀ, " ਇਸ ਤੋ ੧੩ ਸਾਲ ਬਾਅਦ ਅਕਤੂਬਰ ੨੦੨੩ ਵਿੱਚ ਗੁਰਚਰਨ ਸਿੰਘ ਸੇਖੋਂ ਦੀ ਪੁਸਤਕ "ਗੁਰੂ ਸਾਹਿਬਾ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ" ਲੋਕ ਅਰਪਨ ਕੀਤੀ ਗਈ ਜਿਸ ਦੇ ਤੱਥ ਅਤੇ ਅਕੱਟ ਸਬੂਤਾਂ ਨੇ ਸਾਰੇ ਪੁਰੇਵਾਲ ਸ਼ਾਹੀ ਭੱਗਤਾਂ ਦੇ ਮੂੰਹ ਬੰਦ ਕਰ ਦਿਤੇ ਹਨ"।

ਝੂਠ ਬੋਲਣ ਲਿਖਣ ਦਾ ਮਾਹਿਰ ਖਾਨਦਾਨੀ ਇਤਿਹਾਸਕਾਰ, ਕਾਹਲੀ ਵਿੱਚ ਮੇਰੇ ਵੱਲੋਂ ਲਿਖੇ ਪੱਤਰ (4 ਦਸੰਬਰ 2023) ਦਾ ਚੇਤਾ ਹੀ ਨਹੀਂ ਭੁੱਲਿਆ, ਇਸ ਨੂੰ ਤਾਂ ਇਨ੍ਹਾਂ ਦੀ ਕਿਤਾਬ ਦੇ ਜਵਾਬ ਵਿੱਚ ਛਪੀ (ਸਤੰਬਰ 2024), ਸ. ਕਿਰਪਾਲ ਸਿੰਘ ਦੀ ਕਿਤਾਬ 'ਨਾਨਕਸ਼ਾਹੀ ਕੈਲੰਡਰ ਬਨਾਮ ਬਿਕ੍ਰਮੀ ਕੈਲੰਡਰ' ਦਾ ਵੀ ਚੇਤਾ ਭੁਲ ਗਿਆ। ਇਸ ਕਿਤਾਬ ਸਬੰਧੀ ਮੈਂ ਸਤੰਬਰ 2024 ਈ: ਵਿੱਚ ਵੀ ਲਿਖਿਆ ਸੀ ਕਿ, ਕਿਤਾਬ ਪੜ੍ਹੋ, ਜੇ ਕੋਈ ਸਵਾਲ/ ਸ਼ੰਕਾ ਹੋਇਆ ਤਾਂ ਖੁੱਲ ਕੇ ਲਿਖੋ, ਕਿਤੇ ਜਾਣ ਦੀ ਲੋੜ ਨਹੀਂ, ਆਪਣੇ ਘਰ ਬੈਠੇ ਹੀ ਲਿਖੋ। ਪੂਰੀ ਪਾਰਦਰਸ਼ਤਾ ਨਾਲ ਸਾਰਿਆਂ ਦੇ ਸਾਹਮਣੇ ਵਿਚਾਰ ਕੀਤੀ ਜਾਵੇਗੀ। ਸ਼ੰਕੇ ਦੂਰ ਕੀਤੇ ਜਾਣਗੇ, ਸੁਝਾਵਾਂ ਤੇ ਅਮਲ ਕੀਤਾ ਜਾਵੇਗਾ। ਕੀ ਖਾਨਦਾਨੀ ਇਤਿਹਾਸਕਾਰ ਤਜਰਬਾ 105 ਸਾਲ ( ਹੁਣ 106 ਲਿਖਣਾ ਚਾਹੀਦਾ ਹੈ) ਸਾਡੇ ਸੱਦੇ ਨੂੰ ਪ੍ਰਵਾਨ ਦੀ ਹਿੰਮਤ ਵਿਖਾਏਗਾ?

* * * * * * * *

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 30'ਤੇ ਪੜ੍ਹੋ

**621. ਸਤਸੰਗਤਿ ਕੀ ਹੈ ਤੇ ਸਤਸੰਗਤਿ ਦੀ ਮਹਿਮਾ ਕੀ ਹੈ?**

ਸਾਧਸੰਗਤਿ ਦੁਆਰਾ ਮਾਇਆ ਦੇ ਮੋਹ/ਬੰਧਨਾਂ ਤੋਂ ਖਲਾਸੀ ਹੋ ਜਾਂਦੀ ਹੈ ਤੇ ਅਗਿਆਨਤਾ ਦਾ ਅੰਧੇਰਾ ਦੂਰ ਹੋ ਜਾਂਦਾ ਹੈ। "ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥3॥ ਅੰਗ 675"। ਸਾਧਸੰਗਤਿ ਰਾਹੀਂ ਸਭ ਤੋਂ ਓੱਚੀ ਆਤਮਿਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ। "ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ॥ ਅੰਗ 1293"। ਸਾਧਸੰਗਤਿ ਬਿਨਾ ਪ੍ਰਭੂ ਪ੍ਰਤੀ ਪ੍ਰੇਮ ਨਹੀਂ ਪੈਦਾ ਹੁੰਦਾ ਤੇ ਪ੍ਰਭੂ ਪ੍ਰੇਮ ਤੋਂ ਬਿਨਾ ਹੇ ਪ੍ਰਭੂ! ਤੇਰੀ ਭਗਤੀ ਨਹੀਂ ਹੋ ਸਕਦੀ। "ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ ਅੰਗ 694"। ਹੇ ਪ੍ਰਭੂ! ਮੈਨੂੰ ਸਾਧਸੰਗਤਿ ਦੇ ਲੜ ਲਾ ਦਿਓ, ਤਾਂ ਕਿ ਸੰਸਾਰ ਰੂਪੀ ਔਖੀ ਨਦੀ ਤਰੀ ਜਾ ਸਕੇ। "ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥1॥ ਅੰਗ 702"। ਸਾਧਸੰਗਤਿ ਨਾਲ਼ ਤਰਨਾ ਨਿਸ਼ਚਿਤ ਹੈ! "ਸਾਧਸੰਗਤਿ ਨਿਹਚਉ ਹੈ ਤਰਣਾ ॥ ਅੰਗ 1071"। ਕਬੀਰ ਜੀ ਆਖਦੇ ਹਨ ਹੇ ਸੰਤੋ! ਸੁਣੋ, ਸਾਧਸੰਗਤਿ ਵਿਚ ਸੰਸਾਰ ਸਮੁੰਦਰ ਨੂੰ ਤਰ ਜਾਓਗੇ। "ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥3॥1॥ ਅੰਗ 1106"।

ਸਾਧਸੰਗਤਿ ਵਿਚ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ! "ਸਾਧਸੰਗਤਿ ਮਹਿ ਲਖੇ ਗੋੁਪਾਲ ॥ ਅੰਗ 1156"। ਹੇ ਨਾਨਕ! ਜਦੋਂ ਮੈਨੂੰ ਸਾਧ ਸੰਗਤਿ ਦਾ ਸਮਾਗਮ ਪ੍ਰਾਪਤ ਹੋਇਆ, ਤਾਂ ਮੇਰਾ ਪ੍ਰਭੂ ਨਾਲ਼ ਮੇਲ ਹੋ ਗਿਆ। "ਸਾਧ ਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ ॥2॥1॥24॥ ਅੰਗ 1209"। ਜਿਸਦੇ ਪੂਰੇ ਕਰਮ (ਭਾਗ) ਹੁੰਦੇ ਹਨ ਉਸਨੂੰ ਸਾਧਸੰਗਤਿ ਵਿਚ ਪ੍ਰਭੂ ਮਿਲ ਜਾਂਦਾ ਹੈ। "ਸਾਧਸੰਗਤਿ ਹਰਿ ਮਿਲੈ ਜਿਸਹਿ ਪੂਰਨ ਕਰਮ ॥3॥ ਅੰਗ 1341"। ਕਿਉਂਕਿ ਸਾਧਸੰਗਤਿ ਵਿਚ ਪ੍ਰਭੂ ਨਿਵਾਸ ਕਰਦਾ ਹੈ। "ਸਾਧਸੰਗਤਿ ਪ੍ਰਭਿ ਕੀਓ ਨਿਵਾਸ ॥ ਅੰਗ 1184"। ਅਤੇ "ਸਾਧਸੰਗਤਿ ਮਹਿ ਬਸੇ ਗੁਪਾਲ ॥ ਅੰਗ 1338"।

ਸਾਧਸੰਗਤਿ ਲਈ ਸਾਧ ਸੰਗਿ, ਸਾਧ ਸੰਗਾਰਾ, ਸਾਧ ਸੰਗਾਰੇ, ਸਾਧ ਸੰਗਾਨੀ, ਸਾਧ ਸੰਗਾਤ, ਸਾਧ ਸੰਗਾਇਆ, ਸਾਧ ਸੰਗਮ, ਸਾਧ ਸੰਗਮਹ, ਸਾਧ ਸੰਗਤੀ, ਸਾਧ ਸੰਗਾਏ, ਸਾਧ ਸੰਗੇਣ, ਸਾਧ ਸੰਗੇਣਿ, ਸਾਧ ਸੰਗਹ, ਸਾਧਸੰਗ ਅਤੇ ਸਾਧੂ ਕੈ ਸੰਗ ਲਫਜ਼ ਵੀ ਵਰਤੇ ਗਏ ਹਨ ਤੇ ਇਹਨਾਂ ਦਾ ਫਲ ਉਹੀ ਹੈ ਜਿਸਦਾ ਆਪਾਂ 'ਸਾਧਸੰਗਤਿ' ਦੇ ਸਿਰਲੇਖ ਹੇਠਾਂ ਵਿਚਾਰ ਕਰ ਚੁੱਕੇ ਹਾਂ। ਕੁਛ ਸੁੰਦਰ ਗੁਰਵਾਕ ਮਿਸਾਲ ਵਜੋਂ ਦਿੱਤੇ ਜਾ ਰਹੇ ਹਨ: ਪ੍ਰਭੂ ਨਾਮ ਦੀ ਪੂੰਜੀ ਸਾਧ ਦੀ ਸੰਗਤ ਵਿਚ ਕਮਾਈ। "ਨਾਮ ਰਾਸਿ ਸਾਧ ਸੰਗਿ ਖਾਟੀ ॥ ਅੰਗ 194"। ਸਾਧ ਦੇ ਸੰਗ 'ਚ ਜਿਹਨੇ ਹਉਮੈ ਮਾਰ ਲਈ, ਉਸਨੂੰ ਹੰਕਾਰ ਦਾ ਵੈਰੀ ਪ੍ਰਭੂ ਮਿਲ ਗਿਆ। "ਸਾਧਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾ ਕਉ ਮਿਲੇ ਮੁਰਾਰੀ ॥24॥ ਅੰਗ 255"। ਸਾਧ ਦੀ ਸੰਗਤਿ ਸਦਕਾ ਧਰਮ ਰਾਇ ਵੀ ਸੇਵਾ ਕਰਦਾ ਹੈ। "ਸਾਧਸੰਗਿ ਧਰਮਰਾਇ ਕਰੇ ਸੇਵਾ ॥ ਅੰਗ 271"। ਸਾਧ ਦੀ ਸੰਗਤਿ ਵਿਚ ਘੋਰ ਪਾਪਾਂ ਦਾ ਨਾਸ ਹੋ ਜਾਂਦਾ ਹੈ ਤੇ ਨਰਕਾਂ ਤੋਂ ਬਚ ਜਾਈਦਾ ਹੈ। "ਸਾਧ ਕੈ ਸੰਗਿ ਕਲੂਖਤ ਹਰੈ ॥ ਸਾਧ ਕੈ ਸੰਗਿ ਨਰਕ ਪਰਹਰੈ ॥ ਅੰਗ 272"। ਸਾਧ (ਗੁਰੂ) ਦੀ ਸੰਗਤ ਸੁੰਦਰ ਹੈ। "ਨੀਕੀ ਸਾਧ ਸੰਗਾਨੀ ॥ ਰਹਾਉ ॥ ਅੰਗ 404" ਅਤੇ ਪ੍ਰਭੂ ਸਾਧ ਸੰਗਤ ਵਿਚ ਮਿਲਦਾ ਹੈ। "ਲਭਣੰ ਸਾਧ ਸੰਗੇਣ ॥ ਅੰਗ 1361"। ਸੁਖਮਨੀ ਸਾਹਿਬ ਦੀ ਸੱਤਵੀਂ ਅਸਟਪਦੀ ਦੇ ਪਹਿਲੇ 7 ਪਦੇ 'ਸਾਧਸੰਗ ਜਾਂ ਸਾਧ ਕੈ ਸੰਗ' ਤੇ ਹਨ; 8ਵਾਂ ਪਦਾ ਸਾਧ ਦੀ ਮਹਿਮਾ ਤੇ ਹੈ।

**622. ਸਤਸੰਗਤਿ ਨਾਲ਼ ਝਗੜਾ ਕਰਨ ਵਾਲ਼ਿਆਂ ਦਾ ਕੀ ਹਸ਼ਰ ਹੁੰਦਾ ਹੈ?**

ਇਕ ਅਖੌਤੀ ਭਗਉਤੀ ਦਾ ਜ਼ਿਕਰ ਕਰਦੇ ਹੋਏ ਸਤਿਗੁਰੂ ਅਮਰ ਦਾਸ ਜੀ ਬਚਨ ਕਰਦੇ ਹਨ ਕਿ ਉਹ ਸਤਸੰਗਤਿ ਨਾਲ਼ ਝਗੜਾ ਕਰਦਾ ਹੈ, ਮਾਇਆ ਮੋਹ 'ਚ ਖਚਿਤ ਉਹ ਰਾਤ ਦਿਨ ਦੁਖੀ ਹੁੰਦਾ ਹੈ। "ਸਤਸੰਗਤਿ ਸਿਉ ਬਾਦੁ ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥ ਅੰਗ 88"।

**623. ਸਤਿਗੁਰੂ/ਪ੍ਰਭੂ ਜੀ ਕਿਹਨਾਂ ਦੀ ਜੈਕਾਰ ਕਰਦੇ ਹਨ? ਕਿਹੜਾ ਕੰਮ ਕਰਨ ਨਾਲ਼ ਜੈਕਾਰ ਹੁੰਦੀ ਹੈ?**

ਜਿਹੜੇ ਪ੍ਰਭੂ ਦੇ ਨਾਮ 'ਚ ਰੰਗੇ ਹੁੰਦੇ ਹਨ ਉਹਨਾਂ ਨੂੰ! "ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥4॥8॥28॥ ਅੰਗ 160 ਅਤੇ 941"। ਪ੍ਰਭੂ ਧਰਮੀ ਪੁਰਸ਼ਾਂ ਦੀ ਜੈਕਾਰ ਕਰਦਾ ਹੈ ਤੇ ਪਾਪੀਆਂ ਨੂੰ ਡੰਡ ਦਿੰਦਾ ਹੈ। "ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ ॥16॥ ਅੰਗ 89"। ਜਿਹਨਾਂ ਗੁਰੂ ਅਨੁਸਾਰੀਆਂ ਨੇ ਪ੍ਰਭੂ ਦਾ ਸਿਮਰਨ ਕੀਤਾ ਉਹਨਾਂ ਸੰਤ ਜਨਾਂ ਨੂੰ ਜੈਕਾਰ ਹੈ। "ਜਿਨ ਗੁਰਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ ਜੈਕਾਰੁ ॥ ਅੰਗ 302"। ਅਤੇ "ਜਿਨਾ ਹਰਿ ਹਰਿ ਨਾਮੁ ਧਿਆਇਆ ਜਨ ਨਾਨਕ ਤਿਨ੍ ਜੈਕਾਰੁ ॥29॥ ਅੰਗ 1416"। ਪਿਆਰਾ ਹਰੀ ਗੁਰਸਿੱਖਾਂ ਦੇ ਮੂੰਹ ਉਜਲੇ ਕਰਦਾ ਹੈ ਤੇ ਸੰਸਾਰ ਵਿਚ ਸਭਨਾਂ ਤੋਂ ਸਤਿਗੁਰੂ ਦੀ ਜੈਕਾਰ ਕਰਾਉਂਦਾ ਹੈ। "ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥ ਅੰਗ 308" ॥ ਹਰੀ ਦੇ ਸੇਵਕਾਂ ਦੀ ਵਡਿਆਈ ਹਰੀ ਦੀ ਹੀ ਵਡਿਆਈ ਹੈ। ਹਰੀ ਨੂੰ ਆਪਣੀ ਇਹ ਵਡਿਆਈ ਚੰਗੀ ਲੱਗਦੀ ਹੈ, ਉਹ ਆਪਣੇ ਸੇਵਕ ਦੀ ਜੈ ਜੈਕਾਰ ਕਰਾ ਦਿੰਦਾ ਹੈ। "ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥ ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥ ਅੰਗ 652"। ਜਿਹਨਾਂ ਗੁਰਮੁਖਾਂ ਨੇ ਨਾਮ ਨੂੰ ਸੁਣ ਕੇ ਮੰਨਿਆ (ਮਨ 'ਚ ਵਸਾਇਆ) ਸਤਿਗੁਰੂ ਜੀ ਉਹਨਾਂ ਦੀ ਜੈਕਾਰ ਕਰਦੇ ਹਨ। "ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ ॥2॥ ਅੰਗ 1314"। ਪ੍ਰਭੂ ਦੇ ਭਗਤਾਂ ਦੀ ਜੀਵ ਜੈਕਾਰ ਕਰਦੇ ਹਨ ਤੇ ਭਗਤਾਂ ਦੇ ਨਿੰਦਕ ਤਬਾਹ ਹੋ ਕੇ ਮਰ ਜਾਂਦੇ ਹਨ। "ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ ॥ ਅੰਗ 1363"।

ਹੇ ਭਾਈ! ਪ੍ਰਭੂ ਦੇ ਨਾਮ ਦੀ ਪੂੰਜੀ ਇਕੱਠੀ ਕਰੋ, ਇਹੀ ਵਿਹਾਰ ਕਰੋ। ਇਸ ਲੋਕ ਵਿਚ ਸੁਖ ਮਿਲੇਗਾ ਤੇ ਪ੍ਰਭੂ ਦੀ ਦਰਗਾਹ ਵਿਚ ਜੈ ਜੈਕਾਰ ਹੋਵੇਗੀ। "ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥ ਈਹਾ ਸੁਖੁ ਦਰਗਹ ਜੈਕਾਰੁ ॥ ਅੰਗ 289"।

ਬਾਕੀ ਅਗਲੇ ਹਫ਼ਤੇ

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.........................................................................................
ADDRESS...................................................................................
.......................................................POST CODE................................
TEL...........................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

## ਇਟਲੀ ਦੇ ਮਾਤੇਰਾ (ਕਲਾਬਰੀਆ) ਇਲਾਕੇ ਵਿੱਚ ਗੈਰ- ਕਾਨੂੰਨੀ ਢੰਗ ਨਾਲ਼ ਸਫ਼ਰ ਕਰ ਰਹੇ ਪੰਜਾਬ ਦੇ ਚਾਰ ਨੌਜਵਾਨਾਂ ਦੀ ਸੜਕ ਹਾਦਸੇ ਵਿੱਚ ਦਰਦਨਾਕ ਮੌਤ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਇਟਲੀ ਦੇ ਕੁਝ ਇਲਾਕਿਆਂ ਵਿੱਚ ਖੇਤੀਬਾੜੀ ਨਾਲ ਸੰਬਧਤ ਕਾਮੇ ਟ੍ਰੈਫਿਕ ਨਿਯਮਾਂ ਨੂੰ ਅਣਦੇਖਿਆਂ ਕਰਦੇ ਅਕਸਰ ਸੜਕ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ ਤੇ ਕਈ ਵਾਰ ਇਹੀ ਸੜਕ ਹਾਦਸੇ ਇਹਨਾਂ ਕਾਮਿਆਂ ਦੀ ਜਾਨ ਦਾ ਖੋਅ ਬਣ ਜਾਂਦੇ ਹਨ। ਕੁਝ ਅਜਿਹਾ ਹੀ ਦਰਦਨਾਕ ਸੜਕ ਹਾਦਸਾ ਸੂਬਾ ਕਲਾਬਰੀਆ ਦੇ ਇਲਾਕਾ ਮਾਤੇਰਾ ਦੇ ਸੂਬਾ ਰੋਡ 598 ਤੇ ਉਂਦੋ ਵਾਪਰ ਗਿਆ ਜਦੋਂ ਇੱਕ 7 ਸੀਟਾਂ ਵਾਲੀ ਕਾਰ ਜਿਸ ਵਿੱਚ 10 ਕਾਮੇ ਸਵਾਰ ਸਨ ਇੱਕ ਫਿਏਟ ਇਵੇਕੋ ਟਰੱਕ ਨਾਲ ਟਕਰਾ ਗਈ। ਟੱਕਰ ਇੰਨੀ ਜ਼ਿਆਦਾ ਜਬਰਦਸ਼ਤ ਸੀ ਕਿ 4 ਪੰਜਾਬੀ ਨੌਜਵਾਨ ਹਰਵਿੰਦਰ ਸਿੰਘ (31) ਜ਼ਿਲ੍ਹਾ ਜਲੰਧਰ, ਜਸਕਰਨ ਸਿੰਘ (20) ਜ਼ਿਲ੍ਹਾ ਰੋਪੜ, ਸੁਰਜੀਤ ਸਿੰਘ (33) ਜਿਲ੍ਹਾ ਮੋਗਾ ਤੇ ਮਨੋਜ ਕੁਮਾਰ (32) ਆਦਮਪੁਰ ਜਿਲ੍ਹਾ ਜਲੰਧਰ ਦੀ ਦਰਦਨਾਕ ਮੌਤ ਹੋ ਗਈ ਜਦੋਂ ਕਿ ਬਾਕੀ 6 ਨੌਜਵਾਨਾਂ ਨੂੰ ਹੈਲੀਕਾਪਟਰ ਰਾਹੀ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਉਹ ਗੰਭੀਰ ਹਾਲਤ ਵਿੱਚ ਜ਼ੇਰੇ ਇਲਾਜ ਹਨ ਜਦੋਂ ਕਿ ਟਰੱਕ ਦੇ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ। ਮਤੇਰਾ ਪਬਲਿਕ ਪ੍ਰੌਸੀਕਿਊਟਰ ਅਧਿਕਾਰੀ ਇਸ ਦਰਦਨਾਕ ਘਟਨਾ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ ਜਿਹਨਾਂ ਦਾ ਕਹਿਣਾ ਹੈ ਕਿ ਕਾਰ ਡਰਾਈਵਰ ਸਣੇ 7 ਸੀਟਾਂ ਵਾਲੀ ਸੀ ਉਸ ਵਿੱਚ 10 ਸਵਾਰੀਆਂ ਕਿਵੇਂ ਬੈਠੀਆਂ ਸਨ। ਸਥਾਨਕ ਸ਼ਹਿਰ ਦੇ ਮੇਅਰ ਨੇ ਇਸ ਘਟਨਾ ਉਪੱਰ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਘਟਨਾ ਦੀ ਜਾਂਚ ਦਾ ਭਰੋਸਾ ਦਿੱਤਾ ਹੈ। ਇਸ ਘਟਨਾ ਨਾਲ ਸੂਬੇ ਭਰ ਵਿੱਚ ਭਾਰਤੀ ਭਾਈਚਾਰੇ ਵਿੱਚ ਮਾਤਮਛਾਅ ਗਿਆ।

# 18ਵੀਂ ਸਦੀ ਦਾ ਸਿਦਕੀ ਸਿੱਖ ਯੋਧਾ, ਬੁੱਢਾ ਦਲ ਦਾ ਮੁਖੀ ਸੁਲਤਾਨਉਲ ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ

**20 ਅਕਤੂਬਰ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਸਰਬੰਸਦਾਨੀ ਪਿਤਾ, ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਿਲ ਮਾਤਾ ਸੁੰਦਰ ਕੌਰ ਜੀ ਹੱਥੀਂ ਪ੍ਰਵਾਨ ਚੜ੍ਹੇ, ਬੁੱਢਾ ਦਲ ਦੇ ਮੁਖੀ ਅਤੇ ਦਲ ਖ਼ਾਲਸਾ ਦੇ ਜਰਨੈਲ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਯੁੱਧਵੀਰ ਅਤੇ ਧਰਮਵੀਰ ਵਜੋਂ ਸਿੱਖ ਇਤਿਹਾਸ ਵਿੱਚ ਵੱਡਾ ਮਾਣ ਪ੍ਰਾਪਤ ਹੋਇਆ ਹੈ। ਬਾਬਾ ਜੱਸਾ ਸਿੰਘ ਦੀ ਅਗਵਾਈ ਵਿੱਚ ਬਾਬਾ ਬਘੇਲ ਸਿੰਘ ਨੇ ਜਦੋਂ ਦਿੱਲੀ ਵਿਖੇ ਲਾਲ ਕਿਲ੍ਹਾ ਫ਼ਤਹਿ ਕੀਤਾ, ਤਾਂ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸਿੱਖ ਕੌਮ ਵੱਲੋਂ ਸੁਲਤਾਨਉਲ ਕੌਮ ਵਜੋਂ ਨਿਵਾਜਿਆ ਗਿਆ। ਦਸਮ ਪਾਤਸ਼ਾਹ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਤਕਰੀਬਨ ਦੱਸ ਸਾਲ ਬਾਅਦ ਇਸ ਜਰਨੈਲ ਦਾ ਜਨਮ ਲਾਹੌਰ ਦੇ ਨੇੜੇ ਪਿੰਡ ਆਹਲੂ ਵਿਖੇ ਸ. ਬਦਰ ਸਿੰਘ ਦੇ ਗ੍ਰਹਿ ਵਿਖੇ 1718 ਈ: ਵਿੱਚ ਹੋਇਆ। ਬਾਬਾ ਜੱਸਾ ਸਿੰਘ ਅਜੇ ਪੰਜ ਸਾਲ ਦੇ ਹੀ ਸਨ ਕਿ ਪਿਤਾ ਜੀ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੀ ਸਿੱਖ ਧਰਮ ਅਤੇ ਗੁਰੂ ਘਰ ਨਾਲ ਸ਼ਰਧਾ ਰੱਖਣ ਵਾਲੀ ਧਰਮੀ ਮਾਂ ਨੂੰ ਆਪਣੇ ਸਕੇ ਭਾਈ ਸ. ਭਾਗ ਸਿੰਘ ਦੀ ਸਹਾਇਤਾ ਨਾਲ ਆਪਣੇ ਬੱਚੇ ਸ. ਜੱਸਾ ਸਿੰਘ ਨੂੰ ਬਚਪਨ ਵਿੱਚ ਹੀ ਦਿੱਲੀ ਵਿਖੇ ਮਾਤਾ ਸੁੰਦਰ ਕੌਰ ਦੀ ਸੇਵਾ ਵਿੱਚ ਭੇਜ ਦਿੱਤਾ। ਸਿੱਖ ਇਤਿਹਾਸ ਦੇ ਪੰਨੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਬਾਬਾ ਜੱਸਾ ਸਿੰਘ ਦੀ ਸਾਂਭ ਸੰਭਾਲ ਅਤੇ ਪਾਲਣ-ਪੋਸ਼ਣ ਮਾਤਾ ਸੁੰਦਰ ਕੌਰ ਜੀ ਨੇ ਆਪਣੇ ਪੁੱਤਰਾਂ ਵਾਂਗ ਹੀ ਕੀਤਾ। ਉਸ ਸਮੇਂ ਦੀ ਦੁਨਿਆਵੀ ਵਿੱਦਿਆ ਅਰਬੀ-ਫਾਰਸੀ ਅਤੇ ਸ਼ਸਤਰ ਚਲਾਉਣ ਦੀ ਮੁਹਾਰਤ ਸ. ਜੱਸਾ ਸਿੰਘ ਨੇ ਮਾਤਾ ਜੀ ਦੀ ਅਗਵਾਈ ਵਿੱਚ ਪ੍ਰਾਪਤ ਕੀਤੀ। ਇਨ੍ਹਾਂ ਨੇ ਤਕਰੀਬਨ ਸੱਤ ਸਾਲ ਦਾ ਸਮਾਂ ਦਿੱਲੀ ਵਿੱਚ ਹੀ ਬਿਤਾਇਆ। ਇਸ ਦੌਰਾਨ ਬਾਬਾ ਜੱਸਾ ਸਿੰਘ ਨੇ ਉਸ ਸਮੇਂ ਦੇ ਮੁਖੀ ਸਿੱਖਾਂ ਵਿੱਚ ਚੰਗੀ ਜਾਣ-ਪਛਾਣ ਬਣਾਈ। ਜਦੋਂ ਮਾਤਾ ਜੀ ਤੋਂ ਵਿਦਾਇਗੀ ਪ੍ਰਾਪਤ ਕੀਤੀ, ਉਸ ਵਕਤ ਮਾਤਾ ਜੀ ਨੇ ਬਾਬਾ ਜੱਸਾ ਸਿੰਘ ਦੇ ਕਰਮ ਯੋਗੀ ਤੇ ਧਰਮੀ ਜੀਵਨ ਭਾਂਪਦਿਆਂ ਭਵਿੱਖ ਵਿੱਚ ਸਿੱਖ ਜਗਤ ਦੀ ਯੋਗ ਅਗਵਾਈ ਕਰਨ ਲਈ ਇਸ ਸਿਦਕੀ ਸਿੱਖ ਯੋਧੇ ਨੂੰ ਇਕ ਕ੍ਰਿਪਾਨ, ਇਕ ਗੁਰਜ, ਇਕ ਢਾਲ, ਇਕ ਕਮਾਨ, ਇਕ ਤੀਰਾਂ ਦਾ ਭੱਥਾ, ਇਕ ਖਿਲਅਤ ਅਤੇ ਇਕ ਚਾਂਦੀ ਦੀ ਚੋਬ ਬਖ਼ਸ਼ਿਸ਼ ਵਜੋਂ ਦੇ ਕੇ ਨਿਵਾਜਿਆ ਗਿਆ। ਜਦੋਂ ਬਾਬਾ ਜੱਸਾ ਸਿੰਘ ਪੰਜਾਬ ਪੁੱਜੇ, ਆਉਂਦਿਆਂ ਹੀ ਸੇਵਾ ਸਿਮਰਨ ਦੇ ਮੁਜੱਸਮੇ ਮਹਾਨ ਜਰਨੈਲ ਨਵਾਬ ਕਪੂਰ ਸਿੰਘ ਦੇ ਜਥੇ ਵਿੱਚ ਸ਼ਾਮਿਲ ਹੋ ਗਏ।

ਆਪਣੀ ਦਲੇਰੀ, ਸੁਭਾਅ ਅਤੇ ਤੀਖਣ ਬੁੱਧੀ ਵਰਗੇ ਗੁਣਾਂ ਸਦਕਾ ਨਵਾਬ ਕਪੂਰ ਸਿੰਘ ਵਰਗੇ ਜਰਨੈਲ ਦੀ ਨੇੜਤਾ ਹਾਸਲ ਕਰ ਲਈ। ਨਵਾਬ ਕਪੂਰ ਸਿੰਘ ਨੇ ਵੀ ਇਨ੍ਹਾਂ ਨੂੰ ਪੁੱਤਰਾਂ ਵਾਂਗ ਪਾਲਿਆ। 1748 ਈ: ਵਿੱਚ ਨਵਾਬ ਕਪੂਰ ਸਿੰਘ ਦੀ ਬਹਾਦਰ ਸਿੱਖ ਸੈਨਾ ਦੇ ਬਹਾਦਰ ਸੂਰਬੀਰਾਂ ਨੇ ਬਾਬਾ ਜੱਸਾ ਸਿੰਘ ਨਾਲ ਮਿਲ ਕੇ ਅਹਿਮਦ ਸ਼ਾਹ ਅਬਦਾਲੀ ਦੇ ਵੱਡੇ ਲਸ਼ਕਰ ਨੂੰ ਨੂਰ ਦੀਨ ਦੀ ਸਰਾਂ ਅਤੇ ਵੈਰੋਵਾਲ ਨੇੜੇ ਘੇਰ ਕੇ ਗੁਰੀਲੇ ਢੰਗ ਦੇ ਹਮਲੇ ਕਰਕੇ ਭਾਜੜਾਂ ਪਾ ਦਿੱਤੀਆਂ। ਅੰਮ੍ਰਿਤਸਰ ਦੇ ਮੁਗ਼ਲ ਹਾਕਮ ਸਲਾਬਤ ਖ਼ਾਨ ਨੂੰ ਹਰਾ ਕੇ ਵੱਖ-ਵੱਖ ਜਥਿਆਂ ਵਿੱਚ ਵੰਡੇ ਸਿੱਖਾਂ ਦੀ ਨਜ਼ਰ ਵਿੱਚ ਇਕ ਸੁਲਝੇ ਹੋਏ ਸਿੱਖ ਜਰਨੈਲ ਵਜੋਂ ਸਤਿਕਾਰ ਪ੍ਰਾਪਤ ਕੀਤਾ। ਇਸ ਸਾਲ ਨਵਾਬ ਕਪੂਰ ਸਿੰਘ ਨਾਲ ਮਿਲ ਕੇ ਵਿਸਾਖੀ ਦੇ ਪਾਵਨ ਅਵਸਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਸਰਬੱਤ ਖ਼ਾਲਸੇ ਦੇ ਜੁੜੇ ਇਕੱਠ ਵਿੱਚ ਸਿੱਖਾਂ ਦੇ 65 ਜਥਿਆਂ ਨੂੰ ਇਕੱਠੇ ਕਰਕੇ 11 ਮਿਸਲਾਂ (12ਵੀਂ ਮਿਸਲ ਫੂਲਕੀਆ ਤੋਂ ਬਿਨਾਂ) ਵਿੱਚ ਵੰਡ ਕੇ ਦਲ ਖ਼ਾਲਸਾ ਦੀ ਸਥਾਪਨਾ ਕੀਤੀ। ਦਲ ਖ਼ਾਲਸਾ ਦੇ ਪਹਿਲੇ ਜਰਨੈਲ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਥਾਪਿਆ ਗਿਆ। ਇਸ ਤੋਂ ਇਲਾਵਾ ਆਪ ਆਹਲੂਵਾਲੀਆ ਮਿਸਲ ਦੇ ਸੰਸਥਾਪਕ ਵੀ ਸਨ। 7 ਅਕਤੂਬਰ 1753 ਈ: ਨੂੰ ਨਵਾਬ ਕਪੂਰ ਸਿੰਘ ਦੇ ਅਕਾਲ ਚਲਾਣੇ ਤੋਂ ਪਿੱਛੋਂ ਬਾਬਾ ਜੱਸਾ ਸਿੰਘ ਸਿੱਖ ਕੌਮ ਦੀ ਸੈਨਿਕ ਸ਼ਕਤੀ ਅਤੇ ਦਲ-ਪੰਥ ਬੁੱਢਾ ਦਲ ਦੇ ਮੁਖੀ ਵਜੋਂ ਸ਼੍ਰੋਮਣੀ ਜਰਨੈਲ ਬਣੇ। ਇਸ ਤੋਂ ਇਕ ਮਹੀਨੇ ਬਾਅਦ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਦੀ ਮੌਤ ਤੋਂ ਪਿੱਛੋਂ ਇਨ੍ਹਾਂ ਮੱਧ ਪੰਜਾਬ ਵਿੱਚ ਆਪਣਾ ਦਬਦਬਾ ਕਾਇਮ ਕਰ ਲਿਆ। ਪਰਜਾ ਤੋਂ ਟੈਕਸ ਵਸੂਲੀ ਸ਼ੁਰੂ ਕਰ ਦਿੱਤੀ, ਇਸ ਲਗਾਨ ਵਿੱਚ ਪਰਜਾ ਦੀ ਰੱਖਿਆ ਲਈ ਟੈਕਸ ਅਤੇ ਨਜ਼ਰਾਨਾ ਸ਼ਾਮਿਲ ਸਨ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ ਇਨ੍ਹਾਂ ਯਤਨਾਂ ਨਾਲ ਸਿੱਖ ਕੌਮ ਦੀ ਆਰਥਿਕ ਦਸ਼ਾ ਵਿੱਚ ਸੁਧਾਰ ਹੋਇਆ। 1757 ਈ: ਵਿੱਚ ਅਹਿਮਦ ਸ਼ਾਹ ਦੁਰਾਨੀ ਵੱਲੋਂ ਲਾਹੌਰ ਦੇ ਸੂਬੇਦਾਰ ਤੈਮੂਰ ਦੀ ਫੌਜ ਉੱਤੇ ਹਮਲਾ ਕਰਕੇ ਕਰਤਾਰਪੁਰ ਤੋਂ ਲੁੱਟ ਦਾ ਸਮਾਨ ਲੈ ਕੇ ਜਾਂਦੇ ਨੂੰ ਘੇਰ ਕੇ ਸਾਰਾ ਕੀਮਤੀ ਸਮਾਨ ਧਨ-ਦੌਲਤ ਖੋਹ ਲਿਆ, ਹੁਣ ਜਦੋਂ ਦੁਰਾਨੀ ਮੁੜ ਹਿੰਦੁਸਤਾਨ 'ਤੇ ਪੰਜਵਾਂ ਹਮਲਾ ਕਰਕੇ 1761 ਈ: ਵਿੱਚ ਮਰਹੱਟਿਆਂ ਨੂੰ ਹਰਾ ਕੇ ਵਾਪਸ ਅੰਮ੍ਰਿਤ-ਸਰ ਦੇ ਕੋਲੋਂ ਲੰਘ ਰਿਹਾ ਸੀ ਤਾਂ ਦੁਰਾਨੀਆਂ ਦੀ ਫੌਜ ਉਪਰ ਬਾਬਾ ਜੱਸਾ ਸਿੰਘ ਨੇ ਭਾਰੀ ਸਿੱਖ ਲਸ਼ਕਰ ਨਾਲ ਹਮਲਾ ਕਰਕੇ 2200 ਜਵਾਨ ਲੜਕੀਆਂ ਅਤੇ ਔਰਤਾਂ ਜੋ ਉਹ ਹਿੰਦੁਸਤਾਨ ਤੋਂ ਲਿਜਾ ਰਿਹਾ ਸੀ, ਨੂੰ ਛੁਡਵਾ ਕੇ ਘਰੋ-ਘਰ ਪਹੁੰਚਾਇਆ। 1761 ਈ: ਵਿੱਚ ਹੀ ਸ਼ੁਕਰਚਕੀਆ, ਕਨ੍ਹਈਆ ਅਤੇ ਭੰਗੀ ਮਿਸਲਾਂ ਦੇ ਸਿੱਖ ਸੂਰਬੀਰਾਂ ਨੂੰ ਲਾਹੌਰ ਦੇ ਅਫ਼ਗਾਨ ਸੂਬੇਦਾਰ ਖਵਾਜ਼ਾ ਉਬੇਦ ਖ਼ਾਨ ਨੂੰ ਗੁਜਰਾਂਵਾਲੇ ਨੇੜੇ ਲੱਕ-ਤੋੜਵੀਂ ਹਾਰ ਦੇ ਕੇ ਲਾਹੌਰ ਤੱਕ ਉਸ ਦਾ ਪਿੱਛਾ ਕੀਤਾ ਅਤੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਬਾਬਾ ਜੱਸਾ ਸਿੰਘ ਲਗਾਤਾਰ ਫਤਹਿ ਪ੍ਰਾਪਤ ਕੀਤੀ।



ਬਾਬਾ ਜੱਸਾ ਸਿੰਘ ਆਹਲੂਵਾਲੀਆ

ਇਸ ਤੋਂ ਪਿੱਛੋਂ ਜਦੋਂ ਦੁਰਾਨੀ ਨੇ 1762 ਈ: ਵਿੱਚ ਜਦੋਂ ਵੱਡੀ ਫੌਜੀ ਤਾਕਤ ਨਾਲ ਹਿੰਦੁਸਤਾਨ 'ਤੇ ਹਮਲਾ ਕੀਤਾ। ਉਸ ਸਮੇਂ ਦਲ ਖ਼ਾਲਸਾ ਦੇ ਸਰਦਾਰ ਆਪਣੀ ਸੈਨਿਕ ਸ਼ਕਤੀ ਅਤੇ ਪਰਿਵਾਰਾਂ ਸਮੇਤ ਮਾਲੇਰਕੋਟਲਾ ਨੇੜੇ ਕੁੱਪ-ਰਹੀੜਾ ਦੇ ਆਸ-ਪਾਸ ਠਹਿਰੇ ਹੋਏ ਸਨ। ਦੁਰਾਨੀ ਨੇ ਵੱਡੀ ਫੌਜੀ ਤਾਕਤ ਨਾਲ ਲਾਹੌਰ ਤੋਂ ਲਗਪਗ 36 ਘੰਟਿਆਂ ਵਿੱਚ ਢਾਈ ਸੌ ਕਿਲੋਮੀਟਰ ਦਾ ਸਫਰ ਤੈਅ ਕਰਕੇ ਸਿੱਖਾਂ ਉੱਤੇ ਹਮਲਾ ਕੀਤਾ। ਆਪਣੇ ਜਰਨੈਲ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਸਿੰਘ ਜਾਨ-ਹੂਲ ਕੇ ਲੜਦੇ-ਲੜਦੇ ਆਪਣੇ ਪਰਿਵਾਰਾਂ ਨੂੰ ਬਰਨਾਲੇ ਵੱਲ ਲੈ ਜਾ ਸਕੇ ਸਨ। ਦੁਰਾਨੀ ਨੇ ਇਸ ਹਮਲੇ ਦੌਰਾਨ 21,000 ਤੋਂ 35,000 ਲਗਪਗ ਸਿੰਘਾਂ, ਔਰਤਾਂ, ਬਜ਼ੁਰਗਾਂ ਅਤੇ ਬੱਚਿਆਂ ਨੂੰ ਸ਼ਹੀਦ ਕੀਤਾ। ਇਸ ਘਟਨਾ ਨੂੰ ਸਿੱਖ ਇਤਿਹਾਸ ਵਿੱਚ ਵੱਡੇ ਘੱਲੂਘਾਰੇ ਵਜੋਂ ਯਾਦ ਕੀਤਾ ਜਾਂਦਾ ਹੈ। ਅੱਜ ਕੱਲ੍ਹ ਇਸ ਅਸਥਾਨ 'ਤੇ ਵੱਡੇ ਘੱਲੂਘਾਰੇ ਦੀ ਯਾਦ ਵਿੱਚ ਯਾਦਗਾਰੀ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਇਤਿਹਾਸ ਮੁਤਾਬਿਕ ਇਸ ਘੱਲੂਘਾਰੇ ਦੌਰਾਨ ਬਾਬਾ ਜੱਸਾ ਸਿੰਘ ਦੇ ਸਰੀਰ ਉੱਤੇ 22 ਵੱਡੇ ਫੱਟ ਲੱਗੇ ਸਨ। ਇਸ ਤੋਂ ਪਿੱਛੋਂ ਦੁਰਾਨੀ (ਅਹਿਮਦਸ਼ਾਹ ਅਬਦਾਲੀ) ਨੇ ਵਾਪਸ ਮੁੜਦਿਆਂ ਅੰਮ੍ਰਿਤਸਰ ਸ਼ਹਿਰ ਉੱਤੇ ਹਮਲਾ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ। ਬਾਬਾ ਜੱਸਾ ਸਿੰਘ ਨੇ ਸਿਆਣਪ ਅਤੇ ਮੁਖੀ ਸਿੱਖ ਆਗੂ ਵਜੋਂ ਦਲ ਖ਼ਾਲਸਾ ਮੁੜ ਸੁਰ-ਜੀਤ ਕੀਤਾ ਅਤੇ ਵੱਡੇ ਘੱਲੂਘਾਰੇ ਤੋਂ ਦੋ ਸਾਲ ਬਾਅਦ 1764 ਈ: ਵਿੱਚ ਸਰਹੰਦ ਉੱਤੇ ਹਮਲਾ ਕਰਕੇ ਅਫ਼ਗਾਨ ਫੌਜਦਾਰ ਜੈਨ ਖਾਂ ਨੂੰ ਮਾਰ ਕੇ ਸਾਰਾ ਸ਼ਹਿਰ ਨੇਸਤੋ ਨਾਬੂਦ ਕਰ ਦਿੱਤਾ।

ਹੁਣ ਬਾਬਾ ਜੱਸਾ ਸਿੰਘ ਦੀ ਅਗਵਾਈ ਵਿੱਚ ਦਲ ਖ਼ਾਲਸਾ ਨੇ ਜਮਨਾ ਪਾਰ ਦੇ ਇਲਾਕਿਆਂ ਉੱਤੇ ਸਖ਼ਤ ਹਮਲੇ ਕਰਕੇ ਦਿੱਲੀ ਤੱਕ ਮੁੜ ਸਿੱਖ ਸ਼ਕਤੀ ਦੀ ਧਾਂਕ ਜਮਾਈ। ਜਦੋਂ ਮੁੜ ਦੁਰਾਨੀ 1765 ਈ: ਵਿੱਚ ਹਿੰਦੁਸਤਾਨ 'ਤੇ ਚੜ੍ਹਕੇ ਆਇਆ, ਤਾਂ ਉਹ ਸਿੱਖ ਸ਼ਕਤੀ ਤੋਂ ਘਬਰਾਉਂਦਾ ਸੀ, ਉਸ ਨੇ ਸਿੱਖਾਂ ਨਾਲ ਸਮਝੌਤਾ ਕਰਕੇ ਸ਼ਾਂਤੀ ਕਾਇਮ ਕਰਨ ਦਾ ਯਤਨ ਕੀਤਾ, ਪਰ ਮਹਾਨ ਜਰਨੈਲ ਬਾਬਾ ਜੱਸਾ ਸਿੰਘ ਨੇ ਉਸ ਦੀ ਇਸ ਸਲਾਹ ਨੂੰ ਪੂਰੀ ਤਰ੍ਹਾਂ ਠੁਕਰਾ ਦਿੱਤਾ। ਬਾਬਾ ਜੱਸਾ ਸਿੰਘ ਨੇ ਦੁਆਬੇ ਦਾ ਬਹੁਤ ਸਾਰਾ ਇਲਾਕਾ ਫ਼ਤਹਿ ਕਰਕੇ 1774 ਈ: ਵਿੱਚ ਕਪੂਰਥਲਾ ਨੂੰ ਰਾਜਧਾਨੀ ਬਣਾ ਕੇ ਰਿਆਸਤ ਕਾਇਮ ਕੀਤੀ। 1779 ਈ: ਵਿੱਚ ਦਿੱਲੀ ਦੇ ਸੂਬੇਦਾਰ ਅਬਦੁਲ ਅਹਿਮਦ ਖਾਨ ਨੇ ਪਟਿਆਲੇ ਦੇ ਰਾਜੇ ਸ. ਅਮਰ ਸਿੰਘ ਉੱਤੇ ਹਮਲਾ ਕੀਤਾ ਤਾਂ ਬਾਬਾ ਜੱਸਾ ਸਿੰਘ ਫੌਜ ਸਮੇਤ ਸ. ਅਮਰ ਸਿੰਘ ਦੀ ਸਹਾਇਤਾ ਲਈ ਆਇਆ। ਮੁਗਲ ਫੌਜਾਂ ਨੂੰ ਪਟਿਆਲੇ ਤੋਂ ਵਾਪਸ ਭੇਜ ਕੇ 7 ਲੱਖ ਹਰਜਾਨੇ ਵਜੋਂ ਪ੍ਰਾਪਤ ਕੀਤੇ। ਬਾਬਾ ਜੱਸਾ ਸਿੰਘ ਨੇ ਪੂਰੇ ਉੱਤਰੀ ਭਾਰਤ ਵਿੱਚ ਇਕ ਬਹਾਦਰ, ਅਣਖੀ ਅਤੇ ਦਲੇਰ ਜਰਨੈਲ ਵਜੋਂ ਮੁਗਲ ਅਤੇ ਅਫ਼ਗਾਨ ਸ਼ਕਤੀ ਨੂੰ ਵੰਗਾਰ ਕੇ ਸਿੱਖਾਂ ਦੀ ਅਜ਼ਾਦ ਹੋਂਦ ਨੂੰ ਕਾਇਮ ਕੀਤਾ। ਦਿੱਲੀ ਦੇ ਲਾਲ ਕਿਲ੍ਹੇ ਉਪਰ ਕੇਸਰੀ ਪਰਚੱਮ ਲਹਿਰਾਇਆ। 18ਵੀਂ ਸਦੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਜੇ ਕਿਸੇ ਸਿੱਖ ਜਰਨੈਲ ਨੂੰ ਸੁਨਹਿਰੀ ਹਰਫਾਂ ਵਿੱਚ ਯਾਦ ਕੀਤਾ ਜਾਂਦਾ ਹੈ, ਤਾਂ ਇਹ ਮਾਣ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਮਿਲਦਾ ਹੈ। ਜਦੋਂ ਪੰਜ ਪਿਆਰਿਆਂ ਵਿੱਚ ਅੰਮ੍ਰਿਤ ਛਕਾਉਣ ਲਈ ਬਾਬਾ ਜੱਸਾ ਸਿੰਘ ਸ਼ਾਮਿਲ ਹੁੰਦੇ ਸਨ ਤਾਂ ਵਹੀਰਾਂ ਘੱਤ ਕੇ ਸੰਗਤ ਅੰਮ੍ਰਿਤਪਾਨ ਕਰਦੀ ਸੀ। ਪਟਿਆਲੇ ਦੇ ਰਾਜੇ ਅਮਰ ਸਿੰਘ ਨੇ ਇਨ੍ਹਾਂ ਦੇ ਹੱਥੋਂ ਖੰਡੇ ਦੀ ਪਾਹੁਲ ਲਈ ਸੀ। ਇਹ ਮਹਾਨ ਜਰਨੈਲ 20 ਅਕਤੂਬਰ 1783 ਈ: ਵਿੱਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਉਸ ਸਮੇਂ ਦੇ ਮੁਖੀ ਸਿੱਖਾਂ ਨੇ ਇਨ੍ਹਾਂ ਦੀ ਸਮਾਧ ਗੁ: ਬਾਬਾ ਅਟੱਲ ਰਾਇ ਦੇ ਨਜ਼ਦੀਕ ਅੰਮ੍ਰਿਤਸਰ ਵਿਖੇ ਬਣਵਾਈ। ਬਾਬਾ ਜੱਸਾ ਸਿੰਘ ਦੀ ਯਾਦ ਬੁੱਢਾ ਦਲ ਦੇ ਮੌਜੂਦਾ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਵਿੱਚ ਹਰ ਸਾਲ ਮਨਾਈ ਜਾਂਦੀ ਹੈ। ਇਸ ਮਹਾਨ ਜਰਨੈਲ ਨੂੰ ਸਾਡਾ ਪ੍ਰਣਾਮ।

ਲੜੀਵਾਰ ਨਾਵਲ



ਸ਼ਿਵਚਰਨ ਜੱਗੀ (ਕੁੱਸਾ)

ਫੋਨ : 07853 317 891


Email: jaggikussa@yahoo.de


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 44

# ਇੱਕ ਮੇਰੀ ਅੱਖ ਕਾਸ਼ਣੀ...

**....ਸਾਰਾ ਟੱਬਰ ਇਸ ਨਵੀਂ ਜਗਾਹ 'ਤੇ ਆ ਕੇ ਬੜਾ ਹੀ ਖ਼ੁਸ਼ ਸੀ। ਪੂਰੇ ਕਿੱਲੇ ਦੀ ਸਰਕਾਰੀ ਕੋਠੀ ਅਤੇ ਨਾਲ਼ ਅੱਧੇ ਕਿੱਲੇ ਦਾ ਆਲੀਸ਼ਾਨ ਸਜ਼ਾਇਆ ਹੋਇਆ ਬਾਗ। ਜਿਸ ਵਿੱਚ ਕਿੰਨੂ, ਅਨਾਰ, ਲੀਚੀ ਅਤੇ ਨਿੰਬੂਆਂ ਦੇ ਬੂਟੇ ਝੂਲ ਰਹੇ ਸਨ। ਇੱਕ ਪਾਸੇ ਇੱਕ ਵਿੱਘੇ ਦਾ ਹਰੇ ਕਚੂਰ ਘਾਹ ਨਾਲ਼ ਮਹਿਕਦਾ ਲਾਅਨ ਅਤੇ ਲਾਅਨ ਦੇ ਨਾਲ਼ ਚੱਲਦਾ ਛੋਟਾ ਫ਼ੁਆਰਾ ਕਿਸੇ ਸਵਰਗ ਦਾ ਨਜ਼ਾਰਾ ਹੀ ਤਾਂ ਪੇਸ਼ ਕਰਦਾ ਸੀ। ਨੌਕਰ ਗਣੇਸ਼ ਅਤੇ ਨੌਕਰਾਣੀ ਪਾਰੋ ਲਈ ਵੱਖ-ਵੱਖ ਕਮਰੇ। ਸਾਰਾ ਲਾਣਾ-ਬਾਣਾ ਖ਼ੁਸ਼ ਅਤੇ ਬਾਗੋ-ਬਾਗ ਸੀ। ਪਰ ਮਾਣੋਂ ਦਾ ਮਨ ਉਦਾਸ ਸੀ। ਉਸ ਦੀਆਂ ਭਾਵਨਾਵਾਂ ਨੂੰ ਕੋਈ ਸਮਝਣ ਵਾਲ਼ਾ ਨਹੀਂ ਸੀ, ਜਾਂ ਸਮਝਣਾ ਚਾਹੁੰਦੇ ਹੀ ਨਹੀਂ ਸਨ। ਜੇ ਉਸ ਦੀ ਕੋਈ ਸੱਚੀ-ਸੁੱਚੀ ਹਮਦਰਦ ਸੀ, ਤਾਂ ਉਹ ਸੀ ਪਾਰੋ! ਪਰ ਪਾਰੋ ਵਿਚਾਰੀ ਸੀ। ਮਜਬੂਰ ਸੀ। ਕੁਝ ਕਰ ਨਹੀਂ ਸਕਦੀ ਸੀ। ਉਹ ਸੜੇ ਖੰਭਾਂ ਵਾਲ਼ੇ ਪੰਛੀ ਵਾਂਗ ਬੇਵੱਸ ਸੀ। ਦੁਖੀ ਅਤੇ ਉਦਾਸ ਮਾਣੋਂ ਨੂੰ ਦੇਖ ਕੇ ਉਸ ਦਾ ਦਿਲ ਰੋਂਦਾ ਸੀ।**




## ਕਾਂਡ 21

-"ਤੇਰੇ ਪਿਉ ਦੇ ਸੁਭਾਅ ਬਾਰੇ ਤੈਨੂੰ ਪਤਾ ਈ ਐ, ਉਹਨੇ ਤਾਂ ਗੋਲ਼ੀ ਮਾਰਨ ਲੱਗੇ ਨੇ ਵੀ ਮਿੰਟ ਨੀ ਲਾਉਣਾ..! ਉਹ ਗੋਲ਼ੀ ਚਾਹੇ ਤੇਰੇ ਵੱਜੇ, ਜਾਂ ਸਾਡੇ...! ਜਾਂ ਸ਼ਾਇਦ ਉਹ ਆਪਦੇ ਸਿਰ 'ਚ ਮਾਰ ਲਵੇ...?" ਮਾਂ ਨੇ ਘਣ ਦੀ ਇੱਕ ਹੋਰ ਸੱਟ ਮਾਰ ਦਿੱਤੀ। ਦਿਲ ਵਿੱਚ ਮੁਹੱਬਤ ਦੀ ਧੜਕਣ ਘਣ ਵਾਂਗ ਕਾਲ਼ਜੇ ਵਿੱਚ ਵੱਜਣ ਲੱਗ ਪਈ।

-"ਐਡੇ ਵੱਡੇ ਅਮੀਰ ਘਰਾਣੇ ਦਾ ਤੈਨੂੰ ਰਿਸ਼ਤਾ ਮਿਲਿਐ, ਹੋਰ ਤੂੰ... ਮੇਰੇ ਮੂੰਹੋਂ ਕੁਛ ਹੋਰ ਨਿਕਲ ਚੱਲਿਆ ਸੀ...!" ਮਾਂ ਬਘਿਆੜੀ ਬਣੀ ਖੜ੍ਹੀ ਸੀ। ਮਾਣੋਂ ਦੇ ਉਤਸ਼ਾਹ ਅਤੇ ਮੋਹ 'ਤੇ ਸੁਆਹ ਧੂੜੀ ਗਈ। ਉਸ ਨੇ ਦੇਖਿਆ, ਦੂਰ-ਦੂਰ ਤੱਕ ਪੁਲੀਸ ਦੇ ਅਫ਼ਸਰ ਹੀ ਅਫ਼ਸਰ ਨਜ਼ਰ ਆ ਰਹੇ ਸਨ। ...ਜੇ ਉਨੀ-ਇੱਕੀ ਹੋ ਗਈ, ਹੋ ਸਕਦੈ ਇਹ ਪਾਵੀ ਨੂੰ ਕਿਸੇ ਝੂਠੇ ਕੇਸ ਵਿੱਚ ਟੰਗ ਲੈਣ...? ਫ਼ੇਰ ਵੀ ਡੈਡ ਉਹਨਾਂ ਦੇ ਸੀਨੀਅਰ ਅਫ਼ਸਰ ਨੇ...। ਪਾਵੀ ਨਜ਼ਦੀਕ ਆ ਗਿਆ। ਪਰ ਮਾਣੋਂ ਪਾਰੋ ਦਾ ਹੱਥ ਫੜ 'ਪਹਿਲੀ ਕਲਾਸ' ਦੇ ਡੱਬੇ ਵਿੱਚ ਚੜ੍ਹ ਗਈ। ਸੀਟ ਉਪਰ ਬੈਠ ਉਸ ਨੇ ਹੱਥ ਹਿਲਾ ਕੇ ਪਾਵੀ ਨੂੰ ਵਾਪਸ ਚਲੇ ਜਾਣ ਦਾ ਇਸ਼ਾਰਾ ਦੇ ਦਿੱਤਾ। ਪਾਵੀ ਡੱਬੇ ਕੋਲ਼ ਝੂਠਾ ਜਿਹਾ ਹੋਇਆ ਖੜ੍ਹਾ ਸੀ।

-"ਕੋਈ ਗੱਲ ਤਾਂ ਕਰ ਲੈ..!" ਹਰਾਸਿਆਂ ਵਾਂਗ ਪਾਵੀ ਵੀ ਝੂਠਾ ਜਿਹਾ ਪੈ ਗਿਆ। ਉਹ ਤਾਂ ਸੁਨੇਹਾਂ ਮਿਲਦੇ ਸਾਰ ਹੀ ਬੜੀ ਆਸ ਨਾਲ਼ ਭੱਜਿਆ ਆਇਆ ਸੀ। ਪਰ ਆਹ ਤਾਂ ਅਚਾਨਕ ਕੋਈ ਰੋੜਾ ਟੋਟਣ 'ਚ ਆ ਵੱਜਿਆ ਸੀ।

-"ਮਾਣੋਂ...! ਕੋਈ...!" ਅਜੇ ਪਾਵੀ ਦੀ ਗੱਲ ਅਧੂਰੀ ਸੀ ਕਿ ਮਾਣੋਂ ਨੇ ਅੱਖਾਂ ਬੰਦ ਕਰ ਲਈਆਂ ਅਤੇ ਮੂੰਹ ਪਾਸੇ ਕਰ ਲਿਆ।

ਜਦ ਹੀ ਰਾਠੌਰ ਆ ਕੇ ਬੈਠਿਆ, ਦਰਵਾਜਾ ਬੰਦ ਹੋ ਗਿਆ।

ਗਾਰਡ ਨੇ ਹਰੀ ਝੰਡੀ ਦਿੱਤੀ ਅਤੇ ਗੱਡੀ ਤੁਰ ਪਈ।

ਦੋਸਤ ਪੁਲੀਸ ਵਾਲਿਆਂ ਨੇ ਆਪਣੇ ਰਿਵਾਲਵਰ ਅਤੇ ਪਿਸਟਲ ਕੱਢ ਕੇ ਕਈ ਫ਼ਾਇਰ ਕਰ ਦਿੱਤੇ। ਚੱਲਦੀਆਂ ਗੋਲੀਆਂ ਨੇ ਜਿਵੇਂ ਅਸਮਾਨ ਪਾੜ ਦਿੱਤਾ ਸੀ।

ਪਾਵੀ ਸਿਰਪੱਟ ਟਰੇਨ ਦੇ ਨਾਲ਼ ਭੱਜਿਆ ਆ ਰਿਹਾ ਸੀ।

ਮਾਣੋਂ ਦਾ ਬਥੇਰਾ ਜੀਅ ਕਰਦਾ ਸੀ ਕਿ ਛਾਲ਼ ਮਾਰ ਕੇ ਟਰੇਨ ਵਿੱਚੋਂ ਉਤਰ ਪਵੇ ਅਤੇ ਪਾਵੀ ਦੇ ਗਲ਼ ਜਾ ਲੱਗੇ। ਪਰ ਮਾਂ ਦੀ "ਘਰੂਟ ਮਾਰ" ਨਜ਼ਰ ਉਸ ਨੂੰ ਲਹੂ ਲੁਹਾਣ ਕਰੀ ਜਾ ਰਹੀ ਸੀ। ਉਸ ਨੇ ਦੇਖਿਆ ਪਾਵੀ "ਧੜੰਮ" ਕਰ ਕੇ ਰੇਲਵੇ ਲਾਈਨ 'ਤੇ ਜਾ ਡਿੱਗਿਆ ਅਤੇ ਉਸ ਦਾ ਮੂੰਹ ਮਿੱਟੀ ਘੱਟੇ ਵਿੱਚ ਲਿੱਬੜ ਗਿਆ।..........

......ਟੋਕੀਓ ਦੇ ਏਅਰਪੋਰਟ ਉਪਰ ਪਾਵੀ ਦੇ ਗਲ਼ ਲੱਗੀ ਮਣਾਂ-ਮੂੰਹੀਂ ਰੋ ਰਹੀ ਸੀ।

-"ਮੈਨੂੰ ਮੁਆਫ਼ ਕਰ ਦੇ ਪਾਵੀ..! ਮੈਨੂੰ ਮੁਆਫ਼ ਕਰ ਦੇ ਪਲੀਜ਼...! ਆਈ ਬਿੱਗ ਯੂ...!" ਉਸ ਦੇ ਹੰਝੂ ਧਰਾਲ਼ੀਂ ਵਹਿ ਰਹੇ ਸਨ। ਪਾਵੀ ਬੀਅਰ ਪੀ ਰਿਹਾ ਸੀ।

-"ਹੁਣ ਤਾਂ ਮੁਆਫ਼ ਈ ਮੁਆਫ਼ ਐ, ਗਿਆ ਵੇਲ਼ਾ ਹੱਥ ਥੋੜ੍ਹੋ ਆਉਂਦੈ....? ਪਰ ਫ਼ੇਰ ਅੱਗੇ ਕੀ ਹੋਇਆ...?"

-"ਅੱਜ ਮਸਾਂ ਮੌਕਾ ਮਿਲਿਐ ਮਨ ਹੌਲ਼ਾ ਕਰਨ ਦਾ, ਅੱਜ ਮੈਨੂੰ ਦਿਲ ਹੌਲ਼ਾ ਕਰ ਲੈਣ ਦੇ ਪਾਵੀ...!"

-"ਕਰ – ਕਰ...! ਖੁੱਲ੍ਹ ਕੇ ਕਰ...!" ਉਸ ਨੇ ਬੀਅਰ ਦਾ ਗਿਲਾਸ ਖਾਲੀ ਕਰ ਦਿੱਤਾ।

-"ਮੈਨੂੰ ਇਹ ਸੀ ਬਈ ਮੈਂ ਸਾਰਾ ਬੋਝ ਮਨ 'ਚ ਲੈ ਕੇ ਈ ਜਾਹਨੋਂ ਕੂਚ ਕਰ ਜਾਊਂਗੀ, ਪਰ ਰੱਬ ਨੇ ਮੌਕਾ ਬਖ਼ਸ਼ ਈ ਦਿੱਤਾ ਮਨ ਦੀਆਂ ਗੁੰਝਲਾਂ ਖੋਲ੍ਹਣ ਦਾ..!" ਉਸ ਨੇ ਟਿਸ਼ੂ ਪੇਪਰ ਨਾਲ਼ ਨੱਕ ਪੂੰਝਿਆ। ਪਾਵੀ ਨੇ ਉਸ ਅੱਗੇ ਟਿਸ਼ੂ ਪੇਪਰਾਂ ਦਾ ਪੈਕਟ ਕਰ ਦਿੱਤਾ।

-"ਮੈਂ ਤੇਰੇ ਹੰਝੂ ਈ ਨੀ, ਨੱਕ ਵੀ ਪੂੰਝਦੈਂ...!" ਉਸ ਨੇ ਵਿਅੰਗਮਈ ਕਿਹਾ।

ਮਾਣੋਂ ਰੋਂਦੀ-ਰੋਂਦੀ ਹੱਸ ਪਈ।

ਨਾਲ਼ ਦੀ ਨਾਲ਼ ਉਸ ਨੇ ਪਾਵੀ ਦੇ ਮੁੱਕੀ ਮਾਰੀ।

-"ਟਰੇਨ ਤੱਕ ਦਾ ਤਾਂ ਲੱਗ ਗਿਆ ਪਤਾ, ਫ਼ੇਰ ਅੱਗੇ ਕੀ ਹੋਇਆ...?"

-"ਡੈਡ ਦੀ ਬਦਲੀ ਤੋਂ ਬਾਅਦ ਅਸੀਂ ਨਵੀਂ ਜਗਾਹ ਜਾ ਵਸੇ...!" ਮਾਣੋਂ ਨੇ ਅੱਗੇ ਦੱਸਣਾ ਸ਼ੁਰੂ ਕੀਤਾ।....

....ਸਾਰਾ ਟੱਬਰ ਇਸ ਨਵੀਂ ਜਗਾਹ 'ਤੇ ਆ ਕੇ ਬੜਾ ਹੀ ਖ਼ੁਸ਼ ਸੀ। ਪੂਰੇ ਕਿੱਲੇ ਦੀ ਸਰਕਾਰੀ ਕੋਠੀ ਅਤੇ ਨਾਲ਼ ਅੱਧੇ ਕਿੱਲੇ ਦਾ ਆਲੀਸ਼ਾਨ ਸਜ਼ਾਇਆ ਹੋਇਆ ਬਾਗ। ਜਿਸ ਵਿੱਚ ਕਿੰਨੂ, ਅਨਾਰ, ਲੀਚੀ ਅਤੇ ਨਿੰਬੂਆਂ ਦੇ ਬੂਟੇ ਝੂਲ ਰਹੇ ਸਨ। ਇੱਕ ਪਾਸੇ ਇੱਕ ਵਿੱਘੇ ਦਾ ਹਰੇ ਕਚੂਰ ਘਾਹ ਨਾਲ਼ ਮਹਿਕਦਾ ਲਾਅਨ ਅਤੇ ਲਾਅਨ ਦੇ ਨਾਲ਼ ਚੱਲਦਾ ਛੋਟਾ ਫ਼ੁਆਰਾ ਕਿਸੇ ਸਵਰਗ ਦਾ ਨਜ਼ਾਰਾ ਹੀ ਤਾਂ ਪੇਸ਼ ਕਰਦਾ ਸੀ। ਨੌਕਰ ਗਣੇਸ਼ ਅਤੇ ਨੌਕਰਾਣੀ ਪਾਰੋ ਲਈ ਵੱਖ-ਵੱਖ ਕਮਰੇ। ਸਾਰਾ ਲਾਣਾ-ਬਾਣਾ ਖ਼ੁਸ਼ ਅਤੇ ਬਾਗੋ-ਬਾਗ ਸੀ। ਪਰ ਮਾਣੋਂ ਦਾ ਮਨ ਉਦਾਸ ਸੀ। ਉਸ ਦੀਆਂ ਭਾਵਨਾਵਾਂ ਨੂੰ ਕੋਈ ਸਮਝਣ ਵਾਲ਼ਾ ਨਹੀਂ ਸੀ, ਜਾਂ ਸਮਝਣਾ ਚਾਹੁੰਦੇ ਹੀ ਨਹੀਂ ਸਨ। ਜੇ ਉਸ ਦੀ ਕੋਈ ਸੱਚੀ-ਸੁੱਚੀ ਹਮਦਰਦ ਸੀ, ਤਾਂ ਉਹ ਸੀ ਪਾਰੋ! ਪਰ ਪਾਰੋ ਵਿਚਾਰੀ ਸੀ। ਮਜਬੂਰ ਸੀ। ਕੁਝ ਕਰ ਨਹੀਂ ਸਕਦੀ ਸੀ। ਉਹ ਸੜੇ ਖੰਭਾਂ ਵਾਲ਼ੇ ਪੰਛੀ ਵਾਂਗ ਬੇਵੱਸ ਸੀ। ਦੁਖੀ ਅਤੇ ਉਦਾਸ ਮਾਣੋਂ ਨੂੰ ਦੇਖ ਕੇ ਉਸ ਦਾ ਦਿਲ ਰੋਂਦਾ ਸੀ।

-"ਬੀਬੀ ਜੀ, ਖਾਣਾ ਛੱਡਣ ਨਾਲ਼ ਕੁਝ ਨਹੀਂ ਬਣਨਾ...! ਜੇ ਖਾਣਾ ਛੱਡਣ ਨਾਲ਼ ਕੋਈ ਫ਼ਾਇਦਾ ਹੁੰਦੈ, ਤਾਂ ਮੈਂ ਵੀ ਬੰਦ ਕਰ ਦਿੰਨੀ ਆਂ...?"

-"ਦਿਲ ਨੀ ਕਰਦਾ ਪਾਰੋ...! ਖਾਣਾ ਲੈ ਜਾ ਪਲੀਜ਼...!"

-"ਚੰਗਾ ਇੱਕ ਕੰਮ ਕਰੋ..! ਪਾਵੀ ਜੀ ਦੇ ਨਾਂ ਦੀ ਇੱਕ ਰੋਟੀ ਖਾ ਲਓ...!" ਪਾਰੋ ਬੋਲੀ। ਮਾਣੋਂ ਦਾ ਦਿਲ ਕੀਤਾ ਰੱਬ ਵਰਗੀ ਪਾਰੋ ਨੂੰ ਘੁੱਟ ਕੇ ਗਲਵਕੜੀ ਪਾ ਲਵੇ ਅਤੇ ਉਸ ਦਾ ਮੁਬਾਰਕ ਮੂੰਹ ਚੁੰਮ ਲਵੇ। ਕਿੰਨਾ ਖਿਆਲ ਰੱਖਦੀ ਸੀ ਪਾਰੋ ਉਸ ਦਾ। ਕਿੰਨੀ ਨੇਕ ਦਿਲ ਵਾਲੀ ਸੀ ਪਾਰੋ। ਇਸ ਜ਼ਾਲਮ ਦੁਨੀਆਂ ਵਿੱਚ ਕੁਝ ਨੇਕ, ਕੁਝ ਰਹਿਮ ਦਿਲ ਇਨਸਾਨ ਵੀ ਵਸਦੇ ਨੇ। ਨਹੀਂ ਤਾਂ ਇਹ ਦੁਨੀਆਂ ਗਰਕ ਨਾ ਜਾਂਦੀ...? ਮਾਣੋਂ ਸੋਚ ਰਹੀ ਸੀ।

-"ਪਾਰੋ...!"

-"ਜੀ ਬੀਬੀ ਜੀ...?"

-"ਕੀ ਮੇਰਾ ਸੱਚੀਂ ਵਿਆਹ ਹੋਜੂਗਾ...?"

-"ਜਦੋਂ ਗੱਲ ਚੱਲੀ ਐ ਵਿਆਹ ਤਾਂ ਹੋਊਗਾ ਬੀਬੀ ਜੀ...! ਨਾਲ਼ੇ ਐਡੇ-ਐਡੇ ਬੰਦੇ ਵਿੱਚ ਨੇ, ਮਤਲਬ ਵਿਚੋਲੇ...!"

-"ਕੀ ਮੇਰਾ ਵਿਆਹ ਪਾਵੀ ਜੀ ਤੋਂ ਬਿਨਾ ਹੋਰ ਕਿਸੇ ਨਾਲ਼ ਹੋਜੂਗਾ...?"

-"ਬੀਬੀ ਜੀ, ਸੱਚਾਈ ਦਾ ਥੋਨੂੰ ਵੀ ਪਤਾ ਐ, ਤੇ ਮੈਨੂੰ ਵੀ..! ਹੁਣ ਤੁਸੀਂ ਬੇਹੂਦਾ ਸੋਚ-ਸੋਚ ਦੁਖੀ ਨਾ ਹੋਵੋ, ਆਪਣੇ ਆਪ ਨੂੰ ਅੰਦਰੋਂ ਤਿਆਰ ਕਰੋ...! ਕਿਸੇ ਹਾਦਸੇ ਵਾਸਤੇ ਤੁਸੀਂ ਅੰਦਰੋਂ ਤਿਆਰ ਹੋਵੋਂਗੇ, ਤਾਂ ਟਾਕਰਾ ਹੋਣ ਵੇਲ਼ੇ ਮਾਨਸਿਕ ਪੀੜਾਂ ਵਿੱਚੋਂ ਗੁਜ਼ਰਨਾ ਨਹੀਂ ਪਊਗਾ...!"

-"..................!"

-"ਹਰ ਮੋੜ 'ਤੇ ਹਾਦਸਾ ਥੋਨੂੰ ਵੰਗਾਰ ਬਣ ਕੇ ਟੱਕਰਦੈ, ਪਰ ਬਚ ਕੇ ਤੁਸੀਂ ਆਪ ਅੱਗੇ ਨਿਕਲਣਾ ਹੁੰਦੈ...!"

-"........!" ਮਾਣੋਂ ਡਰ ਕੇ ਜਿਹੇ ਪਾਰੋ ਵੱਲ ਝਾਕੀ। ਸਾਹਮਣੇ ਬੈਠੀ ਪਾਈਏ ਕੁ ਦੀ ਪਾਰੋ ਉਸ ਨੂੰ ਕੋਈ ਨੌਕਰਾਣੀ ਨਹੀਂ, ਕੋਈ ਮਹਾਂਪੁਰਖ, ਕੋਈ ਪਹੁੰਚੀ ਹਸਤੀ ਲੱਗ ਰਹੀ ਸੀ।

-"ਪਾਰੋ, ਕਦੇ-ਕਦੇ ਮੈਨੂੰ ਤੈਥੋਂ ਡਰ ਲੱਗਦੈ..!"

-"ਕਾਹਤੋਂ ਬੀਬੀ ਜੀ...?"

-"ਤੈਨੂੰ ਐਨੀਆਂ ਸਿਆਣੀਆਂ ਤੇ ਸੁਲ਼ਝੀਆਂ ਗੱਲਾਂ ਕਿੱਥੋਂ ਸੁਝਦੀਐਂ...?"

-"ਵਕਤ ਬੰਦੇ ਨੂੰ ਸਭ ਕੁਛ ਸਿਖਾ ਦਿੰਦੈ ਬੀਬੀ ਜੀ...। ਬਦੀ ਜੇਬ ਕੱਟਣੀ, ਤੇ ਨੇਕੀ ਮਿਹਨਤ ਕਰਨੀ ਸਿਖਾ ਦਿੰਦੀ ਐ..!"

ਰਾਤ ਨੂੰ ਮਾਣੋਂ ਨੂੰ ਨੀਂਦ ਨਾ ਆਉਂਦੀ।

ਕਦੇ-ਕਦੇ ਉਹ ਬੈੱਡ ਉਪਰ ਪਾਵੀ ਨਾਲ਼ ਗਲਵਕੜੀ ਪਾਈ ਪਈ ਹੁੰਦੀ ਅਤੇ ਕਦੇ ਬੁਲਡੋਜ਼ਰ ਵਰਗਾ ਕੈਨੇਡੀਅਨ ਲਾੜਾ ਸਰਾਲ਼ ਵਾਂਗ ਉਸ ਦੇ ਉਪਰ ਚੜ੍ਹਦਾ ਮਹਿਸੂਸ ਹੁੰਦਾ। ਮਾਣੋਂ ਭੜੱਕ ਕੇ ਉਠਦੀ। ਉਸ ਦਾ ਸਰੀਰ ਪਸੀਨੇ ਨਾਲ਼ ਤਰ ਹੁੰਦਾ ਅਤੇ ਦਿਲ ਹਥੌੜੇ ਵਾਂਗ ਹਿੱਕ 'ਚ ਵੱਜ ਰਿਹਾ ਹੁੰਦਾ। ਉਹ ਉਠ ਕੇ ਖਿੜਕੀ ਰਾਹੀਂ ਬਾਹਰ ਦੇਖਦੀ। ਦੁਨੀਆਂ ਨੀਂਦ ਦੀ ਬੁੱਕਲ਼ ਵਿੱਚ ਮਦਹੋਸ਼, ਹੁਸੀਨ ਸੁਪਨਿਆਂ ਵਿੱਚ ਝੂਟੇ ਲੈ ਰਹੀ ਹੁੰਦੀ। ਉਹ ਮੱਥੇ ਦਾ ਪਸੀਨਾਂ ਪੂੰਝਦੀ ਬੈੱਡ ਉਪਰ ਆ ਡਿੱਗਦੀ। ...ਕਿੰਨੇ ਖੁਸ਼ਕਿਸਮਤ ਨੇ ਇਹ ਲੋਕ, ਜੋ ਘੁੱਗ ਵਸਦੀ ਨਗਰੀ ਵਿੱਚ ਘੂਕ ਸੁੱਤੇ ਨੇ। ਤੀਜੇ ਕਮਰੇ ਵਿੱਚ ਉਸ ਦਾ ਬਾਪ ਘੁਰਾੜਿਆਂ ਦਾ ਘਰਾਸ ਚਲਾਈ ਫਿਰਦਾ। ਨਾਲ਼ ਦੇ ਕਮਰੇ ਵਿੱਚੋਂ ਉਸ ਨੂੰ ਮਾਂ ਦੇ ਨਿੱਕੇ-ਨਿੱਕੇ ਘੁਰਾੜੇ ਸੁਣਦੇ। ਸਭ ਡੂੰਘੀ ਨੀਂਦ ਵਿੱਚ ਡੁੱਬੇ ਹੁੰਦੇ। ਜੇ ਜਾਗਦੀ ਹੁੰਦੀ ਤਾਂ ਸਿਰਫ਼ ਮਾਣੋਂ! ਜਿਸ ਤੋਂ ਨੀਂਦ ਰਾਣੀ ਰੁੱਸ ਗਈ ਸੀ। ਉਸ ਤੋਂ ਉਸ ਦੇ ਸੁਪਨੇ ਅਤੇ ਸਧਰਾਂ ਰੁੱਸ ਗਈਆਂ ਸਨ।

ਹਫ਼ਤਾ ਬੀਤ ਗਿਆ।

ਕੈਨੇਡਾ ਵਾਲ਼ੇ ਪ੍ਰੀਵਾਰ ਦਾ ਫ਼ੋਨ ਆ ਗਿਆ।


ਉਹ ਅਗਲੇ ਹਫ਼ਤੇ ਆ ਰਹੇ ਸਨ।

ਮਾਣੋਂ ਨੂੰ ਹੌਲ ਪੈ ਗਿਆ। ਉਸ ਨੂੰ ਮਹਿਸੂਸ ਹੋਇਆ ਕਿ ਧਰਮਰਾਜ ਦੇ ਜਮਦੂਤ ਰੁੱਕਾ ਲੈ ਕੇ ਤੁਰ ਪਏ ਸਨ, ਜਿਹਨਾਂ ਨੇ ਉਸ ਨਿਰਬਲ ਅਬਲਾ ਨੂੰ ਡੰਡ ਵਾਂਗ ਚੁੱਕ ਕੇ ਲੈ ਜਾਣਾ ਸੀ।

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

# Laugh for Ten Minutes, Remove All Medicines from Your Life



**IQBAL SINGH LALPURA**
**9780003333**



Laughter is not merely an expression of joy; it is a medicine created by the Creator Himself. When a person laughs wholeheartedly, the body releases positive energy that heals, the mind feels light, and the soul connects with peace. It is rightly said that ten minutes of laughter a day can remove all medicines from your life.

In the modern world of tension, pollution, and pressure, laughter has nearly disappeared from our daily routine. People wake up to screens, rush to offices, and sleep with worries. Stress has become the most common disease of our age. Yet, the cure is simple—free of cost, always available, and entirely within our control: laugh.

Science today confirms what saints, seers, and spiritual teachers have known for ages. When we laugh, our brain releases endorphins—natural painkillers that improve mood, reduce stress, and even strengthen immunity. Blood circulation improves, muscles relax, and oxygen intake increases. Research from Harvard and Oxford Universities shows that those who laugh regularly live longer and are less prone to chronic illness. A ten-minute laughter session equals thirty minutes of light exercise. It is nature's way of keeping us healthy without pills.

Ancient Indian wisdom has always linked laughter with inner harmony. In the Vedas, joy (ananda) is described as the essence of existence. Sri Guru Nanak Dev Ji revealed that true anand arises when one lives in harmony with the Divine Will. Guru Amar Das Ji sang, "Anand bhaia meri mae, Satguru main paia"—O my mother, I have found the True Guru, and I am filled with bliss. This bliss is not worldly laughter born of pride or mockery; it is spiritual laughter born of gratitude and love. When a person learns to smile even in adversity, he rises above pain and enters divine balance.

Gurbani teaches that anger, ego, and worry are the true diseases of humankind. The cure lies in forgiveness, contentment, and joy. "Bure da bhala kar, gussa man na handai. Dehi rog na lagai, palle sub kichh pai." — Do good even to those who wrong you; anger shall not touch you, and your body will remain free of disease. This is not mere poetry; it is divine psychology. Forgiveness releases toxins, while laughter fills us with light. To laugh is to sing without words—to let your heart dance with gratitude.

Across the world, laughter therapy is now being used in hospitals, schools, and workplaces. The "Laughter Yoga" movement, started by Indian doctor Madan Kataria, has shown that even simulated laughter turns real and heals both body and mind. Thousands gather each morning in parks to laugh together. When one person laughs sincerely, it spreads automatically—because laughter, like kindness, is contagious. Even a child's laugh can brighten the darkest day. Nature made laughter to unite, not divide.

Punjabis have always been known for their lively spirit and big hearts. Our folk songs, poetry, and festivals are full of joy and humour. From Lal Chand Yamla Jatt's songs to Hajara Singh Ramta's wit, laughter was part of our culture—at harvests, weddings, and community gatherings. Even in times of hardship, Punjabis laughed their way through pain with courage and optimism. It is this very Chardi Kala—the ever-rising spirit—that made Punjab the heartbeat of India.

But over the past few decades, Punjab's smile has faded. Drugs, unemployment, and political divisions have replaced joy with anxiety. The land that once sang "Aa ja mere Khetan di bahar vekh lai "the laughter that rose from the fields—is now filled with silence and sorrow. It is time to bring back that laughter. A laughing Punjab is a healthy Punjab. A smiling Punjabi is stronger than any medicine. Let every home start the day with laughter: elders sharing jokes, children singing, families sitting together for ten minutes to laugh openly. It will cost nothing but yield everything—peace of mind, good health, and family unity.

Laughter also heals relationships. A simple smile can dissolve walls of misunderstanding. Guru Nanak Dev Ji taught humility and sweetness of speech: "Mith bolra je har sajan Swami mera"—Sweet is the speech of one who is imbued with the Lord's love. A smile is a form of sweetness. It turns anger into compassion, strangers into friends, and enemies into human beings. A smiling face has no religion, no caste—it is the purest language of peace.

No doubt, laughter cannot replace all modern medicines, but it can prevent the need for much of them. When the mind is peaceful, the body remains balanced. Meditation and laughter together form the perfect prescription for modern life. Meditation cleanses the mind; laughter cleanses the heart. Both are wings of the same bird. Sikh philosophy beautifully unites these two in the ideal of Chardi Kala—living cheerfully in God's Will. One who lives in Chardi Kala faces even suffering with a smile, saying, "Tera bhana meetha lage"—Your Will is sweet to me.

To practice this joy is simple. Begin your morning by smiling in front of a mirror and thanking the Divine for life. Take a few deep breaths, then laugh softly for a few seconds. Spend a few minutes sharing something light-hearted with your family or friends. End with gratitude—for your health, your home, your purpose. Within a week you will feel lighter; within a month, you will sleep better and breathe easier.

Laughter is also a form of divine service. In my writings on Guru Nanak's "Angelic Path," I have explained that an angel is not one who flies in the sky but one who lifts others' hearts. When you make someone laugh, you heal them—and that act is worship. "Anand, anand sabh ko kahe, anand Guru te janaiya"—Everyone speaks of bliss, but only the Guru shows the way to true bliss. The bliss of God dwells in those who spread happiness. Let us therefore make our hearts temples of joy where no sadness can enter.


Laughter is the light of the soul. It costs nothing but gives everything—health, hope, and harmony. When the world is full of conflict, a smile becomes a prayer for peace. If every human being laughed with gratitude for ten minutes daily, our planet would be a happier and healthier home. Punjab, and indeed all humanity, must reclaim this divine medicine.

Let us make it our daily prayer: "Waheguru, bless me with a smiling heart." Laughter is your right, and smile is the declaration. Laugh, and let live.

# ਗੁਰੂ ਰਾਮਦਾਸ ਜੀ ਤੋਂ ਮਸੰਦ ਪ੍ਰਥਾ ਦੀ ਸ਼ੁਰੂਆਤ ਅਤੇ ਇਸ ਦਾ ਅੰਤ

## ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼

**ਰਮੇਸ਼ ਬੱਗਾ ਚੋਹਲਾ**




ਕੋਈ ਵੀ ਵਿਚਾਰਧਾਰਾ ਭਾਵੇਂ ਉਹ ਕਿੰਨੀ ਵੀ ਕੀਮਤੀ ਤੇ ਕਲਿਆਣਕਾਰੀ ਕਿਉਂ ਨਾ ਹੋਵੇ ਜਦੋਂ ਤੱਕ ਉਸ ਦਾ ਪ੍ਰਚਾਰ ਅਤੇ ਪਸਾਰ ਨਾ ਹੋਵੇ ਉਹ ਲੰਮੇ ਸਮੇਂ ਤੱਕ ਜਿਉਂਦੀ (ਪ੍ਰਭਾਵਸ਼ਾਲੀ) ਨਹੀਂ ਰਹਿ ਸਕਦੀ। ਉਸ ਨੂੰ ਚਿਰ-ਸਥਾਈ ਰੱਖਣ ਹਿੱਤ ਉਸ ਦਾ ਪ੍ਰਚਾਰ ਅਤਿ ਜ਼ਰੂਰੀ ਹੈ। ਇਸ ਜ਼ਰੂਰਤ ਨੂੰ ਮਹਿਸੂਸ ਕਰਕੇ ਹੀ ਜਗਤ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੇਸ਼-ਵਿਦੇਸ਼ ਵਿਚ ਸਰਬਤ ਦੇ ਭਲੇ ਵਾਲੀ ਸੋਚ (ਸਿੱਖੀ) ਦਾ ਪ੍ਰਚਾਰ ਅਤੇ ਪਸਾਰ ਕੀਤਾ। ਉਨ੍ਹਾਂ ਦੀ ਸੋਚ/ਵਿਚਾਰਧਾਰਾ ਕਹਿੰਦੀ ਹੈ:-

ਜਬ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ

ਬਾਕੀ ਗੁਰੂ ਸਾਹਿਬਾਨ ਨੇ ਵੀ ਆਪੋ ਆਪਣੇ ਸਮੇਂ ਅਤੇ ਸਮਰੱਥਾ ਅਨੁਸਾਰ ਇਸ ਸੋਚ ਦੇ ਫੈਲਾਅ ਨੂੰ ਜਾਰੀ ਰੱਖਿਆ। ਉਨ੍ਹਾਂ ਨੇ ਨਵੇਂ ਨਗਰ ਵਸਾ ਕੇ ਜਿਥੇ ਸਿੱਖ ਧਰਮ ਦਾ ਭਰਪੂਰ ਪ੍ਰਚਾਰ ਕੀਤਾ। ਉੱਥੇ ਇਸ ਪ੍ਰਚਾਰ ਹਿੱਤ ਕੁੱਝ ਨਿਵੇਕਲੀਆਂ ਪਿਰਤਾਂ ਵੀ ਪਾਈਆਂ। ਇਨ੍ਹਾਂ ਪਿਰਤਾਂ ਵਿਚ ਜਿਥੇ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਸਥਾਪਨਾ ਕੀਤੀ ਉਥੇ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਅਤੇ ਉਭਾਰ (ਸੰਸਥਾਗਤ ਰੂਪ) ਹਿੱਤ ਮਸੰਦ ਪ੍ਰਥਾ ਦੀ ਆਰੰਭਤਾ ਕੀਤੀ।

ਮਸੰਦ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਮਨਸਦ' ਤੋਂ ਬਣਿਆ ਹੈ ਜਿਸ ਤੋਂ ਭਾਵ ਹੈ ਮੰਜੀ ਜਾਂ ਗੱਦੀ ਉਪਰ ਬੈਠਣ ਵਾਲਾ। ਇਹ ਮਸੰਦ ਸਿੱਖੀ-ਸਿਧਾਂਤਾਂ ਦੇ ਪ੍ਰਚਾਰਕ ਹੋਣ ਦੇ ਨਾਲ-ਨਾਲ ਕਾਰ-ਭੇਟਾ ਦੇ ਉਗ੍ਰਾਹਕ (ਉਗਰਾਹੀ ਕਰਨ ਵਾਲੇਚ ਵੀ ਸਨ ਜਿਹੜੇ ਗੁਰੂ-ਘਰ ਵਿਚ ਚੱਲਦੀਆਂ ਸੇਵਾਵਾਂ ਲਈ ਸੰਗਤ ਦੀ ਮਾਇਆ ਨੂੰ ਗੁਰੂ ਘਰ ਵਿਚ ਪਹੁੰਚਾਉਂਦੇ ਸਨ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ।

ਸਿੱਖ ਧਰਮ ਦੀ ਕਲਿਆਣਕਾਰੀ ਵਿਚਾਰਧਾਰਾ ਦੇ ਪ੍ਰਚਾਰ ਕਾਰਨ ਗੁਰੂ ਨਾਨਕ ਨਾਮ ਲੇਵਾ-ਸੰਗਤ ਦੀ ਗਿਣਤੀ ਦਿਨ-ਬ-ਦਿਨ ਵੱਧ ਰਹੀ ਸੀ। ਇਸ ਵਧੀ ਹੋਈ ਗਿਣਤੀ ਅਨੁਸਾਰ ਸਿੱਖੀ ਦੇ ਪ੍ਰਚਾਰ ਅਤੇ ਉਸਾਰ (ਸੰਸਥਾਈ ਰੂਪ ਵਿਚ) ਲਈ ਮਾਇਆ ਦੀ ਲੋੜ ਸੀ। ਇਸ ਲੋੜ ਦੀ ਪੂਰਤੀ ਹਿੱਤ ਸ੍ਰੀ ਗੁਰੂ ਰਾਮਦਾਸ ਜੀ ਨੇ ਇੱਕ ਅਜਿਹੀ ਪ੍ਰਥਾ ਦਾ ਆਰੰਭ ਕੀਤਾ ਜਿਸ ਨੂੰ ਸਿੱਖ ਇਤਿਹਾਸ ਵਿਚ ਮਸੰਦ ਪ੍ਰਥਾ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੇ ਆਸ਼ੇ ਨੂੰ ਪੂਰਾ ਕਰਨ ਹਿੱਤ ਉਸ ਸਮੇਂ ਇਨ੍ਹਾਂ ਮਸੰਦਾਂ ਦੀ ਭੂਮਿਕਾ ਬਹੁਤ ਹੀ ਕਾਰਗਰ ਰਹੀ ਹੈ। ਭਾਵੇਂ ਮਸੰਦ ਪ੍ਰਥਾ ਦੀ ਆਰੰਭਤਾ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਹੋਈ ਹੈ ਪਰ ਇਸ ਦਾ ਉਭਾਰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸਮੇਂ ਹੋਇਆ ਹੈ।ਗੁਰੂ ਅਰਜਨ ਦੇਵ ਜੀ ਨੇ ਸਿੱਖ-ਸੰਗਤ ਨੂੰ ਆਪਣੀ



ਕਿਰਤ-ਕਮਾਈ ਵਿਚ ਦਸਵੰਧ ਕੱਢਣ ਲਈ ਉਤਸ਼ਾਹਤ ਕੀਤਾ ਤਾਂ ਜੋ ਗੁਰੂ-ਘਰ ਦੇ ਕਾਰਜਾਂ ਤੋਂ ਇਲਾਵਾ ਲੋੜਵੰਦ ਦੀ ਲੋੜ ਨੂੰ ਵੀ ਪੂਰਾ ਕੀਤਾ ਜਾ ਸਕੇ। ਦਸਵੰਧ ਦੀ ਇਸ ਮਾਇਆ ਨਾਲ ਇਮਾਰਤਾਂ, ਗ਼ਰੀਬਾਂ ਤੇ ਬੀਮਾਰਾਂ ਲਈ ਦਵਾਖਾਨੇ, ਪਾਣੀ ਲਈ ਖੂਹ, ਸਰੋਵਰ, ਬਾਉਲੀਆਂ ਆਦਿ ਦਾ ਨਿਰਮਾਣ ਅਤੇ ਗੁਰੂ ਕੇ ਲੋਹ-ਲੰਗਰਾਂ ਨੂੰ ਚਲਾਇਆ ਜਾਂਦਾ ਸੀ। ਇਨ੍ਹਾਂ ਸਾਰੇ ਕਾਰਜਾਂ ਲਈ ਗੁਰੂ ਨਾਨਕ ਨਾਮ-ਲੇਵਾ ਸੰਗਤ ਵੱਲੋਂ ਮਾਇਆ ਆਪਣੀ ਇੱਛਾ ਅਤੇ ਸਮਰੱਥਾ ਅਨੁਸਾਰ ਭੇਟ ਕੀਤੀ ਜਾਂਦੀ ਸੀ।

ਗੁਰੂ ਸਾਹਿਬ ਵੱਲੋਂ ਨਿਯੁਕਤ ਕੀਤੇ ਗਏ ਮਸੰਦ ਗੁਰੂ ਸਾਹਿਬ ਦਾ ਸੰਦੇਸ਼ ਪਹਿਲਾਂ ਇਲਾਕੇ ਦੇ ਮੁੱਖ ਪ੍ਰਚਾਰਕ ਕੋਲ ਪਹੁੰਚਾਉਂਦੇ ਸਨ ਅਤੇ ਪ੍ਰਚਾਰਕ ਅੱਗੋਂ ਇਲਾਕੇ ਦੀ ਸੰਗਤ ਤੱਕ ਪਹੁੰਚਾਉਂਦੇ ਸਨ। ਇਲਾਕੇ ਦੀ ਸੰਗਤ ਆਪਣੇ ਮਸੰਦ ਰਾਹੀਂ ਗੁਰੂ-ਘਰ ਨਾਲ ਜੁੜੀ ਹੁੰਦੀ ਸੀ। ਪੰਚਮ ਪਾਤਸ਼ਾਹ ਦੇ ਸਮੇਂ ਤੱਕ ਇਸ ਸੰਸਥਾਂ ਦੀ ਕਾਰਜ-ਪ੍ਰਣਾਲੀ ਸੰਤੋਖਜਨਕ ਅਤੇ ਲਾਹੇਵੰਦੀ ਰਹੀ।ਮਸੰਦ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਰਹੇ ਪਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮੇ ਇਸ ਸੰਸਥਾਂ ਵਿਚ ਨਿਘਾਰ ਆਉਣ ਸ਼ੁਰੂ ਹੋ ਗਿਆ। ਸੰਗਤ ਦੇ ਸਤਿਕਾਰ ਅਤੇ ਗੁਰੂ ਸਾਹਿਬ ਦੇ ਪਿਆਰ ਦੇ ਪਾਤਰ ਬਣ ਚੁੱਕੇ ਇਹ ਮਸੰਦ ਕਈਆਂ ਕੁਰੀਤੀਆਂ ਦਾ ਸ਼ਿਕਾਰ ਹੋ ਗਏ।ਅਮਾਨਤ ਵਿਚ ਖ਼ਿਆਨਤ ਕਰਦਿਆਂ ਇਨ੍ਹਾਂ ਵਿੱਚੋ ਕੁੱਝ ਮਸੰਦਾਂ ਨੇ ਸੰਗਤ ਦੀ ਮਾਇਆ ਅਤੇ ਕਾਰ-ਭੇਟਾ ਨੂੰ ਗੁਰੂ ਦੀ ਗੋਲਕ ਵਿਚ ਪਾਉਣ ਦੀ ਬਜਾਏ ਆਪਣੀ ਜੇਬ ਵਿਚ ਪਾਉਣਾ ਸ਼ੁਰੂ ਕਰ ਦਿੱਤਾ। ਹੰਕਾਰ ਵਿਚ ਆ ਕੇ ਉਹ ਇਹ ਸਮਝਣ ਲੱਗੇ ਕਿ ਗੁਰੂ-ਘਰ ਦਾ ਸਮੁੱਚਾ ਪ੍ਰਬੰਧ ਉਨ੍ਹਾਂ ਦੀ ਬਦੌਲਤ ਹੀ ਚੱਲ ਰਿਹਾ ਹੈ।


ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇੱਕ ਹੁਕਮਨਾਮਾ ਜਾਰੀ ਕੀਤਾ ਜਿਸ ਦੇ ਅਨੁਸਾਰ ਮਸੰਦਾਂ ਨੂੰ ਸ਼ਸਤਰ ਭੇਟ ਲਿਆਉਣ ਲਈ ਕਿਹਾ ਗਿਆ।ਬਹੁਤਿਆਂ ਮਸੰਦਾਂ ਵੱਲੋਂ ਇਸ ਹੁਕਮ ਦੀ ਹਾਮੀ ਨਹੀਂ ਭਰੀ ਗਈ ਸਗੋਂ ਸ੍ਰੀ ਆਨੰਦਪੁਰ ਸਾਹਿਬ ਵੱਲ ਕੁੱਝ ਅਜਿਹੇ ਲੋਕਾਂ ਨੂੰ ਭੇਜਿਆ ਜਿਹੜੇ ਗੁਰੂ ਸਾਹਿਬ ਦੇ ਇਸ ਇਨਕਲਾਬੀ ਖਿਆਲ ਨੂੰ ਮੋੜਾ ਪਾ ਸਕਣ। ਇਨ੍ਹਾਂ ਲੋਕਾਂ ਨੇ ਗੁਰੂ ਸਾਹਿਬ ਨੂੰ ਤਾਂ ਕੁੱਝ ਨਹੀਂ ਕਿਹਾ ਪਰ ਪਰ ਮਾਤਾ ਜੀ ਨਾਲ ਢਹਿੰਦੀ ਕਲਾ ਦੀਆਂ ਬਹੁਤ ਗੱਲਾਂ ਕੀਤੀਆਂ। ਜਦੋਂ ਮਾਤਾ ਜੀ ਨੇ ਇਹ ਗੱਲਾਂ ਗੁਰੂ ਸਾਹਿਬ ਨੂੰ ਦੱਸੀਆਂ ਤਾਂ ਉਨ੍ਹਾਂ ਕਿਹਾ ਕਿ, 'ਪੂਜਾ ਦਾ ਧਾਨ ਖਾ ਕੇ ਮਸੰਦਾਂ ਦੀ ਬੁੱਧੀ ਭ੍ਰਿਸ਼ਟ ਹੋ ਚੁੱਕੀ ਹੈ, ਇਹ ਨਿਕੰਮੇ ਅਤੇ ਆਲਸੀ ਹੋ ਗਏ ਹਨ।'

ਉਸ ਵਕਤ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਦੇ ਜ਼ੁਲਮਾਂ ਨਾਲ ਟੱਕਰ ਲੈਣ ਦੀ ਵਿਉਂਤਬੰਦੀ ਕਰ ਰਹੇ ਸਨ ਪਰ ਇਹ ਲੋਕ/ਮਸੰਦ ਗੁਰੂ ਸਾਹਿਬ ਦੀ ਵਿਉਂਤ ਵਿਚ ਵਿਘਨ ਪਾ ਰਹੇ ਸਨ।ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਦੀਆਂ ਖ਼ਬਰਾਂ ਰੋਜ਼ਾਨਾ ਹੀ ਗੁਰੂ-ਦਰਬਾਰ ਵਿਚ ਆ ਰਹੀਆਂ ਸਨ। ਕਾਰ-ਭੇਟਾਵਾਂ ਗੁਰੂ-ਘਰ ਤੱਕ ਪਹੁੰਚਾਉਣ ਦੀ ਥਾਂ ਇਨ੍ਹਾਂ ਵਿਗੜੇ ਹੋਏ ਮਸੰਦਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ,'ਤੁਹਾਡੀਆਂ ਨਿੱਤ ਦੀਆਂ ਮੰਗਾਂ ਤੋਂ ਤੰਗ ਆ ਕੇ ਸੰਗਤਾਂ ਹੁਣ ਭੇਟਾਵਾਂ ਨਹੀਂ ਦੇ ਰਹੀਆਂ।'

ਇਸ ਗੱਲ 'ਤੇ ਗੁਰੂ ਸਾਹਿਬ ਬਹੁਤ ਹੈਰਾਨ ਹੋਏ ਅਤੇ ਉਨ੍ਹਾਂ ਵੱਲੋਂ ਕੁੱਝ ਸਿੱਖਾਂ ਨੂੰ ਇਨ੍ਹਾਂ ਦੇ ਟਿਕਾਣਿਆਂ 'ਤੇ ਭੇਜਿਆ ਗਿਆ। ਜਦੋਂ ਸਿੱਖ ਇਨ੍ਹਾਂ ਦੇ ਤੰਬੂਆਂ ਵਿਚ ਗਏ ਤਾਂ ਉਥੋਂ ਕਾਰ-ਭੇਟਾ ਦਾ ਕੀਮਤੀ ਸਮਾਨ ਪ੍ਰਾਪਤ ਹੋਇਆ। ਇਹ ਸਮਾਨ ਜਦੋਂ ਗੁਰੂ ਸਾਹਿਬ ਅਤੇ ਸੰਗਤਾਂ ਦੇ ਸਾਹਮਣੇ ਰੱਖਿਆ ਗਿਆ ਤਾਂ ਮਸੰਦਾਂ ਦੀ ਨੀਚਤਾ ਦਾ ਪਰਦਾ ਫ਼ਾਸ਼ ਹੋ ਗਿਆ। ਹੋਰ ਵੀ ਕਈ ਇਖ਼ਲਾਕੀ ਊਣਤਾਈ ਸਨ ਜਿਹੜੀਆਂ ਇਨ੍ਹਾਂ ਮਸੰਦਾਂ ਵਿਚ ਦੇਖਣ ਨੂੰ ਮਿਲ ਰਹੀਆਂ ਸਨ। ਇਨ੍ਹਾਂ ਊਣਤਾਈਆਂ ਅਤੇ ਬੇਇਮਾਨ ਬਿਰਤੀਆਂ ਕਾਰਨ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਮਸੰਦਾਂ ਨੂੰ ਇਨ੍ਹਾਂ ਦੇ ਕੀਤੇ ਗੁਨਾਹਾਂ ਦੀ ਬਣਦੀ ਸਜ਼ਾ ਦਿੱਤੀ ਉੱਥੇ ਨਾਲ ਹੀ ਇਸ ਪ੍ਰਥਾ ਦਾ ਭੋਗ (ਅੰਤ ਕਰਕੇ) ਵੀ ਪਾ ਦਿੱਤਾ। ਇਨ੍ਹਾਂ ਬਾਬਤ ਗੁਰੂ ਸਾਹਿਬ ਨੇ ਸਿੱਖਾਂ ਨੂੰ ਕਿਹਾ ਕਿ, 'ਜੇਕਰ ਇੱਕ ਪਾਸੇ ਖ਼ੂਨੀ ਹਾਥੀ ਆਉਂਦਾ ਹੋਵੇ ਅਤੇ ਦੂਜੇ ਪਾਸੇ ਮਸੰਦ,ਤਾਂ ਮਸੰਦ ਵਾਲੇ ਪਾਸੇ ਕਦੇ ਨਹੀਂ ਜਾਣਾ।' ਭਾਵ ਮਸੰਦ ਖ਼ੂਨੀ ਹਾਥੀ ਨਾਲੋਂ ਵਧੇਰੇ ਘਾਤਕ ਹੋ ਸਕਦਾ ਹੈ। ਅਜੋਕੇ ਸਮੇਂ ਵੀ ਜਿਸ ਦਾ ਵਿਚਾਰ ਅਤੇ ਵਿਹਾਰ ਸਿੱਖੀ ਸਿਧਾਂਤਾਂ ਦੇ ਪ੍ਰਤੀਕੂਲ ਹੋਵੇ ਉਸ ਨੂੰ ਮਸੰਦ ਦਾ ਦਰਜਾ ਦਿੱਤਾ ਜਾਂਦਾ ਹੈ।

#1348/17/1 ਗਲੀ ਨੰ:8
ਰਿਸ਼ੀ ਨਗਰ ਐਕਸਟੈਂਸ਼ਨ
(ਲੁਧਿਆਣਾ) ਮੋਬ: 9463132719

## ਸੜਕ ਹਾਦਸੇ ਦੇ ਮਾਮਲੇ ਵਿੱਚ ਭਗੌੜੇ ਭਾਰਤੀ ਨੂੰ ਕੀਤਾ ਅਮਰੀਕਾ ਹਵਾਲੇ, ਚੱਲੇਗਾ ਮੁਕੱਦਮਾ




ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤ ਨੇ ਦੋ ਦਹਾਕੇ ਪਹਿਲਾਂ ਨਿਊਯਾਰਕ ਵਿੱਚ ਵਾਪਰੇ ਇਕ ਸੜਕ ਹਾਦਸੇ ਜਿਸ ਵਿੱਚ ਇਕ ਮੌਤ ਹੋ ਗਈ ਸੀ, ਦੇ ਮਾਮਲੇ ਵਿੱਚ ਭਗੌੜੇ ਗਨੇਸ਼ ਸ਼ੇਨਾਇ (54) ਨੂੰ ਅਮਰੀਕਾ ਦੇ ਹਵਾਲੇ ਕਰ ਦਿੱਤਾ ਹੈ ਜਿਥੇ ਉਸ ਨੂੰ ਦੂਸਰਾ ਦਰਜਾ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਯੂ ਐਸ ਮਾਰਸ਼ਲ ਸਰਵਿਸ ਸ਼ੇਨਾਇ ਨੂੰ ਮੁੰਬਈ ਤੋਂ ਹਿਰਾਸਤ ਵਿੱਚ ਲੈ ਕੇ ਨਸਾਊ ਕਾਊਂਟੀ, ਨਿਊਯਾਰਕ ਲੈ ਗਈ। ਇਸਤਗਾਸਾ ਦਫਤਰ ਨੇ ਦੱਸਿਆ ਕਿ ਸ਼ੇਨਾਇ ਨੂੰ ਬਿਨਾਂ ਜਮਾਨਤ ਜੇਲ ਵਿੱਚ ਰਖਿਆ ਗਿਆ ਹੈ। ਇਹ ਹਾਦਸਾ ਨਿਊ ਯਾਰਕ ਦੇ ਨੀਮ ਸ਼ਹਿਰੀ ਖੇਤਰ ਹਿਕਸਵਿਲੇ ਵਿੱਚ 2005 ਵਿੱਚ ਵਾਪਰਿਆ ਸੀ ਜਦੋਂ ਸ਼ੇਨਾਇ ਨੇ ਕਥਿੱਤ ਤੌਰ 'ਤੇ ਨਿਰਧਾਰਤ ਰਫਤਾਰ ਹੱਦ ਤੋਂ ਦੋ ਗੁਣਾਂ ਵਧ ਰਫਤਾਰ 'ਤੇ ਆਪਣੀ ਕਾਰ ਚਲਾਉਂਦਿਆਂ ਇਕ ਹੋਰ ਕਾਰ ਵਿੱਚ ਮਾਰ ਦਿੱਤੀ ਸੀ। ਇਸ ਹਾਦਸੇ ਵਿੱਚ 44 ਸਾਲਾ ਫਿਲਿਪ ਮਾਸਟਰੋਪੋਲੋ ਦੀ ਮੌਤ ਹੋ ਗਈ ਸੀ ਜੋ ਉਸ ਸਮੇ ਕੰਮ 'ਤੇ ਜਾ ਰਿਹਾ ਸੀ। ਹਾਦਸੇ ਤੋਂ 14 ਦਿਨਾਂ ਬਾਅਦ ਉਹ ਅਮਰੀਕੀ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੂੰ ਝਕਾਨੀ ਦੇ ਕੇ ਨਿਊ ਯਾਰਕ ਤੋਂ ਮੁੰਬਈ ਆ ਗਿਆ ਸੀ। ਉਸ ਵਿਰੁੱਧ ਅਗਸਤ 2005 ਵਿੱਚ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਸਨ ਤੇ ਉਸ ਦੀ ਗ੍ਰਿਫਤਾਰੀ ਲਈ ਇੰਟਰਪੋਲ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-21

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

ਡਾ: ਕਿਰਨਪ੍ਰੀਤ ਕੌਰ ਬਾਠ



**ਅਕਸਰ ਪੰਜ ਪਿਆਰਿਆਂ ਦੀ ਜੀਵਨੀ ਨੂੰ ਅਣਦੇਖਾ ਕਰ ਅਸੀਂ ਓਹੀ ਗੁਨਾਹ ਕਰ ਬੈਠਦੇ ਹਾਂ ਜੋ ਗੁਰੂ ਇਤਿਹਾਸ ਦੀ ਲਗਾਤਾਰਤਾ ਨੂੰ ਅਣਗੌਲ਼ਿਆਂ ਕਰਕੇ ਕਰਦੇ ਹਾਂ। ਜਿਵੇਂ ਅਸੀਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਵੱਖ ਕਰਦੀ ਇੱਕ ਸ਼ਾਤਿਰ ਵਿਚਾਰਧਾਰਾ ਵਿੱਚ ਉਲ਼ਝ ਜਾਂਦੇ ਹਾਂ, ਬਿਲਕੁਲ ਓਸੇ ਤਰ੍ਹਾਂ ਅਸੀਂ ਪੰਜ ਪਿਆਰਿਆਂ ਨੂੰ ਵੀ ਗੁਰੂ ਨਾਨਕ ਸਾਹਿਬ ਨਾਲ਼ੋਂ ਤੋੜ ਕੇ ਵੇਖਣ ਕਰਕੇ ਉਲ਼ਝ ਜਾਂਦੇ ਹਾਂ। ਇਸੇ ਉਲ਼ਝਣ ਕਰਕੇ ਹੀ ਬਹੁਤੀ ਵਾਰ ਆਪ ਹੀ ਬਿਪਰਵਾਦੀ ਬਿਰਤਾਂਤ ਕਿ 'ਪੰਜ ਪਿਆਰੇ ਹਿੰਦੂ ਸਨ', ਨੂੰ ਸਹਿਯੋਗ ਦੇਣਾ ਸ਼ੁਰੂ ਕਰ ਦਿੰਦੇ ਹਾਂ। ਇਸ ਨੂੰ ਸਾਡਾ ਬੌਧਿਕ ਦੀਵਾਲ਼ੀਆਪਣ ਕਹਿ ਲਵੋ, ਇਤਿਹਾਸਿਕ ਸਮਝ ਦੀ ਕਮੀ, ਬੇਸਮਝੀ, ਮਸੂਮੀਅਤ ਜਾਂ ਫਿਰ ਆਪਣੇ ਇਤਿਹਾਸ ਪ੍ਰਤੀ ਗ਼ੈਰ-ਜ਼ਿੰਮੇਵਾਰੀ, ਪਰ ਸੱਚ ਇਹੀ ਹੈ ਕਿ ਅਸੀਂ ਜਾਣੇ-ਅਨਜਾਣੇ ਆਪਣੇ ਇਤਿਹਾਸ ਨਾਲ਼ ਜੋ ਜ਼ਿਆਦਤੀ ਆਪ ਕੀਤੀ ਹੈ,**



ਗੁਰੂ ਸਾਹਿਬ ਨੇ ਗੁਰੂ ਨਾਨਕ ਦੇ ਸਿਧਾਂਤ ਅਨੁਸਾਰ ਉਸ ਦੇ ਦੁਨਿਆਵੀ ਤਖ਼ਤ ਦੀ ਅਧੀਨਗੀ ਨਾ ਸਵੀਕਾਰਦੇ ਹੋਏ ਵੈਸਾਖੀ, ਦੀਵਾਲੀ ਮੇਲੇ ਜ਼ਰੂਰੀ ਕਰ ਦਿੱਤੇ ਸਨ। ਘੋੜ ਸਵਾਰੀ ਖੁੱਲ੍ਹੇਆਮ ਹੁੰਦੀ ਸੀ, ਰਣਜੀਤ ਨਗਾਰਾ ਸਵੇਰ-ਸ਼ਾਮ ਵੱਜਦਾ ਸੀ। ਇਹ ਸਭ ਓਸੇ ਹਲੇਮੀ-ਰਾਜ ਦੇ ਸੰਕਲਪ ਵੱਲ ਵਧਣਾ ਸੀ, ਜਿੱਥੇ ਕੋਈ ਰਾਜਾ ਆਪਣੀ ਮਰਜੀ ਨਾਲ਼ ਪਰਜਾ ਨੂੰ ਦੁਖੀ ਕਰ ਆਪਣੇ ਫ਼ੁਰਮਾਨ ਨਹੀਂ ਥੋਪ ਸਕਦਾ।

ਰਣਜੀਤ ਨਗਾਰਾ ਇਕੱਲਾ ਔਰੰਗਜ਼ੇਬ ਨੂੰ ਹੀ ਨਹੀਂ, ਪਹਾੜੀ ਰਾਜਿਆਂ ਨੂੰ ਵੀ ਦੁਖੀ ਕਰਦਾ ਸੀ। ਇੱਕ ਘਟਨਾ ਇੱਥੇ ਖ਼ਾਸ ਧਿਆਨ ਮੰਗਦੀ ਹੈ। ਇੱਕ ਵਾਰ 'ਕਹਿਲੂਰ' ਦਾ ਰਾਜਾ ਅਨੰਦਪੁਰ ਨੇੜੇ ਇੱਕ ਰਾਤ ਠਹਿਰਿਆ ਹੋਇਆ ਸੀ। ਕਿਸੇ ਖ਼ਬਰ ਆ ਦਿੱਤੀ ਕਿ ਘੱਟੋ-ਘੱਟ ਜਦ ਤਕ ਰਾਜਾ ਓਥੇ ਹੈ, ਓਦੋਂ ਤਕ ਨਾਗਰਾ ਨਾ ਵਜਾਓ। ਇਹ ਖ਼ਬਰ ਗੁਰੂ ਸਾਹਿਬ ਦੇ ਕੋਲ ਨਾ ਲਿਜਾ ਕੇ, ਉਹਨਾਂ ਦੇ ਦਾਦੀ ਮਾਤਾ ਨਾਨਕੀ ਨੂੰ ਦਿੱਤੀ ਗਈ। ਅਗਲੇ ਦਿਨ ਜਦੋਂ ਨਗਾਰਾ ਨਾ ਵੱਜਿਆ ਤਾਂ ਗੁਰੂ ਸਾਹਿਬ ਦੇ ਪੁੱਛਣ ਉੱਤੇ ਪੂਰੀ ਗੱਲ ਪਤਾ ਲੱਗੀ। ਗੁਰੂ ਸਾਹਿਬ ਨੇ ਏਹੀ ਕਿਹਾ ਕਿ ਇਹ ਜਿਸ ਸਿੰਘਾਸਨ ਉੱਤੇ ਮੈਂ ਬੈਠਾ ਹਾਂ ਉਹ ਗੁਰੂ ਨਾਨਕ ਸਾਹਿਬ ਦਾ ਹੈ, ਜੋ ਆਪ ਹੀ ਸਿੱਖਾਂ ਦੇ ਦਾਤੇ ਅਕਾਲ ਰੂਪ ਹਨ:

ਸਿੰਘਾਸਨ ਹੈ ਗੁਰੂ ਨਾਨਕ ਕੋ,
ਜਿਹ ਰੂਪ ਅਕਾਲ ਕੋ ਹੈ ਸੁਖਕਾਰੀ

ਜੇ ਸਿੰਘਾਸਨ ਗੁਰੂ ਨਾਨਕ ਸਾਹਿਬ ਦਾ ਹੈ ਤਾਂ ਨਗਾਰਾ ਵੀ ਗੁਰੂ ਨਾਨਕ ਦਾ ਹੀ, ਵੈਸਾਖੀ ਵੇਲ਼ੇ ਪੰਜ ਸੀਸ ਵੀ ਉਹੀ ਮੰਗ ਰਿਹਾ ਹੈ।

### 1699 ਦੀ ਵੈਸਾਖੀ

ਗੁਰੂ ਨਾਨਕ ਨੇ ਹੁਣ ਤਕ ਇੱਕ ਐਸਾ ਗੁਰਮੁਖ ਤਿਆਰ ਕਰ ਲਿਆ ਸੀ, ਜੋ ਸੁੱਚੀ ਕਿਰਤ, ਰਹਿਤ-ਬਹਿਤ, ਨਿਰਭਉ-ਨਿਰਵੈਰ ਅਤੇ ਸਾਦਗੀ ਦੀ ਮਿਸਾਲ ਸੀ। ਇਹ ਵੀ ਸੱਚ ਹੈ ਕਿ ਜਦੋਂ-ਜਦੋਂ ਹਨੇਰਾ ਵਧੇਗਾ, ਉਸ ਨਾਲ਼ ਲੜਣ ਲਈ ਬਹੁਪੱਖੀ ਸ਼ਖ਼ਸ਼ੀਅਤ ਹੀ ਕੰਮ ਆ ਸਕਦੀ ਹੈ। ਹੁਣ ਉਸ ਨੂੰ ਇੱਕ ਐਸੀ ਸ਼ਖ਼ਸ਼ੀਅਤ ਵਿੱਚ ਤਬਦੀਲ ਕਰਨ ਦੀ ਲੋੜ ਸੀ ਜੋ ਯੁੱਧ ਦੇ ਮੈਦਾਨ ਨੂੰ

ਸਤਿਬੀਰ ਸਿੰਘ, ਪੁਰਖ ਭਗਵੰਤ : ਜੀਵਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ (ਜਲੰਧਰ: ਨਿਊ ਬੁੱਕ ਕੰਪਨੀ), 1976. ਪੰਨਾ ਨੰਬਰ 67

ਧਰਮ ਦੇ ਮੈਦਾਨ ਵਾਂਗ ਵੇਖੇ, ਜੋ ਸੁੱਚੇ ਧਰਮ ਦੀ ਖ਼ਾਤਰ ਹਨੇਰੇ ਸਾਹਮਣੇ ਕਿਸੇ ਕੀਮਤ ਹਾਰ ਨਾ ਮੰਨਦੇ ਹੋਏ ਰਣ ਦੇ ਮੈਦਾਨ ਵਿੱਚ ਜੂਝ ਜਾਵੇ, ਇੱਕ ਐਸਾ ਸੂਰਮਾ ਜੋ ਗੁਰਬਾਣੀ ਦੇ ਇਹਨਾਂ ਮਹਾਵਾਕਾਂ ਨੂੰ ਅਮਲੀ ਤੌਰ ਉੱਤੇ ਜੀਵੇ:

ਗਗਨ ਦਮਾਮਾ ਬਾਜਿਓ
ਪਰਿਓ ਨੀਸਾਨੈ ਘਾਓ ॥
ਖੇਤੁ ਜੁ ਮਾਂਡਿਓ ਸੂਰਮਾ
ਅਬ ਜੂਝਨ ਕੋ ਦਾਉ ॥1॥
ਸੂਰਾ ਸੋ ਪਹਿਚਾਨੀਐ ਜੁ
ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ ॥2॥2॥
(ਅੰਗ 1105 )

ਗੁਰੂ ਅਮਰਦਾਸ ਸਾਹਿਬ ਦੇ ਸਮੇਂ ਤੋਂ ਚੱਲੇ ਆ ਰਹੇ ਰਿਵਾਜ ਤਹਿਤ ਗੁਰੂ ਗੋਬਿੰਦ ਸਾਹਿਬ ਨੇ ਹੁਕਮਨਾਮਾ ਭੇਜ ਸਿੱਖਾਂ ਨੂੰ ਪਹਿਲੀ ਵੈਸਾਖ 1699 ਨੂੰ ਅਨੰਦਪੁਰ ਸਾਹਿਬ ਪੁੱਜਣ ਲਈ ਕਿਹਾ। ਵੈਸਾਖੀ ਵਾਲ਼ੇ ਦਿਨ ਹੀ ਗੁਰੂ ਨਾਨਕ ਸਾਹਿਬ 'ਧਰਤ ਸੋਧਣ' ਨਿਕਲ਼ੇ ਸਨ। ਵੈਸਾਖੀ ਵਾਲ਼ੇ ਦਿਨ ਹੀ 'ਗੋਇੰਦਵਾਲ ਦੀ ਬਾਉਲੀ' ਬਣਾ ਛੂਤ-ਛਾਤ ਤੋੜੀ ਸੀ, ਵੈਸਾਖੀ ਵਾਲ਼ੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ 'ਬਾਬਾ ਬਕਾਲਾ' ਦਾ ਹੁਕਮ ਕਰ ਸਿੱਖਾਂ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਵੱਲ ਭੇਜਿਆ ਸੀ।

30 ਮਾਰਚ 1699 ਨੂੰ ਕੇਸਗੜ੍ਹ ਵਿਖੇ ਦੀਵਾਨ ਸਜੇ ਅਤੇ ਗੁਰੂ ਸਾਹਿਬ ਨੇ ਕਿਰਪ-ਾਨ ਕੱਢ ਪਹਿਲਾ ਸੀਸ ਮੰਗਿਆ, ਦਇਆ ਰਾਮ ਦੇ ਉੱਠਣ ਸਾਰ ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤਕ ਦਾ ਸਫ਼ਰ ਆਪਣੇ ਸਾਰਥਕ ਨਤੀਜੇ ਵੱਲ ਵੱਧ ਗਿਆ।

ਉਹ ਵੈਸਾਖੀ ਇਤਿਹਾਸ ਵਿੱਚ ਕਦੇ ਦੁਬ-ਾਰਾ ਨਹੀਂ ਆ ਸਕਦੀ, ਇਸ ਲਈ ਓਸ ਵੈਸਾਖੀ ਵਾਲ਼ੇ ਦਿਨ ਜੋ 'ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤਕ ਦਾ ਸਫ਼ਰ' ਪੂਰਾ ਹੋਇਆ ਅਤੇ ਜੋ ਚੇਤਨਾ ਸਾਡੀ ਝੋਲ਼ੀ ਪਈ, ਜ਼ਰੂਰੀ ਹੈ ਕਿ ਉਸ ਚੇਤਨਾ ਨੂੰ ਸੰਭਾਲ਼ ਕੇ ਰੱਖੀਏ। ਪੰਜ ਪਿਆਰਿਆਂ ਦੇ ਵਡੇਰੇ ਗੁਰੂ ਨਾਨਕ ਸਾਹਿਬ ਦੀ ਸਿੱਖੀ ਅਪਣਾ ਚੁੱਕੇ ਸਨ, ਸੋ ਪੰਜ ਪਿਆਰਿਆਂ ਦਾ ਹਿੰਦੂ-ਮਤ ਨਾਲ਼ ਕੋਈ ਵਾਸਤਾ ਨਹੀਂ ਸੀ।

ਅਕਸਰ ਪੰਜ ਪਿਆਰਿਆਂ ਦੀ ਜੀਵਨੀ ਨੂੰ ਅਣਦੇਖਾ ਕਰ ਅਸੀਂ ਓਹੀ ਗੁਨਾਹ ਕਰ ਬੈਠਦੇ ਹਾਂ ਜੋ ਗੁਰੂ ਇਤਿਹਾਸ ਦੀ ਲਗਾਤਾਰਤਾ ਨੂੰ ਅਣਗੌਲ਼ਿਆਂ ਕਰਕੇ ਕਰਦੇ ਹਾਂ। ਜਿਵੇਂ ਅਸੀਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਵੱਖ ਕਰਦੀ ਇੱਕ ਸ਼ਾਤਿਰ ਵਿਚਾਰਧਾਰਾ ਵਿੱਚ ਉਲ਼ਝ ਜਾਂਦੇ ਹਾਂ, ਬਿਲਕੁਲ ਓਸੇ ਤਰ੍ਹਾਂ ਅਸੀਂ ਪੰਜ ਪਿਆਰਿਆਂ ਨੂੰ ਵੀ ਗੁਰੂ ਨਾਨਕ ਸਾਹਿਬ ਨਾਲ਼ੋਂ ਤੋੜ ਕੇ ਵੇਖਣ ਕਰਕੇ ਉਲ਼ਝ ਜਾਂਦੇ ਹਾਂ। ਇਸੇ ਉਲ਼ਝਣ ਕਰਕੇ ਹੀ ਬਹੁਤੀ ਵਾਰ ਆਪ ਹੀ ਬਿਪਰਵਾਦੀ ਬਿਰਤਾਂਤ ਕਿ 'ਪੰਜ ਪਿਆਰੇ ਹਿੰਦੂ ਸਨ', ਨੂੰ ਸਹਿਯੋਗ ਦੇਣਾ ਸ਼ੁਰੂ ਕਰ ਦਿੰਦੇ ਹਾਂ। ਇਸ ਨੂੰ ਸਾਡਾ ਬੌਧਿਕ ਦੀਵਾਲ਼ੀਆਪਣ ਕਹਿ ਲਵੋ, ਇਤਿਹਾਸਿਕ ਸਮਝ ਦੀ ਕਮੀ, ਬੇਸਮਝੀ, ਮਸੂਮੀਅਤ ਜਾਂ ਫਿਰ ਆਪਣੇ ਇਤਿਹਾਸ ਪ੍ਰਤੀ ਗ਼ੈਰ-ਜ਼ਿੰਮੇਵਾਰੀ, ਪਰ ਸੱਚ ਇਹੀ ਹੈ ਕਿ ਅਸੀਂ ਜਾਣੇ-ਅਨਜਾਣੇ ਆਪਣੇ ਇਤਿਹਾਸ ਨਾਲ਼ ਜੋ ਜ਼ਿਆਦਤੀ ਆਪ ਕੀਤੀ ਹੈ, ਉਸ ਲਈ ਸਾਨੂੰ ਜ਼ਿੰਮੇਵਾਰੀ ਲੈਣੀ ਪਵੇਗੀ ਅਤੇ ਜੋ ਅਸੀਂ ਬਹੁਤ ਪਿੱਛੇ ਛੱਡ ਆਏ ਹਾਂ, ਉਸ ਨੂੰ ਮੁੜ ਸਮਝਣਾ ਪਵੇਗਾ, ਦੁਹਰਾਉਣਾ ਪਵੇਗਾ ਤਾਂ ਜੋ ਬਿਪਰ ਵੱਲੋਂ ਸਿਰਜੇ ਇਸ ਬਿਰਤਾਂਤ ਨੂੰ ਤੋੜ ਸਕੀਏ।

ਇਸ ਬਿਰਤਾਂਤ ਨੂੰ ਤੋੜਨ ਲਈ ਸਭ ਤੋਂ ਪਹਿਲਾਂ ਤਾਂ ਇਹ ਸਮਝਣਾ ਹੋਵੇਗਾ ਕਿ ਉਹ ਪੰਜ, ਜੋ ਸਭ ਤੋਂ ਪਹਿਲਾਂ ਸਿਰ ਦੇਣ ਲਈ ਉੱਠੇ ਉਹ ਕੌਣ ਸਨ, ਗੁਰੂ ਨਾਨਕ ਸਾਹਿਬ ਦੇ ਘਰ ਨਾਲ਼ ਓਹਨਾਂ ਦਾ ਰਿਸ਼ਤਾ ਕੀ ਅਤੇ ਕਦੋਂ ਦਾ ਸੀ, ਉਹ 1699 ਦੀ ਵਿਸਾਖੀ ਵਾਲ਼ੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਕਿਉਂ ਅਤੇ ਕਿਵੇਂ ਗਏ ਸਨ। ਇਹ ਸਭ ਸਮਝਣ ਲਈ ਪੰਜਾਂ ਪਿਆਰਿਆਂ ਦੀ ਸੰਖੇਪ ਜੀਵਨੀ 'ਤੇ ਝਾਤ ਮਾਰਨੀ ਬਹੁਤ ਜ਼ਰੂਰੀ ਹੈ। ਇਸੇ ਤੋਂ ਹੀ ਸਿੱਧ ਹੋਵੇਗਾ ਕਿ ਹਿੰਦੂ ਧਰਮ ਨਾਲ਼ੋਂ ਤਾਂ ਓਹਨਾਂ ਦੇ ਵੱਡ-ਵਡੇਰਿਆਂ ਨੇ ਹੀ ਕਿਨਾਰਾ ਕਰ ਲਿਆ ਸੀ। ਭਲ਼ਾ ਗੁਰੂ ਨਾਨਕ ਸਾਹਿਬ ਦੇ ਸਿੱਖ ਮੂਰਤੀ ਪੂਜਾ, ਜਨੇਊ ਅਤੇ ਕਰਮ-ਕਾਂਡਾ ਨੂੰ ਕਿਵੇਂ ਮੰਨ ਸਕਦੇ ਸਨ? ਇਸ ਲਈ ਜਦ ਓਹਨਾਂ ਨੇ ਗੁਰੂ ਨਾਨਕ ਸਾਹਿਬ ਦੇ ਘਰ ਦੀ ਸੇਵਾ ਕਬੂਲ ਕੀਤੀ ਤਾਂ ਹਿੰਦੂ ਮੱਤ ਨਾਲ਼ ਓਹਨਾਂ ਦਾ ਰਿਸ਼ਤਾ ਕਿਵੇਂ ਬਾਕੀ ਰਹਿ ਸਕਦਾ ਸੀ?

### ਭਾਈ ਦਇਆ ਸਿੰਘ : ਸੰਖੇਪ ਜੀਵਨੀ

ਭਾਈ ਦਇਆ ਸਿੰਘ ਦਾ ਜਨਮ 1 ਫ਼ਰਵਰੀ 1668 ਈ: ਨੂੰ ਭਾਈ ਮਈਆ ਸਿੰਘ ਅਤੇ ਬੀਬੀ ਸੋਭਾ ਕੌਰ ਦੇ ਘਰ ਹੋਇਆ। ਭਾਈ ਸਾਹਿਬ ਦੇ ਵਡੇਰੇ ਭਾਈ ਪਾਰੋ ਜੀ ਜੁਲਕਾ ਅਤੇ ਓਹਨਾਂ ਦੀ ਪਤਨੀ ਬੀਬੀ ਰਾਮ ਪਿਆਰੀ ਜੀ, ਗੁਰੂ ਅਮਰਦਾਸ ਜੀ ਦੇ ਸੇਵਕ ਸਨ। ਓਹਨਾਂ ਦੇ ਸਪੁੱਤਰ ਭਾਈ ਗੁਰੀਆ ਜੀ ਅਤੇ ਪਤਨੀ ਬੀਬੀ ਰਤਾ ਜੀ ਗੁਰੂ ਰਾਮਦਾਸ ਜੀ ਦੇ ਸੇਵਕ ਰਹੇ। ਭਾਈ ਗੁਰੀਆ ਜੀ ਦੇ ਸਪੁੱਤਰ ਭਾਈ ਕਮਾਲਾ ਜੀ, ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿੱਚ ਸੇਵਾ ਕਰਦੇ ਰਹੇ। ਅੱਗੋਂ ਓਹਨਾਂ ਦਾ ਸਪੁੱਤਰ ਭਾਈ ਮਈਆ ਜੀ ਅਤੇ ਓਹਨਾਂ ਦੀ ਪਤਨੀ ਬੀਬੀ ਸੋਭਾ ਕੌਰ ਨੇ ਪਹਿਲਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਕੀਤੀ ਅਤੇ ਫਿਰ ਗੁਰੂ ਤੇਗ਼ (ਪੂਰੀ ਜੀਵਨੀ ਲਈ ਦੇਖੋ : ਭਾਈ ਬੇਅੰਤ ਸਿੰਘ ਕਲੇਰਾਂਵਾਲੇ ਦਇਆ ਕਾ ਪੂਤ: ਪਿਆਰੇ ਭਾਈ ਦਇਆ ਸਿੰਘ ਜੀ (ਲੁਧਿਆਣਾ: ਗੁਰਬਾਣੀ ਪ੍ਰਚਾਰ ਸੇਵਾ ਸੈਂਟਰ), 2013 । ਭਾਈ ਦਇਆ ਸਿੰਘ ਦੀ ਬੰਸਾਵਲੀ ਪੰਨਾ ਨੰਬਰ 9 ਉੱਤੇ ਗਿਆਨੀ ਪਾਖਰ ਸਿੰਘ ਦੀ ਖੋਜ 'ਬੰਸਾਵਲੀਨਾਮਾ' ਭਾਈ ਕਾਹਨ ਸਿੰਘ ਨਾਭਾ 'ਮਹਾਨ ਕੋਸ਼' ਦੇ ਅਧਾਰ ਉੱਤੇ ਦਿੱਤੀ ਹੈ ।)

ਬਹਾਦਰ ਦੇ ਸਮੇਂ ਜਥੇਦਾਰ ਦੇ ਤੌਰ 'ਤੇ ਸੇਵਾ ਨਿਭਾਈ। ਇਹਨਾਂ ਦੇ ਘਰ ਹੀ ਭਾਈ ਦਇਆ ਸਿੰਘ ਦਾ ਜਨਮ ਹੋਇਆ ਸੀ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਭਾਈ ਦਇਆ ਸਿੰਘ ਦਾ ਪਰਿਵਾਰ ਚਾਰ-ਪੀੜੀਆਂ ਤੋਂ ਗੁਰੂ ਨਾਨਕ ਸਾਹਿਬ ਦੇ ਘਰ ਦਾ ਸੇਵਕ ਰਿਹਾ ਸੀ।

ਜਨਮ ਸਮੇਂ ਤੋਂ ਹੀ ਬਾਲਕ ਦਇਆ ਰਾਮ ਨੂੰ ਉਹਨਾਂ ਦੇ ਮਾਤਾ-ਪਿਤਾ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਲੈ ਕੇ ਆਉਂਦੇ ਅਤੇ ਗੁਰੂ ਨਾਨਕ ਸਾਹਿਬ ਦੇ ਘਰ ਨਾਲ਼ ਜੋੜਦੇ ਸਨ। ਇਸੇ ਤਰ੍ਹਾਂ 1681 ਵਿੱਚ ਵੀ ਭਾਈ ਦਇਆ ਰਾਮ ਦੇ ਮਾਤਾ-ਪਿਤਾ ਓਹਨਾਂ ਨੂੰ ਜਥੇ ਦੇ ਨਾਲ਼ ਲਾਹੌਰ ਤੋਂ ਅਨੰਦਪੁਰ ਲੈ ਆਏ, ਜਿੱਥੇ ਗੁਰੂ ਗੋਬਿੰਦ ਸਾਹਿਬ ਗੁਰੂ ਤਖ਼ਤ ਉੱਤੇ ਬਿਰਾਜਮਾਨ ਸਨ। ਕਈ ਦਿਨ ਸੰਗਤਾਂ ਨੇ ਗੁਰੂ ਦੇ ਦਰਸ਼ਨ ਦੀਦਾਰੇ ਕਰ ਵਾਪਿਸ ਲਾਹੌਰ ਨੂੰ ਚਾਲੇ ਪਾ ਦਿੱਤੇ ਪਰ ਤੇਰਾਂ ਸਾਲ ਦੇ ਭਾਈ ਦਇਆ ਰਾਮ ਗੁਰੂ ਜੀ ਦੀ ਸੇਵਾ ਵਿੱਚ ਅਨੰਦਪੁਰ ਹੀ ਰਹਿ ਗਏ।

ਲਗਭਗ ਚਾਰ ਸਾਲ ਗੁਰੂ ਜੀ ਦੀ ਸ਼ਰਨ ਵਿੱਚ ਹੀ ਰਹੇ ਅਤੇ ਗੁਰਬਾਣੀ ਦੇ ਪਾਠ, ਸ਼ਸਤਰ ਵਿੱਦਿਆ, ਘੋੜ-ਸਵਾਰੀ, ਸੰਗਤ ਦੀ ਸੇਵਾ ਆਦਿ ਕਰਦੇ ਰਹੇ। ਜਦੋਂ ਸਤਾਰਾਂ ਵਰ੍ਹਿਆਂ ਦੇ ਹੋਏ ਤਾਂ ਮਾਤਾ-ਪਿਤਾ ਦਾ ਸੁਨੇਹਾ ਮਿਲਿਆ ਕਿ ਲਾਹੌਰ ਆ ਕੇ ਓਹਨਾਂ ਨੂੰ ਮਿਲ਼ ਜਾਣ। ਗੁਰੂ ਪਿਤਾ ਕੋਲ਼ੋਂ ਆਗਿਆ ਲੈ ਕੇ ਵਾਪਸ ਲਾਹੌਰ ਆਏ। ਇੱਥੇ ਓਹਨਾਂ ਦਾ ਅਨੰਦ-ਕਾਰਜ 25 ਮਈ 1684 ਨੂੰ ਬੀਬੀ ਦਿਆਲੀ ਜੀ ਨਾਲ਼ ਹੋਇਆ। ਵਿਆਹ ਪਿੱਛੋਂ ਭਾਈ ਸਾਹਿਬ ਫਿਰ ਗੁਰੂ ਸੇਵਾ ਦੀ ਮਨਸ਼ਾ ਨਾਲ਼ ਵਾਪਸ ਗੁਰੂ ਸਾਹਿਬ ਕੋਲ਼ ਆ ਗਏ। 1685 ਈ: ਵਿੱਚ ਜਦੋਂ ਗੁਰੂ ਸਾਹਿਬ ਪਾਉਂਟਾ ਸਾਹਿਬ ਆਏ ਤਾਂ ਭਾਈ ਦਇਆ ਰਾਮ ਵੀ ਓਹਨਾਂ ਦੇ ਨਾਲ਼ ਹੀ ਸਨ।

ਚਲਦਾ.....


# ਪੰਜਾਬ ਵਿੱਚ 'ਪੰਥ' ਦਾ ਖੁਰਦਾ ਜਾ ਰਿਹਾ ਵਜੂਦ ਚਿੰਤਾ ਦਾ ਵਿਸ਼ਾ ਹੈ

## ਦਸਮੇਸ਼ ਪਿਤਾ ਦੇ ਬਖਸ਼ਿਸ਼ ਕੀਤੇ ਸੰਵਿਧਾਨ ਗੁਰੂ ਗਰੰਥ – ਗੁਰੂ ਪੰਥ ਦੇ ਸਿਧਾਂਤ ਤੋਂ ਬਿਨਾ ਖਾਲਸਾ ਰਾਜ ਦੀ ਪ੍ਰਾਪਤੀ ਨਹੀਂ ਹੋ ਸਕਦੀ

ਪ੍ਰਿੰ: ਸਤਿਬੀਰ ਸਿੰਘ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਗੁਰਸਿੱਖਾਂ ਦਾ ਸਵਾਲ ਸੀ, ਸਾਨੂੰ ਕਿਸ ਦੇ ਲੜ ਲਾ ਚੱਲੇ ਹੋ? ਦਸਮੇਸ਼ ਪਿਤਾ ਦਾ ਉੱਤਰ ਸੀ, ਸਾਡੇ ਪਿੱਛੋਂ ਦੇਹਧਾਰੀ ਗੁਰੂ ਨਹੀਂ ਹੋਵੇਗਾ। ਦਸਾਂ ਗੁਰੂਆਂ ਦਾ ਸਰੂਪ 'ਗੁਰੂ ਗ੍ਰੰਥ ਸਾਹਿਬ' ਹੀ 'ਪੰਥ' ਦਾ ਸਦੀਵੀ ਗੁਰੂ ਹੋਵੇਗਾ। 'ਪੰਥ' ਨੂੰ 'ਗ੍ਰੰਥ' ਦੇ ਲੜ ਲਾ ਚੱਲਿਆ ਹਾਂ।

ਗੁਰਸਿੱਖਾਂ ਦਾ ਦੂਸਰਾ ਸਵਾਲ ਸੀ, ਤੁਹਾਡੀ ਆਤਮਾ ਕਿੱਥੇ ਤੇ ਸਰੀਰ ਕਿਥੇ

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਚੱਲਾ ਹੈ? ਤਾਂ ਦਸਮੇਸ਼ ਪਿਤਾ ਦਾ ਉੱਤਰ ਸੀ 'ਆਤਮਾ ਗ੍ਰੰਥ' ਵਿੱਚ 'ਸਰੀਰ ਪੰਥ' ਵਿੱਚ। ਓਟ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ। ਭਾਈ ਨੰਦ ਲਾਲ ਦਾ ਪ੍ਰਸ਼ਨ ਸੀ ਕਿ 'ਖ਼ਾਲਸਾ ਪੰਥ' ਦਾ ਰਾਜਸੀ ਨਿਸ਼ਾਨਾ ਕੀ ਹੋਵੇਗਾ ਤਾਂ ਦਸ਼ਮੇਸ਼ ਪਿਤਾ ਦਾ ਉੱਤਰ ਸੀ, 'ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ, ਖ੍ਵਾਰ ਹੋਇ ਸਭ ਮਿਲੇਂਗੇ ਬਚੇ ਸਰਨ ਜੋ ਹੋਇ।' (ਹਵਾਲਾ, ਤਨਖ਼ਾਹਨਾਮਾ ਭਾਈ ਨੰਦ ਲਾਲ ਜੀ)। ਭਾਈ ਨੰਦ ਲਾਲ ਦਾ ਅਗਲਾ ਪ੍ਰਸ਼ਨ ਸੀ ਕਿ ਤੁਹਾਡੇ ਦਰਸ਼ਨ ਕਿਵੇਂ ਹੋਣ? ਅਤੇ ਤੁਹਾਡੇ ਨਾਲ ਗੱਲਾਂ ਕਿਵੇਂ ਹੋਣ? ਤਾਂ ਦਸਮੇਸ਼ ਪਿਤਾ ਦਾ ਉੱਤਰ ਸੀ, "ਜੋ ਸਿੱਖ ਗੁਰ ਦਰਸ਼ਨ ਕੀ ਚਾਹਿ, ਦਰਸ਼ਨ ਕਰੇ ਗ੍ਰੰਥ ਜੀ ਆਹਿ॥ ਪਰਭਾਤ ਸਮੇਂ ਕਰ ਕੇ ਇਸ਼ਨਾਨ, ਤੀਨ ਪਰਦਛਣਾਂ ਕਰੇ ਸੁਜਾਨ॥ ਅਤੇ ਜੇ ਮੇਰੇ ਨਾਲ (ਦਸ਼ਮੇਸ਼ ਪਿਤਾ ਨਾਲ) ਗੱਲਾਂ ਕਰਨੀਆਂ ਹੋਣ ਤਾਂ 'ਜੋ ਮਮ ਸਾਥ ਚਾਹੇ ਕਰ ਬਾਤ, ਗ੍ਰੰਥ ਜੀ ਪੜ੍ਹੇ ਸੁਣੇ ਬਿਚਾਰੇ ਸਾਥ॥ ਜੋ ਮੁਝ ਬਚਨ ਸੁਨਨ ਕੀ ਚਾਇ, ਗ੍ਰੰਥ ਜੀ ਪੜ੍ਹੇ ਸੁਣੇ ਚਿੱਤ ਲਾਇ॥ ਮੇਰਾ ਰੂਪ ਜੀ ਜਾਣ, ਇਸ ਮੇਂ ਭੇਦ ਨਹੀਂ ਕੁਝ ਮਾਨ॥ (ਰਹਿਤਨਾਮਾ, ਭਾਈ ਨੰਦ ਲਾਲ ਜੀ) ਅਤੇ ਭਾਈ ਕੇਸਰ ਸਿੰਘ ਛਿੱਬਰ ਦੇ ਸ਼ਬਦਾਂ ਵਿੱਚ:

ਗਰੀਬ ਨਿਵਾਜ ਸਿੱਖ ਸੰਗਤਿ
ਹੈ ਤੇਰੀ ਤਿਸ ਦਾ ਕੀ ਹਵਾਲ।
ਬਚਨ ਕੀਤਾ 'ਗ੍ਰੰਥ ਹੈ
ਗੁਰੂ' ਲੜ ਪਕੜੋ ਅਕਾਲ।
ਆਪਸ ਵਿੱਚ ਕਰਨਾ
ਪਿਆਰ 'ਪੰਥ' ਦੇ ਵਾਧੇ ਨੂੰ ਲੋਚਨਾ।
ਆਗਿਆ ਗ੍ਰੰਥ ਸਾਹਿਬ ਦੀ ਕਰਨੀ,
ਸ਼ਬਦ ਦੀ ਖੋਜਨਾ"।

ਅਤੇ ਭਾਈ ਪ੍ਰਹਿਲਾਦ ਸਿੰਘ ਜੀ ਦਸਮੇਸ਼ ਪਿਤਾ ਦੇ ਸਮਕਾਲੀ ਲਿਖਾਰੀ ਆਪਣੇ 'ਰਹਿਤਨਾਮਾ' ਵਿੱਚ ਲਿਖਦੇ ਹਨ, 'ਪੰਥ ਚਲਬੋ ਹੈ ਜਗਤ ਮੇਂ ਗੁਰ ਨਾਨਕ ਪ੍ਰਸਾਦਿ, ਰਹਿਤ ਬਤਾਈਏ ਖਾਲਸੇ, ਸੁਣ ਭਾਈ ਪ੍ਰਹਿਲਾਦ।' 'ਗੁਰੂ ਖਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ, ਜੋ ਸਿੱਖ ਮੋ ਮਿਲਬੋ ਚਹਿਹ, ਖੋਜ ਇਨਹੁ ਮਹਿ ਲੇਹੁ"।



(ਹਵਾਲਾ ਪੁਸਤਕ, ਸਿੱਖ ਸਭਿਅਤਾ ਦੇ ਮੂਲ ਅਧਾਰ ਪੰਨਾ 128)

ਖ਼ਾਲਸਾ ਪੰਥ ਦੀ ਸੰਪੂਰਨਤਾ ਇਸ ਨੂੰ 'ਗੁਰੂ' ਪਦਵੀ ਪ੍ਰਾਪਤ ਹੋਣ ਨਾਲ ਹੋਈ। ਇਤਿਹਾਸਕ ਤੌਰ 'ਤੇ ਅਸੀਂ ਦੇਖਦੇ ਹਾਂ ਕਿ 1699 ਦੀ ਵੈਸਾਖੀ ਤੋਂ ਪਿੱਛੋਂ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ-ਦੀਖਿਆ ਦੇ ਅਧਿਕਾਰ ਨੂੰ ਖ਼ੁਦ ਵਿਅਕਤੀਗਤ ਰੂਪ ਵਿੱਚ ਕਦੇ ਨਹੀਂ ਵਰਤਿਆ। ਸਗੋਂ ਇਹ ਦੈਵੀ ਅਧਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਪੰਜਾਂ ਪਿਆਰਿਆਂ ਦੇ ਅਧਿਕਾਰ ਖੇਤਰ ਵਿੱਚ ਸ਼ਾਮਿਲ ਕਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਦੇ ਪੰਨਾ 27 ਉੱਤੇ ਗੁਰੂ ਗ੍ਰੰਥ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ ਕਿ 'ਗੁਰੂ ਪੰਥ' : ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨਾਂ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਿਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ। ਭਾਵ ਪੰਥ ਗੁਰੂ ਨਾਨਕ ਨੇ ਚਲਾਇਆ- 'ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ' ਅਤੇ ਅਸੀਂ ਉੱਪਰ ਲਿਖ ਆਏ ਹਾਂ ਕਿ ਭਾਈ ਪ੍ਰਹਿਲਾਦ ਸਿੰਘ ਜੀ ਆਪਣੇ ਰਹਿਤਨਾਮਾ ਵਿੱਚ ਲਿਖਦੇ ਹਨ : 'ਪੰਥ ਚਲਬੋ ਜਗਤ ਮੈ ਗੁਰੁ ਨਾਨਕ ਕੇ ਪ੍ਰਸਾਦਿ।' ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦੀ ਪੂਰਤੀ ਲਈ ਹੀ 'ਗ੍ਰੰਥ' ਅਤੇ 'ਪੰਥ' ਨੂੰ ਗੁਰਿਆਈ ਸੌਂਪੀ। ਪੰਥ ਦੀ ਵਿਰਾਸਤ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਸਿੱਖ ਪੰਥ ਦੀ ਵਿਲੱਖਣ ਤੇ ਸੁਤੰਤਰ ਹੋਂਦ-ਹਸਤੀ ਨੂੰ ਕਾਇਮ ਰੱਖਣ ਲਈ ਅਹਿਮ ਰੋਲ ਅਦਾ ਕਰਦੇ ਆਏ ਹਨ। ਦਸਮੇਸ਼ ਪਿਤਾ ਦੇ ਇਸ ਆਦੇਸ਼ ਕਿ : 'ਆਪਸ ਵਿੱਚ ਪਿਆਰ ਕਰਨਾ ਤੇ ਪੰਥ ਦੇ ਵਾਧੇ ਨੂੰ ਲੋਚਨਾ' ਨੂੰ ਦੈਵੀ ਹੁਕਮ ਮੰਨ ਕੇ ਪੰਥ ਨੇ ਪ੍ਰਵਾਨ ਕੀਤਾ।

ਬੰਦਾ ਸਿੰਘ ਬਹਾਦਰ 1708 ਤੋਂ 1716 ਅਤੇ 1716 ਤੋਂ 1765 ਸਿੱਖ ਮਿਸਲਾਂ ਦੇ ਰਾਜ ਤਕ ਪੰਥਵਾਦੀ ਯੁੱਗ ਸੀ। ਸਿੱਖ ਜੋ ਕੁਝ ਵੀ ਕਰਦੇ ਸਨ ਜਿਸ ਲਈ ਲੜਦੇ ਮਰਦੇ ਵਢੀਂਦੇ, ਕਟੀਂਦੇ, ਚਰਖੜੀਆਂ 'ਤੇ ਚੜ੍ਹਦੇ ਬੰਦ-ਬੰਦ ਕਟਵਾਉਂਦੇ ਸਨ, ਉਹ ਸਭ ਸ਼ਹੀਦੀਆਂ ਆਪਣੀਆਂ ਉਸ ਜਾਨਹੂਲਵੀ ਸੇਵਾ ਦਾ ਮੁੱਲ ਵਸੂਲਣ ਲਈ ਨਹੀਂ ਪੰਥ ਦੇ ਭਵਿੱਖ ਲਈ ਸਨ। ਸਿੱਖੀ ਦੀ ਸੇਵਾ ਕੀਤੀ ਹੀ ਉਹਨਾਂ ਮਰਜੀਵੜਿਆਂ ਨੇ ਜਿਨ੍ਹਾਂ ਨੇ ਵਰਤਮਾਨ ਦੇ ਸੁੱਖਾਂ ਨੂੰ ਛੱਡ ਕੇ ਦੁੱਖ ਕਬੂਲ ਕਰ ਕੇ ਪੰਥ ਦੇ ਉਜਲੇ ਭਵਿੱਖ ਲਈ ਆਪਣੇ ਖ਼ੂਨ ਅਤੇ ਜਿਸਮ ਦੀਆਂ ਹੱਡੀਆਂ ਦੀ ਖਾਦ ਪੰਥ ਦੇ ਪੌਦੇ ਦੀਆਂ ਜੜ੍ਹਾਂ ਵਿੱਚ ਪਾਈ। ਭਾਈ ਰਤਨ ਸਿੰਘ ਭੰਗੂ ਉਸ ਵੇਲੇ ਪੰਥ ਦੇ ਸਿਦਕ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ: "ਨਾਹਿ ਜਖੀਰੋ ਸਿੰਘਨ ਪਾਸ। ਸ਼ਸਤ੍ਰ ਬਸਤਰ ਹੀਨ ਸੁ ਖਾਸ। ਨਾਂਗੇ ਖਰੇ, ਔਰ ਭੁਖੇ ਪਯਾਸੇ। ਦਾਰੂ ਸਿਕਾ ਨਹਿ ਕੁਛ ਪਾਸੇ। ਹਾਟ ਪਟਨ ਬਜ਼ਾਰ ਸੁ ਨਾਂਹੀ। ਰੋਗੀ ਔਖਧ ਬਿਨ ਮਰ ਜਾਹੀ। ਗੁਰ ਬਚਨ (ਰਾਜ ਕਰੇਗਾ ਖਾਲਸਾ) ਕੀ ਉਨ ਕੋ ਆਸ। ਬਹੀ ਖਜ਼ਾਨੋ ਸਿੰਘਨ ਪਾਸ।" ਦੋਨੋਂ ਘਲੂਘਾਰਿਆਂ ਤੋਂ ਬਾਅਦ ਜਿਹੜੇ 'ਪੰਥ' ਨੇ ਉਸ ਭੀੜ ਵਾਲੇ ਸਮੇਂ ਪੰਥਕ ਮਰਯਾਦਾ ਦਾ ਪਾਲਣ ਕਰ ਕੇ ਤੇ ਉਸ ਮੁਸੀਬਤ ਭਰੇ ਸਮੇਂ ਵੀ ਘੋੜਿਆਂ ਦੀਆਂ ਕਾਠੀਆਂ 'ਤੇ ਰੈਣ ਬਸੇਰੇ ਕਰ ਕੇ ਪੰਥ ਦੀ ਚੜ੍ਹਦੀ ਕਲਾ ਲਈ ਜਾਨਾਂ ਹੂਲ ਕੇ ਪੂਰਨੇ ਪਾਏ, ਉਹੋ ਜਿਹੀ ਮਿਸਾਲ ਹੋਰ ਕਿੱਧਰੇ ਨਹੀਂ ਮਿਲਦੀ। ਓਦੋਂ ਪੰਥ ਦੇ ਸਿੱਖੀ ਸਿਧਾਂਤਾਂ ਦੀ ਮਰਯਾਦਾ ਦੀ ਪਾਲਣਾ ਪ੍ਰਮੁੱਖ ਰੂਪ ਵਿੱਚ ਕੀਤੀ ਜਾਂਦੀ ਸੀ।

ਪੰਥ ਦੀ ਸਰਵ-ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਵਿਧਾਨ 'ਗੁਰੂ ਗ੍ਰੰਥ', 'ਗੁਰੂ ਪੰਥ' ਦੇ ਤਹਿਤ ਗੁਰਮਤੇ ਕਰ ਕੇ ਆਪਸੀ ਮਸਲੇ ਨਜਿੱਠ ਲਏ ਜਾਂਦੇ ਸਨ। ਕਨਿੰਘਮ ਨੇ 'ਹਿਸਟਰੀ ਆਫ਼ ਦ ਸਿਖਸ' ਵਿੱਚ 'ਪੰਥ' ਦੀ ਤਰੀਫ਼ ਇਹਨਾਂ ਸ਼ਬਦਾਂ ਵਿੱਚ ਕੀਤੀ ਹੈ, ਜੋ ਬਹੁਤ ਹੱਦ ਤਕ ਠੀਕ ਹੈ। ਕਨਿੰਘਮ ਦੇ ਸ਼ਬਦਾਂ ਵਿੱਚ " 'ਪੰਥ' ਕੇਵਲ ਸਿੱਖਾਂ ਦੇ ਸਮੂਹ ਜਾਂ ਸਿੱਖਾਂ ਦੀ ਬਹੁਸੰਮਤੀ ਨੂੰ ਨਹੀਂ ਕਹਿੰਦੇ ਸਗੋਂ ਸਿੱਖਾਂ ਵਿੱਚ ਕੰਮ ਕਰ ਰਹੀ ਓਸ ਸਿੱਖੀ ਸਪਿਰਟ ਨੂੰ ਕਹਿੰਦੇ ਹਨ ਜੋ ਦਸਾਂ ਸਤਿਗੁਰੂਆਂ ਨੇ ਸਿੱਖਾਂ ਵਿੱਚ ਭਰੀ ਹੈ।"

ਪੰਥ ਇੱਕ ਸਰੀਰ ਦੀ ਤਰ੍ਹਾਂ ਹੈ, ਜਿਸ ਦੇ ਕਈ ਅੰਗ ਹਨ। ਇਹ ਅੰਗ ਇੱਕ ਦਿਮਾਗ ਜਾਂ ਮਨ ਦੇ ਤਾਬਿਆ ਹੁੰਦੇ ਹਨ। ਸਾਰੇ ਅੰਗਾਂ ਦਾ ਹਾਣ-ਲਾਭ ਸਾਂਝਾ ਹੁੰਦਾ ਹੈ। ਸਰੀਰ ਦਾ ਹਰੇਕ ਅੰਗ ਭਾਵੇਂ ਵੱਖ-ਵੱਖ ਹੁੰਦਾ ਹੈ, ਪਰ ਸਾਰੇ ਅੰਗ ਇੱਕ ਦੂਜੇ ਨਾਲ ਮਿਲ ਕੇ ਆਪਣੀ ਵੱਖਰੀ ਹੋਂਦ ਨੂੰ ਮਿਟਾ ਕੇ ਸਮੁੱਚੇ ਤੌਰ 'ਤੇ ਸਰੀਰ ਅਖਵਾਂਦਾ ਹੈ। ਇਸ ਤਰ੍ਹਾਂ ਜਦ ਮਨੁੱਖ ਸ਼ਖ਼ਸੀ ਨਫ਼ੇ-ਨੁਕਸਾਨ ਨੂੰ ਸਮੁਦਾਇ ਨਾਲ ਮੇਲ ਲੈਂਦਾ ਹੈ, ਉਸ ਹਾਲਤ ਦਾ ਨਾਂ 'ਜਥੇਬੰਦੀ' ਹੈ। ਏਕਤਾ ਓਦੋਂ ਤੀਕ ਨਹੀਂ ਪੈਦਾ ਹੋ ਸਕਦੀ ਜਦੋਂ ਤੀਕ ਭਿੰਨ-ਭਿੰਨ ਅੰਗ ਕਿਸੇ ਸਾਂਝੇ ਆਦਰਸ਼ ਲਈ ਆਪਣੇ ਆਪ ਨੂੰ ਭੁਲਾ ਨਾ ਦੇਣ। ਭਾਵ ਸਮੂਹ ਪੰਥਕ ਜਥੇਬੰਦੀਆਂ ਇੱਕ ਨਿਸ਼ਾਨ ਹੇਠ ਇਕੱਠੀਆਂ ਹੋ ਕੇ ਆਪਣੇ ਆਪ ਨੂੰ 'ਪੰਥ' ਰੂਪੀ ਸਰੀਰ ਵਿੱਚ ਸਮਾ ਲੈਣ ਤੇ ਹਉਮੈ ਤੇ ਨਿੱਜਵਾਦ ਦਾ ਤਿਆਗ ਕਰ ਦੇਣ।

1920 ਵਿੱਚ ਅਕਾਲ ਤਖ਼ਤ ਉੱਤੇ ਜੁੜ ਕੇ ਸਿੱਖ ਪੰਥ ਨੂੰ ਇੱਕ ਸ਼੍ਰੋਮਣੀ ਅਕਾਲੀ ਦਲ ਬਣਾਇਆ ਸੀ ਤਾਂ ਕਿ ਉਹ ਰਾਜਸੀ ਖੇਤਰ ਵਿੱਚ ਸਿੱਖ ਪੰਥ ਦੀ ਪ੍ਰਤੀਨਿਧਤਾ ਕਰ ਸਕੇ ਤੇ ਦੂਜੇ ਸਾਰੇ ਖੇਤਰਾਂ ਵਿੱਚ ਸਿੱਖੀ ਦੀ ਚੜ੍ਹਦੀ ਕਲਾ ਲਈ ਕੰਮ ਕਰ ਸਕੇ। 1920 ਵਾਲਾ ਸ਼੍ਰੋਮਣੀ ਅਕਾਲੀ ਦਲ ਅੱਧੀ ਸਦੀ ਤੋਂ ਵੱਧ ਸਮੇਂ ਲਈ ਸਿੱਖਾਂ ਦੇ ਦਿਲਾਂ ਦੀ ਧੜਕਣ ਬਣਿਆ ਰਿਹਾ ਤੇ ਕਿਸੇ ਸਿੱਖ ਨੂੰ ਲੱਗੀ ਮਾੜੀ ਤੋਂ ਮਾੜੀ ਝਰੀਟ ਵੇਖ ਕੇ ਵੀ ਮਾਂ ਵਾਂਗ ਤੜਪ ਉੱਠਦਾ ਰਿਹਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਗ਼ਰੀਬੀ ਵਿੱਚ ਰਹਿ ਕੇ ਆਮ ਸਿੱਖਾਂ ਨਾਲ ਜੁੜੇ ਰਹੇ ਪਰ ਰਾਜ ਸਿੰਘਾਸਨ 'ਤੇ ਬੈਠਦਿਆਂ ਹੀ ਉਹ ਸ਼੍ਰੋਮਣੀ ਅਕਾਲੀ ਦਲ 'ਪੰਜਾਬੀ ਪਾਰਟੀ' ਬਣ ਗਿਆ ਤੇ ਮੋਨੇ ਜਥੇਦਾਰ ਬਣਾਉਣ ਲੱਗ ਪਿਆ ਅਤੇ ਪੰਥ ਦੀ ਅਜ਼ਾਦ ਰਾਜਨੀਤਿਕ ਹਸਤੀ ਨੂੰ ਆਪਣੇ ਨਿੱਜੀ ਸੁਆਰਥ ਪੂਰੇ ਕਰਨ ਲਈ ਦਾਅ 'ਤੇ ਲਾ ਦਿੱਤਾ। ਪੰਥ ਦੀ ਰਾਜਨੀਤਿਕ ਹਸਤੀ ਖ਼ਤਮ ਹੋਣ ਤੋਂ ਬਾਅਦ ਸਿੱਖ ਵੋਟਤੰਤਰ ਦਾ ਹਿੱਸਾ ਬਣ ਕੇ ਰਹਿ ਗਏ, ਭਾਵ ਇੱਕ ਸਿੱਖ ਇੱਕ ਵੋਟ। ਬਾਕੀ ਦੇ ਅੱਧੀ ਦਰਜਨ ਦੇ ਕਰੀਬ ਅਕਾਲੀ ਦਲ ਵੀ ਰਾਜ ਸੱਤਾ ਪ੍ਰਾਪਤ ਕਰਨ ਨੂੰ ਆਪਣਾ ਇੱਕੋ-ਇੱਕ ਨਿਸ਼ਾਨਾ ਮਿਥ ਕੇ 'ਪੰਥ' ਦਾ ਨਾਂ ਓਦੋਂ ਤਕ ਵਰਤਦੇ ਰਹਿਣਗੇ, ਜਦੋਂ ਤਕ ਸੱਤਾ ਵਿੱਚ ਨਹੀਂ ਆ ਜਾਂਦੇ, ਉਹ ਵੀ ਸੱਤਾ ਵਿੱਚ ਆ ਜਾਣ ਮਗਰੋਂ ਪੰਜਾਬੀ ਪਾਰਟੀ ਬਣ ਜਾਣਗੇ। 'ਪੰਥ' ਵਿੱਚ ਧੜਾ ਪ੍ਰਵਾਨ ਨਹੀਂ ਹੈ। ਪਰ 1978 ਤੋਂ ਬਾਅਦ ਦਾ ਅਕਾਲੀ ਇਤਿਹਾਸ ਵੱਖ-ਵੱਖ ਧੜਿਆਂ ਵੱਲੋਂ ਆਪਣੀ ਪ੍ਰਭੁਸੱਤਾ ਕਾਇਮ ਰੱਖਣ ਦੇ ਮਹਾਂ ਯੁੱਗ ਦਾ ਨਜ਼ਾਰਾ ਹੀ ਹੈ।

ਬਾਕੀ ਹਿਸਾ ਅਗਲੇ ਸਫ਼ੇ 36 ਤੇ ਪੜ੍ਹੋ

35 ਸਫ਼ੇ ਦੀ ਬਾਕੀ

ਵਰਤਮਾਨ ਵੋਟਤੰਤਰ ਵਰਤਾਰੇ ਵਿੱਚ ਸ਼ਾਮਿਲ ਸਿੱਖ ਬੇਸ਼ੱਕ ਜਿੰਨਾ ਮਰਜੀ 'ਪੰਥਕ' ਹੋਣ ਦਾ ਭਰਮ ਪਾਲੀ ਰੱਖਣ ਪਰ ਅਸਲ ਵਿੱਚ ਉਹ 'ਪੰਥ' ਦੀ ਵਿਲੱਖਣ ਤੇ ਅਜ਼ਾਦ ਹੋਂਦ ਹਸਤੀ ਨੂੰ, ਹਿੰਦੂ, ਹਿੰਦੀ, ਹਿੰਦੋਸਤਾਨ ਵਿੱਚ ਜਜ਼ਬ ਕਰਨ ਵਾਲ਼ੀ ਧਾਰਾ ਦੇ ਵਹਿਣ 'ਚ ਵਹਿ ਤੁਰੇ ਹਨ।

ਜਦੋਂ ਕੌਮ ਦੇ ਆਗੂ ਆਪਣਾ ਸਿਧਾਂਤ, ਆਪਣਾ ਨਿਆਰਾਪਨ, ਸਿੱਖ ਸੱਭਿਆਚਾਰ, ਆਪਣੀ ਵੱਖਰੀ ਹੋਂਦ ਤੇ ਆਪਣੇ ਲਈ ਅਜ਼ਾਦੀ ਦਾ ਨਿੱਘ ਮਾਨਣ ਲਈ ਮੰਗਾਂ ਨੂੰ ਛੱਡ ਕੇ ਕੇਵਲ ਪੰਜਾਬੀ ਅਤੇ ਪੰਜਾਬੀ ਪਾਰਟੀ ਤੋਂ ਵੋਟਾਂ ਦੀ ਰਾਜਨੀਤੀ ਦੀ ਗੱਲ ਕਰਨਗੇ, ਤਾਂ ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਦੀਆਂ ਘਟਨਾਵਾਂ ਵਾਪਰਦੀਆਂ ਰਹਿਣਗੀਆਂ, ਕਿਉਂਕਿ ਸਿਆਸਤ ਦਾ ਗੁਲਾਮੀਕਰਨ ਅਤੇ ਧਰਮ ਦਾ ਸਿਆਸੀਕਰਨ ਹੋ ਚੁੱਕਾ ਹੈ।

ਗੁਰੂ ਮਾਰੇ ਮੱਸੇ ਰੰਘੜ ਦਾ ਸਿਰ ਵੱਢਣ ਵਾਲ਼ੇ ਭਾਈ ਮਹਿਤਾਬ ਸਿੰਘ ਦੇ ਪੋਤਰੇ ਭਾਈ ਰਤਨ ਸਿੰਘ ਭੰਗੂ ਆਪਣੇ ਅਦੁੱਤੀ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ ਕਿ: ਵੱਡੇ ਘਲੂਘਾਰੇ ਦੀ ਸ਼ਾਮ ਨੂੰ ਸਿੰਘਾਂ ਦੇ ਇਕੱਠ ਨੇ ਇਹ ਅਰਦਾਸਾ ਸੋਧਿਆ:

"ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗਾ ਨਾਥ, ਪੰਥ ਨ ਰਹਾ ਤੋ ਤੇਰਾ ਗ੍ਰੰਥ ਕੌਣ ਮਾਨੈਗੋ।"

ਸਾਲ 2014 ਵਿੱਚ ਮੋਦੀ ਸਰਕਾਰ ਆਉਣ ਤੋਂ ਬਾਅਦ ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਦੀਆਂ ਸੈਂਕੜੇ ਘਟਨਾਵਾਂ ਵਾਪਰੀਆਂ ਹਨ ਅਤੇ ਲਗਾਤਾਰ ਵਾਪਰ ਰਹੀਆਂ ਹਨ। ਇਸ ਲਈ ਕੋਈ ਸ਼ੱਕ ਨਹੀਂ ਕਿ ਇਸ ਸਾਰੀ ਸਾਜ਼ਿਸ਼ ਪਿੱਛੇ ਆਰ. ਐੱਸ. ਐੱਸ. ਬੜੀ ਮੁਸਤੈਦੀ ਨਾਲ਼ ਪਰ ਲੁਕਵੇਂ ਅੰਦਾਜ਼ ਵਿੱਚ ਕੰਮ ਕਰ ਰਹੀ ਹੈ। ਆਰ.ਐੱਸ.ਐੱਸ. ਜਮਾਤ ਇਹ ਸਮਝਦੀ ਹੈ ਕਿ ਸਿੱਖਾਂ ਦੀ ਸ਼ਕਤੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਰਧਾ ਤੇ ਵਿਸ਼ਵਾਸ ਵਿੱਚੋਂ ਨਿਕਲ਼ਦੀ ਹੈ। ਇਸ ਲਈ ਵਾਰ-ਵਾਰ ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਕਰਵਾ ਕੇ ਇਸ ਵਿਸ਼ਵਾਸ ਨੂੰ ਸੱਟ ਮਾਰੀ ਜਾ ਰਹੀ ਹੈ। (ਨੋਟ- ਇਸ ਕਰਕੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਤੇ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬਾਂ ਦੇ ਸਮਾਗਮ ਭਾਰਤ ਸਰਕਾਰ ਨੇ ਹਾਲਾਂ ਤੇ ਯੂਨੀਵਰਸਿਟੀਆਂ ਵਿੱਚ ਕੀਤੇ, ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਸੀ, ਅਫ਼ਸੋਸ ਨਾਲ਼ ਲਿਖਣਾ ਪੈ ਰਿਹਾ ਹੈ ਕਿ ਉਹਨਾਂ ਸਮਾਗਮਾਂ ਵਿੱਚ ਕੁਝ ਸਿੱਖ ਵਿਦਵਾਨਾਂ ਤੇ ਸਿੱਖ ਆਗੂਆਂ ਨੇ ਵੀ ਹਾਜ਼ਰੀ ਭਰੀ) ਆਰ.ਐੱਸ.ਐੱਸ. ਹਰ ਹਰਬਾ ਵਰਤ ਕੇ ਸਿੱਖਾਂ ਨੂੰ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਨਾ ਚਾਹੁੰਦੀ ਹੈ।


**ਧੜਿਆਂ 'ਚ ਵੰਡੀ ਗਈ ਗੁਰਿਆਈ ਪੰਥ ਦੀ, ਤਾਹੀਓਂ ਨਹੀਂ ਰੁਕਦੀ ਬੇ-ਅਦਬੀ ਗੁਰੂ ਗ੍ਰੰਥ ਦੀ।**

ਮੁੱਕਦੀ ਗੱਲ ਇਹੀ ਹੈ ਕਿ ਦਸਮੇਸ਼ ਪਿਤਾ ਦੇ ਬਖਸ਼ਿਸ਼ ਕੀਤੇ ਸੰਵਿਧਾਨ ਗੁਰੂ ਗਰੰਥ - ਗੁਰੂ ਪੰਥ ਦੇ ਸਿਧਾਂਤ ਤੋਂ ਬਿਨਾ ਖਾਲਸਾ ਰਾਜ ਦੀ ਪ੍ਰਾਪਤੀ ਨਹੀਂ ਹੋ ਸਕਦੀ, ਕਿਉਂਕਿ ਗੁਰੂ ਗਰੰਥ - ਗੁਰੂ ਪੰਥ, ਜੋਤਿ ਤੇ ਜੁਗਤਿ ਦਾ ਸਿਧਾਂਤ ਹੈ ਅਤੇ ਜੁਗਤਿ ਤੋਂ ਬਿਨਾ ਜੋਤਿ ਦਾ ਵਰਤਾਰਾ ਨਹੀਂ ਵਰਤਦਾ।

# ਜਿਹੜਾ ਵਿਅਕਤੀ ਸਨਮਾਨ ਲੈਣ ਦਾ ਹੱਕਦਾਰ ਹੈ ਜਰੂਰ ਦੇਵੋ, ਪਰ ਸਹੀ ਤਰੀਕੇ ਨਾਲ

## ਪਾਠਕਾਂ ਦੇ ਪੱਤਰ

ਸਿੱਖਾਂ ਦੇ ਕੋਲ ਸਿੱਖੀ ਬਾਰੇ ਨੋਲਿਜ ਦਾ ਭੰਡਾਰ ਹੋਣਾ ਚਾਹੀਦਾ ਹੈ, ਸਿੱਖ ਨੂੰ ਕਿਸੇ ਕਿਸਮ ਦੇ ਖਿਤਾਬਾਂ ਦੀ ਲੋੜ ਨਹੀਂ ਰਹਿ ਜਾਂਦੀ ਹੈ, ਉਹ ਵੱਖਰੀ ਗੱਲ ਹੈ ਜਿਵੇ O.B.E. N.R.E. ਜਾਂ ਹੋਰ ਪੁਰਸਕਾਰ ਮਿਲੇ। ਜੋ ਸਰਦਾਰ ਜਥੇਦਾਰ ਮਹਿੰਦਰ ਸਿੰਘ ਜੀ ਨੇ ਲਿਖਿਆ, ਮੈਂ ਨਹੀਂ ਬਹੁਤ ਸਾਰੇ ਸਹਿਮਤ ਹੋਣਗੇ ਬਹੁਤ ਸਿੱਖਾਂ ਅੰਦਰ ਹੈਰਾਨੀ ਦੀ ਗੱਲ ਹੈ, ਮੈਨੂੰ ਚੇਤਾ ਆ ਗਿਆ ਜਾਨਵਰਾਂ ਦੀ ਮੀਟਿੰਗ ਹੋਈ, ਉਥੇ ਹਰ ਤਰ੍ਹਾਂ ਦਾ ਜਾਨਵਰ ਆਇਆ ਜਿਵੇਂ ਸ਼ੇਰ, ਚੀਤੇ, ਬਾਘ, ਗਿੱਦੜ ਬਹੁਤ ਸਾਰੇ ਇਕੱਠੇ ਸਨ, ਸਾਰੇ ਆਪੋ ਆਪ ਬਹਿਸ ਰਹੇ ਸਨ, ਇਕ ਪਾਸੇ ਲੋਂਬੜ ਲੋਂਬੜੀ ਪਰਿਵਾਰ ਨਾਲ ਬੈਠੇ ਸਨ, ਸਵਾਲ ਛੱਡ ਦਿੱਤਾ ਕਿ ਸ਼ੇਰ ਅਕਸਰ ਜੰਗਲ ਦਾ ਰਾਜਾ ਹੈ, ਕੀ ਅੰਡੇ ਦਿੰਦਾ ਹੈ ਬੱਚੇ ਦਿੰਦਾ ਹੈ ਸਾਰੇ ਹੈਰਾਨ ਹੋਏ ਪਰ ਜਵਾਬ ਕੌਣ ਦੇਵੇ। ਕੋਈ ਕਹੇ ਕੁਝ ਕੋਈ ਕੁਝ ਅਕਸਰ ਲੋਂਬੜੀ ਦੇ ਪਰਿਵਾਰ ਨੂੰ ਪੁੱਛਿਆ ਤੂੰ ਦੱਸ ਤੇਰਾ ਕੀ ਜਵਾਬ ਹੈ, ਉਸ ਨੇ ਜਵਾਬ ਦਿੱਤਾ ਸ਼ੇਰਨੀ ਜੋ ਗਵਾਰ ਜਾਨਵਰ ਹੈ ਕਦੀ ਬੱਚੇ ਦੇ ਦਿੰਦਾ ਕਦੇ ਸ਼ੇਰਨੀ ਅੰਡੇ ਦੇ ਦਿੰਦੀ ਹੈ। ਸਾਰੇ ਹੈਰਾਨ ਹੋ ਗਏ ਉਸ ਨੂੰ ਕਿਹਾ ਜਵਾਬ ਇਕ ਦੇਵੋ। ਫਿਰ ਕਿਹਾ ਅਸੀਂ ਤਾਂ ਜੰਗਲ ਵਿੱਚ ਹਰ ਕੋਲੋਂ ਮੰਗ ਛੁਗ ਕੇ ਗੁਜ਼ਾਰਾ ਕਰਨਾ ਹਰ 'ਤੇ ਨਿਰਭਰ ਹਾਂ ਸਾਡਾ ਜਵਾਬ ਇਹੋ ਹੀ ਠੀਕ ਹੈ। ਬਾਕੀ ਜਥੇਦਾਰ ਸਾਹਿਬ ਦੇ ਅਕਸਰ ਲੇਖ ਆਉਂਦੇ ਹਨ ਸਾਰੇ ਵੱਡੀ ਖੋਜ ਬਾਅਦ ਲਿਖਦੇ ਹਨ ਸੋ ਜ਼ਿਆਦਾ ਠੀਕ ਹੀ ਹੁੰਦੇ ਹਨ ਕੋਈ ਭੀ ਅਵਾਰਡ ਦੇਣਾ ਹੈ ਭਾਵੇਂ ਰਤਨ ਹੋਵੇ ਜਾਂ ਬਹੁਪੱਖੀ ਖਿਤਾਬ ਅਕਸਰ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਜਾਂ ਇਥੇ ਬਹੁਤੇ ਗੁਰੂ ਘਰਾਂ ਦੇ ਪਤਵੰਤੇ ਸੱਜਣ ਹਨ ਅੰਮ੍ਰਿਤਧਾਰੀ ਹਨ ਉਨ੍ਹਾਂ ਦੀ ਸਲਾਹ ਜਰੂਰ ਲੈਣੀ ਚਾਹੀਦੀ, ਜਿਵੇਂ ਭਾਰਤ ਦਾ ਰਾਸ਼ਟਰਪਤੀ ਕੋਈ ਅਵਾਰਡ ਦਿੰਦਾ ਹੈ ਉਹ ਭੀ ਪਹਿਲਾਂ ਰਿਕਮੈਂਡ ਹੁੰਦਾ ਹੈ ਫਿਰ ਉਸ ਨੂੰ ਅਨਾਊਂਸ ਕਰ ਦਿੰਦਾ ਹੈ ਕਿ ਫਲਾਣੇ ਨੂੰ ਇਹ ਸਨਮਾਨ ਦਿੱਤਾ ਜਾਂਦਾ ਹੈ। ਇਹ ਵੈਸੇ ਭੀ ਹੈਰਾਨੀ ਵਾਲੀ ਗੱਲ ਹੈ। ਦੱਸ-ਬਾਰਾਂ ਪਤਵੰਤੇ ਸੱਜਣ ਇਕੱਠੇ ਹੋਏ ਇਕੱਠ ਕੀਤਾ ਖਾਣ ਪੀਣ ਮਗਰੋਂ ਇਹ ਅਖ਼ਬਾਰ ਵਿੱਚ ਦੇ ਦਿੱਤਾ ਉਹ ਪਾਰਸ ਹੈ ਸੋਨਾ ਹੈ ਹੋਰ ਜੋ ਮਰਜੀ ਲਿਖੋ ਜਥੇਦਾਰ ਸਾਹਿਬ ਇਸ ਬਾਰੇ ਜ਼ਿਆਦਾ ਜਾਣਕਾਰੀ ਰੱਖਦੇ ਹਨ ਸੋ ਉਨ੍ਹਾਂ ਦੀ ਲਿਖਤ ਨੂੰ ਸਮਝਣ ਦੀ ਲੋੜ ਹੈ। ਇਸ ਤਰ੍ਹਾਂ ਤਾਂ ਕੌਮੀ ਸਨਮਾਨ ਜਿਸ ਨੂੰ ਮਰਜੀ ਦੇ ਦੇਵੋ ਇਤਨੇ ਸਨਮਾਨ ਵਾਲੇ ਹੋ ਜਾਣਗੇ ਉਸ ਦਾ ਅਰਥ ਭੀ ਸਮਾਨ ਨਹੀਂ ਆਵੇਗਾ ਇਹੋ ਜਿਹੇ ਇਤਨੇ ਵੱਡੇ ਸਨਮਾਨ ਸਹੀ ਤਰੀਕੇ ਨਾਲ ਦੇਣੇ ਚਾਹੀਦੇ ਹਨ। ਵੈਸੇ ਜੋ ਜੋਰ ਵਾਲਾ ਕੋਈ ਭੀ ਕੰਮ ਕਰਦਾ ਹੈ ਉਹ ਠੀਕ ਹੁੰਦਾ ਹੈ ਆਮ ਦੇ ਵਿਚਾਰ ਕੋਈ ਸੁਣਦਾ ਨਹੀਂ ਇਹ ਜਰੂਰ ਸੁਣਨਾ ਚਾਹੀਦਾ ਹੈ ਮੰਨਣਾ ਚਾਹੀਦਾ ਹੈ। ਖਾਸ ਕਰਕੇ ਸਿੱਖ ਇਤਿਹਾਸ ਜਰੂਰ ਖੋਜ ਲੈਣਾ ਚਾਹੀਦਾ ਹੈ। ਉਸ ਤਰੀਕੇ ਨਾਲ ਜਿਹੜਾ ਮਰਜੀ ਖਿਤਾਬ ਦੇਵੋ। ਖੈਰ ਮੇਰੇ ਵਰਗੇ ਨੇ ਸੁਝਾਅ ਹੀ ਦੇਣਾ ਹੈ। ਕੰਮ ਉਹ ਕਰੋ ਜੋ ਸਾਰੀ ਕੌਮ ਲਈ ਫਖ਼ਰ ਹੋਵੇ। ਜਿਹੜਾ ਵਿਅਕਤੀ ਸਨਮਾਨ ਲੈਣ ਦਾ ਹੱਕਦਾਰ ਹੈ ਜਰੂਰ ਦੇਵੋ। ਪਰ ਸਹੀ ਤਰੀਕੇ ਨਾਲ। ਉਮੀਦ ਜਥੇਦਾਰ ਮਹਿੰਦਰ ਸਿੰਘ ਸਾਹਿਬ ਅੱਗੇ ਭੀ ਲਿਖਣਗੇ, ਹੋਰਨਾਂ ਨੂੰ ਲਿਖਣਾ ਚਾਹੀਦਾ ਹੈ।



ਆਪ ਦਾ ਦਾਸ
K.Singh Jogi


# ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ

## ਧਾਰਮਿਕ ਸੇਵਾਦਾਰ ਕੀਰਤਨੀ ਸਿੰਘ / ਤਬਲਾ ਵਾਦਕ ਦੀ ਤੁਰੰਤ ਲੋੜ ਹੈ

ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ (ਧਾਰਮਿਕ ਸੇਵਾਦਾਰ) ਦੀ ਲੋੜ ਹੈ ਜੋ ਗੁਰੂ ਘਰ ਵਿਖੇ ਕੀਰਤਨ, ਆਸਾ ਦੀ ਵਾਰ ਦਾ ਅਤੇ ਹੋਰ ਬਾਣੀਆਂ ਦਾ ਕੀਰਤਨ ਕਰਨ ਦੇ ਮਾਹਿਰ ਹੋਣ। ਉਹ ਵਾਜਾ ਤੇ ਤਬਲਾ ਜਾਣਦੇ ਹੋਣ। ਪ੍ਰਸ਼ਾਦਿ ਬਨਾਉਣ ਤੇ ਵੰਡਣ ਦੀ ਸੇਵਾ, ਚੌਰ ਸਾਹਿਬ ਦੀ ਸੇਵਾ, ਮੰਜੀ ਸਾਹਿਬਾਂ ਦੀ ਸੇਵਾ, ਗੁਰਦੁਆਰਾ ਸਾਹਿਬ ਖੋਲਣਾ ਤੇ ਬੰਦ ਕਰਨਾ ਉਹਨਾਂ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਹੈ। ਉਹ ਗੁਰਬਾਣੀ ਦੇ ਸ਼ੁੱਧ ਪਾਠੀ ਹੋਣ। ਉਹਨਾਂ ਪਾਸ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇ। ਵਧੀਆ ਤਨਖਾਹ ਕੰਮ ਅਤੇ ਯੂ ਕੇ ਦੇ ਰੋਜ਼ਗਾਰ ਕਾਨੂੰਨ ਮੁਤਾਬਕ ਹੋਵੇਗੀ ਅਤੇ ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਕੰਮ ਹਫ਼ਤੇ ਵਿੱਚ 34 ਘੰਟੇ ਹੋਵੇਗਾ।

ਸ਼ਰਤਾਂ :- ਤਬਲਾ ਤੇ ਹਰਮੋਨੀਅਮ ਦੇ ਮਾਹਿਰ ਹੋਣ। ਸੇਵਾਦਾਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ।

ਚਾਹਵਾਨ ਸੇਵਾਦਾਰ ਦਿੱਤੇ ਨੰਬਰ ਤੇ ਸੰਪਰਕ ਕਰਨ ਜਾਂ ਅਰਜ਼ੀਆਂ ਭੇਜਣ ਦੀ ਕ੍ਰਿਪਾਲਤਾ ਕਰਨ

ਵਧੇਰੇ ਜਾਣਕਾਰੀ ਲਈ ਹਰਦਿਆਲ ਸਿੰਘ ਧਮਰੈਤ: 07373 359229, ਸ: ਬਹਾਦਰ ਸਿੰਘ: 07875 289454

**VACANCIES FOR RELIGIOUS WORKERS AT KHALSA DRBAR GURDWARA DERBY U.K.**

**Duties:** Singing holy hyms from Holy Guru Granth Sahib Ji, Assa Di Vaar and other Sikh bani Kirtan with instruments, Playing Drums/Tabla. Cook & Distribute Holy Sweet - Doing Chaur Sahib - Look after Manji Sahibs before going to home, Opening and closing Gurdwara Sahib.

**Location:** Derby.

**Duration & Remuneration:** Attractive Salary will be according to UK employment Law. Boarding and Lodging will be provided. Work 34 hours per week.

**Requirements:** Vast Knowledge of Gurmat and Harmonium. Must Write, read and speak Punjabi. Must have sufficient experience in Harmonium teaching. Clean character certificate required from previous employer. Sevadaar must be Amritdhari. Must have right to work in U.K.

Please apply with cv's to **Email: hdhamrait@hotmail.co.uk**

**Contact : Hardial Singh Damrait: 07373 359229, Bahadar Singh - 07875 289454**

**Closing Date : 5 - November - 2025**

SARBAT DA BHALA DERBY CHARITY NO. 1188193

**KHALSA DARBAR GURDWARA DERBY**

**Sinfin Lane, Derby, DE24 9GP.**

Email:Info@khalsadarbar.co.uk / Web:www.khalsadarbar.co.uk


# ਬ੍ਰਿਟਿਸ਼ ਕੋਲੰਬੀਆ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲਗਾਤਾਰ ਦੂਸਰੀ ਵਾਰ ਵੀ ਜੇਤੂ ਰਹੀ ਹਰਵਿੰਦਰ ਕੌਰ ਸੰਧੂ

ਪੈਰਿਸ (ਸੁਖਵੀਰ ਸਿੰਘ ਸੰਧੂ) ਬੀ ਸੀ ਸਟੇਟ ਵੇਰਨੋਨ ਮੋਨੇਸ਼ੀ ਇਲਾਕੇ ਦੀ ਪਾਰਲੀਮੈਂਟ ਮੈਂਬਰ ਭਾਵ ਐਮ ਐਲ ਏ ਹਰਵਿੰਦਰ ਕੌਰ ਸੰਧੂ ਜੀ ਹਨ। ਜਿਹਨਾਂ ਨੇ ਦੂਸਰੀ ਵਾਰ ਐਮ ਐਲ ਏ ਦੀ ਜਿੱਤ ਹਾਸਲ ਕੀਤੀ ਹੈ। ਜਨਤਾ ਪ੍ਰਤੀ ਪਿਆਰ, ਹਮਦਰਦੀ ਤੇ ਪ੍ਰਭਾਵਸ਼ਾਲੀ ਕੰਮਕਾਰ ਰਾਂਹੀ ਸਭ ਤਰ੍ਹਾਂ ਦੇ ਲੋਕਾਂ ਵਿੱਚ ਸਤਿਕਾਰ ਦੀ ਭਾਵਨਾ ਜਗ੍ਹਾਈ ਹੋਈ ਹੋਈ ਹੈ। ਜਿਸ ਦੀ ਉਦਾਹਰਣ ਉਹਨਾਂ ਲੋਕਾਂ ਦੇ ਸਹਿਯੋਗ ਅਤੇ ਸਦਭਾਵਨਾ ਤੋਂ ਮਿਲਦੀ ਹੈ।



ਕਿਸੇ ਜਮਾਨੇ ਵਿੱਚ ਬੀ ਸੀ ਦੇ ਵਿਕਟੋਰੀਆ ਪਾਰਲੀਮੈਂਟ ਅੰਦਰ ਭੂਰੇ ਕਾਲੇ ਲੋਕਾਂ ਦੀ ਜਾਣ ਦੀ ਮਨਾਹੀ ਹੁੰਦੀ ਸੀ। ਅੱਜ ਜਨਤਾ ਦੀਆਂ ਵੋਟਾਂ ਰਾਂਹੀ ਚੁਣੇ ਹੋਏ ਮੈਂਬਰ ਪਾਰਲੀਮੈਂਟ ਵਿਧਾਨ ਸਭਾ ਦੇ ਇਜਲਾਸ ਵਿੱਚ ਬੀ ਸੀ ਦੇ ਸੁਨਹਿਰੀ ਭਵਿੱਖ ਲਈ ਆਪੋ ਆਪਣੇ ਵਿਚਾਰ ਪੇਸ਼ ਕਰਦੇ ਹਨ। ਇਹਨਾਂ ਦੀ ਲਗਨ ਅਤੇ ਮਿਹਨਤ ਸਦਕਾ ਕਨੇਡਾ ਵਿੱਚ ਰਹਿ ਰਹੇ ਪੰਜਾਬੀਆ ਨੂੰ ਮਾਨ ਮਹਿਸੂਸ ਹੁੰਦਾ ਹੈ। ਪਿਛਲੇ ਦਿੰਨੀ ਵਿਧਾਇੱਕ ਹਰਵਿੰਦਰ ਕੌਰ ਸੰਧੂ ਨੇ ਇਹਨਾਂ ਸਤਰਾਂ ਦੇ ਲੇਖਕ ਨੂੰ ਆਪਣੇ ਦਫਤਰ ਵਿੱਚ ਸਨਮਾਨਿਤ ਵੀ ਕੀਤਾ ਸੀ।

# ਜਦੋਂ ਆਰ. ਐੱਸ. ਐੱਸ ਉੱਤੇ ਉੱਠੇ ਸਵਾਲ

ਗੁਰਮੀਤ ਸਿੰਘ ਪਲਾਹੀ
-9815802070



**ਇਸ ਸਮੇਂ ਭਾਰਤ ਦੀ ਭਾਜਪਾ ਸਰਕਾਰ, ਆਰ. ਐੱਸ. ਐੱਸ ਦੀ ਬਦੌਲਤ ਬਣੀ ਹੋਈ ਹੈ। ਆਰ. ਐਸ. ਐੱਸ. ਦੇ ਮੌਜੂਦਾ ਮੁਖੀ ਮੋਹਨ ਭਾਗਵਤ ਹਨ, ਜੋ ਕਈ ਵੇਰ ਕਹਿ ਚੁੱਕੇ ਹਨ ਕਿ ਸੰਘ ਵਿੱਚ ਸਭ ਕੁਝ ਬਦਲਣਯੋਗ ਹੈ, ਸਿਵਾਏ ਇਸਦੇ ਮੂਲ ਵਿਸ਼ਵਾਸ ਕਿ ਭਾਰਤ ਹਿੰਦੂ ਰਾਸ਼ਟਰ ਹੈ।**



ਰਾਸ਼ਟਰੀ ਸੋਇਮ ਸੇਵਕ ਸੰਘ (ਆਰ. ਐੱਸ. ਐੱਸ.) ਨੇ ਆਪਣੇ 100 ਸਾਲ ਪੂਰੇ ਹੋਣ ਦਾ ਜਸ਼ਨ ਮਨਾਇਆ ਹੈ। ਆਰ. ਐੱਸ. ਐੱਸ. ਨੇ ਆਪਣੀਆਂ ਪ੍ਰਾਪਤੀਆਂ ਪ੍ਰਤੀ ਚਿੰਤਨ ਕੀਤਾ ਹੈ ਅਤੇ ਆਪਣੇ ਅਗਲੇ 100 ਵਰ੍ਹਿਆਂ ਲਈ ਭਵਿੱਖੀ ਯੋਜਨਾਵਾਂ ਵੀ ਆਂਕੀਆਂ ਹਨ। ਸੌ ਵਰ੍ਹਿਆਂ ਦੇ ਸੰਘ ਨੇ ਸਿਆਸਤ ਵਿੱਚ ਖੁਲ੍ਹੇਪਨ ਦੇ ਨਾਲ-ਨਾਲ ਪੀੜ੍ਹੀਗਤ ਬਦਲਾਅ ਦੀ ਪਾਰਦਰਸ਼ੀ ਤਿਆਰੀ ਦਾ ਬਿਗਲ ਵਜਾਇਆ ਹੈ।

ਆਰ. ਐੱਸ. ਐੱਸ. ਦੁਨੀਆ ਦਾ ਸਭ ਤੋਂ ਵੱਡਾ ਇਹੋ ਜਿਹਾ ਸੰਗਠਨ ਹੈ, ਜਿਸ ਦਾ ਵਿਆਪਕ ਅਸਰ ਹੈ ਬਾਵਜੂਦ ਇਸ ਗੱਲ ਦੇ ਕਿ ਉਹ ਸਿੱਧੇ ਤੌਰ 'ਤੇ ਕੋਈ ਸਿਆਸੀ ਧਿਰ ਨਹੀਂ ਹੈ। ਆਰ.ਐੱਸ.ਐੱਸ ਦੀਆਂ ਸ਼ਖਾਵਾਂ ਦੀ ਗਿਣਤੀ ਥੋੜ੍ਹੇ ਸਮੇਂ ਵਿੱਚ ਹੀ ਭਾਰਤ 'ਚ 40,000 ਤੋਂ ਵਧਕੇ 83,000 ਹੋ ਗਈ ਹੈ। ਸੰਘ ਦੀਆਂ ਵਿਦੇਸ਼ਾਂ 'ਚ ਵੀ ਸ਼ਖਾਵਾਂ ਹਨ।

ਆਰ. ਐੱਸ. ਐੱਸ. ਦੇ ਸੰਸਥਾਪਕ ਕੇ.ਬੀ. ਹੇਡਗੇਵਾਰ (ਮਹਾਂਰਾਸ਼ਟਰ) ਸਨ, ਜਿਹਨਾਂ ਆਰ. ਐੱਸ. ਐੱਸ. ਦੀ ਸਥਾਪਨਾ ਕਰਕੇ ਹਿੰਦੂ ਸਮਾਜ ਦੇ ਏਕੀਕਰਨ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਵਿੱਚ ਬਦਲਣ ਦੇ ਆਸ਼ੇ ਨਾਲ ਕੀਤੀ।

ਇਸ ਸਮੇਂ ਭਾਰਤ ਦੀ ਭਾਜਪਾ ਸਰਕਾਰ, ਆਰ. ਐੱਸ. ਐੱਸ ਦੀ ਬਦੌਲਤ ਬਣੀ ਹੋਈ ਹੈ। ਆਰ.ਐਸ.ਐੱਸ. ਦੇ ਮੌਜੂਦਾ ਮੁਖੀ ਮੋਹਨ ਭਾਗਵਤ ਹਨ, ਜੋ ਕਈ ਵੇਰ ਕਹਿ ਚੁੱਕੇ ਹਨ ਕਿ ਸੰਘ ਵਿੱਚ ਸਭ ਕੁਝ ਬਦਲਣਯੋਗ ਹੈ, ਸਿਵਾਏ ਇਸਦੇ ਮੂਲ ਵਿਸ਼ਵਾਸ ਕਿ ਭਾਰਤ ਹਿੰਦੂ ਰਾਸ਼ਟਰ ਹੈ।

ਸਮੇਂ-ਸਮੇਂ ਸੰਘ ਨੇ ਨੀਤੀਆਂ ਬਦਲੀਆਂ। ਸੰਘ ਨੇ ਸੰਵਿਧਾਨਵਾਦ, ਲੋਕਤੰਤਰ ਅਤੇ ਸਮਾਜਿਕ ਕਲਿਆਣ ਨੂੰ ਅਪਨਾਇਆ। ਪਰ ਨਾਲ ਹੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਰੀਏ ਸ਼ਕਤੀਸ਼ਾਲੀ ਹਰਮਨ ਪਿਆਰੇ ਹਿੰਦੂ ਪ੍ਰਤੀਕ ਦੀ ਖੋਜ ਕੀਤੀ,ਜੋ ਸੰਘ ਨੂੰ ਭਗਵਾਨ ਰਾਮ ਦੇ ਰੂਪ 'ਚ ਮਿਲਿਆ। ਇਸ ਰਾਮ ਅੰਦੋਲਨ ਨੂੰ ਤੇਜ ਕੀਤਾ ਗਿਆ, ਜਿਸਨੇ ਭਾਰਤੀ ਸਿਆਸਤ ਹੀ ਬਦਲ ਦਿੱਤੀ। ਆਰ.ਐੱਸ.ਐੱਸ. ਰਾਹੀਂ ਭਾਜਪਾ ਹਾਕਮ ਬਣੀ। ਮੋਦੀ ਪ੍ਰਧਾਨ ਮੰਤਰੀ ਬਣੇ।

ਆਰ. ਐੱਸ. ਐੱਸ. ਨੇ ਕਦੀ ਵੀ ਖ਼ੁਦ ਨੂੰ ਕੇਵਲ ਧਾਰਮਿਕ, ਸੰਸਕ੍ਰਿਤਿਕ, ਜਾਂ ਸਮਾਜਿਕ ਸੰਗਠਨ ਦੇ ਢਾਂਚੇ ਤੱਕ ਸੀਮਤ ਨਹੀਂ ਰੱਖਿਆ। ਇਹ ਦੇਸ਼ ਦੇ ਹਰ ਥਾਂ, ਹਰ ਕੋਨੇ 'ਚ ਮੌਜੂਦ ਹੈ। ਸਰਵਜਨਕ ਜੀਵਨ ਦੇ ਹਰ ਖੇਤਰ ਵਿੱਚ ਇਸ ਵੱਲੋਂ ਆਪਣੇ ਸੰਗਠਨ ਸਥਾਪਿਤ ਕੀਤੇ ਹੋਏ ਹਨ ਅਤੇ ਇਹਨਾਂ ਸੰਗਠਨਾਂ ਦੀ ਮਜ਼ਬੂਤੀ ਲਈ ਲਗਾਤਾਰ ਕਾਰਜ ਵੀ ਇਸ ਵਲੋਂ ਕੀਤੇ ਜਾ ਰਹੇ ਹਨ। ਇਸੇ ਕਰਕੇ ਇਸਦਾ ਸਿਆਸੀ ਪ੍ਰਭਾਵ ਬਿਨਾਂ ਸ਼ੱਕ ਵਿਆਪਕ ਹੈ।

ਸੰਘ, ਭਾਰਤ ਸਰਕਾਰ ਨਾਲ ਕਿਧਰੇ ਵੀ ਰਜਿਸਟਰਡ ਸੰਗਠਨ ਨਹੀਂ, ਨਾ ਗ਼ੈਰ-ਸਰਕਾਰੀ ਸੰਸਥਾ ਵਜੋਂ ਨਾ ਹੀ ਕਿਸੇ ਟਰੱਸਟ ਜਾਂ ਸਵੈ-ਸੇਵੀ ਸੰਸਥਾ ਵਜੋਂ। ਸੰਘ ਆਤਮ ਨਿਰਭਰ ਹੈ। ਸੰਘ ਵੱਲੋਂ ਆਪਣੇ ਮੈਂਬਰਾਂ ਤੋਂ ਬਾਹਰੋਂ ਕੋਈ ਸਹਾਇਤਾ ਜਾਂ ਪੈਸਾ ਵੀ ਨਹੀਂ ਲਿਆ ਜਾਂਦਾ। ਪਰ ਭਾਰਤ ਦੇ ਵੱਖੋ-ਵੱਖਰੇ ਥਾਵਾਂ, ਸ਼ਹਿਰਾਂ, ਨਗਰਾਂ 'ਚ ਸੰਘ ਦੇ ਵਲੰਟੀਅਰਾਂ, ਮੈਂਬਰਾਂ ਨੇ ਸੰਗਠਨ/ਟਰੱਸਟ ਬਣਾਏ ਹੋਏ ਹਨ, ਜੋ ਕਾਨੂੰਨ ਦੇ ਦਾਇਰੇ 'ਚ ਪੈਸਾ ਇਕੱਠਾ ਕਰਦੇ ਹਨ ਅਤੇ ਬੈਂਕ ਖ਼ਾਤੇ ਚਲਾਉਂਦੇ ਹਨ।

ਆਪਣੀ ਸਥਾਪਤੀ ਦੇ ਇੱਕ ਸਦੀ ਬਾਅਦ ਸੰਘ ਭਾਰਤ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤਾਂ ਵਿੱਚੋਂ ਇੱਕ ਹੈ, ਜਿਸਦੀ ਇੱਕ ਵੱਡੀ ਸਿਆਸੀ ਤਾਕਤ ਹੈ। ਕਿੰਨੀ ਮਹੱਤਵਪੂਰਨ ਗੱਲ ਹੈ ਕਿ ਇਸ ਵੱਲੋਂ ਮਿੱਥੇ ਕਈ ਇਤਿਹਾਸਕ ਮੰਤਵ 370-ਧਾਰਾ ਖ਼ਤਮ ਕਰਨਾ ਅਤੇ ਰਾਮ ਮੰਦਿਰ ਦੀ ਸਥਾਪਨਾ, ਸੜਕ 'ਤੇ ਹੋਏ ਕਿਸੇ ਅੰਦੋਲਨ ਨਾਲ ਨਹੀਂ ਬਲਕਿ ਸਰਕਾਰੀ ਕਾਰਵਾਈ ਨਾਲ ਪੂਰੇ ਹੋਏ ਹਨ, ਜੋ ਸੰਘ ਅਤੇ ਭਾਜਪਾ ਵਿਚਕਾਰ ਸਹਿਜ ਗੱਠਜੋੜ ਦੇ ਸੰਕੇਤ ਹੀ ਨਹੀਂ, ਸਬੂਤ ਹਨ। ਅੱਜ ਸੰਘ ਦਾ 90 ਫ਼ੀਸਦੀ ਹਿੱਸਾ, ਸ਼ਾਖਾ ਤੋਂ ਬਾਹਰ ਹੈ। ਸੰਘ ਦਾ ਵਿਆਪਕ ਸਮਾਜ ਦੇ ਨਾਲ ਜਿਆਦਾ ਜੁੜਨਾ ਉਸਦੇ ਵੱਧ ਰਹੇ ਆਤਮ ਵਿਸ਼ਵਾਸ ਨਾਲ ਭਰੀ ਅਵਾਜ਼ ਸਦਕਾ ਹੈ।

ਮੌਜੂਦਾ ਸੰਘ ਮੁਖੀ ਮੋਹਨ ਭਾਗਵਤ ਨੇ ਸੰਘ ਦੇ ਫੈਲਾਅ 'ਚ ਭਰਪੂਰ ਹਿੱਸਾ ਪਾਇਆ ਹੈ। ਉਸਨੇ ਸੰਸਥਾਪਕ ਮੁਖੀ ਐੱਮ. ਐੱਸ. ਗੋਲਵਲਕਰ ਦੀਆਂ ਲਿਖਤਾਂ ਦੇ ਕੁਝ ਪੁਰਾਣੇ ਅੰਸ਼ਾਂ ਤੋਂ ਦੂਰੀ ਬਣਾਕੇ, ਮਨੂ ਸੰਮ੍ਰਿਤੀ ਦੇ ਜਾਤੀਵਾਦੀ ਅੰਗਾਂ ਤੋਂ ਦੂਰ ਹਟਕੇ ਉਹਨਾਂ ਨੂੰ ਖ਼ਾਰਿਜ ਕੀਤਾ, ਹਿੰਦੂਆਂ ਨੂੰ ਹਰ ਮਸਜਿਦ ਦੇ ਹੇਠਾਂ ਮੰਦਿਰ ਲੱਭਣ ਤੋਂ ਗੁਰੇਜ ਕਰਨ ਦਾ ਸੁਨੇਹਾ ਦਿੱਤਾ, ਸਿਵਾਏ ਕਾਸ਼ੀ ਅਤੇ ਮਥੁਰਾ ਦੇ । ਪੁਰਸ਼ ਪ੍ਰਧਾਨ ਸਮਾਜ ਵਿੱਚ ਔਰਤਾਂ ਦੀ ਭਾਗੀਦਾਰੀ, ਜਾਤੀਵਾਦੀ ਭੇਦਭਾਵ ਖ਼ਤਮ ਕਰਨ ਦਾ ਸੱਦਾ ਦਿੱਤਾ। ਸਿੱਟੇ ਵਜੋਂ ਸੰਘ ਭਾਰਤੀ ਸਿਆਸਤ 'ਚ ਭਾਰੂ ਹੁੰਦਾ ਜਾ ਰਿਹਾ ਹੈ। ਇਹ ਸੰਘ ਵੱਲੋਂ ਮੌਜੂਦਾ ਦੌਰ 'ਚ ਸੰਗਠਨਾਤਮਕ ਜ਼ਰੂਰਤਾਂ ਨੂੰ ਦੇਖਦਿਆਂ ਕੀਤੇ ਬਦਲਾਅ ਕਾਰਨ ਵੀ ਸੰਭਵ ਹੋ ਸਕਿਆ ਹੈ।

100 ਸਾਲ ਦੇ ਸਫ਼ਰ ਦੌਰਾਨ ਸੰਸਥਾਪਕ ਮੁਖੀ ਕੇ. ਬੀ. ਹੇਡਗੇਵਾਰ ਤੋਂ ਬਾਅਦ ਗੋਲਵਾਲਕਰ (ਗੁਰੂ ਜੀ), ਬਾਲਾ ਸਾਹਿਬ ਦੇਵਰਸ, ਰਾਜੇਂਦਰ ਸਿੰਘ ਰਾਜੂ ਭਈਆ, ਕੇ. ਐੱਸ. ਸੁਦਰਸ਼ਨ ਅਤੇ ਮੋਹਨ ਭਾਗਵਤ ਨੇ ਅਗਵਾਈ ਕੀਤੀ ਹੈ। ਮੋਹਨ ਭਾਗਵਤ 2009 ਤੋਂ ਸੰਘ ਪ੍ਰਮੁੱਖ ਹਨ। ਇਹਨਾਂ ਮੁਖੀਆਂ ਦੇ ਕਾਰਜਕਾਲ 'ਚ ਸੰਘ ਨੇ ਪਹਿਲੀ ਵੇਰ ਬਾਲਾ ਸਾਹਿਬ ਦੇਵਰਸ ਦੀ ਅਗਵਾਈ 'ਚ ਆਪਣੇ-ਆਪ ਨੂੰ ਸਿਆਸੀ ਧਿਰ ਵਜੋਂ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਸਮੇਂ ਮੁਖ ਧਾਰਾ 'ਚ ਝੋਕਿਆ।

ਪਰ ਰਾਸ਼ਟਰੀ ਸੇਵਕ ਸੰਘ ਨੂੰ ਕਈ ਵੇਰ ਵਿਵਾਦਾਂ ਦਾ ਸਹਾਮਣਾ ਕਰਨਾ ਪਿਆ ਹੈ। ਵੱਡਾ ਵਿਵਾਦ ਮਹਾਤਮਾ ਗਾਂਧੀ ਦੀ ਹੱਤਿਆ ਨਾਲ ਜੁੜਿਆ ਹੋਇਆ ਹੈ। ਗਾਂਧੀ ਜੀ ਦੀ ਹੱਤਿਆ ਨੱਥੂ ਰਾਮ ਗੋਡਸੇ ਨੇ ਕੀਤੀ ਸੀ। ਦੋਸ਼ ਸੀ ਕਿ ਸੰਘ ਦੇ ਗੋਡਸੇ ਨਾਲ ਪੁਰਾਣੇ ਸੰਬੰਧ ਸਨ। ਹਾਲਾਂਕਿ ਇਸ ਸੰਗਠਨ ਅਤੇ ਹੱਤਿਆ ਦੀ ਸਾਜ਼ਿਸ਼ ਦੇ ਵਿਚਕਾਰ ਸਿੱਧਾ ਸੰਬੰਧ ਅਦਾਲਤ 'ਚ ਸਾਬਤ ਨਹੀਂ ਹੋਇਆ।

ਪਰ ਤਤਕਾਲੀ ਸਰਕਾਰ ਨੇ ਸੰਘ ਨੂੰ ਗ਼ੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਅਤੇ ਕਿਹਾ ਕਿ ਇਹ ਬੰਦਿਸ਼ ਨਫ਼ਰਤ ਅਤੇ ਹਿੰਸਾ ਦੀਆਂ ਤਾਕਤਾਂ ਨੂੰ ਜੜ੍ਹ ਤੋਂ ਉਖਾੜਨ ਲਈ ਲਾਈਆਂ ਗਈਆਂ। ਸਾਲ 1949 'ਚ ਇਹ ਬੰਦਿਸ਼ ਹਟਾ ਦਿੱਤੀ ਗਈ ਜਦੋਂ ਆਰ. ਐੱਸ. ਐੱਸ. ਨੇ ਭਾਰਤ ਦੇ ਸੰਵਿਧਾਨ ਅਤੇ ਰਾਸ਼ਟਰੀ ਝੰਡੇ ਦੇ ਪ੍ਰਤੀ ਆਪਣਾ ਵਿਸ਼ਵਾਸ ਪ੍ਰਗਟ ਕੀਤਾ।

ਦੇਸ਼ ਵਿੱਚ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਦਾ ਐਲਾਨ ਕੀਤਾ ਤਾਂ ਹੋਰਨਾਂ ਸੰਗਠਨਾਂ ਦੇ ਨਾਲ-ਨਾਲ ਆਰ. ਐੱਸ. ਐੱਸ. ਨੂੰ ਵੀ "ਬੈਨ" ਕਰ ਦਿੱਤਾ ਗਿਆ। ਇਹੀ ਉਹ ਸਮਾਂ ਸੀ ਜਦੋਂ ਸੰਘ ਨੇ ਆਪਣਾ ਅਧਾਰ ਵਧਾਇਆ । ਅਯੋਧਿਆ ਰਾਮ ਮੰਦਿਰ ਦੇ ਨਿਰਮਾਣ ਲਈ ਅਵਾਜ਼ ਚੁੱਕੀ। ਸੰਘ ਉੱਤੇ ਭੀੜ ਇਕੱਠੀ ਕਰਨ ਦਾ ਦੋਸ਼ ਲੱਗਾ। ਹਾਲਾਂਕਿ ਬਾਅਦ 'ਚ ਇਹ ਬੰਦਿਸ਼ ਹਟਾ ਲਈ ਗਈ।

ਐਮਰਜੈਂਸੀ ਦੇ ਸਮੇਂ ਦੌਰਾਨ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਸਮੇਂ ਸੰਘ ਨੂੰ ਇਹ ਸਰਟੀਫੀਕੇਟ ਵੀ ਜੇ. ਪੀ. ਨਰਾਇਣ ਵੱਲੋਂ ਮਿਲਿਆ, "ਜੇਕਰ ਆਰ. ਐੱਸ. ਐੱਸ. ਫਾਸ਼ੀਵਾਦੀ ਹੈ, ਤਾਂ ਮੈਂ ਵੀ ਫਾਸ਼ੀਵਾਦੀ ਹਾਂ।" ਪਰ ਆਰ. ਐੱਸ. ਐੱਸ. ਦੇ ਅਲੋਚਕਾਂ ਦਾ ਕਹਿਣਾ ਹੈ ਕਿ ਸੰਘ ਦੀ ਵਿਚਾਰਧਾਰਾ ਹਿੰਦੂ ਰਾਸ਼ਟਰ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਂਦੀ ਹੈ, ਜੋ ਧਾਰਮਿਕ ਘੱਟ ਗਿਣਤੀਆਂ ਨੂੰ ਹਾਸ਼ੀਏ 'ਤੇ ਧੱਕਦੀ ਹੈ।

ਜਦੋਂ ਸੰਘ ਦੇ ਮੁਖ ਅਖ਼ਬਾਰ "ਆਰਗੇਨਾਇਜ਼ਰ' ਨੇ 17 ਜੁਲਾਈ 1947 ਨੂੰ 'ਰਾਸ਼ਟਰੀ ਝੰਡਾ' ਸਿਰਲੇਖ ਵਾਲੇ ਸੰਪਾਦਕੀ ਵਿੱਚ ਭਗਵਾਂ ਝੰਡੇ ਨੂੰ ਰਾਸ਼ਟਰੀ ਝੰਡੇ ਦੇ ਤੌਰ 'ਤੇ ਮੰਨਣ ਦੀ ਮੰਗ ਕੀਤੀ ਤਾਂ ਸੰਘ ਨਿਸ਼ਾਨੇ ਹੇਠ ਆਇਆ ਕਿ ਤਿਰੰਗੇ ਦੀ ਥਾਂ ਆਰ. ਐੱਸ. ਐੱਸ. ਭਗਵਾਂ ਝੰਡੇ ਦਾ ਹਿਮਾਇਤੀ ਸੀ। ਅਲੋਚਕ ਤਾਂ ਇਹ ਵੀ ਕਹਿੰਦੇ ਹਨ ਕਿ 2002 ਤੱਕ ਸੰਘ ਨੇ ਆਪਣੇ ਨਾਗਪੁਰ ਦੇ ਮੁੱਖ ਦਫ਼ਤਰ ਵਿੱਚ ਤਿਰੰਗਾ ਝੰਡਾ ਨਹੀਂ ਸੀ ਲਹਿਰਾਇਆ।

ਅਸਲ 'ਚ ਸੰਘ ਸਿਧਾਂਤਕ ਤੌਰ 'ਤੇ ਕਮਿਊਨਿਸਟਾਂ ਨੂੰ ਆਪਣੇ ਮੁੱਖ ਵਿਰੋਧੀ ਮੰਨਦਾ ਹੈ ਅਤੇ ਮੁਸਲਮਾਨਾਂ ਨੂੰ ਵਿਦੇਸ਼ੀ ਹਮਲਾਵਰਾਂ ਦੇ ਵਾਰਸ ਗਰਦਾਨਦਾ ਹੈ ਅਤੇ ਇਸਾਈਆਂ ਨੂੰ ਵਿਦੇਸ਼ੀ।

ਆਰ. ਐੱਸ. ਐੱਸ. ਵੱਲੋਂ ਵਿਦਿਆਰਥੀ ਜੱਥੇਬੰਦੀਆਂ, ਮੁਲਾਜ਼ਮਾਂ, ਸਿੱਖਿਆ ਸੰਸਥਾਵਾਂ ਵਿੱਚ ਆਪਣਾ ਪ੍ਰਭਾਵ, ਅਧਿਕਾਰ ਜਮਾਉਣ ਲਈ ਲਗਾਤਾਰ ਯਤਨ ਹੋਏ ਹਨ। ਦੇਸ਼ ਵਿੱਚ ਭਾਰਤੀ ਵਿਦਿਆਰਥੀ ਪ੍ਰੀਸ਼ਦ, ਭਾਰਤੀ ਮਜ਼ਦੂਰ ਸੰਘ, ਵਿਸ਼ਵ ਹਿੰਦੂ ਪ੍ਰੀਸ਼ਦ, ਭਾਰਤੀ ਸ਼ਿਕਸ਼ਣ ਮੰਡਲ ਅਤੇ ਹੋਰ ਸੰਸਥਾਵਾਂ ਸਥਾਪਿਤ ਕਰਕੇ ਇਸਨੇ ਆਪਣੇ ਅਕਾਰ 'ਚ ਵਾਧਾ ਕੀਤਾ ਹੈ।

ਸਰਕਾਰ ਅਤੇ ਭਾਜਪਾ ਦੀਆਂ ਮੁੱਖ ਪੋਸਟਾਂ ਵੀ ਸੰਘ ਵਲੋਂ ਕਾਬੂ ਕੀਤੀਆਂ ਹੋਈਆਂ ਹਨ ਅਤੇ ਹੋਰ ਕਾਬੂ ਕਰਨ ਦੇ ਲਗਾਤਾਰ ਯਤਨ ਹੁੰਦੇ ਹਨ। ਸਿੱਟੇ ਵਜੋਂ ਸੰਘ ਮੁਖੀ ਮੋਹਨ ਭਾਗਵਤ ਅਤੇ ਮੋਦੀ ਸਰਕਾਰ ਅਤੇ ਮੋਦੀ ਦੇ ਪੈਰੋਕਾਰਾਂ ਵਿੱਚ ਕੁੜੱਤਣ ਵਧਦੀ ਹੈ ਅਤੇ ਟਕਰਾਅ ਦੀ ਨੌਬਤ ਆਉਂਦੀ ਹੈ। ਇਸੇ ਟਕਰਾਅ ਕਾਰਨ ਕਈ ਵੇਰ ਸਰਕਾਰ ਹਚਕੋਲੇ ਖਾਂਦੀ ਦਿਸਦੀ ਰਹੀ।

ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ 2024 ਵਿੱਚ ਕਿਹਾ ਸੀ ਕਿ ਭਾਜਪਾ ਉਸ ਸਮੇਂ ਤੋਂ ਅੱਗੇ ਵੱਧ ਚੁੱਕੀ ਹੈ, ਜਦੋਂ ਉਸ ਨੂੰ ਆਰ. ਐੱਸ. ਐੱਸ. ਦੀ ਲੋੜ ਸੀ। ਇਸ ਬਿਆਨ 'ਤੇ ਮੋਹਨ ਭਾਗਵਤ ਨੇ ਕਿਹਾ ਸੀ , "ਸੇਵਕ (ਜਨਤਾ ਦੀ ਸੇਵਾ ਕਰਨ ਵਾਲੇ) ਵਿੱਚ ਹੰਕਾਰ ਨਹੀਂ ਹੋਣਾ ਚਾਹੀਦਾ, ਭਾਵੇਂ ਰਿਜ਼ਰਵੇਸ਼ਨ ਦਾ ਮਾਮਲਾ ਹੋਵੇ ਜਾਂ ਜਨ ਸੰਖਿਆ ਦਾ ਮੁੱਦਾ, ਜਾਂ ਫਿਰ 75 ਸਾਲ ਦੀ ਉਮਰ 'ਚ ਨੇਤਾ ਦੇ ਰਿਟਾਇਰ ਹੋਣ ਦਾ।" ਸਰਕਾਰ ਅਤੇ ਸੰਘ ਦੇ ਸੰਬੰਧਾਂ 'ਚ ਖਟਾਸ ਵੇਖਣ ਨੂੰ ਮਿਲੀ।

ਇਸੇ ਤਰ੍ਹਾਂ ਦੀ ਕੁੜੱਤਣ ਭਾਜਪਾ ਦੇ ਪ੍ਰਧਾਨ ਦੀ ਚੋਣ 'ਚ ਭਾਜਪਾ ਅਤੇ ਸੰਘ 'ਚ ਵੇਖਣ ਨੂੰ ਮਿਲ ਰਹੀ ਹੈ। ਜੇ.ਪੀ. ਨੱਢਾ ਦਾ ਪ੍ਰਧਾਨਗੀ ਕਾਰਜਕਾਲ 2023 ਦਾ ਖ਼ਤਮ ਹੈ। ਪਰ ਨਵੇਂ ਪ੍ਰਧਾਨ ਦੇ ਨਾਂਅ 'ਤੇ ਸਹਿਮਤੀ ਨਹੀਂ ਹੋ ਰਹੀ, ਕਿਉਂਕਿ ਸੰਘ, ਭਾਜਪਾ ਆਪਣੇ ਪੱਖੀ ਪ੍ਰਧਾਨ ਨਿਯੁਕਤ ਕਰਨਾ ਚਾਹੁੰਦਾ ਹੈ ਅਤੇ ਮੋਦੀ ਧਿਰ ਆਪਣਾ। ਦੋਹਾਂ 'ਚ ਇੱਕ ਲਕੀਰ ਸਪਸ਼ਟ ਦਿੱਖ ਰਹੀ ਹੈ।

ਪਰ ਫਿਰ ਵੀ ਦੇਸ਼ ਦੀ ਹਾਕਮ ਧਿਰ ਭਾਜਪਾ, ਜਿਸ ਢੰਗ ਨਾਲ ਚੋਣ ਕਮਿਸ਼ਨ, ਨਿਆਪਾਲਿਕਾ, ਖ਼ੁਦਮੁਖਤਿਆਰ ਸੰਸਥਾਵਾਂ ਉੱਤੇ ਭਾਰੂ ਹੋ ਰਹੀ ਹੈ ਅਤੇ ਜਿਸ ਢੰਗ ਨਾਲ ਵੱਖੋ-ਵੱਖਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਖੂੰਜੇ ਲਾ ਰਹੀ ਹੈ, ਉਹ ਵਿਚਾਰਧਾਰਿਕ ਤੌਰ 'ਤੇ ਆਰ.ਐੱਸ.ਐੱਸ. ਦੇ ਸਿਧਾਂਤਾਂ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੈ। ਜਿਸ ਕਾਰਨ ਲਗਾਤਾਰ ਦੇਸ਼ 'ਚ ਅਸੰਤੁਸ਼ਟੀ ਦਾ ਮਾਹੌਲ ਪੈਦਾ ਹੋ ਰਿਹਾ ਹੈ ਅਤੇ ਆਲੋਚਕਾਂ ਵੱਲੋਂ ਲਗਾਤਾਰ ਵਿਰੋਧ ਪ੍ਰਗਟ ਕੀਤਾ ਜਾ ਰਿਹਾ ਹੈ। ਹੁਣੇ ਜਿਹੇ ਐਨ.ਸੀ.ਈ.ਆਰ.ਟੀ. ਨੇ ਸਕੂਲਾਂ ਦੇ ਸਿਲੇਬਸ ਵਿੱਚ ਗਾਂਧੀ ਜੀ ਦੀ ਹੱਤਿਆ ਨਾਲ ਸੰਬੰਧਿਤ ਕੁਝ ਅੰਸ਼ ਹਟਾ ਦਿੱਤੇ ਹਨ। ਵਿਰੋਧੀ ਇਸ ਨੂੰ ਸੰਘ ਦੇ ਵਿਵਾਦਿਤ ਅਤੀਤ ਨੂੰ ਮਿਟਾਉਣ ਦਾ ਯਤਨ ਦੱਸ ਰਹੇ ਹਨ।

TAIL PIECE

Dalip Singh Wasan, Advocate
Email: dalipsinghwassan@yahoo.co.in

## Providing employment to all not possible- Raising family income we can try

We have noted that the countries which are now in line as developed countries could provide employment to all and could raise wages to such an exstent that all families are running well with suitable income. They could provide employment even to students ware still in higher education and training and they are not burden onparentws. Here in India even governments could not ensure employment to all. We have noted that when government tries to give employment tomore people, they started some new systems of appointment on contract basis, on fised wages and on low wages and started giving no service benefits to such employees.

Most of the self employed people are running units which cannot rovide employment to others and large number of peole are just ondaily wages having no serice bbefits. Only corporate units and units in cooperative sector with corporatelike units can create more employments and we are stilltrying to establish these units and our rural areas are totally untouched and even cooperative units set up are just small and thereare no chances of more employment in those units.

In our Parliament, the members collected are not free to come up with Bills, Projects, Schemes and Policies because our Parliament remains under two units opposing each other and rarely they could come up with schems which could be in welfare of the people because the members are still divided and cannot use their conscience, will, wisdom, knowledge and discretion and are just supporters and followers just listening two people and we could not turn parliament as House of the People.

On these big points, consideration is still away and therefroee, we must ensure reasonable wages to the people employed in such amanner that that two people from each house could bring income withwhich the family could be run reasonably providing health, education, training, employment and wages so that the coming generations must beable to run families properly. We must for get about proper development because we could not lead the nation on proper way till date. We have noted that the contesting groups are not coming for wardfor proper development nd giving us plans, programmes, schemes, projects and policies for the coming tenure.

## Only House of the people can pass Bills from the Oppositions Side


Elections 2024 brought two groups in the Parliament and uin thistenure, Mr. Rahul Gandhi, leaders of Oppositions shall be coming with Bills on Farms and because the oppositions are with low numbers in the House, only House of the People can pass such Bills.. In the present situations even the ruling front is not in a position to get pass such Bills because they too are with simple majority.

This tenure can function only if the House turns House of the People and functioning should not depend on two groups opposing each other. The House must pass a resolution itself that we sh shallfunction as House of the People and each member shlal be free to workas representative of the people and not merely supporter and followerin the House.

These Bills had been here , were duly passed under old traditions and under forced circumstances Bills passed Notified had tobe withdrawn. The same rehearsal should not be repeated. The Bills must be considered on merits, suggestions too must be considered and taken in and when the Bills come for voting, each member must takeinto consideration the interest of the nation and must cast his vote as per his own conscience, will, wisdom and discretion. These qre the basic conditions laid down in our Constitution for working of the House and the present situations which are based just on two contesting groups, one proposing and the other just rejecting must goand we should turn a real democracy and our Parliament must become House of Representatives of the People and not of the contesting groups.

The people are waiting for this historic change and Mr. Rahul Gandhi shall get credit for introducing this historic change. He had raised some objections on the functioning of democracy in this countryand shall bring practical change in functioning of our Parliament.

## Contesting groups are alive till formation of government



Elections are provided in our Constitution and therefore, some people have formed these contesting groups to fight elections after each tenure of five years. hese contesting groups choose and no0mkinate candidates and after result of elections group coming with larger number forms the government. That is all and government becomes an Executive Bosdy of the Parliament carrying out directions of the Parliament and Parliament does not come under the government. The government is to carry out direcdtions of the Parliament.

The Constitution is not providing convertion of the Parliament House of two contesting groups and even seating arrangement in the Parliament is unconstitutional.

The members in the Parliament become representatives of the people because parliament remains House of the People abnd still bound to work for the welfare and advancement of the country as House of the People. The House is not under the contesting groups and are only and only they are representatives of the people and work for the welfare of the pe people represented through representatives of the people and these members are not supporter and followers of any of the contesting group.

The members of the House are equal and anyone or more than one come up with Bills, Projects, Schemes and Policies for advancement of the people and even express their views and vote as per their own conscience, will, eisdom and discretion and no group can issue whip and directions. The process and system adopted update needs re-examination and let us keep in our mund dignity of each member of the House of the People.


## Vacancy for Religious Worker

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਤਬਲਾ ਵਾਦਕ ਸੇਵਾਦਾਰ ਦੀ ਲੋੜ ਹੈ।
ਜੇ ਕੋਈ ਪੰਜਾਬ / ਇੰਡੀਆ ਤੋਂ ਆਇਆ ਸਿੰਘ ਵੀ ਇਹ ਸੇਵਾ ਕਰਨੀ ਚਾਹੁੰਦਾ ਹੈ ਤਾਂ ਹੇਠਾਂ ਦਿੱਤੇ ਨੰਬਰ 'ਤੇ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ ।

***Job Title:*** **Religious Worker (Sikh Faith)** ***Location*****: Derby, UK**

**We are seeking a dedicated and knowledgeable individual to serve as a Religious Worker within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***

*** Perform and assist in religious ceremonies, including Kirtan, Ardas, and Paath.**
*** Provide guidance and support to members of the congregation in matters of faith and spirituality.**
*** Organise and lead educational sessions on Sikh principles and practices.**
*** Assist with the preparation and serving of Langar.**
*** Promote community outreach and interfaith engagement.**
*** Support the maintenance of the Gurdwara and ensure adherence to Sikh customs and traditions.**

***Person Specification:***

*** Must be a practicing member of the Sikh faith.**
*** Proficiency in reading and understanding Gurmukhi and Sikh scriptures (Guru Granth Sahib Ji).**
*** Experience in conducting Sikh religious ceremonies.**
*** Strong interpersonal and communication skills.**
*** Committed to promoting Sikh values and principles.**

***How to Apply:*** **To apply, please submit your application detailing your experience and motivation for this role.**

**Deadline for Applications: Applications must be submit before 17-10-2025**
**Applications should be sent to Email: info@sgssderby.com or delivered to the Gurdwara Sahib's Address below:**

## Sri Guru Singh Sabha Gurdwara

**1 Princes Street, Normanton, Derby. DE23 8NT. Tel: 01332 773010**
**Please Contact Bhai Ajit Singh 07533 362911**

# ਪੰਜਾਬੀ ਸਾਹਿਤ ਅਤੇ ਕਲਾ ਸੋਸਾਇਟੀ ਬੈਡਫੋਰਡ ਵੱਲੋਂ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਕਵੀ, ਲੇਖਕ ਤੇ ਸੰਪਾਦਕ ਵਿਸ਼ਾਲ ਨਾਲ ਰੂਬਰੂ



ਸਾਹਿਤਕਾਰ ਵਿਸ਼ਾਲ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨ ਬੈਡਫੋਰਡ ਵਿਖੇ ਪੰਜਾਬੀ ਸਾਹਿਤ ਅਤੇ ਕਲਾ ਸੋਸਾਇਟੀ ਬੈਡਫੋਰਡ ਵੱਲੋਂ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਗੁਰੂ ਰਵੀਦਾਸ ਭਵਨ ਵਿਖੇ ਕੀਤੇ ਗਏ ਸਮਾਗਮ ਵਿੱਚ ਕਵੀ, ਲੇਖਕ ਤੇ ਸੰਪਾਦਕ ਵਿਸ਼ਾਲ ਨਾਲ ਰੂਬਰੂ ਕੀਤਾ ਗਿਆ, ਜਿਸ ਵਿੱਚ ਇਲਾਕੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਤੋਂ ਇਲਾਵਾ ਇੰਗਲੈਂਡ ਦੇ ਵੱਖ ਵੱਖ ਸਾਹਿਤਕਾਰਾਂ ਤੇ ਬੁੱਧੀਜੀਵੀ ਵਰਗ ਨੇ ਭਾਗ ਲਿਆ। ਇਸ ਸਮਾਗਮ ਦਾ ਸੰਚਾਲਨ ਕਰਦਿਆਂ ਰੂਪ ਦਵਿੰਦਰ ਕੌਰ ਵੱਲੋਂ ਇਸ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਕਹਾਣੀਕਾਰ ਬਲਵੰਤ ਗਿੱਲ ਵੱਲੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਗਿਆ। ਯੂਰਪੀ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਬਲਵਿੰਦਰ ਸਿੰਘ ਚਾਹਲ ਵੱਲੋਂ ਮੰਤਵ ਦੇ ਸੰਪਾਦਕ ਵਿਸ਼ਾਲ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਜਾਣ ਪਹਿਚਾਣ ਕਰਵਾਈ ਗਈ। ਇਸਦੇ ਬਾਅਦ ਵਿਸ਼ਾਲ ਨਾਲ ਰੂਬਰੂ ਕੀਤਾ ਗਿਆ ਜਿਸ ਵਿੱਚ ਜਿੱਥੇ ਵਿਸ਼ਾਲ ਨੇ ਆਪਣੇ ਵਿਚਾਰ ਸਾਂਝੇ ਕੀਤੇ ਉੱਥੇ ਹਾਜ਼ਰ ਸਰੋਤਿਆਂ ਨਾਲ ਸਵਾਲ ਜਵਾਬ ਦਾ ਸਿਲਸਲਾ ਬਹੁਤ ਪ੍ਰਭਾਵਸ਼ਾਲੀ ਰਿਹਾ। ਇਸਦੇ ਬਾਅਦ ਨਾਵਲਕਾਰ ਮੋਹਿੰਦਰਪਾਲ ਧਾਲੀਵਾਲ, ਨਾਵਲਕਾਰ ਜਸਵਿੰਦਰ ਰੱਤੀਆਂ, ਕਵੀ ਨਛੱਤਰ ਭੋਗਲ, ਸ਼ਾਇਰ ਅਮਨਦੀਪ ਸਿੰਘ ਅਮਨ, ਮਨਜੀਤ ਪੱਡਾ, ਗੁਰਦਵਾਰਾ ਰਵੀਦਾਸ ਭਵਨ ਦੇ ਪ੍ਰਧਾਨ ਜਸਵਿੰਦਰ ਕੁਮਾਰ, ਸ਼ਿਵਦੀਪ ਢੇਸੀ, ਰੁਪਿੰਦਰ ਗਿੱਲ, ਜਤਿੰਦਰ ਬੁਗਲੀ, ਗੁਰਮੁਖ ਸਿੰਘ, ਗੁਰਪ੍ਰੀਤ ਖਹਿਰਾ ਅਤੇ ਗੀਤਕਾਰ ਬਿੰਦਰ ਭਰੋਲੀ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਹੋਰ ਮਹਿਮਾਨਾਂ ਵਿੱਚ ਨਿਰਮਲ ਸਿੰਘ ਖਹਿਰਾ, ਪੱਪਾ ਸਿੰਘਪੁਰੀਆ, ਗਾਇਕ ਪੰਮਾ ਲਸਾੜੀਆ, ਜੱਸੀ ਭੰਗਲ, ਮੇਜਰ ਢੰਡੋਵਾਲ, ਰਾਏ ਬਹਾਦਰ ਸਿੰਘ, ਦਲਜੀਤ ਕੌਰ, ਭਜਨ ਧਾਲੀਵਾਲ, ਰਾਣੀ ਬਸਰਾ ਆਦਿ ਵੀ ਹਾਜ਼ਰ ਸਨ। ਇਸ ਮੌਕੇ ਆਰਟਿਸਟ ਇੰਦਰਜੀਤ ਸਿੰਘ ਵੱਲੋਂ ਬਣਾਈਆਂ ਗਈਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਸਮਾਗਮ ਦੌਰਾਨ ਵਿਸ਼ਾਲ ਅਤੇ ਜਸਵਿੰਦਰ ਕੁਮਾਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਆਏ ਹੋਏ ਮਹਿਮਾਨਾਂ ਦੀ ਹਾਜ਼ਰੀ ਵਿੱਚ ਮੰਤਵ ਮੈਗਜ਼ੀਨ ਦਾ ਦੂਸਰਾ ਅੰਕ ਲੋਕ ਅਰਪਣ ਕੀਤਾ ਗਿਆ। ਜਸਵਿੰਦਰ ਕੁਮਾਰ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਸਮੁੱਚੇ ਸਮਾਗਮ ਦਾ ਸੰਚਾਲਨ ਰੂਪ ਦਵਿੰਦਰ ਕੌਰ ਵੱਲੋਂ ਬਹੁਤ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ।

# ਸਿੱਖ ਏਡ ਸਕਾਟਲੈਂਡ ਦਾ ਸਾਲਾਨਾ ਫੰਡ ਰੇਜਿੰਗ ਸਮਾਗਮ ਸ਼ਾਨੋ-ਸ਼ੌਕਤ ਨਾਲ ਸੰਪੰਨ

# ਗਾਇਕ ਕੁਲਦੀਪ ਪੁਰੇਵਾਲ, ਬਾਦਲ ਤਲਵਣ ਨੇ ਸਮਾਗਮ 'ਚ ਰੰਗ ਭਰੇ





ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)- ਸਕਾਟਲੈਂਡ ਤੋਂ ਸੰਚਾਲਿਤ ਸੰਸਥਾ ਸਿੱਖ ਏਡ ਸਕਾਟਲੈਂਡ ਵੱਲੋਂ ਮੱਧ ਪ੍ਰਦੇਸ਼ ਵਿੱਚ ਵਸਦੇ ਸਿਕਲੀਗਰ ਵਣਜਾਰੇ ਸਿੱਖਾਂ ਦੇ ਬੱਚਿਆਂ ਦੀ ਵਿੱਦਿਆ ਲਈ ਸਕੂਲ ਨਿਰਮਾਣ ਅਤੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਨਿਸ਼ਕਾਮ ਉਪਰਾਲੇ ਪਿਛਲੇ ਢਾਈ ਦਹਾਕਿਆਂ ਤੋਂ ਕੀਤੇ ਜਾ ਰਹੇ ਹਨ। ਇਸ ਵਰ੍ਹੇ ਦਾ ਫੰਡ ਇਕੱਤਰ ਸਮਾਗਮ ਨਾਰਮੰਡੀ ਹੋਟਲ ਵਿਖੇ ਕਰਵਾਇਆ ਗਿਆ, ਜਿਸ ਵਿੱਚ ਭਾਈਚਾਰੇ ਦੀਆਂ ਸੈਂਕੜੇ ਸ਼ਖਸ਼ੀਅਤਾਂ ਵੱਲੋਂ ਹਿੱਸਾ ਲਿਆ ਗਿਆ।

ਸਮਾਗਮ ਦੀ ਸ਼ੁਰੂਆਤ ਗੁਰਦੁਆਰਾ ਐਲਬਰਟ ਡਰਾਈਵ ਦੇ ਵਜ਼ੀਰ ਭਾਈ ਅਮਰੀਕ ਸਿੰਘ, ਭਾਈ ਮਨਪ੍ਰੀਤ ਸਿੰਘ ਤੇ ਭਾਈ ਗਗਨਦੀਪ ਸਿੰਘ ਜੀ ਵੱਲੋਂ ਸਿਖਾਏ ਜਾ ਰਹੇ ਬੱਚਿਆਂ ਦੀ ਤਬਲੇ ਦੀ ਪੇਸ਼ਕਾਰੀ ਨਾਲ ਹੋਈ। ਇਸ ਉਪਰੰਤ 'ਦੇਹਿ ਸ਼ਿਵਾ ਬਰ ਮੋਹਿ ਇਹੈ' ਸ਼ਬਦ ਗਾਇਨ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਸ: ਸੁਲੱਖਣ ਸਿੰਘ ਸਮਰਾ ਨੇ ਪ੍ਰਧਾਨਗੀ ਭਾਸ਼ਣ ਰਾਹੀਂ ਦੂਰੋਂ ਨੇੜਿਓਂ ਆਈ ਸੰਗਤ ਨੂੰ ਜੀ ਆਇਆਂ ਕਿਹਾ। ਇਸ ਉਪਰੰਤ "ਮਹਿਕ ਪੰਜਾਬ ਦੀ" ਗਿੱਧਾ ਗਰੁੱਪ ਵੱਲੋਂ ਗਿੱਧੇ ਦੀ ਪੇਸ਼ਕਾਰੀ ਰਾਹੀਂ ਸਮਾਗਮ ਵਿੱਚ ਰੰਗ ਭਰੇ। ਹਿੰਮਤ ਖੁਰਮੀ ਵੱਲੋਂ ਆਪਣੀ ਕਵਿਤਾ "ਤੁਸੀਂ ਚਿੱਤ ਨਾ ਡੁਲਾਇਓ ਵਣਜਾਰਿਓ ਸਿੰਘੋ" ਬੋਲ ਕੇ ਖੂਬ ਵਾਹ ਵਾਹ ਖੱਟੀ। ਸਾਊਥਾਲ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਨੌਜਵਾਨ ਗਾਇਕ ਬਾਦਲ ਤਲਵਣ ਨੇ ਆਪਣੀ ਦਮਦਾਰ ਗਾਇਕੀ ਰਾਹੀਂ ਹਾਜ਼ਰੀਨ ਨੂੰ ਝੂਮਣ ਲਾ ਦਿੱਤਾ। ਸੰਸਥਾ ਦੇ ਮੋਢੀ ਆਗੂ ਸਰਦਾਰ ਗੁਰਦੀਪ ਸਿੰਘ ਸਮਰਾ ਨੇ ਹਾਜ਼ਰੀਨ ਨੂੰ ਸੰਸਥਾ ਦੇ ਕੰਮਾਂ ਤੋਂ ਵਿਸਥਾਰਪੂਰਵਕ ਜਾਣੂ ਕਰਵਾਇਆ ਤੇ ਸਿਕਲੀਗਰ ਵਣਜਾਰੇ ਸਿੱਖਾਂ ਦਾ ਸਾਥ ਦੇਣ ਦੀ ਅਪੀਲ ਕੀਤੀ। ਇਸ ਉਪਰੰਤ ਹਰਸਿਮਰਤ ਕੌਰ ਨੇ ਆਪਣੀ ਤਕਰੀਰ ਰਾਹੀਂ ਆਈ ਸੰਗਤ ਦਾ ਧੰਨਵਾਦ ਕੀਤਾ। ਭਾਈ ਸੁਰਿੰਦਰ ਸਿੰਘ ਨੇ ਬਹੁਤ ਹੀ ਖੂਬਸੂਰਤ ਸ਼ਬਦਾਂ ਨਾਲ ਸਿੱਖ ਏਡ ਸਕਾਟਲੈਂਡ ਦੇ ਉਪਰਾਲਿਆਂ ਨੂੰ ਸ਼ਾਬਾਸ਼ ਦਿੱਤੀ। ਅਮਰੀਕਾ ਤੇ ਕੈਨੇਡਾ ਤੋਂ ਆਏ ਵਫਦ ਵਿੱਚੋਂ ਸਰਦਾਰ ਦੀਪ ਸਿੰਘ ਯੂ ਐੱਸ ਏ, ਸਤਨਾਮ ਸਿੰਘ ਯੂ ਐੱਸ ਏ, ਬਲਦੇਵ ਸਿੰਘ ਵਿਜ ਤੇ ਡਾ: ਅਮ੍ਰਿਤ ਸਿੰਘ ਨੇ ਵੀ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਚਾਰ ਪੇਸ਼ ਕਰਦਿਆਂ ਸਿੱਖ ਏਡ ਸਕਾਟਲੈਂਡ ਤੇ ਸਾਥੀ ਸੰਸਥਾਵਾਂ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਸਮੇਂ ਦਾਨ ਰੂਪ ਵਿੱਚ ਸੰਗਤ ਕੋਲੋਂ ਮਿਲੀਆਂ ਦੁਰਲੱਭ ਵਸਤਾਂ ਦੀ ਨਿਲਾਮੀ ਕਰਕੇ ਸੰਸਥਾ ਲਈ ਦਾਨ ਰਾਸ਼ੀ ਜੁਟਾਈ ਗਈ।

ਇਸ ਤੋਂ ਇਲਾਵਾ ਵਿਜੇਪਾਲ ਸਿੰਘ ਵਿਰ੍ਹੀਆ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਬ੍ਰੈਡਫੋਰਡ ਲੀਡਜ਼ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਸ਼ਵ ਪ੍ਰਸਿੱਧ ਗਾਇਕ ਕੁਲਦੀਪ ਪੁਰੇਵਾਲ ਦੀ ਵਾਰੀ ਆਈ ਤਾਂ ਹਾਜ਼ਰੀਨ ਨੇ ਤਾੜੀਆਂ ਨਾਲ ਉਹਨਾਂ ਦਾ ਜੋਸ਼ੀਲਾ ਸਵਾਗਤ ਕੀਤਾ। ਕੁਲਦੀਪ ਪੁਰੇਵਾਲ ਨੇ ਇੱਕ ਤੋਂ ਬਾਅਦ ਇੱਕ ਆਪਣੇ ਹਿੱਟ ਗੀਤਾਂ ਨਾਲ ਸਮਾਗਮ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਰੈਫਲ ਟਿਕਟਾਂ ਰਾਹੀਂ ਦਾਨ 'ਚ ਮਿਲੀਆਂ ਵਸਤਾਂ ਜੇਤੂਆਂ ਨੂੰ ਤਕਸੀਮ ਕਰਨ ਦੀ ਰਸਮ ਸਕਾਟਲੈਂਡ ਦੇ ਜੰਮਪਲ ਬੱਚਿਆਂ ਵੱਲੋਂ ਨਿਭਾਈ ਗਈ। ਡਾ: ਇੰਦਰਜੀਤ ਸਿੰਘ ਐੱਮ ਬੀ ਈ ਵੱਲੋਂ ਵਿਸਥਾਰਪੂਰਵਕ ਭਾਸ਼ਣ ਦੌਰਾਨ ਆਏ ਲੋਕਾਂ, ਸਹਿਯੋਗੀ ਸੰਸਥਾਵਾਂ ਤੇ ਸੱਜਣਾਂ ਦਾ ਬਹੁਤ ਹੀ ਮੋਹ ਭਰੇ ਲਫ਼ਜ਼ਾਂ ਨਾਲ ਧੰਨਵਾਦ ਕੀਤਾ। ਇਸ ਤਰ੍ਹਾਂ ਸ਼ਾਮ ਵੇਲੇ ਤੋਂ ਸ਼ੁਰੂ ਹੋ ਕੇ ਦੇਰ ਰਾਤ ਤੱਕ ਚੱਲਿਆ ਇਹ ਸਮਾਗਮ ਅਨੇਕਾਂ ਯਾਦਾਂ ਛੱਡਦਾ ਤੇ ਅਗਲੇ ਸਾਲ ਮੁੜ ਮਿਲਣ ਦੇ ਵਾਅਦੇ ਨਾਲ ਸੰਪੰਨ ਹੋ ਗਿਆ। ਸਮੁੱਚੇ ਸਮਾਗਮ ਦੇ ਮੰਚ ਸੰਚਾਲਨ ਦੇ ਫਰਜ਼ ਡਾ: ਸਤਬੀਰ ਗਿੱਲ ਤੇ ਮਨਦੀਪ ਖੁਰਮੀ ਹਿੰਮਤਪੁਰਾ ਵੱਲੋਂ ਬਹੁਤ ਜ਼ਿੰਮੇਵਾਰੀ ਨਾਲ ਨਿਭਾਏ ਗਏ।

# ਪ੍ਰਸਿੱਧ ਸ਼ਾਇਰ ਵਿਸ਼ਾਲ ਦਾ ਯੂ ਕੇ ਵਿੱਚ ਸਨਮਾਨ



ਪੰਜਾਬੀ ਸਾਹਿਤਕਾਰ ਵਿਸ਼ਾਲ ਦਾ ਸਨਮਾਨ ਕਰਦੇ ਹੋਏ ਪੰਜਾਬੀ ਲੇਖਕ

ਲੰਡਨ ( ਮਨਪ੍ਰੀਤ ਸਿੰਘ ਬੱਧਨੀ ਕਲਾਂ ) ਪੰਜਾਬ ਤੋਂ ਇੰਗਲੈਂਡ ਦੇ ਸਾਹਿਤਕ ਦੌਰੇ 'ਤੇ ਆਏ ਜਾਣੇ-ਪਛਾਣੇ ਲੇਖਕ ਵਿਸ਼ਾਲ ਦਾ ਲੰਡਨ ਵਿੱਚ ਪੰਜਾਬੀ ਸਾਹਿਤਕਾਰਾਂ ਵੱਲੋਂ ਭਰਵਾਂ ਸੁਆਗਤ ਕੀਤਾ ਗਿਆ। ਸ਼ਾਇਰ ਅਜ਼ੀਮ ਸ਼ੇਖਰ ਦੇ ਗ੍ਰਹਿ ਵਿਖੇ ਇੱਕ ਵਿਸ਼ੇਸ਼ ਬੈਠਕ ਦੌਰਾਨ ਵਿਸ਼ਾਲ ਨਾਲ ਵਰਤਮਾਨ ਦੌਰ ਵਿੱਚ ਪੰਜਾਬੀ ਸਾਹਿਤ ਦੇ ਸਰੋਕਾਰਾਂ ਸੰਬੰਧੀ ਭਰਵੀਂ ਚਰਚਾ ਹੋਈ। ਛਪ ਰਹੇ ਪੰਜਾਬੀ ਰਸਾਲਿਆਂ ਅਤੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਬਾਰੇ ਗੱਲਬਾਤ ਹੋਈ। ਨਾਵਲਕਾਰ ਹਰਜੀਤ ਅਟਵਾਲ, ਮਹਿੰਦਰ ਪਾਲ ਧਾਲੀਵਾਲ, ਕੁਲਵੰਤ ਕੌਰ ਢਿੱਲੋਂ, ਮਨਜੀਤ ਕੌਰ ਪੱਡਾ, ਪਰਮਜੀਤ ਸੰਧਾਵਾਲੀਆ, ਗੁਰਪ੍ਰੀਤ, ਰਘਬੀਰ ਸੰਧਾਵਾਲੀਆ, ਰਾਜਦੀਪ, ਅਜ਼ੀਮ ਸ਼ੇਖਰ ਅਤੇ ਹੋਰ ਦੋਸਤ ਵਿਚਾਰ - ਚਰਚਾ ਵਿੱਚ ਹਾਜ਼ਰ ਹੋਏ। ਇਸ ਮੌਕੇ ਰਸਾਲਾ 'ਮੰਤਵ' ਵੀ ਲੋਕ ਅਰਪਣ ਕੀਤਾ ਗਿਆ। ਸਮੂਹ ਲੇਖਕਾਂ ਵੱਲੋਂ ਵਿਸ਼ਾਲ ਨੂੰ ਇੱਕ ਯਾਦਗਾਰੀ ਚਿੰਨ੍ਹ ਵੀ ਭੇਂਟ ਕੀਤਾ ਗਿਆ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ–14

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਗੁਰਬਾਣੀ ਅਤੇ ਭਗਤਬਾਣੀ ਖ਼ਾਸ ਕਰਕੇ ਕਬੀਰ ਬਾਣੀ ਨੂੰ ਗੁਰੂ ਨਾਨਕ ਦੀ ਬਾਣੀ ਸਾਹਮਣੇ ਰੱਖਕੇ ਠੀਕ ਤਰ੍ਹਾਂ ਅਧਿਯਨ ਕੀਤੇ ਬਿਨਾਂ ਲਿਖਿਆ ਜਾਂਦਾ ਰਿਹਾ ਹੈ। ਅਸਲ ਵਿੱਚ ਇਸ ਬਾਣੀ ਤੋਂ ਨਿਰਣੈ ਹੁੰਦਾ ਹੈ ਕੌਣ ਕਿਸ ਤੋਂ ਪ੍ਰਭਾਵਤ ਹੋਇਆ ? ਅੰਗ੍ਰੇਜ਼ ਲਿਖਾਰੀਆਂ ਨੇ ਆਮ ਤੌਰ 'ਤੇ ਮੁੱਖ ਗੱਲ ਇਕੋ ਦੁਹਰਾਈ ਹੈ, ਗੁਰੂ ਨਾਨਕ ਜੀ ਨੇ ਆਪਣੇ ਧਰਮ ਦੀਆਂ ਬਹੁਤ ਸਾਰੀਆਂ ਜੁਗਤਾਂ ਕਬੀਰ ਜੀ ਤੋਂ ਸਿੱਖੀਆਂ ਸਨ। ਉਹ ਜੁਗਤਾਂ ਦੱਸੀਆਂ ਜਾਣ ਤਾਂ ਦੇਖਿਆ ਜਾਵੇ ਕਿ ਇਸ ਵਿੱਚ ਕਿੰਨਾ ਸੱਚ ਹੈ।**

ਨਾਮਦੇਵ ਦੇ ਨਾਮ ਨਾਲ ਸੰਬੰਧਿਤ ਮੰਦਰ, ਪੰਡਰਪੁਰ, ਔਢਾ ਦੀ ਯਾਤਰਾ ਸਮੇਂ, ਸੈਣ ਭਗਤ ਦੀ ਮਰਾਠੀ ਰਚਨਾ ਦੀ ਪ੍ਰਾਪਤੀ ਭੀ ਹੋਈ। ਧਰਮ ਦਾਸ, ਕਬੀਰ ਜੀ ਦੇ ਪਹਿਲੇ ਚੇਲੇ ਦੇ ਨਾਮ ਉੱਤੇ ਮਿਲਦੀ ਵੱਡ ਅਕਾਰੀ ਗ੍ਰੰਥਾਵਲੀ ਦੇ ਢੇਰ ਨੂੰ ਪੜ੍ਹਿਆ ਹੈ। ਜਿਸ ਵਿੱਚ ਸਤਿਨਾਮ ਦਾ ਅਨੇਕਾਂ ਥਾਂਈ ਵਰਨਣ ਆਉਂਦਾ ਹੈ। ਕਬੀਰ ਪੰਥ ਨਾਲ ਨੇੜਤਾ ਰੱਖਦੀਆਂ ਸ਼ਾਖਾਂ, ਦਾਦੂ ਪੰਥੀ ਅਤੇ ਗਰੀਬ ਦਾਸੀਆਂ ਦੇ ਸਾਹਿਤ ਵਿੱਚੋਂ ਕਾਫੀ ਅੰਸ਼, ਕੰਮ ਆਉਣ ਵਾਲੇ ਮਿਲੇ ਹਨ। ਦਾਦੂ ਪੰਥੀ, ਗਰੀਬ ਦਾਸੀ, ਆਦਿਕ ਸੰਪਰਦਾਵਾਂ ਦੇ ਸਾਹਿਤ ਦਾ ਇਕ ਮਹੱਤਵ ਹੈ। ਇਹ ਗ੍ਰੰਥ ਅੰਗ੍ਰੇਜ਼ਾਂ ਦੇ ਆਉਣ ਤੋਂ ਪਹਿਲਾਂ ਦੇ ਹਨ, ਏਨ੍ਹਾਂ ਨੇ ਕਬੀਰ ਜੀ ਨੂੰ ਸਿਕੰਦਰ ਲੋਧੀ ਵੱਲੋਂ ਤਸੀਹੇ ਦਿੱਤੇ ਲਿਖੇ ਹਨ। ਧਰਮ ਦਾਸ, ਕਬੀਰ ਜੀ ਦੇ ਪਹਿਲੇ ਚੇਲੇ ਦੀ ਰਚਨਾ ਵਿੱਚ ਕਬੀਰ ਜੀ ਨੂੰ ਦੁਖੀ ਕਰਨ ਵਾਲੇ ਦਾ ਨਾਮ ਸਿਕੰਦਰ ਲੋਧੀ ਆਇਆ ਹੈ। ਪੀਪਾ ਜੀ ਦੇ ਭਤੀਜੇ ਅਨੰਤ ਦਾਸ ਦੀ ਪਰਚਈ (1645 ਬਿਕਰਮੀ) ਦੀ ਲਿਖਤ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ। ਹਿੰਦੂ ਯੂਨੀਵਰਸਿਟੀ ਦੇ ਵਿਦਵਾਨ ਰਾਜਬਾਲੀ ਪਾਂਡੇ ਨੇ ਫ਼ਾਰਸੀ ਬੋਲੀ ਦਾ ਪ੍ਰਚਲਣ ਸਿਕੰਦਰ ਦੇ ਦੌਰਿਆਂ ਪਿੱਛੋਂ ਹੋਇਆ ਲਿਖਿਆ ਹੈ, ਜ਼ਿਲ੍ਹਾ ਗੈਜ਼ਟੀਅਰਾਂ ਵਿੱਚੋਂ ਇਸ ਤੱਥ ਨੂੰ ਪ੍ਰਮਾਣਤ ਕੀਤਾ ਹੈ। ਭਸ਼ਾਈ ਪੱਖੋਂ ਇਕ ਹੋਰ ਪਹਿਲੂ ਹੈ। ਭਗਤਾਂ ਦੀ ਬਾਣੀ ਵਿੱਚ ਆਈ ਬੋਲੀ ਕਈ ਪੱਖਾਂ ਨੂੰ ਰੁਸ਼ਨਾਉਂਦੀ ਹੈ। ਨਾਮਦੇਵ, ਕਬੀਰ, ਰਵਿਦਾਸ ਆਦਿ ਬਾਣੀ ਵਿੱਚ ਫ਼ਾਰਸੀ ਦੇ ਲਫ਼ਜ਼ ਦੱਸਦੇ ਹਨ ਕਿ ਇਹ ਰਚਨਾਵਾਂ ਮੁਸਲਮਾਨਾਂ ਦੇ ਉਨ੍ਹਾਂ ਦੇ ਇਲਾਕਿਆਂ ਵਿੱਚ ਪੁੱਜਣ ਤੋਂ ਪਿੱਛੋਂ ਦੀਆਂ ਹਨ, ਜਦੋਂ ਸਥਾਨਕ ਬੋਲੀ ਵਿੱਚ ਫ਼ਾਰਸੀ ਰੱਚ ਮਿੱਚ ਗਈ ਸੀ। ਮਸੀਤਾਂ ਬਣ ਗਈਆਂ ਸਨ, ਮੁਸਲਮਾਨੀ ਸ਼ਰ੍ਹਾ ਨੇ ਹਿੰਦੂ ਸਮਾਜ ਨੂੰ ਪ੍ਰਭਾਵਤ ਕਰ ਲਿਆ ਸੀ। ਵਿਦਵਾਨਾਂ ਨੇ ਇਹ ਸਮਾਂ ਪੰਦਰ੍ਹਵੀਂ ਸਦੀ ਤੋਂ ਪਿੱਛੋਂ ਦਾ ਦੱਸਿਆ ਹੈ। ਸਰ ਭੰਡਾਰਕਰ (ਮਹਾਰਾਸ਼ਟਰੀਅਨ) ਰਾਜ ਬਲੀ ਪਾਂਡੇ (ਕਾਸ਼ੀ ਵਾਸੀ) ਜਦੋਂ ਇਸ ਹਕੀਕਤ ਵੱਲ ਉਂਗਲ ਕਰਦੇ ਹਨ, ਫਿਰ ਕਿਸੇ ਕਿਸਮ ਦੀ ਕਲਪਿਤ ਕਹਾਣੀ ਨਹੀਂ ਰਹਿ ਜਾਂਦੀ। ਬਲਵੰਤ ਪਟਵਰਧਨ ਦੇ ਭਾਸ਼ਣ, ਕਲਕੱਤਾ ਤੇ ਬੰਬਈ ਯੂਨੀਵਰਸਿਟੀ ਵੱਲੋਂ ਕਰਾਏ ਗਏ ਸਨ। ਜਿਸ ਵਿੱਚ ਉਨ੍ਹਾਂ ਨਾਮਦੇਵ ਦੀ ਭਾਸ਼ਾ ਪੰਦਰਾਂ ਸੌ (ਈ:) ਤੋਂ ਪਿੱਛੋਂ ਦੀ ਦਾਹਵੇ ਨਾਲ ਦੱਸਿਆ ਹੈ। ਏਹੋ ਕਾਰਨ ਹੈ ਭਗਤ ਬਾਣੀ ਦੀ ਭਾਸ਼ਾ ਵਿੱਚ ਗੁਰਮਤੀ ਰੰਗ ਭਰਪੂਰ ਹੈ। ਭਗਤੀ ਮੱਤ ਦੀਆਂ ਰਚਨਾਵਾਂ ਦੇ ਜੋ ਨਮੂਨੇ ਦਿੱਤੇ ਹਨ ਉਨ੍ਹਾਂ ਤੋਂ ਇਸ ਦੇ ਝਲਕਾਰੇ ਕਈ ਰੂਪਾਂ ਵਿੱਚ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਭਗਤਾਂ ਨਾਲ ਸ਼ਬਦ ਸਾਂਝਾਂ, ਵਾਕ ਸਾਂਝਾਂ, ਖਿਆਲ ਦੀਆਂ ਸਾਂਝਾਂ, ਦੇ ਮਿਲਦੇ ਵਾਕ ਕਈ ਰੂਪਾਂ ਵਿੱਚ ਹਨ। ਕਬੀਰ ਪੰਥੀਆਂ ਦੇ ਸਾਰੇ ਡੇਰਿਆਂ ਦੇ ਮਹੰਤ ਤੇ ਗ੍ਰੰਥ, ਰਵਾਇਤੀ ਪਰੰਪਰਾ ਭੀ ਇਹੋ ਮੰਨਦੀ ਹੈ। ਕਬੀਰ ਪੰਥੀ ਸਾਹਿਤ ਵਿੱਚ ਭੀ ਗੁਰੂ ਨਾਨਕ ਜੀ ਨਾਲ ਮਿਲਦੇ ਵਿਰਤਾਂਤ ਦਿੱਤੇ ਹਨ, ਬੇਸ਼ੱਕ ਕਬੀਰ ਪੰਥੀਆਂ ਨੇ ਹਾਸੋ ਹੀਣੀਆਂ ਕਲਪਨਾਵਾਂ ਭੀ ਕੀਤੀਆਂ ਹਨ, ਜਿਵੇਂ ਵੇਈਂ ਨਦੀ ਦੀ ਜਲ ਸਮਾਧੀ ਸਮੇਂ ਕਬੀਰ ਜੀ ਦਾ ਜਿੰਦ ਪੀਰ ਦੇ ਰੂਪ ਵਿੱਚ ਉਡਕੇ ਪੰਜਾਬ ਜਾਣਾ, ਅਤੇ ਅਕਾਲ ਪੁਰਖ ਬਣਕੇ ਗੁਰੂ ਨਾਨਕ ਜੀ ਨੂੰ ਦੀਖਿਆ ਦੇਣੀ ਲਿਖੀ ਹੈ। ਅਜਿਹੀਆਂ ਗੱਪਾਂ ਗੁਰੂ ਨਾਨਕ ਨਾਲੋਂ ਭੀ ਸਦੀਆਂ ਪਹਿਲਾਂ ਹੋਏ ਦੁਨੀਆਂ ਦੇ ਪ੍ਰਸਿੱਧ ਮਜ਼ਹਬੀ ਆਗੂਆਂ ਨੂੰ ਕਬੀਰ ਜੀ ਵੱਲੋਂ ਉਪਦੇਸ਼ ਦੇਣ ਦੀਆਂ ਘਾੜਤਾਂ ਘੱਟ ਨਹੀਂ ਘੜੀਆਂ। ਕਬੀਰ ਮਨਸੂਰ ਗ੍ਰੰਥ ਵਿੱਚ ਈਸਾ ਜੀ ਅਤੇ ਮੁਹੰਮਦ ਜੀ ਨੂੰ ਕਬੀਰ ਵੱਲੋਂ ਉਪਦੇਸਿਆ ਲਿਖਕੇ ਆਪਣੀ ਅੰਨ੍ਹੀ ਸ਼ਰਧਾ ਦੇ ਭੋਖੜੇ ਦੀ ਉਦਰਪੂਰਤੀ ਕੀਤੀ ਹੈ। ਅਜਿਹੀਆਂ ਗੱਲਾਂ ਇਨ੍ਹਾਂ ਗ੍ਰੰਥਾਂ ਨੂੰ ਅਲਫ਼ ਲੈਲਾ ਦੇ ਕਿੱਸੇ ਬਨਾਉਣ ਦੀ ਪੱਧਰ ਉੱਤੇ ਲੈ ਆਉਂਦੀਆਂ ਹਨ। ਕੁਝ ਸੱਜਣ ਨਵੇਂ ਪੁਰਾਣੇ ਖੋਜੀ, ਅੰਗ੍ਰੇਜ਼ ਲਿਖਾਰੀਆਂ ਦੀਆਂ ਲਿਖਤਾਂ ਨੂੰ ਬੜਾ ਮਹੱਤਵ ਦਿੰਦੇ ਹਨ। ਅੰਗ੍ਰੇਜ਼ ਲਿਖਾਰੀਆਂ ਕੋਲ ਕੋਈ ਪੁਰਾਣੇ ਰੋਜਨਾਮਚੇ ਤਾਂ ਹੈ ਨਹੀਂ ਸਨ। ਉਨ੍ਹਾਂ ਜਿਥੋਂ ਦੇਖ ਪੜ੍ਹਕੇ ਕੁਝ ਲਿਖਿਆ ਹੋਵੇ, ਉਹ ਜਿਸ ਡੇਰੇ ਗਏ ਜੋ ਗੱਲਾਂ ਸੁਣੀਆਂ ਲਿਖ ਦਿੱਤੀਆਂ। ਸਿੱਖ ਸਾਹਿਤ ਦੇ ਕਈ ਗ੍ਰੰਥ ਹੁਣ ਤੱਕ ਅਣਛਪੇ ਤੇ ਉਸ ਤੋਂ ਵੱਧ ਅਣਗੌਲੇ ਰਹੇ ਹਨ। ਗੁਰਬਾਣੀ ਅਤੇ ਭਗਤਬਾਣੀ ਖ਼ਾਸ ਕਰਕੇ




ਕਬੀਰ ਬਾਣੀ ਨੂੰ ਗੁਰੂ ਨਾਨਕ ਦੀ ਬਾਣੀ ਸਾਹਮਣੇ ਰੱਖਕੇ ਠੀਕ ਤਰ੍ਹਾਂ ਅਧਿਯਨ ਕੀਤੇ ਬਿਨਾਂ ਲਿਖਿਆ ਜਾਂਦਾ ਰਿਹਾ ਹੈ। ਅਸਲ ਵਿੱਚ ਇਸ ਬਾਣੀ ਤੋਂ ਨਿਰਣੈ ਹੁੰਦਾ ਹੈ ਕੌਣ ਕਿਸ ਤੋਂ ਪ੍ਰਭਾਵਤ ਹੋਇਆ? ਅੰਗ੍ਰੇਜ਼ ਲਿਖਾਰੀਆਂ ਨੇ ਆਮ ਤੌਰ 'ਤੇ ਮੁੱਖ ਗੱਲ ਇਕੋ ਦੁਹਰਾਈ ਹੈ, ਗੁਰੂ ਨਾਨਕ ਜੀ ਨੇ ਆਪਣੇ ਧਰਮ ਦੀਆਂ ਬਹੁਤ ਸਾਰੀਆਂ ਜੁਗਤਾਂ ਕਬੀਰ ਜੀ ਤੋਂ ਸਿੱਖੀਆਂ ਸਨ। ਉਹ ਜੁਗਤਾਂ ਦੱਸੀਆਂ ਜਾਣ ਤਾਂ ਦੇਖਿਆ ਜਾਵੇ ਕਿ ਇਸ ਵਿੱਚ ਕਿੰਨਾ ਸੱਚ ਹੈ। ਦੋਵਾਂ ਮਹਾਂ ਪੁਰਖਾਂ ਦੀ ਬਾਣੀ ਦੇ ਭਾਵ ਨਾ ਸਮਝਣ ਕਰਕੇ, ਇਹ ਗੱਲ, ਬਦਲਵੇਂ ਲਫ਼ਜ਼ਾਂ ਵਿੱਚ ਹੁਣ ਤੱਕ ਦੁਹਰਾਈ ਜਾਂਦੀ ਹੈ। ਨਵੇਂ ਅੰਗ੍ਰੇਜ਼ ਲੇਖਕ ਮੈਕਲੋਡ ਜਿਹਿਆਂ ਦੀਆਂ ਲਿਖਤਾਂ ਦਾ ਅਧਾਰ ਭੀ ਇਹੋ ਜਿਹੀਆਂ ਕਲਪਨਾਂ ਹੀ ਹਨ। ਜਿਵੇਂ ਕਿ ਮੈਕਲੋਡ ਦਾ ਮੱਤ ਹੈ ਗੁਰੂ ਨਾਨਕ ਜੀ ਦੀ ਆਤਮਾ ਨੂੰ ਕਬੀਰ ਜੀ ਨੇ ਪ੍ਰਕਾਸ਼ ਕੀਤਾ। ਦੋਵਾਂ ਦੀ ਬਾਣੀ ਤੋਂ ਜੋ ਸਪੱਸ਼ਟ ਹੁੰਦਾ ਹੈ, ਜੋ ਸਿੱਟੇ ਨਿਕਲਦੇ ਹਨ। ਇਹ ਤੇ ਇਹੋ ਜਿਹੀਆਂ ਗੱਲਾਂ ਉਨ੍ਹਾਂ ਵਿੱਚੋਂ ਕੁਝ ਕੁ ਅਸੀਂ ਇਸ ਪੋਥੀ ਵਿੱਚ ਦਿਖਾਏ ਹਨ, ਅਸੀਂ ਗੁਰੂ ਨਾਨਕ ਅਤੇ ਕਬੀਰ ਜੀ ਦੇ ਮੇਲ ਤੋਂ ਭੱਜਣ ਵਾਲਿਆਂ ਵਿੱਚ ਸ਼ਾਮਿਲ ਨਹੀਂ ਹੋਏ। ਜਿੰਨੀ ਭੀ ਵਾਰ ਮੇਲ ਹੋਇਆ ਦੱਸਿਆ ਹੈ ਠੀਕ ਮੰਨਿਆ ਹੈ। ਏਹ ਮੇਲ ਇਤਿਹਾਸਕ ਤੌਰ 'ਤੇ ਭੀ ਸਿੱਧ ਹੈ, ਪਰੰਪਰਾ ਉਸ ਤੋਂ ਭੀ ਵਧੀਕ ਚਮਕਦਾ ਸੱਚ ਦਿਖਾਉਂਦੀ ਹੈ। ਤੱਥਾਂ ਦਾ ਸੱਚਾ ਸਿੱਟਾ ਦੇਖਣ ਲਈ ਦੋਵਾਂ ਦੀ ਬਾਣੀ ਨੂੰ ਕਸਵੱਟੀ ਦੇ ਰੂਪ ਵਿੱਚ ਅਧਾਰ ਬਣਾਇਆ ਹੈ। ਕਿਸ ਦਾ ਕਿਸ ਉੱਤੇ ਪ੍ਰਭਾਵ ਪਿਆ? ਇਸ ਦਾ ਪਤਾ ਬਾਣੀ ਦਿੰਦੀ ਹੈ। ਖ਼ਾਸ ਕਰਕੇ ਕਬੀਰ ਜੀ ਦੀ ਬਾਣੀ। ਬਨਾਰਸ ਦੇ ਮੌਲਾਨਾ ਰਸ਼ੀਦੁਦੀਨ ਦੀ ਲਿਖਤ ਤੋਂ ਕਬੀਰ ਜੀ ਅਤੇ ਰਾਮਾਨੰਦ ਤੇ ਉਨ੍ਹਾਂ ਦੇ ਦੂਜਿਆਂ ਚੇਲਿਆਂ ਦੇ ਨਾਵਾਂ ਦਾ ਪਤਾ ਚੱਲਦਾ ਹੈ। ਇਸ ਜ਼ਮਾਨੇ ਦੀ ਇਕ ਅਜਿਹੀ ਹਸਤੀ ਫ਼ਕੀਰ ਤਕੀ ਦੀ ਹੈ। ਜਿਸ ਦਾ ਜ਼ਿਕਰ ਕਬੀਰ ਚੌਰੇ ਵਿੱਚ ਸਥਾਪਤ, ਕਬੀਰ ਬੀਜਕ ਵਿੱਚ ਤਿੰਨ ਵਾਰ ਆਉਂਦਾ ਹੈ। ਫ਼ਕੀਰ ਤਕੀ ਸਿਕੰਦਰ ਦੇ ਪੀਰ ਸਨ, ਰਾਮਾਨੰਦ ਅਤੇ ਕਬੀਰ ਜੀ ਨਾਲ ਉਸ ਦੀਆਂ ਵਿਚਾਰ ਗੋਸ਼ਟੀਆਂ ਹੁੰਦੀਆਂ ਰਹੀਆਂ।

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

## ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

**ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 1 ਕੀਰਤਨੀ ਸਿੰਘ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ–ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦਾ ਹੋਵੇ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿੱਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਵੇ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ ਸੇਵਾਦਾਰ ਦੀ ਜਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।**

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ 24 ਅਕਤੂਬਰ 2025 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

**1 VACANCY for Temporary Religious Worker (Tier 5)**

THE DUTIES OF THE RELIGIOUS WORKER SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI (MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 24th October 2025**

*Please send your application to the president or vice president by post or via email*

**NANAKSAR GURDWARA PLECK**

**4 Wellington Street, Pleck, Walsall WS2 9QR**

President: Karamjeet Singh Dhillon - 01922 641040
Vice President: Jurloden Singh - 01922 641040
Email:gurdwara.pleck@gmail.com

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼


ਗੁਰਦੁਆਰਾ ਸ਼ਹੀਦ ਗੰਜ (ਬਾਬਾ ਦੀਪ ਸਿੰਘ ਜੀ)

## ਅੰਮ੍ਰਿਤਸਰ ਦੇ ਗੁਰਦੁਆਰੇ

**12. ਗੁਰਦੁਆਰਾ ਪਿੱਪਲੀ ਸਾਹਿਬ ਪੁਤਲੀ ਘਰ:**

ਇਹ ਗੁਰਦੁਆਰਾ ਰੇਲਵੇ ਸਟੇਸ਼ਨ ਤੋਂ ਪੁਤਲੀ ਘਰ ਜਾਂਦੀ ਸੜਕ ਦੇ ਚੌਕ ਤੋਂ ਅਬਾਦੀ ਇਸਲਾਮਾਬਾਦ ਵਾਲੇ ਬਜ਼ਾਰ ਦੇ ਵਿੱਚਕਾਰ ਸੁਸ਼ੋਭਿਤ ਹੈ। ਰੇਲਵੇ ਸਟੇਸ਼ਨ ਤੋਂ 1.5 ਕਿਲੋਮੀਟਰ ਦੂਰ ਪੱਛਮ ਵੱਲ ਖ਼ਾਲਸਾ ਕਾਲਜ ਪਾਸੇ ਸਥਿਤ ਹੈ।

ਇਹ ਉਹ ਥਾਂ ਹੈ ਜਿਥੇ ਗੁਰੂ ਅਰਜਨ ਸਾਹਿਬ ਪਵਿੱਤਰ ਸਰੋਵਰ ਦੀ ਕਾਰ-ਸੇਵਾ ਵਾਸਤੇ ਆ ਰਹੀਆਂ, ਅਫ਼ਗਾਨਿਸਤਾਨ ਅਤੇ ਉੱਤਰ-ਪੱਛਮੀ ਪੰਜਾਬ ਦੇ ਪਿੰਡਾਂ ਅਤੇ ਜ਼ਿਲ੍ਹਿਆਂ ਵਿੱਚੋਂ ਆ ਰਹੀਆਂ ਸੰਗਤਾਂ ਨੂੰ ਜੀ ਆਇਆਂ, ਖ਼ੁਸ਼-ਆਮਦੀਦ ਆਖਦੇ ਸਨ ਅਤੇ ਸੰਗਤਾਂ ਲਈ ਠਹਿਰਨ ਦਾ ਪ੍ਰਬੰਧ ਕਰਦੇ ਸਨ। ਇਥੇ ਪਹਿਲਾਂ ਪਿੱਪਲ ਦੇ ਕਾਫੀ ਦਰਖ਼ਤ ਸਨ ਅਤੇ ਖੂਹ ਵੀ ਹੈ। ਪਿੱਪਲ ਦਾ ਵੱਡਾ ਦਰਖ਼ਤ ਅੱਜ ਵੀ ਮੌਜੂਦ ਹੈ ਜਿਸ ਕਾਰਨ ਗੁਰਦੁਆਰੇ ਦਾ ਨਾਂ ਪਿੱਪਲੀ ਸਾਹਿਬ ਹੋ ਗਿਆ।

22 ਮਈ ਨੂੰ ਗੁਰੂ ਅਰਜਨ ਸਾਹਿਬ ਲਾਹੌਰ ਸ਼ਹੀਦੀ ਦੇਣ ਗਏ ਤਾਂ ਸ਼ਹਿਰ ਦੀਆਂ ਸੰਗਤਾਂ ਭਾਰੀ ਗਿਣਤੀ ਵਿੱਚ ਗੁਰੂ ਸਾਹਿਬ ਨਾਲ ਤੁਰੀਆਂ ਤਾਂ ਪਿੱਪਲੀ ਸਾਹਿਬ ਦੇ ਅਸਥਾਨ ਤੋਂ ਗੁਰੂ ਸਾਹਿਬ ਦੀ ਆਗਿਆ ਮੰਨ ਕੇ ਵਾਪਸ ਮੁੜੀਆਂ ਸਨ। ਗੁਰੂ ਹਰਿਗੋਬਿੰਦ ਸਾਹਿਬ ਦਾ ਜੋ ਪਹਿਲਾ ਧਰਮ ਯੁੱਧ ਮੁਗ਼ਲ ਫੌਜਾਂ ਨਾਲ ਹੋਇਆ ਉਸ ਸਮੇਂ ਵੀ ਖ਼ਾਲਸਾ ਕਾਲਜ, ਪਿੱਪਲੀ ਸਾਹਿਬ ਅਤੇ ਲੋਹਗੜ੍ਹ ਤੱਕ ਮੈਦਾਨ-ਏ-ਜੰਗ ਬਣ ਗਿਆ ਸੀ। ਇਸੇ ਥਾਂ ਗੁਰੂ ਸਾਹਿਬ ਨੇ ਕਮਰਕੱਸਾ ਖੋਲ੍ਹਿਆ ਸੀ। ਸਿੱਖ ਰਾਜ ਸਮੇਂ ਇਸ ਗੁਰਦੁਆਰੇ ਨਾਲ ਕਾਫੀ ਜ਼ਮੀਨ ਲਗਾਈ ਗਈ। ਸ੍ਰੀ ਅੰਮ੍ਰਿਤ ਸਰੋਵਰ (ਦਰਬਾਰ ਸਾਹਿਬ) ਦੀ ਪਹਿਲੀ ਕਾਰ-ਸੇਵਾ ਜੂਨ 1923 ਨੂੰ ਸ਼ੁਰੂ ਕਰਨ ਸਮੇਂ ਭਾਰੀ ਸੰਗਤਾਂ ਜਲੂਸ ਦੇ ਰੂਪ ਵਿੱਚ ਕਹੀਆਂ, ਬਾਟੇ, ਤਸਲੇ ਲੈ ਕੇ ਇਸ ਅਸਥਾਨ ਤੋਂ ਅਰਦਾਸਾ ਸੋਧ ਕੇ ਦਰਬਾਰ ਸਾਹਿਬ ਵੱਲ ਤੁਰੀਆਂ ਸਨ। ਪੁਰਾਤਨ ਪਿੱ-ਪਲੀ ਅਤੇ ਬੋਹੜ ਦੇ ਦਰਖ਼ਤ ਅੱਜ ਵੀ ਮੌਜੂਦ ਹਨ। ਜਨਵਰੀ-ਫਰਵਰੀ (ਬਸੰਤ ਪੰਚਮੀ) ਨੂੰ ਭਾਰੀ ਰੌਣਕਾਂ ਲੱਗਦੀਆਂ ਹਨ। ਰੋਜ਼ ਨਾਮ ਸਿਮਰਨ ਅਤੇ ਕੀਰਤਨ ਦਾ ਪ੍ਰਵਾਹ ਚੱਲਦਾ ਹੈ।

**13. ਗੁਰਦੁਆਰਾ ਸ਼ਹੀਦ ਗੰਜ (ਬਾਬਾ ਦੀਪ ਸਿੰਘ ਜੀ):**

ਇਹ ਗੁਰਦੁਆਰਾ ਚਾਟੀਵਿੰਡ ਗੇਟ ਕੋਲ, ਸ਼ਹਿਰ ਦੀ ਦੀਵਾਰ ਅੰਦਰ ਹੈ। ਇਹ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਦੀ ਯਾਦ ਵਿੱਚ ਬਣਿਆ ਹੈ ਜਿਥੇ ਸ਼ਹੀਦ ਮਿਸਲ ਦੇ ਬਾਬਾ ਦੀਪ ਸਿੰਘ, ਦਮਦਮਾ ਸਾਹਿਬ (ਤਲਵੰਡੀ ਸਾਬੋ) ਜ਼ਿਲ੍ਹਾ ਬਠਿੰਡਾ ਤੋਂ ਆ ਕੇ ਦਰਬਾਰ ਸਾਹਿਬ ਨੂੰ ਅਫ਼ਗਾਨ ਹਮਲਾਵਰਾਂ ਕੋਲੋਂ ਆਜ਼ਾਦ ਕੀਤਾ ਜਿਨ੍ਹਾਂ ਅਫ਼ਗਾਨੀਆਂ ਨੇ ਹਮਲਾ ਕਰਕੇ ਦਰਬਾਰ ਸਾਹਿਬ ਦੀ ਬੇਹੁਰਮਤੀ ਕੀਤੀ ਸੀ। ਇਥੇ ਹੀ ਬਾਬਾ ਜੀ 11 ਨਵੰਬਰ 1757 ਨੂੰ ਸਖ਼ਤ ਜ਼ਖ਼ਮੀ ਹੋਏ ਸਨ। ਬਾਬਾ ਜੀ ਬਹੁਤ ਸਾਰੀਆਂ ਜ਼ਬਾਨਾਂ ਦੇ ਵਿਦਵਾਨ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਕੇ ਸਾਰੇ ਤਖ਼ਤਾਂ ਉੱਤੇ ਪ੍ਰਚਾਰ ਲਈ ਭੇਜੇ। ਬਾਬਾ ਬੰਦਾ ਸਿੰਘ ਬਹਾਦਰ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਨਾਲ ਯੁੱਧਾਂ ਵਿੱਚ ਮੋਢੇ ਨਾਲ ਮੋਢਾ ਲਾ ਕੇ ਜੂਝਦੇ ਰਹੇ। ਇਕ ਰਿਵਾਇਤ ਅਤੇ ਇਤਿਹਾਸਕ ਪ੍ਰਪੇਖ ਵਿੱਚ ਬਾਬਾ ਦੀਪ ਸਿੰਘ ਜੀ ਨੇ ਆਪਣਾ ਦੋ ਧਾਰਾ ਖੰਡਾ ਵਾਹਿਆ, ਯੁੱਧ ਸਮੇਂ ਗੋਹਲਵੜ ਵਿਖੇ ਮੁਕਾਬਲੇ ਵਿੱਚ ਬਾਬਾ ਜੀ ਦਾ ਸੀਸ ਧੜ ਤੋਂ ਵੱਖ ਹੋ ਗਿਆ। ਹੁਣ ਇਥੇ ਗੁਰਦੁਆਰਾ ਟਾਹਲਾ ਸਾਹਿਬ ਹੈ। ਕਹਿੰਦੇ ਹਨ, ਬਾਬਾ ਜੀ ਨੇ ਆਪਣਾ ਸੀਸ ਖੱਬੇ ਹੱਥ ਦੀ ਤਲੀ 'ਤੇ ਰੱਖ ਲਿਆ, ਖੰਡਾ ਵਾਹੁੰਦੇ ਅਤੇ ਵੱਧਦੇ ਹੋਏ ਚਾਟੀਵਿੰਡ ਤੱਕ ਪਹੁੰਚ ਗਏ। ਦੁਸ਼ਟ ਦੁਸ਼ਮਣਾਂ ਦੇ ਘੇਰੇ ਵਿੱਚ ਜਕੜ ਗਏ ਤਾਂ ਆਪਣਾ ਸੀਸ ਹਰਿਮੰਦਰ ਸਾਹਿਬ ਵੱਲ ਭੇਟ ਕੀਤਾ ਅਤੇ 11 ਨਵੰਬਰ 1757 (1706) ਨੂੰ ਸ਼ਹੀਦੀ ਜਾਮ ਪੀਤਾ। ਚਾਟੀਵਿੰਡ ਦੇ ਅਸਥਾਨ ਉੱਤੇ ਬਾਬਾ ਦੀਪ ਸਿੰਘ ਜੀ ਦੇ ਧੜ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ। ਸ. ਜੱਸਾ ਸਿੰਘ ਰਾਮਗੜ੍ਹੀਆ (ਦੇਹਾਂਤ 1803) ਜੋ ਰਾਮਗੜ੍ਹੀਆ ਮਿਸਲ ਦੇ ਮੁਖੀ ਸਨ, ਨੇ ਬਾਬਾ ਦੀਪ ਸਿੰਘ ਯਾਦਗਾਰ ਕਾਇਮ ਕੀਤੀ ਜਿਸ ਨੂੰ ਬਾਅਦ ਵਿੱਚ ਅਕਾਲੀ ਫੂਲਾ ਸਿੰਘ (ਦੇਹਾਂਤ 1823) ਨੇ ਗੁਰਦੁਆਰਾ ਸਾਹਿਬ ਬਣਾਇਆ। ਇਸ ਗੁਰਦੁਆਰੇ ਦੀ ਸੇਵਾ-ਸੰਭਾਲ ਕਾਫੀ ਸਮਾਂ ਸ਼ਹੀਦ ਮਿਸਲ ਦੇ ਸਰਦਾਰ ਕਰਮ ਸਿੰਘ ਦੀ ਵੰਸ਼ ਕਰਦੀ ਸੀ। ਇਹ ਗੁਰਦੁਆਰਾ 1924 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਿਆ। ਇਸ ਗੁਰਦੁਆਰੇ ਦੇ ਆਸ-ਪਾਸ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਵੰਸ਼ ਨੇ ਸਾਰੀ ਮਲਕੀ-ਤੀ ਜ਼ਮੀਨ ਜਾਇਦਾਦ ਗੁਰਦੁਆਰਾ ਸ਼ਹੀਦ ਗੰਜ ਨੂੰ ਦੇ ਦਿਤੀ। ਇਸ ਨੂੰ ਗੁਰ-ਦੁਆਰਾ ਸ਼ਹੀਦਾਂ ਦੇ ਨਾਂ ਨਾਲ ਵੀ ਪ੍ਰਸਿੱਧੀ ਮਿਲੀ ਹੈ। 1978 ਦੀ ਵਿਸਾਖੀ ਸਮੇਂ ਸੂਰਬੀਰ ਭਾਈ ਫੌਜਾ ਸਿੰਘ ਸਮੇਤ 12 ਹੋਰ ਸਿੰਘ ਸ਼ਹੀਦ (ਨਕਲੀ ਨਿਰੰਕਾਰੀਆਂ ਹੱਥੋਂ) ਹੋਏ ਸਨ, ਉਨ੍ਹਾਂ ਦਾ ਸਸਕਾਰ ਇਸ ਦੇ ਨਜ਼ਦੀਕ ਬਿਬੇਕਸਰ ਵਾਲੀ ਥਾਂ ਉੱਤੇ ਕੀਤਾ ਗਿਆ ਸੀ।

**14. ਗੁਰਦੁਆਰਾ ਟੋਭਾ ਭਾਈ ਸਾਲ੍ਹੋ ਜੀ:**

ਇਹ ਗੁਰਦੁਆਰਾ ਗੁਰੂ ਕੇ ਮਹਿਲ ਕੋ, ਲੰਮੇ ਵਾਲੀ ਗਲੀ ਵਿਖੇ ਬੇਬੇ ਵਾਲੇ ਖੂਹ ਦੇ ਨਾਲ ਸਥਿਤ ਹੈ। ਭਾਈ ਸਾਲ੍ਹੋ ਜੀ (ਦੇਹਾਂਤ 1628) ਗੁਰੂ ਰਾਮਦਾਸ ਸਾਹਿਬ ਦੇ ਪ੍ਰਮੁੱਖ ਸਿੱਖ ਸੀ ਜੋ ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿੱਚ ਜੁਟਿਆ ਰਿਹਾ। ਅੰਮ੍ਰਿਤਸਰ ਦਾ ਪੂਰਾ ਪ੍ਰਬੰਧ ਭਾਈ ਸਾਲ੍ਹੋ ਜੀ ਦੇ ਜ਼ਿੰਮੇ ਹੋਣ ਕਾਰਨ ਇਨ੍ਹਾਂ ਨੂੰ ਆਮ ਤੌਰ 'ਤੇ ਅੰਮ੍ਰਿਤਸਰ ਦਾ ਕੋਤਵਾਲ ਆਖਿਆ ਜਾਂਦਾ ਸੀ, ਇਹ ਧਰਮਸ਼ਾਲਾ ਇਨ੍ਹਾਂ ਦੀ ਰਿਹਾਇਸ਼ਗਾਹ ਅਤੇ ਕੰਮਕਾਜ ਦੀ ਥਾਂ ਸੀ। ਇਸੇ ਦੇ ਨਾਲ ਇਕ ਤਾਲਾਬ ਸੀ ਜਿਸ ਨੂੰ ਭਾਈ ਸਾਲ੍ਹੋ ਦਾ ਟੋਭਾ ਆਖਿਆ ਜਾਂਦਾ ਸੀ, ਜਿਸ ਨੂੰ 1863 ਵਿੱਚ ਅੰਗ੍ਰੇਜ਼ਾਂ ਨੇ ਪੂਰ ਦਿੱਤਾ ਸੀ। ਗੁਰੂ ਅਰਜਨ ਸਾਹਿਬ ਨੇ ਧਰਮਸ਼ਾਲਾ ਨੂੰ ਗੁਰਦੁਆਰਾ ਬਣਾਇਆ।

ਅਜੋਕੀ ਦੋ-ਮੰਜ਼ਲੀ ਗੁਰਦੁਆਰਾ ਇਮਾਰਤ, ਗੁੰਬਦਾਂ ਨਾਲ ਸਜੀ ਦੂਰੋਂ ਨਜ਼ਰੀਂ ਪੈਂਦੀ ਹੈ। ਗੁਰੂ ਕਾ ਲੰਗਰ ਅਤੇ ਸੇਵਾਦਾਰਾਂ ਲਈ ਰਿਹਾਇਸ਼ੀ ਕਮਰੇ ਤਾਮੀਰ ਕੀਤੇ ਗਏ ਹਨ। ਹਰ ਸਾਲ 28 ਸਤੰਬਰ ਨੂੰ ਭਾਈ ਸਾਲ੍ਹੋ ਜੀ ਦੇ ਜਨਮ ਦਿਨ 'ਤੇ ਭਾਰੀ ਰੌਣਕਾਂ ਲੱਗਦੀਆਂ ਹਨ। ਹਰ ਐਤਵਾਰ ਨੂੰ ਸੰਗਤ-ਪੰਗਤ ਦੇ ਪ੍ਰਵਾਹ ਚੱਲਦੇ ਹਨ।

**15. ਗੁਰਦੁਆਰਾ ਦਰਸ਼ਨੀ ਡਿਉੜੀ:**

ਇਹ ਗੁਰਦੁਆਰਾ ਬਾਜ਼ਾਰ ਮਾਈ ਸੇਵਾਂ ਵਿੱਚ ਹੈ। ਗੁਰੂ ਅਰਜਨ ਸਾਹਿਬ ਨੇ 1594 ਵਿੱਚ ਗੁਰੂ ਬਾਜ਼ਾਰ ਆਬਾਦ ਕੀਤਾ। ਗੁਰੂ ਸਾਹਿਬ ਗੁਰੂ ਕੇ ਮਹਿਲ ਤੋਂ ਹਰਿਮੰਦਰ ਸਾਹਿਬ ਵੱਲ ਜਾਂਦੇ ਤਾਂ ਇਸ ਅਸਥਾਨ ਤੋਂ ਹਰਿਮੰਦਰ ਸਾਹਿਬ ਦਿੱਸ ਪੈਣ 'ਤੇ ਮੱਥਾ ਟੇਕ ਕੇ ਨਮਸਕਾਰ ਕਰਦੇ। ਇਸੇ ਅਸਥਾਨ 'ਤੇ ਇਕ ਸੁੰਦਰ ਦਰਵਾਜ਼ਾ ਬਣਾਇਆ ਜੋ ਦਰਸ਼ਨੀ ਡਿਉੜੀ ਦੇ ਨਾਂ ਨਾਲ ਪ੍ਰਸਿੱਧ ਹੈ। ਕੋਈ ਵੀ ਘਰ ਜਾਂ ਦੁਕਾਨ ਇਨ੍ਹਾਂ ਦੋਵੇਂ ਪਵਿੱਤਰ ਥਾਵਾਂ ਦੇ ਦਰਸ਼ਨਾਂ ਵਿੱਚ ਰੁਕਾਵਟ ਨਹੀਂ ਬਣਦੀ।

**16. ਗੁਰਦੁਆਰਾ ਸ਼ਹੀਦ ਬਾਬਾ ਬੋਤਾ ਸਿੰਘ, ਗਰਜਾ ਸਿੰਘ ਜੀ:**

ਇਹ ਗੁਰਦੁਆਰਾ ਬਾਬਾ ਬੋਤਾ ਸਿੰਘ ਅਤੇ ਗਰਜਾ ਸਿੰਘ ਦੀ ਯਾਦ ਵਿੱਚ ਹੈ ਜੋ ਨੂਰਦੀਨ ਦੀ ਸਰਾਂ ਦੀ ਪੁਲੀ (ਨੇੜੇ ਤਰਨਤਾਰਨ) ਵਿੱਚ ਖੜ੍ਹੇ ਹੋ ਕੇ ਖ਼ਾਲਸਾ ਰਾਜ ਦਾ ਟੈਕਸ ਹਾਲਾ ਉਗਰਾਹੁਣ ਲੱਗ ਪਏ ਅਤੇ ਲਾਹੌਰ ਦੇ ਨਵਾਬ ਜ਼ਕਰੀਆ ਖਾਨ ਦੇ ਨਾਮ, ਚਿੱਠੀ ਲਿਖ ਭੇਜੀ : ਚਿੱਠੀ ਲਿਖੈ ਯੋਂ ਸਿੰਘ ਬੋਤਾ। ਹੱਥ ਹੈ ਸੋਟਾ ਵਿੱਚ ਰਾਹ ਖਲੋਤਾ। ਆਨਾ ਲਾਯਾ ਗੱਡੇ ਨੂੰ ਪੈਸਾ ਲਾਯਾ ਖੋਤਾ। ਆਖ ਭਾਬੀ ਖਾਨੋ ਨੂੰ ਯੋਂ ਆਖੇ ਸਿੰਘ ਬੋਤਾ। ॥24॥ (ਪ੍ਰਾਚੀਨ ਗੁਰੂ ਪੰਥ ਪ੍ਰਕਾਸ਼) ਬਾਬਾ ਬੋਤਾ ਸਿੰਘ ਅਤੇ ਗਰਜਾ ਸਿੰਘ ਜੂਝਦੇ ਹੋਏ ਸ਼ਹੀਦੀਆਂ ਪਾ ਗਏ। ਇਨ੍ਹਾਂ ਸੂਰਬੀਰਾਂ ਯੋਧਿਆਂ ਦੀ ਯਾਦ ਵਿੱਚ ਖ਼ੂਬਸੂਰਤ ਗੁਰਦੁਆਰਾ ਬਣਿਆ ਹੈ। ਬਾਣੀ ਦਾ ਪ੍ਰਵਾਹ ਚੱਲਦਾ ਹੈ।

**17. ਗੁਰਦੁਆਰਾ ਦਮਦਮਾ ਸਾਹਿਬ:**

ਇਹ ਗੁਰਦੁਆਰਾ ਰੇਲਵੇ ਲਾਈਨ ਅਤੇ ਸ਼ੇਰਸ਼ਾਹ ਸੂਰੀ ਮਾਰਗ ਵਿੱਚਕਾਰ ਅੰਮ੍ਰਿਤ-ਸਰ ਰੇਲਵੇ ਸਟੇਸ਼ਨ ਤੋਂ ਤਿੰਨ ਕਿਲੋਮੀਟਰ ਪੂਰਬ ਵੱਲ ਆਉਂਦਾ ਹੈ। ਇਹ ਗੁਰ-ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਵਿੱਚ ਬਣਿਆ ਹੈ ਜਦੋਂ ਗੁਰੂ ਸਾਹਿਬ ਅੰਮ੍ਰਿਤਸਰ ਤੋਂ ਪਿੰਡ ਵੱਲਾ 1664 ਵਿੱਚ ਜਾਣ ਸਮੇਂ ਕੁਝ ਸਮਾਂ ਇਥੇ ਠਹਿਰੇ ਸਨ। ਜਿਵੇਂ ਇਹ ਖ਼ਬਰ ਫੈਲੀ ਕਿ ਮੀਣਾ ਸੰਪਰਦਾ ਦੇ ਪੁਜਾਰੀਆਂ ਨੇ ਗੁਰੂ ਜੀ ਨੂੰ ਹਰਿਮੰਦਰ ਸਾਹਿਬ ਮੱਥਾ ਟੇਕਣ ਤੋਂ ਰੁਕਾਵਟਾਂ ਪੈਦਾ ਕੀਤੀਆਂ ਤਾਂ ਅੰਮ੍ਰਿਤਸਰ ਦੀਆਂ ਸੰਗਤਾਂ ਖ਼ਾਸ ਕਰ ਬੀਬੀਆਂ ਗੁਰੂ ਸਾਹਿਬ ਤੋਂ ਮੁਆਫੀ ਮੰਗਣ ਆਈਆਂ। ਇਥੇ ਹੀ ਉਨ੍ਹਾਂ ਬੀਬੀਆਂ ਦੀ ਸ਼ਰਧਾ ਵੇਖ ਕੇ ਮਾਈਆਂ ਰੱਬ ਰਜਾਈਆਂ ਦੇ ਬਚਨ ਆਪਣੇ ਮੁਖਾਰਬਿੰਦ ਤੋਂ ਉਚਾਰੇ। ਇਸ ਗੁਰਦੁਆਰੇ ਦੀ ਇਮਾਰਤ ਦਾ ਕੰਮ 20ਵੀਂ ਸਦੀ ਦੇ ਸ਼ੁਰੂ ਵਿੱਚ ਸੰਤ ਸਿੰਘ ਕੋਲੇਵਾਲੀ ਨੇ ਸ਼ੁਰੂ ਕੀਤਾ, ਜੋ ਪੱਥਰ ਦਾ ਪ੍ਰਸਿੱਧ ਵਪਾਰੀ ਸੀ।

**18. ਗੁਰਦੁਆਰਾ ਸਾਰਾਗੜ੍ਹੀ:**

ਇਹ ਗੁਰਦੁਆਰਾ ਚੌਕ ਧਰਮ ਸਿੰਘ ਮਾਰਕੀਟ ਵਿਖੇ ਹੈ। ਇਹ ਯਾਦਗਾਰ ਉਨ੍ਹਾਂ 21 ਸਿੱਖ ਫੌਜੀਆਂ ਦੀ ਹੈ ਜੋ 36 ਸਿੱਖ ਰੈਜਮੈਂਟ ਦੇ ਸਨ ਅਤੇ 12 ਸਤੰਬਰ 1897 ਨੂੰ ਸਾਰਾਗੜ੍ਹੀ ਜ਼ਿਲ੍ਹਾ ਕੁਹਾਟ (ਪਾਕਿ-ਸਤਾਨ) ਦੀ ਗੜ੍ਹੀ ਵਿਖੇ 20 ਹਜ਼ਾਰ ਦੀ ਕਬਾਇਲੀ ਫੌਜ ਦੇ ਘੇਰੇ ਵਿੱਚ ਜੂਝਦੇ ਹੋਏ ਸ਼ਹੀਦ ਹੋ ਗਏ ਸਨ। ਇਹ ਰੈਜਮੈਂਟ ਅੰਗ੍ਰੇਜ਼ ਹਕੂਮਤ ਸਮੇਂ ਫਰੰਟੀਅਰ ਦੇ ਇਲਾਕੇ ਦੁਸ਼ਮਣਾਂ ਨਾਲ ਜੂਝਣ ਲਈ ਹਰਾਵਲ ਦਸਤੇ ਵਜੋਂ ਸ਼ਾਮਿਲ ਸੀ। ਇਨ੍ਹਾਂ ਸਿੱਖ ਫੌਜੀਆਂ ਨੇ ਬੜੀ ਬਹਾਦਰੀ ਨਾਲ ਖ਼ਾਲਸਾਈ ਆਦਰਸ਼ਾਂ ਨੂੰ ਚੜ੍ਹਦੀ ਕਲਾ ਵਿੱਚ ਰੱਖ ਕੇ ਸ਼ਹੀਦੀਆਂ ਪ੍ਰਾਪਤ ਕੀਤੀ। ਇਨ੍ਹਾਂ ਫੌਜੀਆਂ ਦੀ ਯਾਦਗਾਰ ਅੰਗ੍ਰੇਜ਼ ਸਰਕਾਰ ਨੇ ਫਿਰੋਜ਼ਪੁਰ ਛਾਉਣੀ ਵਿੱਚ ਬਣਾਈ ਹੈ। ਇਨ੍ਹਾਂ ਸੂਰਬੀਰਾਂ ਦੀ ਯਾਦ ਵਿੱਚ ਹੀ ਅੰਮ੍ਰਿਤਸਰ ਵਿਖੇ ਗੁਰਦੁਆਰਾ ਬਣਾਇਆ ਗਿਆ ਹੈ। ਸ਼ਹੀਦ ਹੋਣ ਵਾਲਿਆਂ ਦੇ ਨਾਂ ਇੰਝ ਹਨ: ਸਰਦਾਰ ਈਸ਼ਰ ਸਿੰਘ, ਲਾਲ ਸਿੰਘ, ਚੰਦਾ ਸਿੰਘ, ਰਾਮ ਸਿੰਘ, ਸਾਹਿਬ ਸਿੰਘ, ਰਾਮ ਸਿਘ, ਹੀਰਾ ਸਿੰਘ, ਉੱਤਮ ਸਿੰਘ, ਦਯਾ ਸਿੰਘ, ਜੀਵਨ ਸਿੰਘ, ਭੋਲਾ ਸਿੰਘ, ਗੁਰਮੁਖ ਸਿੰਘ, ਨਰਾਇਣ ਸਿੰਘ, ਜੀਵਨ ਸਿੰਘ, ਨੰਦ ਸਿੰਘ, ਭਗਵਾਨ ਸਿੰਘ, ਭਗਵਾਨ ਸਿੰਘ, ਸੁੱਧ ਸਿੰਘ, ਬੂਟਾ ਸਿੰਘ, ਜੀਵਾ ਸਿੰਘ ਅਤੇ ਗੁਰਮੁਖ ਸਿੰਘ।

ਬਾਕੀ ਅਗਲੇ ਹਫ਼ਤੇ ਪੜ੍ਹੋ

## ਸਵੱਛਤਾ ਹੀ ਸੇਵਾ....

ਸਫਾ ਦਾ ਹੈ ਰੱਖਣ ਧਿਆਨ ਬੱਚਿਓ,
ਅੱਜ ਤੋਂ ਹੀ ਲਈਏ ਆਪਾਂ ਠਾਣ ਬੱਚਿਓ,
ਖੁਦ ਤੋਂ ਹੈ ਆਪਾਂ ਸ਼ੁਰੂਆਤ ਕਰਨੀ
ਸਭ ਨੂੰ ਹੈ ਹੋਣਾ ਫਿਰ ਮਾਣ ਬੱਚਿਓ,
ਸਾਫ਼ ਥਾਵਾਂ ਹੁੰਦੀਆਂ ਪਸੰਦ ਸਭ ਨੂੰ
ਘਰ ਆਉਣ ਅਨੇਕਾਂ ਮਹਿਮਾਨ ਬੱਚਿਓ,
ਪਲਾਸਟਿਕ ਦੀ ਵਰਤੋਂ ਸਾਰੇ ਬੰਦ ਕਰ ਕੇ
ਪਾਈਏ ਆਪਣਾ ਬਣਦਾ ਯੋਗਦਾਨ ਬੱਚਿਓ।
ਪਸ਼ੂਆਂ ਦੇ ਲਈ ਹਾਨੀਕਾਰਕ ਹੁੰਦੀ ਏ
ਵਾਤਾਵਰਨ ਨੂੰ ਵੀ ਪਹੁੰਚਾਏ ਨੁਕਸਾਨ ਬੱਚਿਓ,
ਕੂੜੇ ਕਰਕਟ ਦਾ ਸਹੀ ਨਿਪਟਾਰਾ ਕਰਕੇ
ਭਵਿੱਖ ਨਾਲ ਸੰਵਾਰੀਏ ਵਰਤਮਾਨ
ਬੱਚਿਓ,
ਆਪੋ ਆਪਣਾ ਸਭ ਫ਼ਰਜ ਪਛਾਣ ਕੇ
ਕੁਦਰਤ ਦੇ ਬਣੀਏ ਆਪਾਂ ਕਦਰਦਾਨ ਬੱਚਿਓ,
ਸਮਾਂ ਰਹਿੰਦੇ ਜੇ ਨਾ ਆਪਾਂ ਸੁਧਰੇ
ਸਭ ਨੂੰ ਹੈ ਹੋਣਾ ਫਿਰ ਨੁਕਸਾਨ ਬੱਚਿਓ,
ਖੁਦ ਜਾਗੋ ਨਾਲੇ ਜਗਾਓ ਸਭ ਨੂੰ
ਚਾਰੇ ਪਾਸੇ ਵੰਡੀਏ ਇਹ ਗਿਆਨ ਬੱਚਿਓ,
ਸਫ਼ਾਈ ਵਾਲੀ ਜਗ੍ਹਾ ਤੇ ਖੁਦਾਈ ਵੱਸਦੀ
ਗੁਰੂਆਂ ਦਾ ਹੈ ਇਹੋ ਫੁਰਮਾਨ ਬੱਚਿਓ,
ਇਹ ਗੱਲ ਅੱਜ ਤੋਂ ਹੀ ਪੱਲੇ ਬੰਨ ਕੇ
ਕੁਦਰਤ ਦਾ ਹੈ ਕਰਨਾ ਸਨਮਾਨ ਬੱਚਿਓ,
ਸਫ਼ਾਈ ਦਾ ਹੈ ਰੱਖਣਾ ਧਿਆਨ ਬੱਚਿਓ,
ਅੱਜ ਤੋਂ ਹੀ ਲਈਏ ਆਪਾਂ ਠਾਣ ਬੱਚਿਓ।

ਧਰਮਿੰਦਰ ਸਿੰਘ
ਸ.ਸ.ਸ. ਸਕੂਲ ਦੰਦਰਾਲਾ ਢੀਂਡਸਾ
(ਪਟਿਆਲਾ)

## ਗ਼ਜ਼ਲ

ਕਿਸੇ ਨੇ ਸਾਥ ਸਾਡਾ ਨਾ ਨਿਭਾਇਆ ਮੁਸ਼ਕਿਲਾਂ ਅੰਦਰ,
ਜ਼ਿਕਰ ਫਿਰ ਛੇੜੀਏ ਕਿਸ ਦਾ ਅਸੀਂ ਹੁਣ ਮਹਿਫਲਾਂ ਅੰਦਰ।
ਬਿਨਾਂ ਸੋਚੇ ਇਨ੍ਹਾਂ ਨੂੰ ਜਾਵੇ ਖਾਈ ਹਰ ਕੋਈ ਅੱਜ ਕੱਲ੍ਹ,
ਕੋਈ ਕੀ ਜਾਣੇ ਮਿਲਿਆ ਹੋਇਐ ਕੀ ਗੋਲੀਆਂ ਅੰਦਰ।
ਪਤਾ ਹੈ ਸਿਰਫ ਕਾਮੇ ਨੂੰ ਹੀ ਕਿੰਨੀ ਧੁੱਪ ਹੈ ਬਾਹਰ,
ਉਨ੍ਹਾਂ ਨੂੰ ਕੀ ਪਤਾ ਜੋ ਬੈਠੇ ਨੇ ਆਪਣੇ ਘਰਾਂ ਅੰਦਰ।
ਅਜਾਈਂ ਪਾਣੀ ਸੁੱਟਣ ਵਾਲੇ ਨਾ ਮੁੱਲ ਜਾਣਦੇ ਇਸ ਦਾ,
ਇਦ੍ਹਾ ਮੁੱਲ ਜਾਣਦੇ ਜੋ ਰਹਿੰਦੇ ਨੇ ਮਾਰੂਥਲਾਂ ਅੰਦਰ।
ਤੁਹਾਡੇ ਕੋਲੋਂ ਜੇ ਗਲਤੀ ਹੋਈ ਹੈ ਤਾਂ ਕਰਿਉ ਮੁੜ ਨਾ,
ਕਿਤੇ ਮਰ ਹੀ ਨਾ ਜਾਇਉ ਦੋਸਤੋ, ਪਛਤਾਵਿਆਂ ਅੰਦਰ।
ਮਨੁੱਖਾਂ ਤੋਂ ਉਹ ਅੱਗੇ ਲੰਘ ਗਈਆਂ ਨੇ ਹਰਿਕ ਪਾਸੇ,
ਬਲੇ ਨੇ ਦੀਵੇ ਹਿੰਮਤ ਦੇ ਜਦੋਂ ਤੋਂ ਔਰਤਾਂ ਅੰਦਰ।
ਉਨ੍ਹਾਂ ਤੇ ਰਹਿਮਤਾਂ ਦਾ ਮੀਂਹ ਵਰਸੇ ਕਿਸ ਤਰ੍ਹਾਂ 'ਮਾਨਾ',
ਖੁਦਾ ਦੇ ਵਾਸਤੇ ਥਾਂ ਨ੍ਹੀ ਜਿਨ੍ਹਾਂ ਦੇ ਹਿਰਦਿਆਂ ਅੰਦਰ।



ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ -144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ 9915803554

## ਉਦਾਸ ਪਤਝੜ



ਉਦਾਸ ਉਦਾਸ ਮੈਂ ਪਤਝੜ, ਹਾਂ ਸੁੰਦਰਤਾ ਤੋਂ ਸੱਖਣੀ,
ਮੇਰੇ ਕੋਲੋਂ ਬਹਾਰ ਦੀ, ਉਮੀਦ ਨਾ ਕੋਈ ਰੱਖਣੀ।

ਪੁੱਤਰਾਂ ਵਰਗੇ ਪੱਤਰ, ਮੇਰੇ ਹੱਥੋਂ ਵਿਛੜ ਗਏ,
ਹੱਸਦੇ ਫੁੱਲ 'ਤੇ ਕਲੀਆਂ, ਨਾ ਜਾਣੇ ਕਿਧਰ ਗਏ।

ਤਿੱਤਰ ਹੋਈਆਂ ਤਿਤਲੀਆਂ, ਮੇਰੀਆਂ ਬਾਹਾਂ ਛੱਡ,
ਜੋ ਭੰਵਰਿਆਂ ਦੇ ਪਿਆਰ 'ਚ, ਹੁੰਦੀਆਂ ਸੀ ਰਲਗੱਡ।

ਨਾ ਚੀਜ਼ ਵਹੁਟੀਆਂ ਦੀ, ਹੁਣ ਕਿਤੇ ਕਤਾਰ ਦਿਸੇ,
ਕਿਹੜੇ ਲਾੜਿਆਂ ਸੰਗ ਲੱਗ, ਹੋਈਆਂ ਫ਼ਰਾਰ ਕਿਤੇ।

ਬੁਲਬੁਲਾਂ ਦੇ ਬੋਲ ਵੀ, ਨਾ ਕੰਨੀਂ ਪੈਂਦੇ ਨੇ,
ਨਾ ਤੋਤੇ ਹੀ ਕਿਤੇ ਬਹਿ ਕੇ, ਦੁੱਖ ਸੁੱਖ ਕਹਿੰਦੇ ਨੇ।

ਕੋਇਲ ਵੀ ਅੱਜ ਕਿਧਰੇ, ਹੈ ਗਈ ਹੋ ਅਲੋਪ,
ਕਿਸ ਤੋਂ ਸੁਣਨ ਸ਼ਹਿਦ ਤੋਂ, ਮਿੱਠੇ ਗੀਤ ਹੁਣ ਲੋਕ।

ਇਹ ਕਿਉਂ ਸਮੇਂ ਦੀ ਐਸੀ, ਕੋਈ ਮਾਰ ਪਈ,
ਕਿਉਂ ਮੇਰੀ ਕਿਸਮਤ ਹੀ, ਇਤਨੀ ਬੇਕਾਰ ਗਈ?

ਕੁਦਰਤ ਨੇ ਕਿਉਂ ਧੋਖਾ, ਕੀਤਾ ਹੈ ਨਾਲ ਮੇਰੇ,
ਕਿਉਂ ਲਿਖੇ ਨੇ ਉਸ ਨੇ, ਅਭਾਗੇ ਹਾਲ ਮੇਰੇ?



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## ਕਵਿਤਾ

ਉਸ ਨੇ ਮੇਰਾ ਪਿਆਰ ਬਚਾ ਕੇ ਰੱਖਿਆ ਹੈ
ਮੈਂ ਇਸ ਭਰਮ ਨੂੰ ਸੀਨੇ ਲਾ ਕੇ ਰੱਖਿਆ ਹੈ

ਕੁਝ ਏਦਾਂ ਵੀ ਹਾਮੀ ਭਰੀ ਸਮਰਪਣ ਦੀ
ਉਸ ਤੋਂ ਉਸ ਦਾ ਜ਼ਖ਼ਮ ਛੁਪਾ ਕੇ ਰੱਖਿਆ ਹੈ

ਮੱਥੇ ਖ਼ਾਤਿਰ ਅੱਗ ਹਾਣ ਦੀ ਮਿਲੀ ਨਹੀਂ
ਖੁਦ ਲਈ ਖੁਦ ਨੂੰ ਖੁਦ ਸੁਲਘਾ ਕੇ ਰੱਖਿਆ ਹੈ

ਤੇਰੀ ਤੇਰੀ ਮੈਥੋਂ ਕਿਥੇ ਹੋਣੀ ਸੀ?
ਮੈਂ ਤੇ ਮੈਂ ਨੂੰ ਖੂੰਜੇ ਲਾ ਕੇ ਰੱਖਿਆ ਹੈ

ਪਲਕਾਂ ਨੂੰ ਇਕ ਸੁਪਨਾ ਬੁਣਨਾ ਦਿੱਤਾ ਹੈ
ਇਉਂ ਨੀਂਦਾਂ ਨੂੰ ਲਾਰਾ ਲਾ ਕੇ ਰੱਖਿਆ ਹੈ

ਹੌਲੀ-ਹੌਲੀ ਇਸ 'ਤੇ ਮਹਿਲ ਉਸਾਰਾਂਗੇ
ਰੀਝਾਂ ਤੋਂ ਖ਼ਾਕਾ ਬਣਵਾ ਕੇ ਰੱਖਿਆ ਹੈ

ਹੁਣ ਹਾਸਾ ਵਰਚਾ ਲੈਂਦਾ ਹੈ ਹੰਝੂਆਂ ਨੂੰ
ਹੁਣ ਪੀੜ੍ਹਾਂ ਨੂੰ ਗੀਤ ਬਣਾ ਕੇ ਰੱਖਿਆ ਹੈ

ਸੂਕ ਰਹੀ ਇਕ ਨਦੀ ਜ਼ਾਬਤਾ ਭੁੱਲੀ ਨਹੀਂ
ਇਕ ਦਰਿਆ ਨੂੰ ਸੁੱਕਣੇ ਪਾ ਕੇ ਰੱਖਿਆ ਹੈ।

-ਸਿਮਰਨ ਅਕਸ





## ਸ਼ਹਿਰ ਤੇਰੇ ਦੀ ਹਵਾ

ਸੱਜਣਾ ਸਾਨੂੰ ਸਜ਼ਾ ਲੱਗੀ ਏ,
ਸ਼ਹਿਰ ਤੇਰੇ ਦੀ ਹਵਾ ਲੱਗੀ ਏ।
ਜਿਸਮ ਨਾਲ ਰੂਹ ਜ਼ਖ਼ਮੀ ਹੋਈ,
ਨਾ ਕੋਈ ਮੁੜਕੇ ਦਵਾ ਲੱਗੀ ਏ।

ਤੇਰੀ ਮਰਜ਼ੀ ਦੇ ਵਿੱਚ ਸ਼ਾਮਲ,
ਅੱਲ੍ਹਾ ਦੀ ਵੀ ਰਜ਼ਾ ਲੱਗੀ ਏ।
ਪਾਪ ਮੈਥੋਂ ਕੋਈ ਹੋਇਆ ਹੋਣਾ,
ਵਫ਼ਾ ਦੇਣ ਤਾਂ ਦਗਾ ਲੱਗੀ ਏ।


ਉਹ ਸਾਡੇ ਲਈ ਸੂਲ਼ੀ ਬਣ ਗਈ,
ਜਿਹੜੀ ਗੱਲ ਤੈਨੂੰ ਮਜ਼ਾ ਲੱਗੀ ਏ।
ਪਰਦਾ ਚੱਕ ਦਿਖਾ ਨੀ ਹੋਣੀ,
ਸੱਟ ਜਿਹੜੀ ਸਾਡੇ ਜਗ੍ਹਾ ਲੱਗੀ ਏ।

ਚਿੱਟੇ ਚੰਮ ਦਾ ਕਾਲਾ ਧੰਦਾ,
ਬਦਲਣ ਦੀ ਤੇਰੇ ਵਜ੍ਹਾ ਲੱਗੀ ਏ।
ਵੀਰਪਾਲ ਭੱਠਲ ਨੂੰ ਪੀੜ ਤੇਰੀ,
ਮਣ ਨਹੀਂ ਬਣ ਕੇ ਸਵਾ ਲੱਗੀ ਏ।



ਵੀਰਪਾਲ ਕੌਰ ਭੱਠਲ

## ਫੇਸ-ਬੁੱਕੀ ਉਪਦੇਸ਼ਕ




ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਕੰਮ-ਧੰਦੇ ਦੇ ਫਿਕਰ ਤੋਂ 'ਮੁਕਤ' ਹੋ ਕੇ
ਫੇਸ-ਬੁੱਕ 'ਤੇ ਰਹੀਏ ਹਮੇਸ਼ ਮੀਆਂ।
ਪਿੰਡ ਆਪਦੇ ਭਾਵੇਂ ਕੋਈ ਜਾਣਦਾ ਨਾ
ਧੁੰਮਾਂ ਪਾ ਦਈਏ ਦੇਸ-ਪ੍ਰਦੇਸ਼ ਮੀਆਂ।
'ਸਿਰ ਵਰਤਣ' ਲਈ ਕੋਈ ਜੇ ਮੱਤ ਦੇਵੇ
ਪੈ ਜਾਈਏ ਝੱਟ ਉਸਦੇ 'ਪੇਸ਼' ਮੀਆਂ।
ਤੂੰ ਆਖ ਕੇ 'ਲੇਬਲ' ਕੋਈ ਚੇਪ ਦੇਈਏ
ਭਾਵੇਂ ਕਿੱਡਾ ਕੋਈ ਹੋਵੇ ਦਰਵੇਸ਼ ਮੀਆਂ।
ਕਰਦੇ ਹੋਣ ਕੋਈ ਨੇਕ 'ਵਿਚਾਰ-ਚਰਚਾ'
ਕਰੀਏ ਕਮੈਂਟ ਕੋਈ ਪਵੇ ਕਲੇਸ਼ ਮੀਆਂ।
'ਗਿਰੇਵਾਨ ਮਹਿ' ਆਪਣੇ ਝਾਕੀਏ ਨਾ
ਦੇਈਏ ਹੋਰਾਂ ਦੇ ਤਾਈਂ ਉਪਦੇਸ਼ ਮੀਆਂ !

ਤਰਲੋਚਨ ਸਿੰਘ ਦੁਪਾਲ ਪੁਰ

## ਸਿਹਤ ਤੇ ਸੁੰਦਰਤਾ



# ਫੈਟੀ ਲਿਵਰ ਕਾਰਨ ਨਹੀਂ ਲਗਦੀ ਭੁੱਖ

ਫੈਟੀ ਲਿਵਰ ਇੱਕ ਗੰਭੀਰ ਸਮੱਸਿਆ ਹੈ ਜੋ ਅੱਜਕੱਲ੍ਹ ਬਹੁਤ ਸਾਰੇ ਲੋਕਾਂ ਲਈ ਚਿੰਤਾ ਦਾ ਕਾਰਨ ਬਣ ਰਹੀ ਹੈ। ਇਹ ਸਥਿਤੀ ਉਦੋਂ ਹੁੰਦੀ ਹੈ ਜਦੋਂ ਜਿਗਰ ਵਿੱਚ ਚਰਬੀ ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ, ਅਤੇ ਅਕਸਰ ਸ਼ੁਰੂ ਵਿੱਚ ਕੋਈ ਸਪੱਸ਼ਟ ਲੱਛਣ ਨਹੀਂ ਹੁੰਦੇ। ਇਸ ਲਈ ਇਸਦਾ ਪਤਾ ਲਗਾਉਣ ਵਿੱਚ ਅਕਸਰ ਦੇਰੀ ਹੁੰਦੀ ਹੈ। ਜੀਵਨ ਸ਼ੈਲੀ ਦੀਆਂ ਆਦਤਾਂ ਅਤੇ ਖਾਣ-ਪੀਣ ਦੀਆਂ ਮਾੜੀਆਂ ਆਦਤਾਂ ਆਮ ਤੌਰ 'ਤੇ ਇਸ ਸਮੱਸਿਆ ਦਾ ਕਾਰਨ ਹੁੰਦੀਆਂ ਹਨ। ਹਾਲਾਂਕਿ, ਹੋਰ ਵੀ ਬਹੁਤ ਸਾਰੇ ਕਾਰਕ ਹਨ ਜੋ ਫੈਟੀ ਲਿਵਰ ਵਿੱਚ ਯੋਗਦਾਨ ਪਾ ਸਕਦੇ ਹਨ। ਜਲਦੀ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਫੈਟੀ ਲਿਵਰ ਚੁੱਪਚਾਪ ਵਿਕਸਤ ਹੁੰਦਾ ਹੈ ਅਤੇ, ਜੇਕਰ ਅਣਦੇਖਾ ਕੀਤਾ ਜਾਵੇ, ਤਾਂ ਇਹ ਹੋਰ ਵੀ ਗੰਭੀਰ ਜਿਗਰ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਅਜਿਹੀ ਸਥਿਤੀ ਵਿੱਚ, ਤੁਸੀਂ ਡਾਕਟਰ ਸੌਰਭ ਸੇਠੀ ਦੁਆਰਾ ਦੱਸੇ ਗਏ ਕੁਝ ਲੱਛਣਾਂ ਦੀ ਮਦਦ ਨਾਲ ਘਰ ਵਿੱਚ ਹੀ ਫੈਟੀ ਲਿਵਰ ਦੀ ਪਛਾਣ ਕਰ ਸਕਦੇ ਹੋ। ਆਓ ਇਨ੍ਹਾਂ ਵਿੱਚੋਂ ਕੁਝ ਲੱਛਣਾਂ ਬਾਰੇ ਜਾਣੀਏ:

### ✪ ਘਰ ਬੈਠੇ ਹੀ ਇਨ੍ਹਾਂ ਲੱਛਣਾਂ ਨਾਲ ਕਰੋ ਪਛਾਣ




### ਪੇਟ ਦੇ ਆਲੇ-ਦੁਆਲੇ ਭਾਰ ਵਧਣਾ

ਡਾ. ਸੇਠੀ ਦੱਸਦੇ ਹਨ ਕਿ ਫੈਟੀ ਲਿਵਰ ਦੀ ਬਿਮਾਰੀ ਦੇ ਸ਼ੁਰੂਆਤੀ ਲੱਛਣਾਂ ਵਿੱਚੋਂ ਇੱਕ ਬਿਨਾਂ ਵਜ੍ਹਾ ਭਾਰ ਵਧਣਾ ਹੈ, ਖਾਸ ਕਰਕੇ ਪੇਟ ਦੇ ਆਲੇ-ਦੁਆਲੇ। ਜਿਗਰ ਵਿੱਚ ਜਮ੍ਹਾ ਚਰਬੀ ਇਨਸੁਲਿਨ ਪ੍ਰਤੀਰੋਧ ਨੂੰ ਚਾਲੂ ਕਰ ਸਕਦੀ ਹੈ। ਕਿਉਂਕਿ ਜਿਗਰ ਚਰਬੀ ਦੇ ਪਾਚਕ ਕਿਰਿਆ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਇਸ ਲਈ ਵਾਧੂ ਚਰਬੀ ਮੱਧ ਭਾਗ ਦੇ ਆਲੇ-ਦੁਆਲੇ ਇਕੱਠੀ ਹੋ ਜਾਂਦੀ ਹੈ। ਜੇਕਰ ਤੁਸੀਂ ਇਨ੍ਹਾਂ ਲੱਛਣਾਂ ਦਾ ਅਨੁਭਵ ਕਰਦੇ ਹੋ, ਤਾਂ ਡਾਕਟਰ ਨਾਲ ਸਲਾਹ ਕਰਨਾ ਯਕੀਨੀ ਬਣਾਓ।

### ਨਿਰੰਤਰ ਥਕਾਵਟ

ਜੇਕਰ ਤੁਸੀਂ ਇਨ੍ਹਾਂ ਦਿਨਾਂ ਵਿੱਚ ਬਿਨਾਂ ਮਿਹਨਤ ਦੇ ਲਗਾਤਾਰ ਥਕਾਵਟ ਮਹਿਸੂਸ ਕਰ ਰਹੇ ਹੋ, ਤਾਂ ਇਸਨੂੰ ਹਲਕੇ ਵਿੱਚ ਨਾ ਲਓ। ਜੇਕਰ ਤੁਸੀਂ ਚੰਗੀ ਰਾਤ ਦੀ ਨੀਂਦ ਅਤੇ ਕਾਫ਼ੀ ਆਰਾਮ ਕਰਨ ਤੋਂ ਬਾਅਦ ਵੀ ਥਕਾਵਟ ਮਹਿਸੂਸ ਕਰਦੇ ਹੋ, ਤਾਂ ਇਹ ਫੈਟੀ ਲਿਵਰ ਦੀ ਨਿਸ਼ਾਨੀ ਹੋ ਸਕਦੀ ਹੈ। ਇਹ ਲਗਾਤਾਰ ਥਕਾਵਟ ਇਸ ਲਈ ਹੁੰਦੀ ਹੈ ਕਿਉਂਕਿ ਜਿਗਰ ਦਬਾਅ ਹੇਠ ਹੁੰਦਾ ਹੈ ਅਤੇ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹਟਾਉਣ ਲਈ ਸੰਘਰਸ਼ ਕਰਦਾ ਹੈ। ਜੇਕਰ ਆਰਾਮ ਕਰਨ ਤੋਂ ਬਾਅਦ ਵੀ ਥਕਾਵਟ ਘੱਟ ਨਹੀਂ ਹੁੰਦੀ, ਤਾਂ ਡਾਕਟਰ ਨਾਲ ਸਲਾਹ ਕਰੋ।

### ਸੱਜੀ ਪਸਲੀ ਦੇ ਹੇਠਾਂ ਦਰਦ

ਸਾਡਾ ਜਿਗਰ ਸੱਜੀ ਪਸਲੀ ਦੇ ਹੇਠਾਂ ਸਥਿਤ ਹੈ, ਇਸ ਲਈ ਫੈਟੀ ਲਿਵਰ ਦੀ ਬਿਮਾਰੀ ਇਸ ਖੇਤਰ ਵਿੱਚ ਸੋਜ, ਹਲਕਾ ਦਰਦ, ਜਾਂ ਬੇਅਰਾਮੀ ਦਾ ਕਾਰਨ ਬਣ ਸਕਦੀ ਹੈ। ਇਹ ਬੇਅਰਾਮੀ ਅਕਸਰ ਤਿੱਖੇ ਜਾਂ ਛੁਰਾ ਮਾਰਨ ਵਾਲੇ ਦਰਦ ਦੀ ਬਜਾਏ ਦਬਾਅ ਜਾਂ ਭਰਪੂਰਤਾ ਵਾਂਗ ਮਹਿਸੂਸ ਹੁੰਦੀ ਹੈ। ਲਗਾਤਾਰ ਬੇਅਰਾਮੀ ਇਹ ਦਰਸਾਉਂਦੀ ਹੈ ਕਿ ਚਰਬੀ ਜਮ੍ਹਾਂ ਹੋਣ ਕਾਰਨ ਜਿਗਰ ਵੱਡਾ ਅਤੇ ਸੁੱਜ ਗਿਆ ਹੈ, ਜਿਸ ਨਾਲ ਇਸਦੇ ਕੰਮਕਾਜ 'ਤੇ ਅਸਰ ਪੈਂਦਾ ਹੈ।

### ਚਮੜੀ ਅਤੇ ਵਾਲਾਂ ਵਿੱਚ ਬਦਲਾਅ

ਜੇਕਰ ਤੁਹਾਡਾ ਫੈਟੀ ਲੀਵਰ ਹੈ, ਤਾਂ ਇਹ ਤੁਹਾਡੀ ਚਮੜੀ ਅਤੇ ਖੋਪੜੀ ਵਿੱਚ ਬਦਲਾਅ ਲਿਆ ਸਕਦਾ ਹੈ। ਜੇਕਰ ਤੁਹਾਡੀ ਚਮੜੀ ਸੁੱਕੀ, ਰੰਗੀਨ ਅਤੇ ਖਾਰਸ਼ ਵਾਲੀ ਹੋ ਜਾਂਦੀ ਹੈ, ਨਾਲ ਹੀ ਮੁਹਾਸੇ ਜਾਂ ਅਸਾਧਾਰਨ ਧੱਫੜ ਵੀ ਹੋ ਜਾਂਦੇ ਹਨ, ਤਾਂ ਇਸਨੂੰ ਨਜ਼ਰਅੰਦਾਜ਼ ਨਾ ਕਰੋ। ਫੈਟੀ ਲਿਵਰ ਦੀ ਬਿਮਾਰੀ ਵਾਲਾਂ ਦੇ ਪਤਲੇ ਹੋਣ ਅਤੇ ਝੜਨ ਦਾ ਕਾਰਨ ਵੀ ਬਣ ਸਕਦੀ ਹੈ।

### ਮਤਲੀ ਅਤੇ ਭੁੱਖ ਨਾ ਲੱਗਣਾ

ਫੈਟੀ ਲਿਵਰ ਦੀ ਬਿਮਾਰੀ ਸਿੱਧੇ ਤੌਰ 'ਤੇ ਪਾਚਨ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਨਾਲ ਅਕਸਰ ਮਤਲੀ ਅਤੇ ਭੁੱਖ ਨਹੀਂ ਲੱਗਦੀ ਹੈ। ਜਿਵੇਂ ਕਿ ਜਿਗਰ ਵਿੱਚ ਚਰਬੀ ਇਕੱਠੀ ਹੁੰਦੀ ਹੈ, ਪਾਚਨ ਵਿੱਚ ਸਹਾਇਤਾ ਕਰਨ ਦੀ ਇਸਦੀ ਸਮਰੱਥਾ ਘੱਟ ਜਾਂਦੀ ਹੈ, ਜਿਸ ਨਾਲ ਹਲਕੇ ਭੋਜਨ ਤੋਂ ਬਾਅਦ ਵੀ ਪੇਟ ਵਿੱਚ ਬੇਅਰਾਮੀ ਅਤੇ ਮਤਲੀ ਹੋ ਸਕਦੀ ਹੈ। ਜੇਕਰ ਤੁਸੀਂ ਇਸਦਾ ਅਨੁਭਵ ਕਰਦੇ ਹੋ, ਤਾਂ ਇਸਨੂੰ ਨਜ਼ਰਅੰਦਾਜ਼ ਨਾ ਕਰੋ।

## * ਚੂੰਢੀਆਂ-ਪੂੰਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



*ਸ਼੍ਰੋਮਣੀ ਕਮੇਟੀ ਨੇ ਇੰਗਲੈਂਡ ਵਿਖੇ ਖੋਲ੍ਹਿਆ ਤਾਲਮੇਲ ਸੈਂਟਰ- ਇਕ ਖ਼ਬਰ

-ਕੰਢੇ ਕੰਢੇ ਹੀਰ ਭਾਲ਼ਦਾ, ਰਾਂਝਾ ਪੰਜ ਮੱਝੀਆਂ ਦਾ ਲਾਵੇ।




*ਤਾਮਿਲਨਾਡੂ ਸਰਕਾਰ ਭਗਦੜ 'ਚ 41 ਬੰਦੇ ਮਰਨ ਬਾਅਦ ਜਨਤਕ ਸਮਾਗਮਾਂ ਲਈ ਹਦਾਇਤਾਂ ਅਤੇ ਨਿਯਮ ਤਿਆਰ ਕਰੇਗੀ- ਮੁੱਖ ਮੰਤਰੀ ਸਟਾਲਿਨ

-ਯਾਨੀ ਕਿ ਈਦੋਂ ਬਾਅਦ ਤੰਬਾ ਫੂਕਿਆ ਜਾਵੇਗਾ।



*ਮਹੰਤ ਕਸ਼ਮੀਰ ਗਿਰੀ ਤਿੰਨ ਸਾਥੀਆਂ ਨਾਲ਼ 80 ਗ੍ਰਾਮ ਹੈਰੋਇਨ ਸਮੇਤ ਫੜਿਆ ਗਿਆ- ਇਕ ਖ਼ਬਰ

-ਵਾਹ ਮਹੰਤ ਜੀ ਵਾਹ, ਪੜ੍ਹਨੀਆਂ ਪੋਥੀਆਂ ਤੇ ਕੰਮ ਕਰਨੇ ਆਹ।



*ਬਠਿੰਡਾ ਦੀ ਅਦਾਲਤ ਵਿਚ ਕੰਗਨਾ ਰਣੌਤ ਦੀ ਅਰਜ਼ੀ ਰੱਦ- ਇਕ ਖ਼ਬਰ

-ਗੋਰੇ ਰੰਗ ਨੂੰ ਕੋਈ ਨਹੀਂ ਪੁੱਛਦਾ, ਮੁੱਲ ਪੈਂਦੇ ਅਕਲਾਂ ਦੇ।

*ਪੰਜਾਬ ਵਿਧਾਨ ਸਭਾ ਇਜਲਾਸ 'ਚ ਕੇਂਦਰ ਦੇ ਰਵੱਈਏ ਵਿਰੁੱਧ ਮਤਾ ਪਾਸ- ਇਕ ਖ਼ਬਰ

-ਲਾਰਾ ਲਾਈਏ ਨਾ ਬਿਗਾਨੇ ਪੁੱਤ ਨੂੰ, ਤੋੜ ਕੇ ਜਵਾਬ ਦੇ ਦੇਈਏ।



*ਕੇਂਦਰ ਦੀ ਮੋਦੀ ਸਰਕਾਰ ਨੇ ਨਹੀਂ ਫੜੀ ਪੰਜਾਬ ਦੀ ਬਾਂਹ- ਨੀਲ ਗਰਗ

-ਮੇਰੀ ਖ਼ਬਰ ਲੈਣ ਨਾ ਆਇਆ, ਡਿਗ ਪਈ ਹਰਮਲ ਤੋਂ।

*ਪੁਲਿਸ 'ਚ ਮਨਮਰਜ਼ੀ ਨਾਲ ਤਰੱਕੀਆਂ ਦੇਣ ਨਾਲ ਬਾਕੀ ਮੁਲਾਜ਼ਮਾਂ 'ਚ ਨਾਰਾਜ਼ਗੀ ਪੈਦਾ ਹੁੰਦੀ ਹੈ- ਹਾਈ ਕੋਰਟ

-ਤੇਰੇ ਛੱਲੇ ਨੇ ਪੁਆੜੇ ਪਾਏ, ਲਿਆ ਭਾਬੀ ਨੇ ਪਛਾਣ ਮਿੱਤਰਾ।



*ਮੈਂ ਹਰ ਹਾਲਤ ਵਿਚ 2027 ਦੀ ਵਿਧਾਨ ਸਭਾ ਚੋਣ ਲੜਾਂਗੀ- ਨਵਜੋਤ ਕੌਰ ਸਿੱਧੂ

-ਵਾਰਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।



*ਪਾਕਿਸਤਾਨ ਨੇ ਟਰੰਪ ਦਾ ਗਾਜ਼ਾ ਜੰਗਬੰਦੀ ਦਾ ਪ੍ਰਸਤਾਵ ਨਕਾਰਿਆ- ਇਕ ਖ਼ਬਰ

-ਤੇਰੇ ਖੁਸ਼ਕ ਮੱਕੀ ਦੇ ਦਾਣੇ, ਮਿੱਤਰਾਂ ਨੇ ਨਹੀਉਂ ਚੱਬਣੇ।



*ਅਮਰੀਕਾ ਅੱਗੇ ਨਹੀਂ ਝੁਕੇਗਾ ਵੈਨੇਜ਼ੁਏਲਾ, ਸਾਡੀ 37 ਲੱਖ ਫੌਜ ਤਿਆਰ-ਬਰ-ਤਿਆਰ - ਰਾਸ਼ਟਰਪਤੀ ਨਿਕੋਲਸ ਮਾਦੁਰੋ

-ਗੱਲ ਸੋਚ ਕੇ ਕਰੀਂ ਠਾਣੇਦਾਰਾ, ਅਸਾਂ ਨਹੀਂ ਕਨੌੜ ਝੱਲਣੀ।



*ਡੋਨਾਲਡ ਟਰੰਪ ਦੇ ਗਾਜ਼ਾ ਉੱਪਰ ਬੰਬਾਰੀ ਨਾ ਕਰਨ ਦੇ ਸੱਦੇ ਦੇ ਬਾਵਜੂਦ ਇਜ਼ਰਾਈਲ ਵਲੋਂ ਬੰਬਾਰੀ ਜਾਰੀ- ਇਕ ਖ਼ਬਰ

-ਬਦੀਆਂ ਨਾ ਕਰ ਵੇ, ਕੈ ਦਿਨ ਦੀ ਜ਼ਿੰਦਗਾਨੀ।

*ਸਾਬਕਾ ਮੰਤਰੀ ਅਨਿਲ ਜੋਸ਼ੀ ਅਤੇ ਟਕਸਾਲੀ ਅਕਾਲੀ ਆਗੂ ਜਗਦੀਪ ਸਿੰਘ ਚੀਮਾ ਨੇ ਅਕਾਲੀ ਦਲ ਬਾਦਲ ਨੂੰ ਆਖੀ ਅਲਵਿਦਾ- ਇਕ ਖ਼ਬਰ

-ਲੱਡੂ ਮੁੱਕ ਗਏ ਯਰਾਨੇ ਟੁੱਟ ਗਏ, ਕੱਚੀ ਯਾਰੀ ਲੱਡੂਆਂ ਦੀ।



*ਕੇਂਦਰ ਸਰਕਾਰ ਸਿੱਖਾਂ ਤੇ ਕਿਸਾਨਾਂ ਨਾਲ ਕਰਦੀ ਹੈ ਨਫ਼ਰਤ- ਰਾਕੇਸ਼ ਟਿਕੈਤ

-ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ, ਸਿੰਘਾਂ ਨਾਲ ਸੀ ਉਸ ਦੀ ਗ਼ੈਰਸਾਲੀ।



*ਜਾਪਾਨ ਨੂੰ ਪਹਿਲੀ ਵਾਰ ਮਿਲੇਗੀ ਮਹਿਲਾ ਪ੍ਰਧਾਨ ਮੰਤਰੀ- ਇਕ ਖ਼ਬਰ


-ਸਿਰ ਗੁੰਦ ਦੇ ਕੁਪੱਤੀਏ ਨੈਣੇ, ਉੱਤੇ ਪਾ ਦੇ ਡਾਕ ਬੰਗਲਾ।



*ਪੰਜਾਬ ਲਈ ਇਸ ਸੰਕਟ ਦੌਰਾਨ ਫ਼ੰਡਾਂ ਦੀ ਕੋਈ ਕਮੀ ਨਹੀਂ- ਰਵਨੀਤ ਬਿੱਟੂ

-ਆਂਢਣ ਦਿਸੇ ਨਾ ਖੇਡਦਾ ਬਾਲ ਮੈਨੂੰ, ਸੁੰਞੇ ਪਏ ਨੇ ਮਹਿਲ ਵੀਰਾਨ ਮੇਰੇ।

# ਗੁਰੂ ਅਮਰਦਾਸ ਗੁਰਦੁਆਰਾ ਲੈਸਟਰ ਦੀ ਸੰਗਤ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਖਾਲਸਾ ਏਡ ਨੂੰ 16 ਹਜ਼ਾਰ ਪੌਂਡ ਭੇਟ



**ਲੈਸਟਰ (ਪੰਜਾਬ ਟਾਈਮਜ਼) – ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਮਦਦ ਵਾਸਤੇ ਗੁਰੂ ਅਮਰਦਾਸ ਗੁਰਦੁਆਰਾ ਲੈਸਟਰ ਦੀ ਸੰਗਤ ਵੱਲੋਂ ਇਕੱਠੀ ਕੀਤੀ ਗਈ 16 ਹਜ਼ਾਰ ਪੌਂਡ ਦੀ ਰਾਸ਼ੀ ਬੀਤੇ ਦਿਨੀਂ ਖਾਲਸਾ ਏਡ ਦੇ ਨੁਮਾਇੰਦੇ ਸ: ਬਲਿੰਦਰ ਸਿੰਘ ਸਮਰਾ ਨੂੰ ਭੇਟ ਕੀਤੀ ਗਈ। ਇਸ ਮੌਕੇ 16 ਹਜ਼ਾਰ ਪੌਂਡ ਦਾ ਚੈਕ ਦਿੰਦੇ ਹੋਏ, ਚੇਅਰਮੈਨ ਸ: ਸੁਖਦੇਵ ਸਿੰਘ ਸੰਘਾ, ਪ੍ਰਧਾਨ ਸ਼ਮਸ਼ੇਰ ਸਿੰਘ ਬੈਂਸ, ਜਰਨੈਲ ਸਿੰਘ, ਦਵਿੰਦਰ ਸਿੰਘ, ਹਰਬੰਸ ਸਿੰਘ ਗਿੱਲ, ਹਰਭਜਨ ਸਿੰਘ, ਕੁਲਦੀਪ ਸਿੰਘ, ਰਾਜਿੰਦਰ ਸਿੰਘ, ਸੁਖਬਿੰਦਰ ਸਿੰਘ, ਸੁਲੱਖਣ ਸਿੰਘ ਅਤੇ ਹੋਰ ਸੰਗਤ ਨਜ਼ਰ ਆ ਰਹੀ ਹੈ। ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਗੁਰ-ਦੁਆਰਾ ਸਾਹਿਬ ਦੀਆਂ ਸੰਗਤਾਂ ਦਾ ਇਹ ਮਾਇਆ ਦੇਣ ਲਈ ਧੰਨਵਾਦ ਕੀਤਾ ਗਿਆ।**

# ਬ੍ਰਿਟੇਨ ਵਾਰ-ਵਾਰ ਹੋਣ ਵਾਲੇ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਪੁਲਿਸ ਨੂੰ ਨਵੀਆਂ ਸ਼ਕਤੀਆਂ ਦੇਣ ਦੀ ਕਰ ਰਿਹਾ ਤਿਆਰੀ



**ਲੰਡਨ: ਬ੍ਰਿਟਿਸ਼ ਸਰਕਾਰ ਨੇ ਐਤਵਾਰ ਨੂੰ ਕਿਹਾ ਕਿ ਬ੍ਰਿਟਿਸ਼ ਪੁਲਿਸ ਬਲਾਂ ਨੂੰ ਵਾਰ-ਵਾਰ ਹੋਣ ਵਾਲੇ ਵਿਰੋਧ ਪ੍ਰਦਰਸ਼ਨਾਂ 'ਤੇ ਪਾਬੰਦੀ ਲਗਾਉਣ ਲਈ ਨਵੇਂ ਅਧਿਕਾਰ ਦਿੱਤੇ ਜਾਣਗੇ। ਇਹ ਜਾਣਕਾਰੀ ਲੰਡਨ ਵਿੱਚ ਪਾਬੰਦੀਸ਼ੁਦਾ ਸਮੂਹ 'ਫਲਸਤੀਨ ਐਕਸ਼ਨ' ਦੇ ਸਮਰਥਨ ਵਿੱਚ ਇੱਕ ਮਾਰਚ ਦੌਰਾਨ ਲਗਭਗ 500 ਲੋਕਾਂ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਆਈ ਹੈ।**

ਨਵੀਆਂ ਸ਼ਕਤੀਆਂ ਦੇ ਵੇਰਵੇ ਆਉਣ ਵਾਲੇ ਹਫ਼ਤਿਆਂ ਵਿੱਚ ਪ੍ਰਦਾਨ ਕੀਤੇ ਜਾਣਗੇ।ਯੂਕੇ ਦੇ ਗ੍ਰਹਿ ਦਫ਼ਤਰ ਨੇ ਕਿਹਾ ਕਿ ਜੇਕਰ ਇੱਕੋ ਥਾਂ 'ਤੇ ਕਈ ਹਫ਼ਤਿਆਂ ਤੱਕ ਵਿਰੋਧ ਪ੍ਰਦਰਸ਼ਨ ਜਾਰੀ ਰਹਿੰਦਾ ਹੈ ਅਤੇ ਵਾਰ-ਵਾਰ ਅਵਿਵਸਥਾ ਦਾ ਕਾਰਨ ਬਣਦਾ ਹੈ, ਤਾਂ ਪੁਲਿਸ ਨੂੰ ਪ੍ਰਬੰਧਕਾਂ ਨੂੰ ਇਸ ਪ੍ਰੋਗਰਾਮ ਨੂੰ ਕਿਤੇ ਹੋਰ ਆਯੋਜਿਤ ਕਰਨ ਲਈ ਨਿਰਦੇਸ਼ ਦੇਣ ਦਾ ਅਧਿਕਾਰ ਹੋਵੇਗਾ। ਅਜਿਹੀਆਂ ਸ਼ਰਤਾਂ ਦੀ ਉਲੰਘਣਾ ਦੇ ਨਤੀਜੇ ਵਜੋਂ ਗ੍ਰਿਫਤਾਰੀ ਅਤੇ ਮੁਕੱਦਮਾ ਚਲਾਇਆ ਜਾਵੇਗਾ। ਯੂਕੇ ਦੀ ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ ਨੇ ਕਿਹਾ, "ਸਾਡੇ ਦੇਸ਼ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਦਾ ਅਧਿਕਾਰ ਇੱਕ ਬੁਨਿਆਦੀ ਆਜ਼ਾਦੀ ਹੈ। ਹਾਲਾਂਕਿ, ਇਸ ਆਜ਼ਾਦੀ ਨੂੰ ਸਾਡੇ ਗੁਆਂਢੀਆਂ ਦੀ ਨਿਡਰਤਾ ਨਾਲ ਜੀਣ ਦੀ ਆਜ਼ਾਦੀ ਨਾਲ ਸੰਤੁਲਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਇਹ ਬਦਲਾਅ ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹਨ, ਨਾਲ ਹੀ ਇਹ ਵੀ ਯਕੀਨੀ ਬਣਾਉਂਦੇ ਹਨ ਕਿ ਇਸ ਦੇਸ਼ ਵਿੱਚ ਹਰ ਕੋਈ ਸੁਰੱਖਿਅਤ ਮਹਿਸੂਸ ਕਰੇ।" ਮਹਿਮੂਦ ਨੇ ਕਿਹਾ, "ਵੱਡੇ ਪੱਧਰ 'ਤੇ, ਵਾਰ-ਵਾਰ ਵਿਰੋਧ ਪ੍ਰਦਰਸ਼ਨ ਸਾਡੇ ਦੇਸ਼ ਦੇ ਬਹੁਤ ਸਾਰੇ ਵਰਗਾਂ, ਖਾਸ ਕਰਕੇ ਧਾਰਮਿਕ ਭਾਈਚਾਰਿਆਂ ਨੂੰ ਅਸੁਰੱਖਿਅਤ, ਡਰਾਇਆ ਅਤੇ ਆਪਣੇ ਘਰਾਂ ਤੋਂ ਬਾਹਰ ਨਿਕਲਣ ਤੋਂ ਡਰ ਸਕਦਾ ਹੈ।" ਗ੍ਰਹਿ ਮੰਤਰਾਲੇ ਨੇ ਕਿਹਾ ਕਿ ਸਰਕਾਰ ਮੌਜੂਦਾ ਕਾਨੂੰਨਾਂ ਦੀ ਵੀ ਸਮੀਖਿਆ ਕਰੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸ਼ਕਤੀਆਂ ਕਾਫ਼ੀ ਹਨ ਅਤੇ ਲਗਾਤਾਰ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਵਿਰੋਧ ਪ੍ਰਦਰਸ਼ਨਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਸ਼ਕਤੀ ਸ਼ਾਮਲ ਹੋਵੇਗੀ।

# ਇਕਲੌਤੇ ਪੁੱਤ ਜਸਕਰਨ ਸਿੰਘ ਲੱਖਾਂ ਰੁਪਏ ਕਰਜ਼ਾ ਚੁੱਕ 3 ਮਹੀਨੇ ਪਹਿਲਾਂ ਹੀ ਭੇਜਿਆਸੀ ਇਟਲੀ ਜਿੱਥੋਂ ਹੁਣ ਪੁੱਤ ਨਹੀਂ ਉਸ ਦੀ ਲਾਸ਼ ਆਵੇਗੀ, ਸਾਰੇ ਪਰਿਵਾਰ ਦਾ ਰੋ-ਰੋ ਬੁਰਾ ਹਾਲ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ)ਇਟਲੀ ਦੇ ਮਾਤੇਰਾ ਇਲਾਕੇ ਵਿੱਚ ਇੱਕ ਕਾਰ ਤੇ ਟਰੱਕ ਦਦੀ ਟੱਕਰ ਵਿੱਚ ਮਾਰੇ ਗਏ 4 ਪੰਜਾਬੀਆਂ ਵਿਚੋਂ ਇੱਕ ਮਰਹੂਮ ਜਸਕਰਨ ਸਿੰਘ ਪੱਤਰ ਕੁਲਵਿੰਦਰ ਸਿੰਘ ਵਾਸੀ ਪੁਰਖਾਲੀ ਜ਼ਿਲ੍ਹਾ ਰੋਪੜ ਦਾ ਮਹਿਜ 20 ਸਾਲ ਦਾ ਇਹ ਨੌਜਵਾਨ ਹਾਲੇ ਜੁਲਾਈ 2025 ਨੂੰ ਹੀ ਘਰ ਦੀ ਗਰੀਬੀ ਦੂਰ ਕਰਨ ਤੇ ਭੱਵਿਖ ਬਿਹਤਰ ਬਣਾਉਣ 12-13 ਲੱਖ ਕਰਜ਼ਾ ਚੁੱਕ ਇਟਲੀ ਆਇਆ ਸੀ ਤੇ ਇੱਥੇ ਖੇਤਾਂ ਵਿੱਚ ਦਿਹਾੜੀ-ਦੱਪਾ ਕਰ ਕਰਜ਼ਾ ਮੋੜਨ ਲਈ ਦਿਨ-ਰਾਤ ਇੱਕ ਕਰ ਰਿਹਾ ਸੀ ਕਿ ਅਚਾਨਕ ਹੋਣੀ ਨੇ ਉਸ ਨੂੰ ਦਬੋਚ ਲਿਆ। ਪ੍ਰੈੱਸ ਮਰਹੂਮ ਜਸਕਰਨ ਸਿੰਘ ਦੇ ਭੂਆ ਦੇ ਮੁੰਡੇ ਲਖਵਿੰਦਰ ਸਿੰਘ ਨੇ ਫੋਨ ਰਾਹੀ ਜਾਣਕਾਰੀ ਦਿੰਦਿਆਂ ਕਿਹਾ ਕਿ ਉਹਨਾਂ ਦਾ ਮਾਮਾ ਕੁਲਵਿੰਦਰ ਸਿੰਘ ਮਜ਼ਦੂਰੀ ਕਰਕੇ ਪਰਿਵਾਰ ਦਾ ਗੁਜ਼ਾਰਾ ਕਰ ਰਿਹਾ ਤੇ ਰਕਮ ਕਰਜ਼ਾ ਚੁੱਕ ਉਸ ਨੇ ਇਕਲੌਤੇ ਪੁੱਤ ਨੂੰ ਇਟਲੀ ਭੇਜਿਆ ਸੀ ਕਿ ਉਹਨਾਂ ਦਾ ਬੁੱਢਾਪਾ ਚੰਗਾ ਨਿਕਲ ਜਾਵੇਗਾ ਪਰ ਕੀ ਪਤਾ ਸੀ ਕਿ ਇਟਲੀ ਤੋਂ ਹੁਣ ਪੁੱਤ ਨਹੀਂ ਸਗੋਂ ਉਸ ਦੀ ਲਾਸ਼ ਹੀ ਆਵੇਗੀ।ਜਸਕਰਨ ਸਿੰਘ ਦੇ ਐਕਸੀਡੈਂਟ ਖ਼ਬਰ ਉਹਨਾਂ ਅੱਜ ਜਦੋਂ ਅਖ਼ਬਾਰ ਵਿੱਚ ਪੜ੍ਹੀ ਤਾਂ ਉਹਨਾਂ ਦੇ ਪੈਰਾਂ ਹੇਠੋਂ ਜਮੀਨ ਨਿਕਲ ਗਈ।

ਸਾਰੇ ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੈ।ਲਖਵਿੰਦਰ ਸਿੰਘ ਇਟਲੀ ਦੇ ਭਾਰਤੀ ਭਾਈਚਾਰੇ ਤੇ ਭਾਰਤੀ ਅੰਬੈਸੀ ਰੋਮ ਨੂੰ ਗੁਜਾਰਿਸ ਕੀਤੀ ਹੈ ਕਿ ਮਰਹੂਮ ਜਸਕਰਨ ਸਿੰਘ ਲਾਸ਼ ਨੂੰ ਭਾਰਤ ਭੇਜਣ ਵਿੱਚ ਉਹ ਮਦਦ ਕਰਨ ਤਾਂ ਜੋ ਮਾਪਿਆਂ ਨੂੰ ਜਿਗਰ ਦੇ ਟੁੱਕੜੇ ਦੀ ਮੌਤ ਦਾ ਯਕੀਨ ਆ ਜਾਵੇ।ਜ਼ਿਕਰਯੋਗ ਹੈ ਕਿ ਭਾਰਤੀ ਅੰਬੈਂਸੀ ਰੋਮ ਵੀ ਇਸ ਘਟਨਾ ਵਿੱਚ ਮਰੇ ਪੰਜਾਬੀਆਂ ਦੀ ਸਨਾਖਤ ਕਰਨ ਲਈ ਪਰਿਵਾਰ ਨਾਲ ਰਾਫ਼ਤਾ ਕਰਨ ਦੀ ਕੋਸ਼ਿਸ ਵਿੱਚ ਹੈ ਪਰ ਹੁਣ ਤੱਕ ਮਰਨ ਵਾਲੇ ਸਾਰੇ ਨੌਜਵਾਨਾਂ ਦੇ ਪਰਿਵਾਰਾਂ ਨਾਲ ਸੰਪਰਕ ਨਹੀਂ ਬਣ ਸਕਿਆ ਜਿਸ ਲਈ ਕਾਫ਼ੀ ਜੱਦੋ-ਜਹਿਦ ਚੱਲ ਰਹੀ ਹੈ।

ਬੱਚਾ ਇੱਕ ਯਤੀਮ ਹੋਇਆ
ਉਮਰ ਸਾਰੀ ਸੱਤ ਸਾਲ
ਚਾਚੇ ਤਾਏ ਸਤਾਉਣ ਲੱਗੇ
ਤਾਂ ਨਾਨੀ ਲੈ ਗਈ ਆਪਣੇ ਨਾਲ
ਮਾਮੇ ਮਾਮੀਆਂ ਕਰਨ ਈਰਖਾ
ਖਿੜੇ ਖਿੜੇ ਜਹੇ ਰਹਿੰਦੇ ਨੇ
ਸਾਡੇ ਘਰ ਨੂੰ ਖਾਣ ਨੂੰ ਆਇਆ
ਗੱਲ ਗੱਲ ਤੇ ਆ ਕਹਿੰਦੇ ਨੇ
ਨਾਨੀ ਦੋਹਤਾ ਅੱਡ ਹੋ ਗਏ
ਸਭ ਤੋਂ ਵੱਖਰੇ ਰਹਿਣ ਲੱਗੇ
ਬੱਚਾ ਘੁੰਗਣੀਆ ਵੇਚਣ ਜਾਵੇ
ਉਹਨੂੰ ਲੋਕ ਨਿਥਾਵਾਂ ਕਹਿਣ ਲੱਗੇ
ਨਾਨੀ ਗੁਜਰ ਗਈ 8ਵੇਂ ਸਾਲ ਵਿੱਚ
ਜੀਵਨ ਹੋਇਆ ਬਹੁਤ ਉਦਾਸ
ਸ਼ਰਨ ਮਿਲੀ ਗੁਰੂ ਅਮਰਦਾਸ ਜੀ ਦੀ
ਕੀਤਾ ਉਹਨਾਂ ਦੇ ਹਿਰਦੇ 'ਚ ਵਾਸ
ਫਿਰ ਬਣਿਆ ਮਾਲਿਕ ਸ੍ਰਿਸ਼ਟੀ ਦਾ
ਓਹ ਬੱਚਾ ਧੰਨ ਗੁਰੂ ਰਾਮਦਾਸ

# ਭਾਰਤੀ ਰਾਜ ਸਭਾ ਵਿਚ ਅਰਬਪਤੀਆਂ ਦਾ ਰਾਜ: ਲੋਕ ਸਭਾ ਨੂੰ ਪਿੱਛੇ ਛੱਡ ਗਏ ਦੌਲਤਮੰਦ!

## ✪ ਰਾਜ ਸਭਾ ਵਿੱਚ ਪੈਸੇ ਵਾਲੇ ਹੀ ਹਾਵੀ: ਬੁੱਧੀਜੀਵੀ ਕਿੱਥੇ ਗਏ ?



ਬੀ. ਪਾਰਥਾਸਾਰਥੀ ਰੈਡੀ | ਅਲਾ ਅਯੁੱਧਿਆ ਰਾਮੀ ਰੈਡੀ | ਜਯਾ ਬਚਨ | ਵਿਕਰਮਜੀਤ ਸਿੰਘ ਸਾਹਨੀ | ਸੰਜੀਵ ਅਰੋੜਾ | ਰਾਜਿੰਦਰ ਗੁਪਤਾ

ਨਵੀਂ ਦਿੱਲੀ-ਭਾਰਤੀ ਸੰਸਦ ਦੇ ਉਪਰਲੇ ਸਦਨ ਰਾਜ ਸਭਾ ਵਿੱਚ ਹੁਣ ਦੌਲਤਮੰਦਾਂ ਦਾ ਮੇਲਾ ਲੱਗ ਗਿਆ ਹੈ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (ਏਡੀਆਰ) ਦੇ ਤਾਜ਼ਾ ਮੁਲਾਂਕਣ ਅਨੁਸਾਰ, ਰਾਜ ਸਭਾ ਦੇ 225 ਵਿੱਚੋਂ 31 ਮੈਂਬਰ ਅਰਬਪਤੀ ਹਨ, ਜੋ ਕਿ 13.77 ਫੀਸਦੀ ਹਨ। ਇਹ ਗਿਣਤੀ ਲੋਕ ਸਭਾ ਵਿੱਚ ਸਿਰਫ 5.50 ਫੀਸਦੀ ਹੈ। 200 ਕਰੋੜ ਤੋਂ ਵੱਧ ਦੀ ਸੰਪਤੀ ਵਾਲੇ ਰਾਜ ਸਭਾ ਵਿੱਚ 8.44 ਫੀਸਦੀ ਮੈਂਬਰ ਹਨ, ਜਦਕਿ ਲੋਕ ਸਭਾ ਵਿੱਚ ਇਹ ਅੰਕੜਾ 2.93 ਫੀਸਦੀ ਹੀ ਹੈ। ਇਹ ਰੁਝਾਨ ਦੱਸਦਾ ਹੈ ਕਿ ਸਿਆਸਤ ਵਿੱਚ ਪੈਸਾ ਹੀ ਤਾਕਤ ਬਣ ਰਿਹਾ ਹੈ ਅਤੇ ਬੁੱਧੀਜੀਵੀਆਂ ਦੀ ਥਾਂ ਅਰਬਪਤੀ ਚੜ੍ਹ ਰਹੇ ਹਨ।

ਰਾਜ ਸਭਾ ਵਿੱਚ ਸਭ ਤੋਂ ਅਮੀਰ ਮੈਂਬਰ ਤੇਲੰਗਾਨਾ ਤੋਂ ਬੀ. ਪਾਰਥਾਸਾਰਥੀ ਰੈਡੀ ਹਨ, ਜਿਨ੍ਹਾਂ ਦੀ ਸੰਪਤੀ 5300 ਕਰੋੜ ਰੁਪਏ ਦੱਸੀ ਜਾਂਦੀ ਹੈ। ਉਹ ਹੈਟੈਰੋ ਡਰੱਗਜ਼ ਦੇ ਚੇਅਰਮੈਨ ਹਨ ਅਤੇ ਭਾਰਤ ਰਾਸ਼ਟਰ ਸਮਿਤੀ (ਬੀਆਰਐੱਸ) ਨੇ ਉਨ੍ਹਾਂ ਨੂੰ ਭੇਜਿਆ ਹੈ। ਦੂਜੇ ਨੰਬਰ ਤੇ ਵਾਈਐੱਸਆਰ ਕਾਂਗਰਸ ਦੇ ਅਲਾ ਅਯੁੱਧਿਆ ਰਾਮੀ ਰੈਡੀ ਹਨ, ਜਿਨ੍ਹਾਂ ਦੀ ਮਾਲਕੀ 2577 ਕਰੋੜ ਹੈ।

ਤੀਜੇ ਨੰਬਰ ਤੇ ਸਮਾਜਵਾਦੀ ਪਾਰਟੀ ਦੀ ਜਯਾ ਬਚਨ ਹਨ, ਜਿਨ੍ਹਾਂ ਦੇ ਨਾਂ 1001 ਕਰੋੜ ਦੀ ਸੰਪਤੀ ਰਜਿਸਟਰ ਹੈ। ਪੰਜਾਬ ਨਾਲ ਸਬੰਧਤ ਵਿਕਰਮਜੀਤ ਸਿੰਘ ਸਾਹਨੀ, ਜੋ ਆਮ ਆਦਮੀ ਪਾਰਟੀ (ਆਪ) ਦੇ ਮੈਂਬਰ ਹਨ, 498 ਕਰੋੜ ਦੀ ਸੰਪਤੀ ਨਾਲ ਪੰਜਵੇਂ ਸਥਾਨ ਤੇ ਹਨ। ਉਹ ਸਨ ਫਾਊਂਡੇਸ਼ਨ ਦੇ ਸੰਸਥਾਪਕ ਹਨ ਅਤੇ ਸਮਾਜ ਸੇਵਾ ਵਿੱਚ ਵੀ ਸਰਗਰਮ ਹਨ।

ਇਸੇ ਤਰ੍ਹਾਂ, ਪਹਿਲਾਂ ਰਾਜ ਸਭਾ ਵਿੱਚ ਰਹੇ ਆਪ ਨੇਤਾ ਸੰਜੀਵ ਅਰੋੜਾ ਨੇ 460 ਕਰੋੜ ਦੀ ਸੰਪਤੀ ਨਾਲ ਸੱਤਵਾਂ ਨੰਬਰ ਰੱਖਿਆ ਸੀ। ਪਰ ਜੁਲਾਈ 2025 ਵਿੱਚ ਉਨ੍ਹਾਂ ਨੇ ਲੁਧਿਆਣਾ ਵੈਸਟ ਵਿਧਾਨ ਸਭਾ ਹਲਕੇ ਦੀ ਬਾਈ-ਇਲੈਕਸ਼ਨ ਜਿੱਤ ਕੇ ਰਾਜ ਸਭਾ ਵਿੱਚੋਂ ਅਸਤੀਫਾ ਦੇ ਦਿੱਤਾ। ਇਸ ਅਸਤੀਫੇ ਨਾਲ ਖਾਲੀ ਹੋਈ ਸੀਟ ਲਈ ਹੁਣ ਆਪ ਨੇ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਰਾਜਿੰਦਰ ਗੁਪਤਾ ਨੂੰ ਉਮੀਦਵਾਰ ਐਲਾਨਿਆ ਹੈ। ਰਾਜਿੰਦਰ ਗੁਪਤਾ, ਜੋ ਪੰਜਾਬ ਦੇ ਸਭ ਤੋਂ ਅਮੀਰ ਵਿਅਕਤੀਆਂ ਵਿੱਚੋਂ ਇੱਕ ਹਨ, ਉਨ੍ਹਾਂ ਦੀ ਨੈੱਟ ਵਰਥ 10000 ਕਰੋੜ ਰੁਪਏ (1.2 ਬਿਲੀਅਨ ਡਾਲਰ) ਦੱਸੀ ਜਾਂਦੀ ਹੈ। ਫੋਰਬਸ ਲਿਸਟ ਅਨੁਸਾਰ, ਉਹ ਟੈਕਸਟਾਈਲ ਅਤੇ ਫਾਰਮਾ ਉਦਯੋਗ ਵਿੱਚ ਬਾਦਸ਼ਾਹ ਹਨ। ਆਪ ਦੀ ਪੰਜਾਬ ਵਿਧਾਨ ਸਭਾ ਵਿੱਚ 93 ਮੈਂਬਰਾਂ ਵਾਲੀ ਬਹੁਮਤ ਨਾਲ ਗੁਪਤਾ ਦੀ ਜਿੱਤ ਤੋਂ ਇਨਕਾਰ ਨਹੀਂ। ਇਹ ਬਾਈ-ਇਲੈਕਸ਼ਨ 24 ਅਕਤੂਬਰ ਨੂੰ ਹੋਵੇਗੀ।

### ਆਪ ਵਰਗੀਆਂ 'ਇਨਕਲਾਬੀ' ਪਾਰਟੀਆਂ ਵੀ ਅਮੀਰਾਂ ਵੱਲ ਝੁਕੀਆਂ: ਕੀ ਬਦਲਾਅ ਆਇਆ ?

ਆਪ, ਜੋ ਆਮ ਆਦਮੀਆਂ ਦੀ ਪਾਰਟੀ ਕਹਾਉਂਦੀ ਸੀ, ਹੁਣ ਵੀ ਅਮੀਰਾਂ ਨੂੰ ਰਾਜ ਸਭਾ ਭੇਜ ਰਹੀ ਹੈ। ਰਾਜਿੰਦਰ ਗੁਪਤਾ ਦੀ ਨਾਮਜ਼ਦਗੀ ਨਾਲ ਪਾਰਟੀ ਤੇ ਸਵਾਲ ਉੱਠ ਰਹੇ ਹਨ ਕਿ ਕੀ 'ਆਮ' ਤੋਂ 'ਖਾਸ' ਵੱਲ ਰੁਝਾਨ ਵਧ ਰਿਹਾ ਹੈ? ਏਡੀਆਰ ਰਿਪੋਰਟ ਮੁਤਾਬਕ, ਆਪ ਦੇ 10 ਵਿੱਚੋਂ 3 ਮੈਂਬਰ 100 ਕਰੋੜ ਤੋਂ ਵੱਧ ਦੇ ਅਰਬਪਤੀ ਹਨ। ਬੀਜੇਪੀ ਦੇ 85 ਵਿੱਚੋਂ 6 ਅਤੇ ਕਾਂਗਰਸ ਦੇ 30 ਵਿੱਚੋਂ 4 ਅਜਿਹੇ ਹਨ। ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਵਿੱਚ ਤਾਂ ਅਰਬਪਤੀਆਂ ਦਾ ਬੋਲਬਾਲਾ ਹੈ - ਤੇਲੰਗਾਨਾ ਦੇ 7 ਵਿੱਚੋਂ 4 ਅਤੇ ਆਂਧਰਾ ਦੇ 11 ਵਿੱਚੋਂ 5। ਪੰਜਾਬ ਵਿੱਚ ਵੀ 7 ਵਿੱਚੋਂ 2 ਅਰਬਪਤੀ ਹਨ। ਇਹ ਰੁਝਾਨ ਸਿਆਸੀ ਪਾਰਟੀਆਂ ਨੂੰ ਫੰਡਿੰਗ ਅਤੇ ਚੋਣ ਤਾਕਤ ਲਈ ਅਮੀਰਾਂ ਵੱਲ ਧੱਕ ਰਿਹਾ ਹੈ।

ਸਿਆਸਤ ਵਿਗਿਆਨੀ ਕਹਿੰਦੇ ਹਨ ਕਿ ਰਾਜ ਸਭਾ ਨੂੰ ਚੋਣ ਵਾਲੀ ਵਿਧਾਨ ਸਭਾਵਾਂ ਭੇਜਦੀਆਂ ਹਨ, ਇਸ ਲਈ ਪਾਰਟੀਆਂ ਅਮੀਰਾਂ ਨੂੰ ਟਿਕਟਾਂ ਵੰਡਦੀਆਂ ਹਨ ਜੋ ਫੰਡ ਦੇ ਸਕਣ। ਪਰ ਇਸ ਨਾਲ ਲੋਕਤੰਤਰ ਵਿੱਚ ਆਮ ਆਵਾਜ਼ ਦਬ ਜਾਂਦੀ ਹੈ। ਏਡੀਆਰ ਨੇ ਸੁਝਾਅ ਦਿੱਤਾ ਹੈ ਕਿ ਵਿੱਤੀ ਖੁਲਾਸੇ ਸਖਤ ਕਰਨ ਚਾਹੀਦੇ ਹਨ ਅਤੇ ਨਿਰਪੱਖ ਨਿਯਮ ਬਣਾਉਣੇ ਚਾਹੀਦੇ ਹਨ। ਰਾਜ ਸਭਾ, ਜੋ ਪਹਿਲਾਂ ਬੁੱਧੀਜੀਵੀਆਂ ਅਤੇ ਮਾਹਿਰਾਂ ਦਾ ਸਦਨ ਸੀ, ਹੁਣ ਕਾਰੋਬਾਰੀਆਂ ਦਾ ਬਣ ਰਿਹਾ ਹੈ। ਕੀ ਇਹ ਲੋਕਤੰਤਰ ਲਈ ਚੰਗਾ ਹੈ? ਇਹ ਸਵਾਲ ਅੱਜਕੱਲ੍ਹ ਹਰ ਪਾਸੇ ਉੱਠ ਰਹੇ ਹਨ।

ਪੰਜਾਬ ਵਿੱਚ ਆਪ ਸਰਕਾਰ ਨੇ ਰਾਜਿੰਦਰ ਗੁਪਤਾ ਨੂੰ ਨਾਮਜ਼ਦ ਕਰਕੇ ਆਪਣੇ ਪੁਰਾਣੇ ਵਾਅਦਿਆਂ ਨੂੰ ਭੁੱਲ ਗਈ ਲੱਗਦੀ ਹੈ। ਗੁਪਤਾ ਨੇ ਪਿਛਲੀਆਂ ਸਰਕਾਰਾਂ ਵਿੱਚ ਵੀ ਅਹੁਦੇ ਨਿਭਾਏ ਹਨ ਅਤੇ ਹੁਣ ਰਾਜ ਸਭਾ ਵਿੱਚ ਜਾ ਕੇ ਪੰਜਾਬ ਦੇ ਉਦਯੋਗਾਂ ਨੂੰ ਵਿਕਸਤ ਕਰਨ ਦਾ ਦਾਅਵਾ ਕੀਤਾ ਹੈ। ਪਰ ਵਿਰੋਧੀ ਪਾਰਟੀਆਂ ਕਹਿ ਰਹੀਆਂ ਹਨ ਕਿ ਇਹ ਅਮੀਰ-ਅਮੀਰ ਵਾਲੀ ਖੇਡ ਹੈ। ਲੋਕ ਸਭਾ ਵਿੱਚ ਚੋਣ ਵਾਲੇ ਖੇਤਰਾਂ ਕਾਰਨ ਵੀ ਅਮੀਰ ਆਉਂਦੇ ਹਨ, ਪਰ ਰਾਜ ਸਭਾ ਵਿੱਚ ਤਾਂ ਸਿੱਧਾ ਪੈਸੇ ਨਾਲ ਰਸਤਾ ਖੁੱਲ੍ਹ ਜਾਂਦਾ ਹੈ। ਏਡੀਆਰ ਦੇ ਅਨੁਸਾਰ, ਰਾਜ ਸਭਾ ਮੈਂਬਰਾਂ ਦੀ ਔਸਤ ਸੰਪਤੀ 87.12 ਕਰੋੜ ਹੈ, ਜੋ ਲੋਕ ਸਭਾ ਨਾਲੋਂ ਵੱਧ ਹੈ।

ਅੰਤ ਵਿੱਚ, ਇਹ ਰੁਝਾਨ ਭਾਰਤੀ ਗਣਤੰਤਰ ਨੂੰ ਚੁਣੌਤੀ ਦੇ ਰਿਹਾ ਹੈ। ਜੇਕਰ ਸੰਸਦ ਵਿੱਚ ਅਮੀਰਾਂ ਦਾ ਵਾਧਾ ਹੁੰਦਾ ਰਿਹਾ ਤਾਂ ਆਮ ਲੋਕਾਂ ਦੀ ਅਵਾਜ਼ ਕੌਣ ਸੁਣੇਗਾ? ਸਰਕਾਰ ਨੂੰ ਚੋਣ ਨਿਯਮਾਂ ਵਿੱਚ ਬਦਲਾਅ ਕਰਨੇ ਪੈਣਗੇ ਤਾਂ ਹੀ ਇਹ ਅਸੰਤੁਲਨ ਖਤਮ ਹੋ ਸਕੇਗਾ।

# ਪਾਕਿਸਤਾਨੀ ਫੌਜ ਦਾ ਦਾਅਵਾ ਕਿ ਅਸੀਂ ਭਾਰਤ ਦੇ 7 ਲੜਾਕੂ ਜਹਾਜ਼ ਸੁੱਟੇ, ਭਾਰਤ ਨੇ ਇਕ ਵੀ ਨਹੀਂ

## ✪ ਭਾਰਤੀ ਫ਼ੌਜ ਦਾ ਦਾਅਵਾ ਕਿ ਇਨ੍ਹਾਂ ਸਭ ਨੂੰ ਬੇਅਸਰ ਕਰ ਦਿੱਤਾ

ਅੰਮ੍ਰਿਤਸਰ-ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਜ਼ ਪਬਲਿਕ ਰਿਲੇਸ਼ਨਜ਼ (ਆਈ. ਐੱਸ. ਪੀ. ਆਰ.) ਦੇ ਡਾਇਰੈਕਟਰ ਜਨਰਲ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ਼ ਚੌਧਰੀ ਨੇ ਚੀਨੀ ਹਥਿਆਰਾਂ ਦੇ ਕਸੀਦੇ ਪੜ੍ਹਦਿਆਂ ਦਾਅਵਾ ਕੀਤਾ ਹੈ ਕਿ ਮਈ ਵਿਚ ਭਾਰਤ ਵਿਰੁੱਧ ਜੰਗ ਵਿਚ ਚੀਨੀ ਹਥਿਆਰਾਂ ਨੇ ਵਧੀਆ ਪ੍ਰਦਰਸ਼ਨ ਕੀਤਾ। ਇਕ ਖ਼ਬਰ ਚੈਨਲ ਨਾਲ ਇੰਟਰਵਿਊ ਵਿਚ ਉਨ੍ਹਾਂ ਦਾਅਵਾ ਕੀਤਾ ਕਿ ਅਸੀਂ ਚੀਨੀ ਤਕਨਾਲੋਜੀ ਦੀ ਮਦਦ ਨਾਲ ਆਪ੍ਰੇਸ਼ਨ 'ਬੁਨਯਾਨ-ਉਮ-ਮਾਰਸੂਸ' ਦੌਰਾਨ 7 ਭਾਰਤੀ ਲੜਾਕੂ ਜਹਾਜ਼ ਸੁੱਟੇ, ਜਦਕਿ ਭਾਰਤ 'ਆਪ੍ਰੇਸ਼ਨ ਸੰਧੂਰ' ਵਿਚ ਇਕ ਵੀ ਪਾਕਿਸਤਾਨੀ ਜਹਾਜ਼ ਨਹੀਂ ਸੁੱਟ ਚੁੱਕਿਆ ਚੌਧਰੀ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਚੀਨੀ ਜਾਂ ਪੱਛਮੀ ਹਥਿਆਰਾਂ ਵਿਚ ਵਿਤਕਰਾ ਨਹੀਂ ਕਰਦਾ, ਪਰ ਚੀਨੀ ਹਥਿਆਰਾਂ ਨੇ ਇਸ ਸੰਘਰਸ਼ ਵਿਚ ਵਧੀਆ ਪ੍ਰਦਰਸ਼ਨ ਕੀਤਾ।

ਭਾਰਤ ਨਾਲ ਟਕਰਾਅ ਵਿਚ ਵਰਤੇ ਗਏ ਚੀਨੀ ਹਥਿਆਰਾਂ ਦਾ ਵੇਰਵਾ ਦਿੰਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਪਾਕਿ ਨੇ ਚੀਨ ਦੁਆਰਾ ਵਿਕਸਿਤ ਲੰਬੀ ਦੂਰੀ ਦੀ ਹਵਾ ਤੋਂ ਹਵਾ 'ਚ ਮਾਰ ਕਰਨ ਵਾਲੀ ਪੀ.ਐੱਲ.-15 ਈ. ਮਿਜ਼ਾਈਲ, ਸਤ੍ਹਾ ਤੋਂ ਹਵਾ 'ਚ ਮਾਰ



ਕਰਨ ਵਾਲੀ ਐੱਚ. ਕਿਊ.-9 ਪੀ. ਮਿਜ਼ਾਈਲ, ਪਾਕਿ ਤੇ ਚੀਨ ਦੁਆਰਾ ਸਾਂਝੇ ਤੌਰ 'ਤੇ ਵਿਕਸਿਤ ਜੇ. ਐੱਫ.-17 ਥੰਡਰ ਲੜਾਕੂ ਜੈੱਟ ਤੇ ਚੀਨੀ ਮਲਟੀ-ਰੋਲ ਜੇ.-10 ਫਾਈਟਰ ਜੈੱਟ ਦੀ ਵਰਤੋਂ ਕੀਤੀ। ਹਾਲਾਂਕਿ ਭਾਰਤੀ ਫ਼ੌਜ ਦਾ ਦਾਅਵਾ ਹੈ ਕਿ ਇਨ੍ਹਾਂ ਸਭ ਨੂੰ ਭਾਰਤੀ ਬ੍ਰਹਮੋਸ ਤੇ ਆਕਾਸ਼ਤੀਰ ਦੁਆਰਾ ਬੇਅਸਰ ਕਰ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ ਕੁਝ ਚੀਨੀ ਮਿਜ਼ਾਈਲਾਂ ਦੇ ਟੁਕੜੇ ਖੇਤਾਂ 'ਵਿਚੋਂ ਬਰਾਮਦ ਕੀਤੇ ਗਏ ਤੇ ਕੁਝ ਨੂੰ ਹਵਾ ਵਿਚ ਹੀ ਬੇਅਸਰ ਕਰ ਦਿੱਤਾ ਗਿਆ ।

# ਅੱਤਵਾਦੀ ਐਲਾਨੇ ਜਾਣ ਤੋਂ ਬਾਅਦ ਵੀ ਲਾਰੈਂਸ ਗਰੋਹ ਕੈਨੇਡਾ ਵਿਚ ਸਰਗਰਮ

## ਕੈਨੇਡੀਅਨ ਸਰਕਾਰ ਗਰੋਹ ਨੂੰ ਕੰਟਰੋਲ ਕਿਉਂ ਨਹੀਂ ਕਰ ਸਕੀ? ਭਾਰਤੀ ਪ੍ਰਵਾਸੀਆਂ ਵਿੱਚ ਦਹਿਸ਼ਤ: ਸੁਰੱਖਿਆ ਦੀਆਂ ਚੁਣੌਤੀਆਂ

ਓਟਾਵਾ-ਕੈਨੇਡਾ ਵਿੱਚ ਭਾਰਤੀ ਪ੍ਰਵਾਸੀ ਭਾਈਚਾਰੇ ਵਿੱਚ ਡਰ ਦਾ ਮਾਹੌਲ ਪੈ ਗਿਆ ਹੈ। ਇੱਕ ਪਾਸੇ ਕੈਨੇਡੀਅਨ ਸਰਕਾਰ ਨੇ ਲਾਰੈਂਸ ਬਿਸ਼ਨੋਈ ਗਰੋਹ ਨੂੰ ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕੀਤਾ ਹੈ, ਪਰ ਇਸ ਦੇ ਬਾਵਜੂਦ ਉਹ ਉੱਥੇ ਹੀ ਅਪਰਾਧਿਕ ਸਰਗਰਮੀਆਂ ਵਿੱਚ ਸ਼ਾਮਲ ਹੈ। 29 ਸਤੰਬਰ ਨੂੰ ਅਧਿਕਾਰਤ ਐਲਾਨ ਤੋਂ ਵੀ ਚਾਰ ਦਿਨ ਬਾਅਦ ਹੀ, 5 ਅਕਤੂਬਰ ਨੂੰ ਗਰੋਹ ਦੇ ਕਥਿਤ ਮੈਂਬਰ ਫਤਿਹ ਪੁਰਤਗਾਲ ਨੇ ਸੋਸ਼ਲ ਮੀਡੀਆ ਤੇ ਪੋਸਟ ਕਰਕੇ ਨਵੀਨ ਤਾਸੀ ਨਾਮਕ ਵਪਾਰੀ ਵਾਲੀਆਂ ਤਿੰਨ ਥਾਵਾਂ ਤੇ ਗੋਲੀਬਾਰੀ ਦੀ ਜ਼ਿੰਮੇਵਾਰੀ ਲਈ। ਇਹ ਘਟਨਾ ਨਾ ਸਿਰਫ਼ ਗਰੋਹ ਦੀ ਹਿੰਮਤ ਨੂੰ ਦਰਸਾਉਂਦੀ ਹੈ, ਸਗੋਂ ਕੈਨੇਡੀਅਨ ਅਧਿਕਾਰੀਆਂ ਦੀ ਅਸਫਲਤਾ ਨੂੰ ਵੀ ਉਜਾਗਰ ਕਰਦੀ ਹੈ। ਲਾਰੈਂਸ ਬਿਸ਼ਨੋਈ, ਜੋ ਭਾਰਤ ਵਿੱਚ ਜੇਲ੍ਹ ਵਿੱਚ ਬੰਦ ਹੈ, ਉਸ ਦੇ ਗਰੋਹ ਨੇ ਕੈਨੇਡਾ ਵਿੱਚ ਭਾਰਤੀਆਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਿਆ ਹੈ, ਜਿਸ ਨਾਲ ਪੰਜਾਬੀ ਭਾਈਚਾਰੇ ਵਿੱਚ ਬੇਚੈਨੀ ਵਧ ਗਈ ਹੈ।

ਕੈਨੇਡੀਅਨ ਪੁਲਿਸ ਨੇ ਗੋਲੀਬਾਰੀ ਦੀ ਪੁਸ਼ਟੀ ਕੀਤੀ ਹੈ, ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਫਤਿਹ ਪੁਰਤਗਾਲ, ਜੋ ਪੁਰਤਗਾਲ ਵਿੱਚ ਰਹਿੰਦਾ ਹੈ ਪਰ ਗਰੋਹ ਨਾਲ ਜੁੜਿਆ ਹੋਇਆ ਹੈ, ਨੇ ਆਪਣੀ ਪੋਸਟ ਵਿੱਚ ਕਿਹਾ ਕਿ ਨਵੀਨ ਤਾਸੀ ਨੇ ਲਾਰੈਂਸ ਬਿਸ਼ਨੋਈ ਦੇ ਨਾਮ ਤੇ ਪੰਜਾਬੀ ਗਾਇਕਾਂ ਅਤੇ ਵਪਾਰੀਆਂ ਤੋਂ 5 ਮਿਲੀਅਨ ਕੈਨੇਡੀਅਨ ਡਾਲਰ (ਲਗਭਗ 42 ਕਰੋੜ ਰੁਪਏ) ਵਸੂਲੇ ਸਨ। ਉਸ ਨੇ ਵੀਡੀਓ ਵੀ ਸਾਂਝੇ ਕੀਤੇ ਹਨ, ਜਿਨ੍ਹਾਂ ਵਿੱਚ ਗੋਲੀਬਾਰੀ ਦੇ ਸੀਨ ਨਜ਼ਰ ਆ ਰਹੇ ਹਨ। ਪੋਸਟ ਵਿੱਚ ਉਸ ਨੇ ਲਿਖਿਆ, "ਸਾਡੀ ਮਿਹਨਤੀ ਭਰਾਵਾਂ ਅਤੇ ਭੈਣਾਂ ਨਾਲ ਕੋਈ ਦੁਸ਼ਮਣੀ ਨਹੀਂ। ਜੋ ਵੀ ਗਲਤ ਕਰਦਾ ਹੈ, ਉਹ ਸਾਡਾ ਨਿਸ਼ਾਨਾ ਹੈ।" ਇਹ ਘਟਨਾ ਬਰੈਂਪਟਨ ਅਤੇ ਸਰੀ ਵਰਗੀਆਂ ਥਾਵਾਂ ਤੇ ਵਾਪਰੀ, ਜਿੱਥੇ ਭਾਰਤੀ ਪ੍ਰਵਾਸੀਆਂ ਦੀ ਭਾਰੀ ਗਿਣਤੀ ਹੈ। ਰਾਈਡੀਅਨਟ ਪੁਲਿਸ ਨੇ ਕਿਹਾ ਕਿ ਉਹ ਜਾਂਚ ਕਰ ਰਹੇ ਹਨ ਅਤੇ ਗਰੋਹ ਦੇ ਮੈਂਬਰਾਂ ਨੂੰ ਫੜਨ ਲਈ ਕੰਮ ਕਰ ਰਹੇ ਹਨ, ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ।

ਲਾਰੈਂਸ ਬਿਸ਼ਨੋਈ ਗਰੋਹ ਦੀ ਇਹ ਸਰਗਰਮੀ ਕੈਨੇਡਾ ਵਿੱਚ ਨਵੀਂ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿੱਚ ਇਸ ਨੇ ਕਈ ਵੱਡੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਹੈ, ਜਿਵੇਂ ਕਿ 2023 ਵਿੱਚ ਸਿੱਖ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਜਰ ਦੀ ਹੱਤਿਆ, ਕੀਤੀ ਸੀ। ਇਸ ਤੋਂ ਇਲਾਵਾ, ਪੰਜਾਬੀ ਗਾਇਕ ਸਿੱਧੂ ਮੂਸੇ ਵਾਲਾ ਦੀ ਹੱਤਿਆ ਵੀ ਇਸ ਗਰੋਹ ਨਾਲ ਜੁੜੀ ਹੋਈ ਹੈ। ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਦੇ ਮੁੱਖ ਮੰਤਰੀਆਂ ਨੇ ਵੀ ਇਸ ਗਰੋਹ ਨੂੰ ਅੱਤਵਾਦੀ ਐਲਾਨੇ ਲਈ ਦਬਾਅ ਪਾਇਆ ਸੀ। ਪਰ ਐਲਾਨ ਤੋਂ ਬਾਅਦ ਵੀ ਗਰੋਹ ਦੀ ਸਰਗਰਮੀ ਨਹੀਂ ਰੁਕੀ, ਜੋ ਇਸ ਦੀ ਅੰਦਰੂਨੀ ਤਾਕਤ ਨੂੰ ਦਰਸਾਉਂਦੀ ਹੈ। ਲਾਰੈਂਸ ਬਿਸ਼ਨੋਈ 2014 ਤੋਂ ਭਾਰਤੀ ਜੇਲ੍ਹ ਵਿੱਚ ਹੈ, ਪਰ ਉਹ ਜੇਲ੍ਹ ਤੋਂ ਹੀ ਆਪਣੇ 700 ਤੋਂ ਵੱਧ ਸਰਗਰਮ ਮੈਂਬਰਾਂ ਨੂੰ ਹੁਕਮ ਦਿੰਦਾ ਹੈ। ਉਸ ਦੇ ਨੇੜਲੇ ਸਹਿਯੋਗੀ ਗੋਲਡੀ ਬਰਾੜ, ਜੋ ਕੈਨੇਡਾ ਵਿੱਚ ਰਹਿੰਦਾ ਹੈ, ਇੱਥੇ ਗਰੋਹ ਨੂੰ ਚਲਾਉਂਦਾ ਹੈ।

ਰਾਈਡੀਅਨਟ ਮਾਊਂਟਿਡ ਪੁਲਿਸ (ਆਰਸੀਐੱਮਪੀ) ਨੇ ਮੰਨਿਆ ਹੈ ਕਿ ਗਰੋਹ ਨੂੰ ਰੋਕਣ ਲਈ ਅੰਤਰਰਾਸ਼ਟਰੀ ਸਹਿਯੋਗ ਦੀ ਲੋੜ ਹੈ। ਲਾਰੈਂਸ ਬਿਸ਼ਨੋਈ ਗਰੋਹ ਮੁੱਖ ਤੌਰ ਤੇ ਐਕਸਟੋਰਸ਼ਨ (ਵਸੂਲੀ), ਨਸ਼ੀਲੇ ਪਦਾਰਥਾਂ ਦੀ ਤਸਕਰੀ, ਹਥਿਆਰਾਂ ਦਾ ਗੈਰ-ਕਾਨੂੰਨੀ ਵਪਾਰ ਅਤੇ ਟਾਰਗੇਟ ਕਿਲਿੰਗਾਂ ਰਾਹੀਂ ਕਮਾਈ ਕਰਦਾ ਹੈ। ਗਰੋਹ ਦੇ ਨੈੱਟਵਰਕ ਵਿੱਚ 700 ਤੋਂ ਵੱਧ ਸ਼ੂਟਰ ਹਨ, ਜੋ ਲੋਕਲ ਗੈਂਗਸਟਰਾਂ ਨੂੰ ਹਾਇਰ ਕਰਦੇ ਹਨ। ਇਹ ਡਰ ਨੂੰ ਬਣਾਈ ਰੱਖਦੇ ਹਨ ਤਾਂ ਜੋ ਲੋਕ ਖੁਦ ਬੇਹੱਦ ਪੈਸੇ ਦੇਣ ਨੂੰ ਤਿਆਰ ਹੋ ਜਾਣ। ਅੱਤਵਾਦੀ ਟੈਗ ਨੇ ਉਨ੍ਹਾਂ ਨੂੰ ਵਧੇਰੇ ਖ਼ਤਰਨਾਕ ਬਣਾ ਦਿੱਤਾ ਹੈ, ਕਿਉਂਕਿ ਹੁਣ ਉਹ ਇਸ ਨੂੰ ਪ੍ਰਮੋਸ਼ਨ ਵਜੋਂ ਵਰਤ ਰਹੇ ਹਨ। ਐਕਸਪਰਟ ਕਹਿੰਦੇ ਹਨ ਕਿ ਗਰੋਹ ਨੂੰ ਰੋਕਣ ਲਈ ਵਿੱਤੀ ਚੈਨਲਾਂ ਨੂੰ ਬੰਦ ਕਰਨਾ ਪਵੇਗਾ, ਪਰ ਇਹ ਅੰਤਰਰਾਸ਼ਟਰੀ ਸਹਿਯੋਗ ਤੋਂ ਬਿਨਾਂ ਮੁਸ਼ਕਲ ਹੈ।

ਭਾਰਤੀ ਪ੍ਰਵਾਸੀਆਂ ਵਿੱਚ ਡਰ ਕਿਉਂ-ਕੈਨੇਡਾ ਵਿੱਚ ਭਾਰਤੀ ਪ੍ਰਵਾਸੀਆਂ, ਖਾਸ ਕਰਕੇ ਪੰਜਾਬੀ ਭਾਈਚਾਰੇ ਵਿੱਚ, ਦਹਿਸ਼ਤ ਦਾ ਮਾਹੌਲ ਹੈ, ਕਿਉਂਕਿ ਲਾਰੈਂਸ ਬਿਸ਼ਨੋਈ ਗਰੋਹ ਨੇ ਉਨ੍ਹਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਹੈ। ਬ੍ਰੈਂਪਟਨ, ਸਰੀ ਤੇ ਐਡਮੰਟਨ ਵਰਗੀਆਂ ਥਾਵਾਂ ਤੇ ਭਾਰਤੀਆਂ ਦੀ ਵੱਡੀ ਆਬਾਦੀ ਹੈ, ਜਿੱਥੇ ਗਰੋਹ ਵਸੂਲੀ ਅਤੇ ਹਿੰਸਾ ਰਾਹੀਂ ਡਰ ਪੈਦਾ ਕਰਦਾ ਹੈ। ਨਵੀਨ ਤਾਸੀ ਵਾਲੀ ਘਟਨਾ ਤੋਂ ਬਾਅਦ ਵਪਾਰੀ ਭਾਈਚਾਰੇ ਵਿੱਚ ਬੇਚੈਨੀ ਵਧ ਗਈ ਹੈ। ਕੈਨੇਡੀਅਨ ਗਵਰਨਮੈਂਟ ਨੇ ਮੰਨਿਆ ਹੈ ਕਿ ਗਰੋਹ ਨੇ "ਕਲਾਈਮੇਟ ਆਫ਼ ਫੀਅਰ" ਪੈਦਾ ਕੀਤਾ ਹੈ, ਪਰ ਪ੍ਰਵਾਸੀ ਭਾਈਚਾਰੇ ਨੂੰ ਲੱਗ ਰਿਹਾ ਹੈ ਕਿ ਸੁਰੱਖਿਆ ਅਜੇ ਵੀ ਕਮਜ਼ੋਰ ਹੈ। ਬ੍ਰੈਂਪਟਨ ਮੇਅਰ ਪੈਟਰਿਕ ਬ੍ਰਾਊਨ ਨੇ ਕਿਹਾ ਕਿ ਅਜਿਹੇ ਅਪਰਾਧਾਂ ਨੇ ਭਾਈਚਾਰੇ ਨੂੰ ਡਰਾਇਆ ਹੋਇਆ ਹੈ।

ਇਸ ਡਰ ਨਾਲ ਵਪਾਰ ਘਟ ਰਿਹਾ ਹੈ ਤੇ ਲੋਕ ਰਾਤ ਨੂੰ ਘਰੋਂ ਬਾਹਰ ਨਹੀਂ ਨਿਕਲਦੇ। ਭਵਿੱਖ ਵਿੱਚ ਇਸ ਨੂੰ ਰੋਕਣ ਲਈ ਕਮਿਊਨਿਟੀ ਪੁਲਿਸਿੰਗ ਤੇ ਅੰਤਰਰਾਸ਼ਟਰੀ ਐਕਸ਼ਨ ਦੀ ਲੋੜ ਹੈ, ਨਹੀਂ ਤਾਂ ਦਹਿਸ਼ਤ ਹੋਰ ਵਧੇਗੀ।

# ਸਿੱਖਾਂ ਉਪਰ ਡਿਜਟਲ ਹਮਲੇ ਰੋਕਣ ਲਈ ਸ਼੍ਰੋਮਣੀ ਕਮੇਟੀ ਦੀ ਏ.ਆਈ. ਬਾਰੇ ਮੀਟਿੰਗ



ਅੰਮ੍ਰਿਤਸਰ-ਆਏ ਦਿਨ ਆਰਟੀਫਿਸ਼ੀਅਲ ਇੰਟੈਲੀਜੈਂਸ ਤਕਨਾਲੋਜੀ ਨਾਲ ਸ੍ਰੀ ਦਰਬਾਰ ਸਾਹਿਬ ਤੇ ਹੋਰ ਸਿੱਖ ਧਰਮ ਸਥਾਨਾਂ ਬਾਰੇ ਫੇਕ ਵੀਡੀਓ ਪਾਉਣ ਦੇ ਰੁਝਾਨ ਨੂੰ ਰੋਕਣਾ ਬੇਹੱਦ ਜ਼ਰੂਰੀ ਹੈ। ਕੇਂਦਰ ਲਈ ਅਜਿਹਾ ਕਰਨ ਵਾਲਿਆਂ ਨੂੰ ਫੜਨਾ ਕੋਈ ਬਹੁਤੀ ਵੱਡੀ ਗੱਲ ਵੀ ਨਹੀਂ। ਪਰ ਅਸੀਂ ਸ਼੍ਰੋਮਣੀ ਕਮੇਟੀ ਵਲੋਂ ਏ.ਆਈ. ਦੀ ਦੁਰਵਰਤੋਂ, ਭਵਿੱਖੀ ਚੁਣੌਤੀਆਂ ਨਾਲ ਨਿਪਟਣ ਲਈ ਬੁਲਾਈ ਮੀਟਿੰਗ ਦੀ ਪਹਿਲ ਦਾ ਸਵਾਗਤ ਕਰਦੇ ਹਾਂ। ਸਗੋਂ ਆਸ ਕਰਦੇ ਹਾਂ ਕਿ ਏ.ਆਈ. ਤਕਨੀਕ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਚੰਗੇ ਤਰੀਕੇ ਨਾਲ ਵਰਤੀ ਵੀ ਜਾਵੇਗੀ।

ਪੰਜਾਬ ਟਾਈਮਜ ਨਾਲ ਮੰਨਣਾ ਹੈ ਕਿ ਕਿ ਇਸ ਮੀਟਿੰਗ ਵਿਚ ਕੁਝ ਸਿੱਖ ਏ.ਆਈ. ਤਕਨੀਕ ਸਮਝਣ ਵਾਲੇ ਵਿਅਕਤੀ ਬੁਲਾਏ ਗਏ ਪਰ ਬਹੁਤੇ ਲੋਕ ਸਿਰਫ਼ ਵਿਦਿਅਕ ਮਾਹਿਰ ਜਾਂ ਸ਼੍ਰੋਮਣੀ ਕਮੇਟੀ ਨਾਲ ਸੰਬੰਧਿਤ ਹੀ ਸਨ। ਸਾਡੇ ਸਾਹਮਣੇ ਹੈ ਕਿ ਜਦੋਂ ਅਸੀਂ ਇਕ ਵੱਡੇ ਕਾਨੂੰਨਦਾਨ ਮੁਕਲ ਰੋਹਤਗੀ ਨੂੰ ਭਾਈ ਰਾਜੋਆਣਾ ਦਾ ਕੇਸ ਲੜਨ ਲਈ ਭੇਜਿਆ ਤਾਂ ਸਥਿਤੀ ਕਿੰਨੀ ਬਦਲੀ ਹੈ। ਸੋ, ਸਾਡੀ ਬੇਨਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਏ.ਆਈ. ਤਕਨੀਕ ਦੀ ਵਰਤੋਂ ਅਤੇ ਇਸ ਦੀ ਦੁਰਵਰਤੋਂ ਦੇ ਵਿਰੁੱਧ ਇਕ ਵੱਖਰਾ ਵਿਭਾਗ ਬਣਾਵੇ, ਜਿਸ ਦਾ ਮੁਖੀ ਇਕ ਪੱਕਾ ਚੰਗਾ ਮਾਹਿਰ ਸਿੱਖ ਹੋਵੇ, ਪਰ ਇਸ ਲਈ ਇਸ ਤਕਨੀਕ ਦੇ ਉੱਚ ਕੋਟੀ ਦੇ ਕੁਝ ਮਾਹਿਰਾਂ ਦੀਆਂ ਸੇਵਾਵਾਂ ਜ਼ਰੂਰ ਲਈਆਂ ਜਾਣ, ਜੇ ਉਹ ਸਿੱਖ ਹਨ ਤਾਂ ਚੰਗੀ ਗੱਲ, ਪਰ ਜੇ ਸਿੱਖ ਨਹੀਂ ਤਾਂ ਵੀ ਮਾਹਿਰਾਂ ਦੀਆਂ ਸੇਵਾਵਾਂ ਜ਼ਰੂਰੀ ਹਨ।


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, SURJIT SINGH S/O MR GURDEEP SINGH WHOSE PERMANENT ADDRESS IN INDIA IS 184, PRAKASH AVENUE, KAPURTHALA, PIN: 144601, PUNJAB AND NOW LIVING AT 1ST FLOOR FLAT, BEDWELL GARDENS, HARLINGTON, HAYES, UB3 4ED, UK HEREBY GIVE NOTICE OF MY INTENTION TO CHANGE MY NAME TO INDERJIT SINGH (GIVEN NAME) CHAHAL (SURNAME). (U/I/E)

MR ANIKET SON OF RESHAM LAL KLAIR WHOSE PERMANENT ADDRESS IN INDIA -1163 RAMDASS PURA, BOOTAN MANDI, DISTT: JALANDHAR, PUNJAB 144003 AND NOW LIVING AT 61 UPLANDS AVENUE, ROWELY REGIS, WEST MIDLANDS, B65 9PX HEREBY GIVE NOTICE OF MY INTENTION TO CHANGE MY NAME TO ANIKET (GIVEN NAME) KLAIR (SURNAME). (U)

# ਹਰਬੰਸ ਸਿੰਘ ਤੱਖਰ ਅਕਾਲ ਚਲਾਣਾ ਕਰ ਗਏ


ਹਰਬੰਸ ਸਿੰਘ ਤੱਖਰ

ਡਰਬੀ (ਪੰਜਾਬ ਟਾਈਮਜ਼) – ਉਘੇ ਸਮਾਜ ਸੇਵੀ ਅਤੇ ਬਿਜਨੈਸਮੈਨ ਸ: ਹਰਬੰਸ ਸਿੰਘ ਤੱਖਰ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦਾ ਅੱਜ ਮੰਗਲਵਾਰ 7 ਅਕਤੂਬਰ ਨੂੰ ਪਿੰਡ ਸ਼ੰਕਰ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ। ਸ: ਹਰਬੰਸ ਸਿੰਘ ਤੱਖਰ ਲੰਮੇ ਸਮੇਂ ਤੋਂ ਯੂ ਕੇ ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਉਹ 1955 ਦੇ ਲਾਗੇ ਯੂ ਕੇ ਆਏ ਸਨ ਤੇ ਇਥੇ ਸਖਤ ਮਿਹਨਤ ਕਰਕੇ ਕਈ ਹੋਟਲ ਖਰੀਦੇ। ਉਹ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਮੁਖੀਆਂ ਵਿੱਚ ਵੀ ਵਿਚਰੇ। ਲੰਡਨ ਤੋਂ ਇਲਾਵਾ ਡਰਬੀ ਵਿਖੇ ਵੀ ਉਹਨਾਂ ਦੇ ਹੋਟਲ ਸਨ। ਉਹਨਾਂ ਨੇ ਪੰਜਾਬ ਹਰਿਆਣਾ ਦੇ ਚੀਫ਼ ਜਸਟਿਸ ਸ: ਅਜੀਤ ਸਿੰਘ ਬੈਂਸ ਦੇ ਨਾਲ ਜਲੰਧਰ ਵਿਖੇ ਪੜ੍ਹਾਈ ਕੀਤੀ ਸੀ। ਜਦੋਂ ਵੀ ਜਸਟਿਸ ਅਜੀਤ ਸਿੰਘ ਬੈਂਸ ਯੂ ਕੇ ਆਉਂਦੇ ਸਨ, ਤਾਂ ਉਹ ਉਹਨਾਂ ਨੂੰ ਪੰਜਾਬ ਟਾਈਮਜ਼ ਦੇ ਦਫ਼ਤਰ ਵਿਖੇ ਜ਼ਰੂਰ ਲਿਆਉਂਦੇ ਸਨ। ਉਹਨਾਂ ਦੇ ਨਾਲ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੀ ਯੂ ਕੇ ਬਰਾਂਚ ਦੇ ਮੁਖੀ ਵੀ ਰਹੇ ਸਨ। ਉਹਨਾਂ ਨੇ ਨਕੋਦਰ ਵਿਖੇ ਪੰਜਾਬ ਪੈਲੇਸ ਵੀ ਬਣਾਇਆ ਸੀ, ਜਿੱਥੇ ਗਰੀਬ ਲੋਕਾਂ ਲਈ ਬਹੁਤ ਘੱਟ ਪੈਸਿਆਂ ਵਿੱਚ ਦਿੰਦੇ ਸਨ। ਪੰਜਾਬ ਟਾਈਮਜ਼ ਦੇ ਰਾਜਿੰਦਰ ਸਿੰਘ ਪੁਰੇਵਾਲ, ਦੇ ਪੇਂਡੂ ਹੋਣ ਦੇ ਨਾਤੇ ਡਰਬੀ ਦਫ਼ਤਰ ਵਿਖੇ ਆਉਂਦੇ ਰਹਿੰਦੇ ਸਨ। ਪੰਜਾਬ ਵਿੱਚ ਰਾਜਿੰਦਰ ਸਿੰਘ ਪੁਰੇਵਾਲ ਵਾਸਤੇ ਉਹਨਾਂ ਨੇ ਖਾਸ ਪ੍ਰੋਗਰਾਮ ਵੀ ਆਯੋਜਿਤ ਕੀਤਾ ਸੀ, ਜਿੱਥੇ ਸ: ਕੁਲਦੀਪ ਸਿੰਘ ਵਡਾਲਾ ਐਮ ਐਲ ਏ, ਕਾਂਗਰਸੀ ਵਿਧਾਇਕ ਅਮਰਜੀਤ ਸਿੰਘ ਸਮਰਾ, ਵਿਧਾਇਕ ਅਜੀਤ ਸਿੰਘ ਕੋਹਾੜ ਅਤੇ ਹੋਰ ਸਾਰੀਆਂ ਪਾਰਟੀਆਂ ਵੱਲੋਂ ਸ: ਪੁਰੇਵਾਲ ਨੂੰ ਸਨਮਾਨਤ ਕੀਤਾ ਗਿਆ ਸੀ।


ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਤੱਖਰ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਅਤੇ ਪਿੱਛੇ ਰਹਿ ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ੇ।

# ਭੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com

ਓਏ! ਦੁਸਿਹਰਾ ਕਦੋਂ ਦਾ ਲੰਘ ਗਿਆ! ਤੂੰ ਅੱਜ ਵੀ ਰਾਵਣ ਦੇ ਭੇਸ ਵਿਚ ਹੀ ਤੁਰਿਆ ਫਿਰਦੈ! ਨਾ ਤੂੰ ਆਪਣੇ ਕਿਸੇ ਵੀ ਸਿਰ 'ਤੇ ਹੈਲਮੇਟ ਪਾਇਆ! 1,000 ਦੇ ਹਿਸਾਬ ਨਾਲ 10 ਹੈਲਮੇਟ ਦਾ 10,000 ਰੁਪਏ ਜੁਰਮਾਨਾ ਬਣਦਾ! ਚੱਲ ਕੱਢ!!



# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।**
4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

**ਆਓ ਤਿੰਨ ਜਾਂ ਇਸ ਤੋਂ ਜ਼ਿਆਦਾਂ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**

ਪਾਠ 19

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

To make a word, you need minimum two letters as we see in the above words. Today we make two letter words (ਦੋ ਅੱਖਰੀ ਸ਼ਬਦ) with letters ਕ, ਖ, ਗ, ਘ, ਙ

| | | | | |
|---|---|---|---|---|
| ਕਰ | ਕਲ | ਕਣ | ਕਸ | ਕਦ |
| ਖਲ | ਖੜ | ਖਟ | ਗਲ | ਗਮ |
| ਗਜ | ਗਤ | ਗਨ | ਘਰ | ਘਸ |
| ਘੜ | ਘਟ | | | |

Class Exercise : Make two letter words which at least use one of the letters - ਕ, ਖ, ਗ, ਘ, ਙ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ Page 38 Level I

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ 5 ਅਕਤੂਬਰ 2025 ਨੂੰ ਨਵੀਂ ਕਮੇਟੀ ਦੀ ਚੋਣ ਦੌਰਾਨ

# ਸ਼ੇਰ ਗਰੁੱਪ ਨੂੰ ਸੇਵਾ ਬਖਸ਼ਣ ਲਈ ਵਾਹਿਗੁਰੂ ਦਾ ਸ਼ੁਕਰਾਨਾ ਅਤੇ ਸੰਗਤਾਂ ਦਾ ਧੰਨਵਾਦ





**ਬੇਨਤੀ ਕਰਤਾ : ਸ਼ੇਰ ਗਰੁੱਪ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਸੰਘ ਦੇ ਸਥਾਪਨਾ ਸਬੰਧੀ ਰਾਸ਼ਟਰ ਸੇਵਾ ਦੇ 100 ਸਾਲ

**ਨਰਿੰਦਰ ਮੋਦੀ**




100 ਸਾਲ ਪਹਿਲਾਂ ਵਿਜੈਦਸ਼ਮੀ ਦੇ ਮਹਾਨ ਤਿਉਹਾਰ 'ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਸਥਾਪਨਾ ਹੋਈ ਸੀ। ਇਹ ਹਜ਼ਾਰਾਂ ਸਾਲਾਂ ਤੋਂ ਮੌਜੂਦ ਇਕ ਪ੍ਰੰਪਰਾ ਦੀ ਮੁੜ ਸਥਾਪਨਾ ਸੀ, ਜਿਸ ਵਿਚ ਰਾਸ਼ਟਰੀ ਚੇਤਨਾ ਸਮੇਂ-ਸਮੇਂ 'ਤੇ ਯੁੱਗ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਵੇਂ ਅਵਤਾਰਾਂ ਦੇ ਰੂਪ ਵਿਚ ਪ੍ਰਗਟ ਹੁੰਦੀ ਰਹੀ ਹੈ। ਇਸ ਯੁੱਗ ਵਿਚ ਸੰਘ ਉਸ ਸਦੀਵੀ ਰਾਸ਼ਟਰੀ ਚੇਤਨਾ ਦਾ ਨੇਕ ਅਵਤਾਰ ਹੈ। ਇਹ ਸਾਡੀ ਪੀੜ੍ਹੀ ਦੇ ਸੋਇਮ-ਸੇਵਕਾਂ ਦਾ ਸੁਭਾਗ ਹੈ ਕਿ ਸਾਨੂੰ ਸੰਘ ਦੇ ਸ਼ਤਾਬਦੀ ਵਰ੍ਹੇ ਜਿਹੇ ਮਹਾਨ ਮੌਕੇ ਦੇ ਗਵਾਹ ਬਣਨ ਦਾ ਸਮਾਂ ਮਿਲ ਰਿਹਾ ਹੈ। ਇਸ ਮੌਕੇ 'ਤੇ ਮੈਂ ਰਾਸ਼ਟਰੀ ਸੇਵਾ ਦੇ ਸੰਕਲਪ ਲਈ ਸਮਰਪਿਤ ਲੱਖਾਂ ਸੋਇਮ-ਸੇਵਕਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ।

ਮੈਂ ਸੰਘ ਦੇ ਸੰਸਥਾਪਕ, ਸਾਡੇ ਆਦਰਸ਼, ਸਭ ਤੋਂ ਸਤਿਕਾਰਯੋਗ ਡਾ. ਹੇਡਗੇਵਾਰ ਜੀ ਦੇ ਚਰਨਾਂ ਵਿਚ ਸ਼ਰਧਾਂਜਲੀ ਭੇਟ ਕਰਦਾ ਹਾਂ। ਭਾਰਤ ਸਰਕਾਰ ਨੇ ਸੰਘ ਦੇ 100 ਸਾਲਾਂ ਦੀ ਇਸ ਸ਼ਾਨਦਾਰ ਯਾਤਰਾ ਦੀ ਯਾਦ ਵਿਚ ਵਿਸ਼ੇਸ਼ ਡਾਕ ਟਿਕਟਾਂ ਅਤੇ ਯਾਦਗਾਰੀ ਸਿੱਕੇ ਵੀ ਜਾਰੀ ਕੀਤੇ ਹਨ। ਜਿਸ ਤਰ੍ਹਾਂ ਮਨੁੱਖੀ ਸੱਭਿਅਤਾਵਾਂ ਵੱਡੀਆਂ ਨਦੀਆਂ ਦੇ ਕੰਢਿਆਂ 'ਤੇ ਉੱਭਰਦੀਆਂ ਹਨ, ਉਸੇ ਤਰ੍ਹਾਂ ਸੰਘ ਦੇ ਕੰਢਿਆਂ 'ਤੇ ਸੈਂਕੜੇ ਜੀਵਨ ਵਧੇ-ਫੁੱਲੇ ਹਨ। ਜਿਵੇਂ ਕੋਈ ਨਦੀ ਜਿਨ੍ਹਾਂ ਰਾਹਾਂ ਤੋਂ ਵਗਦੀ ਹੈ, ਉਨ੍ਹਾਂ ਖੇਤਰਾਂ ਨੂੰ ਆਪਣੇ ਪਾਣੀ ਨਾਲ ਖੁਸ਼ਹਾਲ ਬਣਾਉਂਦੀ ਹੈ, ਠੀਕ ਉਸੇ ਤਰ੍ਹਾਂ ਸੰਘ ਨੇ ਇਸ ਦੇਸ਼ ਦੇ ਹਰ ਖੇਤਰ, ਸਮਾਜ ਦੇ ਹਰ ਪਹਿਲੂ ਨੂੰ ਛੂਹਿਆ ਹੈ। ਜਿਵੇਂ ਇਕ ਨਦੀ ਕਈ ਧਾਰਾਵਾਂ ਰਾਹੀਂ ਆਪਣੇ-ਆਪ ਨੂੰ ਪ੍ਰਗਟ ਕਰਦੀ ਹੈ, ਸੰਘ ਦੀ ਯਾਤਰਾ ਵੀ ਕੁਝ ਅਜਿਹੀ ਹੀ ਹੈ।

ਸੰਘ ਦੇ ਵੱਖ-ਵੱਖ ਸੰਗਠਨ ਜੀਵਨ ਦੇ ਹਰ ਪਹਿਲੂ ਨਾਲ ਜੁੜ ਕੇ ਰਾਸ਼ਟਰ ਦੀ ਸੇਵਾ ਕਰ ਰਹੇ ਹਨ। ਸੰਘ ਸਿੱਖਿਆ, ਖੇਤੀਬਾੜੀ, ਸਮਾਜ ਭਲਾਈ, ਆਦਿਵਾਸੀ ਭਲਾਈ, ਮਹਿਲਾ ਸਸ਼ਕਤੀਕਰਨ ਸਮੇਤ ਸਮਾਜਿਕ ਜੀਵਨ ਦੇ ਕਈ ਖੇਤਰਾਂ ਵਿਚ ਲਗਾਤਾਰ ਕੰਮ ਕਰ ਰਿਹਾ ਹੈ। ਵੱਖ-ਵੱਖ ਖੇਤਰਾਂ ਵਿਚ ਕੰਮ ਕਰਨ ਵਾਲੇ ਹਰੇਕ ਸੰਗਠਨ ਦਾ ਇਕੋ ਹੀ ਮੰਤਵ ਹੈ, ਇੱਕੋ ਭਾਵਨਾ ਹੈ: ਰਾਸ਼ਟਰ ਨੂੰ ਪਹਿਲ।

ਆਪਣੀ ਸ਼ੁਰੂਆਤ ਤੋਂ ਹੀ, ਰਾਸ਼ਟਰੀ ਸੋਇਮ ਸੇਵਕ ਸੰਘ ਨੇ ਰਾਸ਼ਟਰ ਨਿਰਮਾਣ ਦੇ ਮਹਾਨ ਮੰਤਵ ਨੂੰ ਅਪਣਾਇਆ ਹੈ। ਇਸ ਮੰਤਵ ਦੀ ਪੂਰਤੀ ਲਈ ਸੰਘ ਨੇ ਵਿਅਕਤੀ ਨਿਰਮਾਣ ਦੀ ਬਜਾਏ ਰਾਸ਼ਟਰ ਨਿਰਮਾਣ ਦਾ ਰਾਹ ਚੁਣਿਆ ਅਤੇ ਇਸ ਨੂੰ ਅੱਗੇ ਵਧਾਉਣ ਲਈ ਜੋ ਕਾਰਜ ਵਿਧੀ ਚੁਣੀ ਗਈ ਉਹ ਸਨ ਰੋਜ਼ਾਨਾ ਅਤੇ ਨਿਯਮਤ ਤੌਰ 'ਤੇ ਕੰਮ ਕਰਨ ਵਾਲੀਆਂ ਸ਼ਾਖਾਵਾਂ। ਸੰਘ ਸ਼ਾਖਾ ਦਾ ਮੈਦਾਨ ਪ੍ਰੇਰਨਾ ਭੂਮੀ ਹੈ, ਜਿੱਥੇ ਸੋਇਮ-ਸੇਵਕ ਦੀ 'ਮੈਂ ਤੋਂ ਅਸੀਂ' ਤੱਕ ਦੀ ਯਾਤਰਾ ਸ਼ੁਰੂ ਹੁੰਦੀ ਹੈ। ਸੰਘ ਦੀਆਂ ਸ਼ਾਖਾਵਾਂ ਸ਼ਖ਼ਸੀਅਤ ਵਿਕਾਸ ਦਾ




ਪਵਿੱਤਰ ਮੰਚ ਹਨ।

ਰਾਸ਼ਟਰ ਨਿਰਮਾਣ ਦਾ ਮਹਾਨ ਮੰਤਵ, ਵਿਅਕਤੀ ਨਿਰਮਾਣ ਦਾ ਸਪੱਸ਼ਟ ਰਾਹ ਅਤੇ ਸ਼ਾਖਾ ਵਰਗੀ ਸਰਲ, ਜੀਵੰਤ ਕਾਰਜ ਵਿਧੀ ਸੰਘ ਦੀ ਸਦੀ ਲੰਬੀ ਯਾਤਰਾ ਦੀ ਬੁਨਿਆਦ ਬਣੇ ਹਨ। ਇਨ੍ਹਾਂ ਥੰਮ੍ਹਾਂ 'ਤੇ ਖੜ੍ਹੇ ਹੋ ਕੇ, ਸੰਘ ਨੇ ਲੱਖਾਂ ਸੋਇਮ-ਸੇਵਕਾਂ ਨੂੰ ਘੜਿਆ ਹੈ, ਜੋ ਵੱਖ-ਵੱਖ ਖੇਤਰਾਂ ਵਿੱਚ ਦੇਸ਼ ਨੂੰ ਅੱਗੇ ਵਧਾ ਰਹੇ ਹਨ। ਜਦੋਂ ਤੋਂ ਸੰਘ ਹੋਂਦ ਵਿਚ ਆਇਆ ਹੈ, ਰਾਸ਼ਟਰ ਦੀ ਤਰਜੀਹ ਹਮੇਸ਼ਾ ਇਸ ਦੀ ਆਪਣੀ ਤਰਜੀਹ ਰਹੀ ਹੈ।

ਆਜ਼ਾਦੀ ਦੇ ਘੋਲ ਦੌਰਾਨ ਡਾ. ਹੇਡਗੇਵਾਰ ਸਣੇ ਬਹੁਤ ਸਾਰੇ ਕਾਰਕੁਨਾਂ ਨੇ ਆਜ਼ਾਦੀ ਦੇ ਅੰਦੋਲਨ ਵਿਚ ਹਿੱਸਾ ਲਿਆ, ਡਾਕਟਰ ਸਾਹਿਬ ਕਈ ਵਾਰ ਜੇਲ੍ਹ ਵੀ ਗਏ। ਸੰਘ ਆਜ਼ਾਦੀ ਦੀ ਲੜਾਈ ਦੌਰਾਨ ਅਣਗਿਣਤ ਆਜ਼ਾਦੀ ਘੁਲਾਟੀਆਂ ਦੀ ਪੁਸ਼ਤ-ਪਨਾਹੀ ਕਰਦਾ ਰਿਹਾ, ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦਾ ਰਿਹਾ। ਆਜ਼ਾਦੀ ਤੋਂ ਬਾਅਦ ਵੀ ਸੰਘ ਰਾਸ਼ਟਰ ਲਈ ਅਣਥੱਕ ਸੇਵਾ ਕਰਦਾ ਰਿਹਾ। ਇਸ ਯਾਤਰਾ ਦੌਰਾਨ, ਸੰਘ ਵਿਰੁੱਧ ਸਾਜਿਸ਼ਾਂ ਰਚੀਆਂ ਗਈਆਂ ਅਤੇ ਇਸ ਨੂੰ ਕੁਚਲਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ। ਸਭ ਤੋਂ ਸਤਿਕਾਰਯੋਗ ਗੁਰੂ ਜੀ ਨੂੰ ਝੂਠੇ ਕੇਸ ਵਿਚ ਫਸਾਇਆ ਗਿਆ। ਪਰ ਸੰਘ ਦੇ ਸੋਇਮ-ਸੇਵਕਾਂ ਨੇ ਕਦੇ ਵੀ ਕੁੜੱਤਣ ਨੂੰ ਜਗ੍ਹਾ ਨਹੀਂ ਦਿੱਤੀ। ਉਹ ਜਾਣਦੇ ਹਨ ਕਿ ਅਸੀਂ ਸਮਾਜ ਤੋਂ ਵੱਖਰੇ ਨਹੀਂ ਹਾਂ, ਸਮਾਜ ਸਾਡੇ ਤੋਂ ਹੀ ਬਣਿਆ ਹੈ। ਸਮਾਜ ਨਾਲ ਏਕਤਾ ਅਤੇ ਸੰਵਿਧਾਨਕ ਸੰਸਥਾਵਾਂ ਵਿਚ ਵਿਸ਼ਵਾਸ ਨੇ ਸੰਘ ਦੇ ਸੋਇਮ-ਸੇਵਕਾਂ ਨੂੰ ਹਰ ਸੰਕਟ ਵਿਚ ਦ੍ਰਿੜ੍ਹ ਅਤੇ ਸਮਾਜ ਪ੍ਰਤੀ ਸੰਵੇਦਨਸ਼ੀਲ ਬਣਾਇਆ ਹੈ।

ਆਪਣੀ ਸ਼ੁਰੂਆਤ ਤੋਂ ਹੀ, ਸੰਘ ਦੇਸ਼ ਭਗਤੀ ਅਤੇ ਸੇਵਾ ਦਾ ਸਮਾਨਾਰਥੀ ਰਿਹਾ ਹੈ। ਜਦੋਂ ਵੰਡ ਦੇ ਦਰਦ ਨੇ ਲੱਖਾਂ ਪਰਿਵਾਰਾਂ ਨੂੰ ਬੇਘਰ ਕਰ ਦਿੱਤਾ ਤਾਂ ਸੋਇਮ ਸੇਵਕਾਂ ਨੇ ਸ਼ਰਨਾਰਥੀਆਂ ਦੀ ਸੇਵਾ ਕੀਤੀ। ਹਰ ਆਫ਼ਤ ਵਿਚ, ਸੰਘ ਦੇ ਸੋਇਮ ਸੇਵਕ ਆਪਣੇ ਸੀਮਤ ਸਰੋਤਾਂ ਨਾਲ ਸਭ ਤੋਂ ਅਗਲੇਰੀ ਕਤਾਰ ਵਿਚ ਖੜ੍ਹੇ ਰਹਿੰਦੇ ਹਨ। ਇਹ ਸਿਰਫ਼ ਰਾਹਤ ਨਹੀਂ ਸੀ, ਇਹ ਦੇਸ਼ ਦੀ ਆਤਮਾ ਨੂੰ ਮਜ਼ਬੂਤ ਬਣਾਉਣ ਦਾ ਕੰਮ ਸੀ। ਦੂਜਿਆਂ ਦੇ ਦੁੱਖ ਨੂੰ ਦੂਰ ਕਰਦੇ ਹੋਏ ਨਿੱਜੀ ਮੁਸ਼ਕਿਲਾਂ ਨੂੰ ਸਹਿਣਾ ਹਰ ਸੋਇਮ ਸੇਵਕ ਦੀ ਪਛਾਣ ਹੈ। ਅੱਜ ਵੀ ਸੋਇਮ ਸੇਵਕ ਕੁਦਰਤੀ ਆਫ਼ਤ ਦੇ ਸਮੇਂ ਸਭ ਤੋਂ ਪਹਿਲਾਂ ਪਹੁੰਚਣ ਵਾਲਿਆਂ 'ਚੋਂ ਇਕ ਹੁੰਦੇ ਹਨ। ਆਪਣੇ 100 ਸਾਲਾਂ ਦੇ ਸਫ਼ਰ ਦੌਰਾਨ ਸੰਘ ਨੇ ਸਮਾਜ ਦੇ ਭਿੰਨ-ਭਿੰਨ ਵਰਗਾਂ ਵਿਚ ਸਵੈ-ਚੇਤਨਾ ਅਤੇ ਸਵੈ-ਮਾਣ ਜਗਾਇਆ ਹੈ।

ਸੰਘ ਨੇ ਦੇਸ਼ ਦੇ ਉਨ੍ਹਾਂ ਦੂਰ-ਦੁਰਾਡੇ ਖੇਤਰਾਂ ਵਿਚ ਵੀ ਕੰਮ ਕੀਤਾ ਹੈ, ਜਿੱਥੇ ਪਹੁੰਚਣਾ ਸਭ ਤੋਂ ਮੁਸ਼ਕਿਲ ਹੈ। ਦਹਾਕਿਆਂ ਤੋਂ ਸੰਘ ਨੇ ਆਪਣਾ ਫਰਜ਼ ਨਿਭਾਉਂਦਿਆਂ ਆਦਿਵਾਸੀ ਪ੍ਰੰਪਰਾਵਾਂ, ਰੀਤੀ-ਰਿਵਾਜਾਂ ਅਤੇ ਆਦਿਵਾਸੀ ਕਦਰਾਂ-ਕੀਮਤਾਂ ਦੀ ਸਾਂਭ-ਸੰਭਾਲ ਵਿਚ ਯੋਗਦਾਨ ਪਾਇਆ ਹੈ। ਅੱਜ ਸੇਵਾ ਭਾਰਤੀ...ਵਿਦਿਆ ਭਾਰਤੀ, ਏਕਲ ਵਿਦਿਆਲਿਆ... ਵਨਵਾਸੀ ਕਲਿਆਣ ਆਸ਼ਰਮ... ਆਦਿਵਾਸੀ ਸਮਾਜ ਦੇ ਸਸ਼ਕਤੀਕਰਨ ਦੇ ਥੰਮ੍ਹਾਂ ਵਜੋਂ ਉੱਭਰੇ ਹਨ।

ਸਦੀਆਂ ਤੋਂ ਸਮਾਜ ਵਿਚ ਜੜ੍ਹਾਂ ਬਣਾ ਚੁੱਕੀਆਂ ਬੁਰਾਈਆ-ਉੱਚੇ-ਨੀਵੇਂ ਦੀ ਭਾਵਨਾ ਤੇ ਮਾੜੀਆਂ ਪ੍ਰਥਾਵਾਂ ਹਿੰਦੂ ਸਮਾਜ ਲਈ ਇਕ ਵੱਡੀ ਚੁਣੌਤੀ ਰਹੀਆਂ ਹਨ। ਇਹ ਇਕ ਅਜਿਹੀ ਗੰਭੀਰ ਫ਼ਿਕਰਮੰਦੀ ਹੈ, ਜਿਸ 'ਤੇ ਸੰਘ ਲਗਾਤਾਰ ਕੰਮ ਕਰ ਰਿਹਾ ਹੈ। ਡਾਕਟਰ ਸਾਹਿਬ ਤੋਂ ਲੈ ਕੇ ਅੱਜ ਤੱਕ, ਸੰਘ ਦੀ ਹਰ ਮਹਾਨ ਸ਼ਖ਼ਸੀਅਤ, ਹਰ ਸਰਸੰਘਚਾਲਕ ਨੇ ਭੇਦਭਾਵ ਅਤੇ ਛੂਤਛਾਤ ਵਿਰੁੱਧ ਲੜਾਈ ਲੜੀ ਹੈ।

ਪੂਜਨੀਕ ਗੁਰੂ ਜੀ ਨੇ ਲਗਾਤਾਰ 'ਨਾ ਹਿੰਦੂ ਪਤਿਤੋ ਭਵੇਤ' ਦੀ ਭਾਵਨਾ ਨੂੰ ਅੱਗੇ ਵਧਾਇਆ ਹੈ। ਪੂਜਨੀਕ ਬਾਲਾ ਸਾਹਿਬ ਦੇਵਰਸ ਜੀ ਕਹਿੰਦੇ ਸਨ, 'ਜੇ ਛੂਤਛਾਤ ਪਾਪ ਨਹੀਂ, ਤਾਂ ਦੁਨੀਆਂ ਵਿਚ ਕੋਈ ਪਾਪ ਨਹੀਂ!' ਸਰਸੰਘਚਾਲਕ ਵਜੋਂ ਸੇਵਾ ਨਿਭਾਉਂਦੇ ਹੋਏ, ਸਤਿਕਾਰਯੋਗ ਰੱਜੂ ਭਈਆ ਜੀ ਅਤੇ ਸਤਿਕਾਰਯੋਗ ਸੁਦਰਸ਼ਨ ਜੀ ਨੇ ਵੀ ਇਸੇ ਭਾਵਨਾ ਨੂੰ ਅੱਗੇ ਵਧਾਇਆ। ਮੌਜੂਦਾ ਸਰਸੰਘਚਾਲਕ ਸਤਿਕਾਰਯੋਗ ਮੋਹਨ ਭਾਗਵਤ ਜੀ ਨੇ ਵੀ ਭਾਈਚਾਰੇ ਲਈ ਸਮਾਜ ਦੇ ਸਾਹਮਣੇ ਇਕ ਖੂਹ, ਇਕ ਮੰਦਰ ਅਤੇ ਇਕ ਸ਼ਮਸ਼ਾਨਘਾਟ ਦਾ ਸਪੱਸ਼ਟ ਟੀਚਾ ਰੱਖਿਆ ਹੈ।

ਜਦੋਂ ਸੰਘ 100 ਸਾਲ ਪਹਿਲਾਂ ਹੋਂਦ ਵਿਚ ਆਇਆ ਸੀ, ਤਾਂ ਉਸ ਸਮੇਂ ਦੀਆਂ ਲੋੜਾਂ ਅਤੇ ਸੰਘਰਸ਼ ਕੁਝ ਵੱਖਰੇ ਸਨ। ਪਰ ਅੱਜ 100 ਸਾਲ ਬਾਅਦ, ਜਿਵੇਂ-ਜਿਵੇਂ ਭਾਰਤ ਵਿਕਸਿਤ ਬਣਨ ਵੱਲ ਵਧ ਰਿਹਾ ਹੈ, ਅੱਜ ਦੀਆਂ ਚੁਣੌਤੀਆਂ ਅਤੇ ਸੰਘਰਸ਼ ਵੱਖਰੇ ਬਣ ਗਏ ਹਨ।

ਦੂਜੇ ਦੇਸ਼ਾਂ 'ਤੇ ਆਰਥਿਕ ਨਿਰਭਰਤਾ, ਸਾਡੀ ਏਕਤਾ ਨੂੰ ਤੋੜਨ ਦੀਆਂ ਸਾਜਿਸ਼ਾਂ ਅਤੇ ਸਾਡੀ ਜਨਸੰਖਿਆ ਵਿਚ ਬਦਲਾਅ ਦੀਆਂ ਸਾਜਿਸ਼ਾਂ, ਸਾਡੀ ਸਰਕਾਰ ਇਨ੍ਹਾਂ ਚੁਣੌਤੀਆਂ ਨਾਲ ਤੇਜ਼ੀ ਨਾਲ ਨਜਿੱਠ ਰਹੀ ਹੈ। ਮੈਨੂੰ ਖ਼ੁਸ਼ੀ ਹੈ ਕਿ ਰਾਸ਼ਟਰੀ ਸੋਇਮ ਸੇਵਕ ਸੰਘ ਨੇ ਵੀ ਇਨ੍ਹਾਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਇਕ ਠੋਸ ਰੂਪ-ਰੇਖਾ ਤਿਆਰ ਕੀਤੀ ਹੈ।

ਸੰਘ ਦੇ ਪੰਜ ਮੁੱਖ ਪਰਿਵਰਤਨ, ਸਵੈ-ਬੋਧ, ਸਮਾਜਿਕ ਏਕਤਾ, ਪਰਿਵਾਰਕ ਸਦਭਾਵਨਾ, ਨਾਗਰਿਕ ਸਦਾਚਾਰ ਤੇ ਵਾਤਾਵਰਨ, ਇਹ ਸੰਕਲਪ ਹਰ ਸੋਇਮ ਸੇਵਕ ਲਈ ਦੇਸ਼ ਦੀਆਂ ਚੁਣੌਤੀਆਂ ਨੂੰ ਪਾਰ ਕਰਨ ਲਈ ਬਹੁਤ ਵੱਡੀ ਪ੍ਰੇਰਣਾ ਹਨ। ਸਵੈ-ਬੋਧ ਦੀ ਇਸ ਭਾਵਨਾ ਦਾ ਮੰਤਵ ਗ਼ੁਲਾਮੀ ਦੀ ਮਾਨਸਿਕਤਾ ਤੋਂ ਆਪਣੇ ਆਪ ਨੂੰ ਮੁਕਤ ਕਰਨਾ, ਆਪਣੀ ਵਿਰਾਸਤ ਲਈ ਮਾਣ ਪੈਦਾ ਕਰਨਾ ਅਤੇ ਸਵਦੇਸ਼ੀ ਦੇ ਬੁਨਿਆਦੀ ਸੰਕਲਪ ਨੂੰ ਅੱਗੇ ਵਧਾਉਣਾ ਹੈ।

ਸਮਾਜਿਕ ਸਦਭਾਵਨਾ ਰਾਹੀਂ, ਵਾਂਝੇ ਲੋਕਾਂ ਨੂੰ ਤਰਜੀਹ ਦੇ ਕੇ ਸਮਾਜਿਕ ਨਿਆਂ ਸਥਾਪਤ ਕਰਨ ਦਾ ਪ੍ਰਣ ਹੈ। ਅੱਜ ਸਾਡੀ ਸਮਾਜਿਕ ਸਦਭਾਵਨਾ ਘੁਸਪੈਠੀਆਂ ਕਾਰਨ ਜਨਸੰਖਿਆ ਵਿਚ ਆਈਆਂ ਤਬਦੀਲੀਆਂ ਕਾਰਨ ਇਕ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ।

ਦੇਸ਼ ਨੇ ਇਸ ਨਾਲ ਨਜਿੱਠਣ ਲਈ ਇੱਕ ਡੈਮੋਗ੍ਰਾਫ਼ੀ ਮਿਸ਼ਨ ਦਾ ਐਲਾਨ ਕੀਤਾ ਹੈ। ਅਸੀਂ ਪਰਿਵਾਰਕ ਚੇਤਨਾ ਭਾਵ ਪਰਿਵਾਰਕ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਵੀ ਮਜ਼ਬੂਤ ਬਣਾਉਣਾ ਹੈ। ਨਾਗਰਿਕ ਸ਼ਿਸ਼ਟਾਚਾਰ ਰਾਹੀਂ, ਹਰੇਕ ਨਾਗਰਿਕ ਵਿਚ ਨਾਗਰਿਕ ਫਰਜ਼ ਦੀ ਭਾਵਨਾ ਪੈਦਾ ਕਰਨੀ ਹੈ। ਇਸ ਦੇ ਨਾਲ ਅਸੀਂ ਆਪਣੇ ਵਾਤਾਵਰਨ ਦੀ ਰਾਖੀ ਕਰਦੇ ਹੋਏ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣਾ ਹੈ।

ਆਪਣੇ ਇਨ੍ਹਾਂ ਸੰਕਲਪਾਂ ਨੂੰ ਲੈ ਕੇ ਸੰਘ ਹੁਣ ਅਗਲੀ ਸਦੀ ਦੀ ਯਾਤਰਾ ਸ਼ੁਰੂ ਕਰ ਰਿਹਾ ਹੈ। 2047 ਵਿਚ ਵਿਕਸਿਤ ਭਾਰਤ ਲਈ ਸੰਘ ਦਾ ਹਰ ਯੋਗਦਾਨ, ਦੇਸ਼ ਦੀ ਊਰਜਾ ਨੂੰ ਵਧਾਏਗਾ, ਦੇਸ਼ ਨੂੰ ਪ੍ਰੇਰਿਤ ਕਰੇਗਾ। ਇਕ ਵਾਰ ਫਿਰ, ਹਰ ਸੋਇਮ ਸੇਵਕ ਨੂੰ ਬਹੁਤ-ਬਹੁਤ ਸ਼ੁਭਕਾਮਨਾਵਾਂ।

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖ਼ਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

**01332 372 851**

**07966 388 388**

# ਕੇਂਦਰ ਸਰਕਾਰ ਦੀ ਅੜੀਅਲ ਰੁਖ ਕਾਰਣ ਲਦਾਖੀ ਲੀਡਰਸ਼ਿਪ ਨਹੀਂ ਕਰੇਗੀ ਗੱਲਬਾਤ

## ✪ ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਸ਼ਾਂਤੀਪੂਰਨ ਅਵਾਜ਼ 'ਤੇ ਸਟੇਟ ਦੇ ਡੰਡੇ ਦੀ ਮਾਰ ✪ ਚੇਰਿੰਗ ਦੋਰਜੇ ਲਾਕਰੂਕ ਨੇ ਕਿਹਾ ਕਿ ਉਹ ਬੰਦੂਕ ਦੇ ਜ਼ੋਰ 'ਤੇ ਗੱਲਬਾਤ ਨਹੀਂ ਕਰਨਗੇ ✪ ਸੋਨਮ ਵਾਂਗਚੁਕ ਸਿੱਖ ਪੰਥ ਦੇ ਸੰਘਰਸ਼ ਤੇ ਗੁਰੂ ਸਾਹਿਬਾਨ ਤੋਂ ਪ੍ਰਭਾਵਿਤ

ਕੇਂਦਰ ਸਰਕਾਰ ਦੇ ਅੜੀਅਲ ਰੁਖ ਕਾਰਣ ਗੰਭੀਰ ਸੰਕਟ ਵਿੱਚ ਫਸਿਆ ਲੱਦਾਖ, ਭਾਰਤ ਦਾ ਉਹ ਸਰਹੱਦੀ ਖੇਤਰ ਜੋ ਹਿਮਾਲੀਆ ਦੀਆਂ ਚੋਟੀਆਂ ਵਿੱਚ ਵਸਿਆ ਹੈ, ਜਿਸਦੀ ਚੀਨ ਤੇ ਪਾਕਿਸਤਾਨ ਨਾਲ ਸਰਹੱਦ ਲਗਦੀ ਹੈ। ਅਗਸਤ 2019 ਵਿੱਚ ਭਾਰਤ ਸਰਕਾਰ ਵੱਲੋਂ ਧਾਰਾ 370 ਨੂੰ ਖਤਮ ਕਰਕੇ ਲੱਦਾਖ ਨੂੰ ਇੱਕ ਵੱਖਰਾ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਇਆ ਗਿਆ ਸੀ। ਉਸ ਵੇਲੇ ਲੱਦਾਖੀ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਸੀ, ਕਿਉਂਕਿ ਉਹਨਾਂ ਨੂੰ ਲੱਗਾ ਸੀ ਕਿ ਉਹਨਾਂ ਨੂੰ ਕਸ਼ਮੀਰੀ ਪ੍ਰਭਾਵ ਤੋਂ ਆਜ਼ਾਦੀ ਤੇ ਖੁਦਮੁਖਤਿਆਰੀ ਮਿਲੇਗੀ ਅਤੇ ਵਿਕਾਸ ਦਾ ਨਵਾਂ ਯੁੱਗ ਆਵੇਗਾ। ਪਰ ਕੇਂਦਰ ਸਰਕਾਰ ਵਲੋਂ ਲਦਾਖੀਆਂ ਦੀਆਂ ਮੰਗਾਂ ਨਾ ਮੰਨੇ ਜਾਣ ਕਾਰਣ ਛੇ ਸਾਲਾਂ ਬਾਅਦ, ਇਹ ਖੁਸ਼ੀ ਨਿਰਾਸ਼ਾ ਵਿੱਚ ਬਦਲ ਗਈ ਹੈ। ਲਦਾਖੀਆਂ ਨੂੰ ਲੱਗਦਾ ਹੈ ਕਿ ਕੇਂਦਰ ਸਰਕਾਰ ਨੇ ਉਹਨਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਨੌਕਰੀਆਂ, ਜ਼ਮੀਨੀ ਹੱਕਾਂ ਅਤੇ ਵਾਤਾਵਰਨਕ ਸੁਰੱਖਿਆ ਨੂੰ ਲੈ ਕੇ ਰੋਸ ਵਧ ਰਿਹਾ ਹੈ। ਇਸ ਨਾਲ ਹੀ, 24 ਸਤੰਬਰ 2025 ਨੂੰ ਲੇਹ ਵਿੱਚ ਹੋਈ ਹਿੰਸਕ ਘਟਨਾਵਾਂ ਨੇ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਸੀ, ਜਿਸ ਵਿੱਚ ਚਾਰ ਲੋਕ ਮਾਰੇ ਗਏ ਅਤੇ ਅੱਠ ਤੋਂ ਵੱਧ ਘਾਇਲ ਹੋਏ ਸਨ।

ਇਸ ਮੁਹਿੰਮ ਦੇ ਪ੍ਰਮੁੱਖ ਨੇਤਾ ਵਿਗਿਆਨੀ ਸੋਨਮ ਵਾਂਗਚੁਗ ਨੂੰ ਹਿੰਸਾ ਭੜਕਾਉਣ ਦੇ ਦੋਸ਼ ਵਿਚ 26 ਸਤੰਬਰ ਨੂੰ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐੱਸਏ) ਅਧੀਨ ਗ੍ਰਿਫ਼ਤਾਰ ਕਰ ਗਿਆ ਗਿਆ ਸੀ ਜੋ ਸ਼ਾਂਤਮਈ ਸੰਘਰਸ਼ ਚਲਾ ਰਹੇ ਸਨ। ਕੇਂਦਰ ਸਰਕਾਰ ਨੇ ਉਹਨਾਂ ਨੂੰ 'ਭੜਕਾਊ ਭਾਸ਼ਣਾਂ' ਅਤੇ 'ਵਿਦੇਸ਼ੀ ਸੰਪਰਕਾਂ' ਨਾਲ ਜੋੜਿਆ ਸੀ। ਉਹਨਾਂ ਦੀ ਪਤਨੀ ਗੀਤਾਂਜਲੀ ਐਨਜ਼ਮੋ ਨੇ ਸੁਪਰੀਮ ਕੋਰਟ ਵਿੱਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਹੈ।

ਕੇਂਦਰ ਸਰਕਾਰ ਦੇ ਅੜੀਅਲ ਰਵਈਏ ਕਾਰਣ ਲੱਦਾਖੀ ਲੀਡਰਾਂ ਨੇ ਹੁਣ ਕੇਂਦਰ ਨਾਲ ਗੱਲਬਾਤ ਤੋਂ ਇਨਕਾਰ ਕਰ ਦਿੱਤਾ ।

ਇਥੇ ਜਿਕਰਯੋਗ ਹੈ ਕਿ ਲੱਦਾਖ ਦੀ ਰਾਜਨੀਤਕ ਲੜਾਈ ਦਹਾਕਿਆਂ ਪੁਰਾਣੀ ਹੈ। 1947 ਵਿੱਚ ਭਾਰਤ ਵੰਡ ਵੇਲੇ ਲੱਦਾਖ ਨੂੰ ਜੰਮੂ-ਕਸ਼ਮੀਰ ਰਾਜ ਵਿੱਚ ਸ਼ਾਮਲ ਕੀਤਾ ਗਿਆ ਸੀ, ਪਰ ਇੱਥੇ ਕਸ਼ਮੀਰੀ ਲੀਡਰਸ਼ਿਪ ਨਾਲ ਲਦਾਖੀਆਂ ਨਾਲ ਸਿਆਸੀ ਟਕਰਾਅ ਰਿਹਾ ਹੈ। ਬੋਧ ਬਹੁਲ ਲੇਹ ਅਤੇ ਮੁਸਲਿਮ ਬਹੁਲ ਕਾਰਗਿਲ ਵਿੱਚ ਵੰਡ ਪੈ ਗਈ ਸੀ। 1950ਵਿਆਂ ਵਿੱਚ ਲੱਦਾਖ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੀ ਮੰਗ ਉੱਠੀ ਸੀ, ਜੋ 1989-90 ਵਿੱਚ ਲੱਦਾਖ ਬੁੱਧਿਸਟ ਐਸੋਸੀਏਸ਼ਨ (ਐੱਲਬੀਏ) ਵੱਲੋਂ ਵੱਡੇ ਵਿਰੋਧਾਂ ਨਾਲ ਚਰਮ 'ਤੇ ਪਹੁੰਚੀ ਸੀ। ਇਹ ਵਿਰੋਧ ਤਾਂ ਸ਼ਾਂਤ ਹੋ ਗਏ ਸਨ, ਪਰ ਮੰਗ ਕਦੇ ਖਤਮ ਨਹੀਂ ਹੋਈ ਸੀ। ਆਰਐੱਸਐੱਸ ਅਤੇ ਭਾਜਪਾ ਨੇ 1990ਵਿਆਂ ਦੌਰਾਨ ਇਸ ਵੰਡ ਤੋਂ ਫਾਇਦਾ ਉਠਾਉਣ ਲਈ 'ਸਿੰਧੂ ਦਰਸ਼ਨ' ਵਰਗੇ ਪ੍ਰੋਗਰਾਮਾਂ ਰਾਹੀਂ ਬੋਧ ਖੇਤਰ ਵਿੱਚ ਪਹੁੰਚ ਬਣਾਈ। ਇਸ ਨਾਲ ਲੇਹ ਵਿੱਚ ਭਾਜਪਾ ਦਾ ਪ੍ਰਭਾਵ ਵਧਿਆ ਅਤੇ 2019 ਵਿੱਚ ਧਾਰਾ 370 ਖਤਮ ਹੋਣ 'ਤੇ ਲੱਦਾਖੀਆਂ ਨੇ ਜਸ਼ਨ ਮਨਾਇਆ।



ਸੋਨਮ ਵਾਂਗਚੁਕ ਵੀ ਇਸ ਜਸ਼ਨ ਵਿੱਚ ਸ਼ਾਮਲ ਸਨ। ਉਹ ਇੱਕ ਮੈਗਸੇਸੇ ਪੁਰਸਕਾਰ ਜੇਤੂ ਵਾਤਾਵਰਨ ਵਿਗਿਆਨੀ ਹਨ। ਉਹਨਾਂ ਨੇ ਆਈਸ ਸਤੂਪਾ (ਕੁਦਰਤੀ ਬਰਫ਼ ਨਦੀਆਂ) ਅਤੇ ਸੋਲਰ ਟੈਂਟ ਵਰਗੀਆਂ ਨਵੀਨਤਾਵਾਂ ਨਾਲ ਲੱਦਾਖ ਨੂੰ ਬਚਾਇਆ ਸੀ। ਪਰ 2020 ਤੱਕ ਉਹਨਾਂ ਨੂੰ ਅਹਿਸਾਸ ਹੋ ਗਿਆ ਕਿ ਧਾਰਾ 370 ਨੇ 70 ਸਾਲਾਂ ਤੱਕ ਲੱਦਾਖ ਨੂੰ ਜ਼ਮੀਨੀ ਹੱਕਾਂ ਅਤੇ ਸਥਾਨਕ ਨੌਕਰੀਆਂ ਨਾਲ ਸੁਰੱਖਿਅਤ ਰੱਖਿਆ ਸੀ। ਹੁਣ ਇਹ ਇਲਾਕਾ ਕੇਂਦਰ ਸਰਕਾਰ ਦੀ ਰਾਜ ਵਿਰੋਧੀ ਨੀਤੀ ਕਾਰਣ ਬਾਹਰੀ ਨਿਵੇਸ਼ਾਂ ਲਈ ਖੁੱਲ੍ਹ ਗਿਆ ਹੈ, ਜੋ ਵਾਤਾਵਰਨ ਅਤੇ ਸਥਾਨਕ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਲੱਦਾਖ ਦੀ ਆਬਾਦੀ ਤਿੰਨ ਲੱਖ ਤੋਂ ਘੱਟ ਹੈ, ਜੋ 60 ਹਜ਼ਾਰ ਵਰਗ ਕਿਲੋਮੀਟਰ ਵਿੱਚ ਫੈਲੀ ਹੋਈ ਹੈ। ਡੈਮੋਗਰਾਫੀ ਦੀ ਤਬਦੀਲੀ ਨਾਲ ਕੇਂਦਰ ਸਰਕਾਰ ਇਸ ਸੰਘਰਸ਼, ਲਦਾਖੀਆਂ ਦੀ ਵਿਰਾਸਤ, ਸਭਿਆਚਾਰ ਤੇ ਬੋਲੀ ਨੂੰ ਖਤਮ ਕਰ ਰਹੀ ਹੈ ਜੋ ਪੰਜਾਬ ਵਿਚ ਡੈਮੋਗਰਾਫੀ ਦੀ ਨੀਤੀ ਰਾਹੀਂ ਕੀਤਾ ਜਾ ਰਿਹਾ ਹੈ। ਪੰਜਾਬੀਆਂ ਵਾਂਗ ਇੱਥੇ ਪਹਾੜੀ ਵਿਕਾਸ ਪ੍ਰੀਸ਼ਦਾਂ ਨੇ ਮੰਗ ਨੂੰ ਜੀਵੰਤ ਰੱਖਿਆ ਸੀ, ਪਰ ਭਾਜਪਾ ਦੇ ਅਖੌਤੀ ਵਿਕਾਸ ਮਾਡਲ - ਜਿਵੇਂ ਵੱਡੇ ਪ੍ਰੋਜੈਕਟ ਅਤੇ ਬਾਹਰੀ ਨੌਕਰੀਆਂ ਨੇ ਲਦਾਖੀਆਂ ਵਿਚ ਨਿਰਾਸ਼ਾ ਵਧਾਈ ਹੈ। 2020 ਤੋਂ ਵਾਂਗਚੁਕ ਨੇ ਐੱਲਐੱਬੀ ਲੇਹ ਅਤੇ ਕਾਰਗਿਲ ਡੈਮੋਕਰੈਟਿਕ ਅਲਾਇੰਸ (ਕੇਡੀਏ) ਨਾਲ ਮਿਲ ਕੇ ਰਾਜ ਦਰਜਾ ਅਤੇ ਛੇਵੀਂ ਅਨੁਸੂਚੀ (ਟ੍ਰਾਈਬਲ ਸੁਰੱਖਿਆ) ਦੀ ਮੰਗ ਕੀਤੀ ਸੀ। ਅਜੋਕਾ ਸੰਘਰਸ਼ 1990ਵਿਆਂ ਵਾਲੇ ਸੰਘਰਸ਼ਾਂ ਨਾਲੋਂ ਵੱਧ ਏਕਤਾਵਾਦੀ ਸੀ, ਜਿੱਥੇ ਬੋਧ ਅਤੇ ਮੁਸਲਿਮ ਇਕੱਠੇ ਸਨ।

24 ਸਤੰਬਰ 2025 ਨੂੰ ਲੇਹ ਵਿੱਚ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਹਿੰਸਕ ਬਣ ਗਿਆ ਸੀ। ਵਾਂਗਚੁਕ ਅਤੇ 14 ਹੋਰਾਂ ਨੇ 10 ਸਤੰਬਰ ਤੋਂ ਭੁੱਖ ਹੜਤਾਲ ਸ਼ੁਰੂ ਕੀਤੀ ਸੀ, ਜੋ 35 ਦਿਨਾਂ ਦੀ ਹੋਣੀ ਸੀ। ਪਰ ਜਦੋਂ ਪੁਲਿਸ ਤਸ਼ਦਦ ਦਾ ਸ਼ਿਕਾਰ ਹੋਏ ਦੋ ਕਾਰਕੁੰਨ ਹਸਪਤਾਲ ਵਿੱਚ ਦਾਖਲ ਕਰਵਾਏ ਹੋਏ, ਤਾਂ ਨੌਜਵਾਨ ਵਿਰੋਧੀ ਸੜਕਾਂ 'ਤੇ ਉੱਤਰ ਆਏ। ਹਜ਼ਾਰਾਂ ਲੋਕਾਂ ਨੇ ਲੇਹ ਦੇ ਮਾਰਟਰਜ਼ ਗਰਾਊਂਡ ਵਿੱਚ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਪੱਥਰਬਾਜ਼ੀ ਕੀਤੀ, ਪੁਲਿਸ ਵਾਹਨ ਫੂਕ ਦਿੱਤੇ ਅਤੇ ਭਾਜਪਾ ਦਫ਼ਤਰ ਨੂੰ ਅੱਗ ਲਗਾ ਦਿੱਤੀ ਗਈ। ਪੁਲਿਸ ਨੇ ਲਾਠੀਚਾਰਜ ਅਤੇ ਫਾਇਰਿੰਗ ਕੀਤੀ, ਜਿਸ ਨਾਲ ਚਾਰ ਨਾਗਰਿਕ ਮਾਰੇ ਗਏ ਤੇ 80 ਤੋਂ ਵੱਧ ਘਾਇਲ ਹੋਏ, ਜਿਨ੍ਹਾਂ ਵਿੱਚ 30 ਪੁਲਿਸ ਵਾਲੇ ਵੀ ਸ਼ਾਮਲ ਹਨ। ਲੱਦਾਖ ਪੁਲਿਸ ਨੇ 48 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ।

ਇਸ ਤੋਂ ਬਾਅਦ ਸੋਨਮ ਵਾਂਗਚੁਕ ਨੂੰ ਗ੍ਰਿਫ਼ਤਾਰ ਕੀਤਾ ਗਿਆ। ਗ੍ਰਹਿ ਮੰਤਰਾਲਾ ਨੇ ਉਹਨਾਂ ਨੂੰ 'ਪ੍ਰੋਵੋਕੇਟਿਵ ਭਾਸ਼ਣਾਂ' ਲਈ ਜ਼ਿੰਮੇਵਾਰ ਠਹਿਰਾਇਆ। ਵਾਂਗਚੁਕ ਨੂੰ ਜੋਧਪੁਰ ਜੇਲ੍ਹ ਭੇਜਿਆ ਗਿਆ।

ਸੋਨਮ ਵਾਂਗਚੁਕ ਨੇ ਆਪਣੇ ਸੰਘਰਸ਼ ਦੌਰਾਨ ਸਿੱਖਾਂ ਦੇ ਸੰਘਰਸ਼ ਦੀ ਖੁੱਲ੍ਹ ਕੇ ਤਾਰੀਫ਼ ਕੀਤੀ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਵਿੱਚ 1980ਵਿਆਂ ਵਿੱਚ ਸਿੱਖਾਂ ਨੇ ਅਣਖ ਹੱਕਾਂ ਲਈ ਅਹਿੰਸਕ ਲੜਾਈ ਲੜੀ, ਜੋ ਅੱਜ ਵੀ ਸਾਡੇ ਲਈ ਪ੍ਰੇਰਨਾ ਦਾ ਸਰੋਤ ਹੈ। ਵਾਂਗਚੁਕ ਨੇ ਆਪਣੇ ਇੱਕ ਇੰਟਰਵਿਊ ਵਿੱਚ ਕਿਹਾ ਕਿ 'ਸਿੱਖ ਪੰਥ ਨੇ ਹਮੇਸ਼ਾ ਭਾਰਤ ਦੀ ਰੱਖਿਆ ਕੀਤੀ ਅਤੇ ਉਹਨਾਂ ਦਾ ਸੰਘਰਸ਼ ਅੱਜ ਵੀ ਲੱਦਾਖ ਨੂੰ ਰਾਹ ਵਿਖਾਉਂਦਾ ਹੈ।' ਉਹਨਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਸਿੱਖ ਇਤਿਹਾਸ ਨੂੰ ਯਾਦ ਕਰਕੇ ਕਿਹਾ ਕਿ ਅਹਿੰਸਾ ਅਤੇ ਏਕਤਾ ਨਾਲ ਹੀ ਹੱਕ ਮਿਲਦੇ ਹਨ। ਇਹ ਤਾਰੀਫ਼ ਲੱਦਾਖੀ ਲੋਕਾਂ ਵਿੱਚ ਸਿੱਖਾਂ ਨਾਲ ਭਾਈਚਾਰਕ ਭਾਵਨਾ ਵਧਾਉਂਦੀ ਹੈ।

ਸੋਨਮ ਵਾਂਗਚੁਕ ਤੇ ਹੋਰਨਾਂ ਦੀ ਗ੍ਰਿਫ਼ਤਾਰੀਆਂ ਬਾਅਦ ਐੱਲਐੱਬੀ ਲੇਹ ਦੇ ਉਪ ਪ੍ਰਧਾਨ ਚੇਰਿੰਗ ਦੋਰਜੇ ਲਾਕਰੂਕ ਨੇ ਕਿਹਾ ਕਿ ਸੋਨਮ ਤੇ ਲਦਾਖ ਸੰਘਰਸ਼ ਨੂੰ 'ਰਾਸ਼ਟਰ ਵਿਰੋਧੀ' ਕਹਿਣਾ ਉਹਨਾਂ ਦੀ ਦੇਸ਼ ਭਗਤੀ ਦਾ ਅਪਮਾਨ ਹੈ ਅਤੇ ਉਹ ਸਟੇਟ ਦੀ ਬੰਦੂਕ ਦੇ ਜ਼ੋਰ 'ਤੇ ਗੱਲਬਾਤ ਨਹੀਂ ਕਰਨਗੇ। ਉਹਨਾਂ ਨੇ ਵਾਂਗਚੁਕ ਸਮੇਤ ਸਾਰੇ ਗ੍ਰਿਫ਼ਤਾਰ ਸੰਘਰਸ਼ਕਾਰੀਆਂ ਦੀ ਰਿਹਾਈ ਦੀ ਮੰਗ ਕੀਤੀ।

ਇਸ ਸੰਕਟ ਨੂੰ ਲੈ ਕੇ ਬੁੱਧੀਜੀਵੀ, ਪੱਤਰਕਾਰ ਅਤੇ ਮਨੁੱਖੀ ਅਧਿਕਾਰ ਸੰਗਠਨ ਚਿੰਤਤ ਹਨ। ਹਿਊਮਨ ਰਾਈਟਸ ਵਾਚ ਨੇ 25 ਸਤੰਬਰ ਨੂੰ ਬਿਆਨ ਜਾਰੀ ਕਰਕੇ ਪੁਲਿਸ ਦੀ ਫਾਇਰਿੰਗ ਦੀ ਨਿੰਦਾ ਕੀਤੀ ਅਤੇ ਵਾਂਗਚੁਕ ਦੀ ਗ੍ਰਿਫ਼ਤਾਰੀ ਨੂੰ 'ਵਿਰੋਧ ਨੂੰ ਦਬਾਉਣ ਦੀ ਕੋਸ਼ਿਸ਼' ਕਿਹਾ। ਉਹਨਾਂ ਨੇ ਕਿਹਾ ਕਿ ਐਨਐੱਸਏ ਵਰਗੇ ਕਾਨੂੰਨਾਂ ਨੂੰ ਵਿਰੋਧੀਆਂ 'ਤੇ ਵਰਤਣਾ ਲੋਕਤੰਤਰ ਲਈ ਖਤਰਨਾਕ ਹੈ। ਅੰਤਰਰਾਸ਼ਟਰੀ ਪੱਤਰਕਾਰ ਅਨੁਰਾਧਾ ਭਸੀਨ ਨੇ 'ਕਸ਼ਮੀਰ ਟਾਈਮਜ਼' ਵਿੱਚ ਲਿਖਿਆ ਕਿ ਲੱਦਾਖ ਦਾ ਮੋਹਭੰਗ ਪੂਰੇ ਜੰਮੂ-ਕਸ਼ਮੀਰ ਦੀ ਭਾਵਨਾ ਨੂੰ ਦਰਸਾਉਂਦਾ ਹੈ। ਉਹਨਾਂ ਨੇ ਕਿਹਾ ਕਿ ਕੇਂਦਰ ਨੂੰ ਲਦਾਖੀਆਂ ਦੀਆਂ ਹੱਕੀ ਮੰਗਾਂ ਨੂੰ ਮੰਨਣਾ ਚਾਹੀਦਾ ਹੈ। ਪੱਤਰਕਾਰ ਪੀਰਜ਼ਾਦਾ ਅਸ਼ੀਕ ਨੇ 'ਦ ਹਿੰਦੂ' ਵਿੱਚ ਲਿਖਿਆ ਕਿ ਵਾਂਗਚੁਕ ਵਰਗੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨਾ ਲੱਦਾਖੀ ਨੌਜਵਾਨਾਂ ਦੀ ਨਿਰਾਸ਼ਾ ਨੂੰ ਵਧਾਏਗਾ।

ਸਿਆਸੀ ਮਾਹਿਰਾਂ ਅਤੇ ਬੁੱਧੀਜੀਵੀਆਂ ਨੇ ਇਸ ਨੂੰ ਪੰਜਾਬ ਦੇ 1980ਵਿਆਂ ਦੇ ਸੰਤਾਪ ਨਾਲ ਜੋੜਿਆ ਹੈ। ਪੰਜਾਬ ਵਿੱਚ ਵੀ ਸ਼ਾਂਤੀਪੂਰਨ ਮੰਗਾਂ ਨੂੰ ਡੰਡੇ ਨਾਲ ਕੁਚਲਣ ਦੀ ਕੋਸ਼ਿਸ਼ ਨੇ ਹਾਲਾਤ ਬਗਾਵਤ ਵਿੱਚ ਬਦਲ ਦਿੱਤੇ ਸਨ। ਲੱਦਾਖ ਵਿੱਚ ਵੀ ਕੇਂਦਰ ਦਾ ਅੜੀਅਲ ਰਵੱਈਆ, ਗ੍ਰਿਫ਼ਤਾਰੀਆਂ, ਇੰਟਰਨੈੱਟ ਬੰਦੀ ਅਤੇ 'ਵਿਦੇਸ਼ੀ ਹੱਥ' ਵਾਲੇ ਛੜ ਵਾਲੀ ਪੁਰਾਣੀ ਥਿਊਰੀ ਨੇ ਲਦਾਖੀਆਂ ਵਿਚ ਭਰੋਸਾ ਖਤਮ ਕੀਤਾ ਹੈ। ਸਿਆਸੀ ਮਾਹਿਰ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਵਾਂਗਚੁਕ ਨੂੰ ਗ੍ਰਿਫ਼ਤਾਰ ਕਰਨ ਨਾਲ ਲੱਦਾਖੀ ਲੋਕਾਂ ਦੀ ਨਿਰਾਸ਼ਾ ਵਧੇਗੀ। ਯੋਗਿੰਦਰ ਯਾਦਵ ਨੇ ਇਸ ਨੂੰ 'ਹਿਮਾਲੀ ਖੇਤਰ ਦੇ ਵਿਕਾਸ ਮਾਡਲ ਦੀ ਅਸਫਲਤਾ' ਕਿਹਾ। ਮਨੁੱਖੀ ਅਧਿਕਾਰ ਸੰਗਠਨਾਂ ਨੇ ਚੇਤਾਵਨੀ ਦਿੱਤੀ ਕਿ ਕੇਂਦਰ ਦੇੜ ਅੜੀਅਲ ਰੁਖ ਕਾਰਣ ਲਦਾਖੀਆਂ ਦਾ ਰੋਸ ਚੀਨ ਅਤੇ ਪਾਕਿਸਤਾਨ ਨੂੰ ਫਾਇਦਾ ਪਹੁੰਚਾ ਸਕਦਾ ਹੈ।

ਲੱਦਾਖ ਸੰਕਟ ਭਾਰਤ ਲਈ ਇੱਕ ਵੱਡੀ ਚੁਣੌਤੀ ਹੈ। ਇਹ ਨਾ ਸਿਰਫ਼ ਸਥਾਨਕ ਬੇਚੈਨੀ ਹੈ, ਸਗੋਂ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਹੈ, ਕਿਉਂਕਿ ਚੀਨ ਅਤੇ ਪਾਕਿਸਤਾਨ ਨਾਲ ਸਰਹੱਦੀ ਖੇਤਰ ਵਿੱਚ ਇਹ ਬੇਚੈਨੀ ਖਤਰਨਾਕ ਸਾਬਤ ਹੋ ਸਕਦੀ ਹੈ। ਹੱਕਾਂ ਦੀ ਲੜਾਈ ਨੂੰ ਨੈਸ਼ਨਲ ਸੁਰੱਖਿਆ ਨਾਲ ਜੋੜਨ ਵਾਲੀ ਕੇਂਦਰੀ ਨੀਤੀ ਨੇ ਲਦਾਖ ਦੀ ਸਥਿਤੀ ਨੂੰ ਵਿਗਾੜਿਆ ਹੈ। ਵਾਂਗਚੁਕ ਨੇ ਜੇਲ੍ਹ ਤੋਂ ਕਿਹਾ ਕਿ 'ਅਹਿੰਸਕ ਲੜਾਈ ਜਾਰੀ ਰੱਖੋ।' ਕੇਂਦਰ ਨੂੰ ਇਹ ਅਵਾਜ਼ ਸੁਣਨੀ ਚਾਹੀਦੀ ਹੈ, ਨਾ ਕਿ ਦਬਾਉਣੀ ਚਾਹੀਦੀ ਹੈ।

# ਲੰਡਨ ਵਿੱਚ ਮੋਬਾਈਲ ਫੋਨ ਸਮੱਗਲਿੰਗ ਦੇ ਅੰਤਰਰਾਸ਼ਟਰੀ ਗਿਰੋਹ ਦਾ ਪਰਦਾਫਾਸ਼

## ✪ ਮੋਬਾਈਲ ਚੋਰੀ ਵਿਰੁੱਧ ਹੁਣ ਤੱਕ ਦੀ ਪੁਲਿਸ ਵਲੋਂ ਸਭ ਤੋਂ ਵੱਡੀ ਕਾਰਵਾਈ ✪ ਇੱਕ ਭਾਰਤੀ ਸਮੇਤ 18 ਵਿਅਕਤੀਆਂ ਨੂੰ ਗ੍ਰਿਫਤਾਰ ਅਤੇ 2,000 ਤੋਂ ਵੱਧ ਚੋਰੀ ਹੋਏ ਫੋਨ ਬਰਾਮਦ

ਲੰਡਨ-ਬਰਤਾਨੀਆ ਦੀ ਮੈਟਰੋਪੋਲੀਟਨ ਪੁਲਸ ਨੇ ਇੱਕ ਅੰਤਰਰਾਸ਼ਟਰੀ ਗਿਰੋਹ ਦਾ ਪਰਦਾਫਾਸ਼ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ, ਜਿਸ ਨੇ ਪਿਛਲੇ ਸਾਲ ਬਰਤਾਨੀਆ ਤੋਂ 40,000 ਮੋਬਾਈਲ ਫੋਨ ਚੋਰੀ ਕਰਕੇ ਕਥਿਤ ਤੌਰ 'ਤੇ ਚੀਨ ਨੂੰ ਸਮੱਗਲ ਕੀਤੇ ਸਨ। ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ, ਇਹ ਬਰਤਾਨੀਆ ਵਿੱਚ ਮੋਬਾਈਲ ਚੋਰੀ ਵਿਰੁੱਧ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਹੈ। ਇਸ ਮਾਮਲੇ ਵਿੱਚ ਇੱਕ ਭਾਰਤੀ ਸਮੇਤ 18 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 2,000 ਤੋਂ ਵੱਧ ਚੋਰੀ ਹੋਏ ਫੋਨ ਬਰਾਮਦ ਕੀਤੇ ਗਏ।

ਪੁਲਸ ਦਾ ਕਹਿਣਾ ਹੈ ਕਿ ਇਹ ਗਿਰੋਹ ਲੰਡਨ ਵਿੱਚ ਚੋਰੀ ਹੋਏ ਲਗਭਗ 50 ਫੀਸਦੀ ਫੋਨਾਂ ਨੂੰ ਵਿਦੇਸ਼ ਭੇਜਣ ਲਈ ਜ਼ਿੰਮੇਵਾਰ ਸੀ। ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ ਦੋ ਦੋਸ਼ੀ ਅਫਗਾਨੀ ਅਤੇ ਇੱਕ ਭਾਰਤੀ ਹੈ। 9 ਸਤੰਬਰ ਨੂੰ ਪੁਲਸ ਨੇ ਫੋਨ ਲੈ ਕੇ ਭੱਜ ਰਹੇ ਕੁਝ ਚੋਰਾਂ ਨੂੰ ਰੰਗੇ ਹੱਥੀਂ ਫੜਿਆ, ਜਿਸ ਨਾਲ ਇਸ ਗਿਰੋਹ ਦੀਆਂ ਗਤੀਵਿਧੀਆਂ ਸਾਹਮਣੇ ਆਈਆਂ।

ਚੋਰੀ ਦਾ ਕਾਰੋਬਾਰ ਅਤੇ ਚੀਨ ਨਾਲ ਸਬੰਧ-ਇਹ ਸਵਾਲ ਉੱਠਦਾ ਹੈ ਕਿ 40,000 ਆਈਫੋਨ ਚੀਨ ਕਿਉਂ ਭੇਜੇ ਗਏ? ਪੁਲਸ ਸੂਤਰਾਂ ਮੁਤਾਬਕ, ਚੋਰੀ ਹੋਏ ਫੋਨਾਂ ਨੂੰ ਚੀਨ ਦੀਆਂ ਬਜ਼ਾਰਾਂ ਵਿੱਚ ਵੇਚਣ ਜਾਂ ਉਨ੍ਹਾਂ ਦੇ ਪਾਰਟਸ ਨੂੰ ਵੱਖ ਕਰਕੇ ਗੈਰ-ਕਾਨੂੰਨੀ ਤਰੀਕੇ ਨਾਲ ਵਰਤਣ ਦਾ ਰੈਕਟ ਸੀ। ਆਈਫੋਨ ਵਰਗੇ ਮਹਿੰਗੇ ਫੋਨਾਂ ਦੀ ਚੀਨ ਵਿੱਚ ਵੱਡੀ ਮੰਗ ਹੈ, ਜਿਸ ਕਾਰਨ ਇਹ ਗਿਰੋਹ ਇਨ੍ਹਾਂ ਨੂੰ ਸਮੱਗਲ ਕਰਕੇ ਵੱਡਾ ਮੁਨਾਫਾ ਕਮਾ ਰਿਹਾ ਸੀ।

ਕਾਰਵਾਈ ਦਾ ਵੇਰਵਾ-ਮੈਟਰੋਪੋਲੀਟਨ ਪੁਲਸ ਨੇ ਇਸ ਗਿਰੋਹ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਕਈ ਮਹੀਨਿਆਂ ਤੱਕ ਜਾਂਚ ਕੀਤੀ। ਚੋਰ ਆਮ ਤੌਰ 'ਤੇ ਭੀੜ-ਭੜੱਕੇ ਵਾਲੀਆਂ ਥਾਵਾਂ ਜਿਵੇਂ ਬਾਜ਼ਾਰਾਂ, ਮੈਟਰੋ ਸਟੇਸ਼ਨਾਂ ਅਤੇ ਸੈਰ-ਸਪਾਟਾ ਸਥਾਨਾਂ 'ਤੇ ਫੋਨ ਚੁੱਕਦੇ ਸਨ। ਇਸ ਤੋਂ ਬਾਅਦ ਫੋਨਾਂ ਨੂੰ ਗੈਰ-ਕਾਨੂੰਨੀ ਰੂਟਾਂ ਰਾਹੀਂ ਚੀਨ ਭੇਜਿਆ ਜਾਂਦਾ। ਪੁਲਸ ਨੇ ਅਜਿਹੇ ਸਮੱਗਲਰਾਂ ਦੀਆਂ ਸਰਗਰਮੀਆਂ ਨੂੰ ਰੋਕਣ ਲਈ ਵਿਸ਼ੇਸ਼ ਟੀਮਾਂ ਬਣਾਈਆਂ ਅਤੇ ਨਤੀਜੇ ਵਜੋਂ ਇਹ ਵੱਡੀ ਕਾਰਵਾਈ ਸਫਲ ਹੋਈ। ਗ੍ਰਿਫਤਾਰ ਕੀਤੇ ਗਏ ਭਾਰਤੀ ਨਾਗਰਿਕ ਦੀ ਅਜੇ ਤੱਕ ਪੂਰੀ ਪਛਾਣ ਜਨਤਕ ਨਹੀਂ ਕੀਤੀ ਗਈ, ਪਰ ਪੁਲਸ ਦਾ ਕਹਿਣਾ ਹੈ ਕਿ ਉਹ ਇਸ ਗਿਰੋਹ ਦੇ ਮੁੱਖ ਮੈਂਬਰਾਂ ਵਿੱਚੋਂ ਇੱਕ ਸੀ। ਉਸ ਦੀ ਭੂਮਿਕਾ ਫੋਨਾਂ ਦੀ ਸਮੱਗਲਿੰਗ ਦੀ ਲੜੀ ਨੂੰ ਜੋੜਨ ਅਤੇ ਵਿਦੇਸ਼ੀ ਖਰੀਦਦਾਰਾਂ ਨਾਲ ਸੰਪਰਕ ਬਣਾਉਣ ਵਿੱਚ ਸੀ। ਇਸ ਕਾਰਵਾਈ ਨੇ ਬਰਤਾਨੀਆ ਵਿੱਚ ਮੋਬਾਈਲ ਚੋਰੀ ਦੀ ਸਮੱਸਿਆ 'ਤੇ ਰੌਸ਼ਨੀ ਪਾਈ ਹੈ ਅਤੇ ਪੁਲਸ ਹੁਣ ਅਜਿਹੇ ਅੰਤਰਰਾਸ਼ਟਰੀ ਗਿਰੋਹਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਹੋਰ ਸਖਤ ਕਦਮ ਚੁੱਕ ਰਹੀ ਹੈ।

# ਮੁੰਬਈ ਹਵਾਈ ਅੱਡੇ 'ਤੇ ਚਾਰ ਯਾਤਰੀ ਡਰੋਨ, ਡਰੱਗਜ਼ ਤੇ ਵਿਦੇਸ਼ੀ ਜਾਨਵਰਾਂ ਸਣੇ ਫੜੇ

ਮੁੰਬਈ-ਕਸਟਮਜ਼ ਵਿਭਾਗ ਨੇ ਬੈਂਕਾਕ ਤੇ ਕੋਲੰਬੋ ਤੋਂ ਆਏ ਚਾਰ ਯਾਤਰੀਆਂ ਨੂੰ ਮੁੰਬਈ ਹਵਾਈ ਅੱਡੇ 'ਤੇ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਸੱਤ ਡਰੋਨ, 4 ਕਰੋੜ ਰੁਪਏ ਦੀ ਸ਼ੱਕੀ ਹਾਈਡ੍ਰੋਪੋਨਿਕ ਬੂਟੀ (ਗਾਂਜਾ) ਤੇ ਸਮਗਲ ਕੀਤੇ ਵਿਦੇਸ਼ੀ ਜਾਨਵਰ ਬਰਾਮਦ ਕੀਤੇ ਹਨ। ਵਿਭਾਗ ਦੇ ਅਧਿਕਾਰੀਆਂ ਨੇ ਕੋਲੰਬੋ ਤੋਂ ਆਏ ਇਕ ਯਾਤਰੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਵੱਲੋਂ ਟਰਾਲੀ ਬੈਗ ਅੰਦਰ ਲੁਕਾਏ ਸੱਤ ਡਰੋਨ ਮਿਲੇ, ਜਿਨ੍ਹਾਂ ਦੀ ਕੀਮਤ 32.19 ਲੱਖ ਦੱਸੀ ਜਾਂਦੀ ਹੈ। ਦੋ ਵੱਖਰੇ ਕੇਸਾਂ ਵਿਚ ਕਸਟਮਜ਼ ਦੀ ਟੀਮ ਨੇ ਬੈਂਕਾਕ ਤੋਂ ਆਏ ਦੋ ਯਾਤਰੀਆਂ ਕੋਲੋਂ 3.8 ਕਿਲੋ ਸ਼ੱਕੀ ਗਾਂਜਾ ਬਰਾਮਦ ਕੀਤਾ, ਜਿਸ ਦੀ ਗੈਰਕਾਨੂੰਨੀ ਬਾਜ਼ਾਰ ਵਿਚ ਕੀਮਤ ਕਰੀਬ 4 ਕਰੋੜ ਰੁਪਏ ਹੈ। ਇਕ ਹੋਰ ਕੇਸ ਵਿਚ ਕਸਟਮਜ਼ ਅਧਿਕਾਰੀਆਂ ਨੇ ਬੈਂਕਾਕ ਤੋਂ ਆਏ ਯਾਤਰੀ ਕੋਲੋਂ ਤਸਕਰੀ ਕਰਕੇ ਲਿਆਂਦੇ ਵਿਦੇਸ਼ੀ ਜਾਨਵਰ ਬਰਾਮਦ ਕੀਤੇ ਹਨ। ਇਹ ਜਾਨਵਰ ਟਰਾਲੀ ਬੈਗ ਵਿਚ ਰੱਖੇ ਗਏ ਸਨ ਤੇ ਇਨ੍ਹਾਂ ਵਿਚੋਂ ਕੁਝ ਮਰੇ ਹੋਏ ਸਨ।

# ਹੁਣ ਪਾਕਿਸਤਾਨ ਗੁਰਧਾਮ ਯਾਤਰਾ ਲਈ ਜਾ ਸਕਣਗੇ ਸਿੱਖ

## ✪ ਮੋਦੀ ਸਰਕਾਰ ਨੇ ਗੁਰਪੁਰਬ 'ਤੇ ਯਾਤਰਾ ਲਈ ਦਿੱਤੀ ਮਨਜ਼ੂਰੀ



ਦਿੱਲੀ-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਦਿੱਲੀ ਗੁਰਦੁਆਰਾ ਕਮੇਟੀ ਦੀ ਅਪੀਲ 'ਤੇ ਇਸ ਵਾਰ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ 'ਤੇ ਸਿੱਖ ਜੱਥਾ ਪਾਕਿਸਤਾਨ ਨਾ ਭੇਜਣ ਦਾ ਆਪਣਾ ਫੈਸਲਾ ਵਾਪਸ ਲੈ ਲਿਆ ਹੈ ਤੇ ਹੁਣ ਵਿਦੇਸ਼ ਮੰਤਰਾਲੇ ਨੇ 3 ਹਜ਼ਾਰ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਦੀ ਆਗਿਆ ਦੇ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਹੁਣ ਵਿਦੇਸ਼ ਮੰਤਰਾਲੇ ਨੇ ਗੁਰਪੁਰਬ 'ਤੇ ਜੱਥਾ ਭੇਜਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਨੇ ਫ਼ੈਸਲੇ ਲਈ ਕੇਂਦਰ ਸਰਕਾਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਦਾ ਧੰਨਵਾਦ ਕੀਤਾ।

# ਚੌਥਾ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ ਸਨਮਾਨ ਸਮਾਰੋਹ

ਬਠਿੰਡਾ-'ਬਾਰੂ ਰਾਮ ਮੈਮੋਰੀਅਲ ਸ਼ਬਦ ਤ੍ਰਿੰਜਣ ਵੈਲਫੇਅਰ ਐਂਡ ਕਲਚਰਲ ਸੁਸਾਇਟੀ (ਰਜਿ.) ਬਠਿੰਡਾ' ਵੱਲੋਂ ਟੀਚਰਜ਼ ਹੋਮ ਟਰੱਸਟ ਬਠਿੰਡਾ (ਪੰਜਾਬ) ਵਿਖੇ ਨੂੰ ਸਨਮਾਨ ਸਮਾਰੋਹ,ਪੁਸਤਕ ਲੋਕ ਅਰਪਣ ਅਤੇ ਹਾਸ ਵਿਅੰਗ ਕਵੀ ਦਰਬਾਰ ਕਰਵਾਇਆ ਗਿਆ। ਸ਼੍ਰੀ ਗੁਰਦੇਵ ਖੋਖਰ ਜੀ ਦੀ ਪ੍ਰਧਾਨਗੀ ਵਿੱਚ ਚੱਲੇ ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਿੰ.ਜਗਮੇਲ ਸਿੰਘ ਜਠੌਲ ਸਨ। ਪ੍ਰਧਾਨਗੀ ਮੰਡਲ ਵਿੱਚ ਸਰਵ ਸ਼੍ਰੀ ਕੇ.ਐਲ.ਗਰਗ ਪ੍ਰਧਾਨ ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ, ਵਿਦਵਾਨ ਆਲੋਚਕ ਗੁਰਦੇਵ ਖੋਖਰ, ਸਾਹਿਤਕਾਰ ਪ੍ਰਿੰ. ਜਗਮੇਲ ਸਿੰਘ ਜਠੌਲ ਤੋਂ ਇਲਾਵਾ ਵਿਦਵਾਨ ਆਲੋਚਕ ਨਿਰੰਜਣ ਬੋਹਾ, ਗ਼ਜ਼ਲਗੋਅ ਅਮਰਜੀਤ ਸਿੰਘ ਜੀਤ ਪ੍ਰਧਾਨ ਸਾਹਿਤ ਜਾਗ੍ਰਿਤੀ ਸਭਾ ਬਠਿੰਡਾ, ਰੁਬਾਈਕਾਰ ਸੁਖਦਰਸ਼ਨ ਗਰਗ ਪ੍ਰਧਾਨ ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਸ਼ੁਸ਼ੋਭਿਤ ਸਨ। ਸਮਾਗਮ ਦਾ ਆਗਾਜ਼ ਕਰਦਿਆਂ ਵਿਅੰਗਕਾਰ ਰਮੇਸ਼ ਗਰਗ ਨੇ ਅਦਬੀ ਸ਼ਬਦਾਂ ਨਾਲ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ ਕਿਹਾ'। ਪ੍ਰਧਾਨ ਮੰਗਤ ਕੁਲਜਿੰਦ ਨੇ ਸ਼੍ਰੀ ਕੇ.ਐਲ ਗਰਗ ਜੀ ਦੀਆਂ ਸਾਹਿਤਕ ਪ੍ਰਾਪਤੀਆਂ ਅਤੇ ਹਾਸ ਵਿਅੰਗ ਲਈ ਕੀਤੇ ਉਹਨਾਂ ਦੇ ਕਾਰਜਾਂ ਦੀ ਜਾਣ ਪਛਾਣ ਕਰਵਾਈ। ਅਮਰਜੀਤ ਸਿੰਘ ਪੇਂਟਰ ਸਟੇਟ-ਐਵਾਰਡੀ ਨੇ ਉਹਨਾਂ ਲਈ ਸਨਮਾਨ-ਪੱਤਰ ਪੜ੍ਹਿਆ। ਸੁਸਾਇਟੀ ਦੇ ਅਹੁਦੇਦਾਰਾਂ ਅਤੇ ਪ੍ਰਧਾਨਗੀ ਮੰਡਲ ਵੱਲੋਂ 'ਚੌਥੇ ਕ੍ਰਿਸ਼ਨਾ ਰਾਣੀ ਮਿੱਤਲ ਯਾਦਗਾਰੀ ਹਾਸ-ਵਿਅੰਗ ਪੁਰਸਕਾਰ-2025 ਨਾਲ ਅੱਜ ਦੇ ਪੰਜਾਬੀ ਦੇ ਹਾਸ ਵਿਅੰਗ ਸਮਰਾਟ ਸ਼੍ਰੀ ਕੇ.ਐਲ.ਗਰਗ ਜੀ ਨੂੰ ਸਨਮਾਨਿਤ ਕੀਤਾ ਗਿਆ। (ਸਨਮਾਨ-ਪੱਤਰ, ਸਨਮਾਨ-ਚਿੰਨ੍ਹ, ਲੋਈ ਤੋਂ ਇਲਾਵਾ ਨਕਦ ਰਾਸ਼ੀ ਇਸ ਐਵਾਰਡ ਦਾ ਹਿੱਸਾ ਹਨ)।



ਮੰਗਤ ਕੁਲਜਿੰਦ ਅਤੇ ਜਗਦੀਸ਼ ਕੁਲਰੀਆਂ ਵੱਲੋਂ ਸੰਪਾਦਿਤ ਕੀਤੀ ਅਤੇ ਪ੍ਰਧਾਨਗੀ ਮੰਡਲ ਵੱਲੋਂ ਲੋਕ-ਅਰਪਣ ਕੀਤੀ ਗਈ ਹਾਸ ਵਿਅੰਗ ਦੀ ਪੁਸਤਕ 'ਤੂੰ ਕਾਹਦਾ ਪਟਵਾਰੀ (2024 ਦਾ ਚੋਣਵਾਂ ਸਾਂਝਾ ਹਾਸ ਵਿਅੰਗ ਸੰਗ੍ਰਹਿ)' ਉਪਰ ਉਘੇ ਵਿਦਵਾਨ ਅਲੋਚਕ ਨਿਰੰਜਣ ਬੋਹਾ ਜੀ ਨੇ ਵਿਸ਼ਲੇਸ਼ਣਾਤਮਕ ਪਰਚਾ ਪੜ੍ਹਿਆ ਜਿਸ ਨੂੰ ਵਿਦਵਾਨ ਆਲੋਚਕ ਗੁਰਦੇਵ ਖੋਖਰ ਜੀ ਅਤੇ ਪ੍ਰਿੰ.ਜਗਮੇਲ ਸਿੰਘ ਜਠੌਲ ਜੀ ਨੇ ਵਿਸਥਾਰ ਦਿੱਤਾ। ਵਿਅੰਗਕਾਰ ਤ੍ਰਿਲੋਕ ਸਿੰਘ ਢਿਲੋਂ,ਸੁਖਦਰਸ਼ਨ ਗਰਗ ਅਤੇ ਰਮੇਸ਼ ਕੁਮਾਰ ਗਰਗ ਆਦਿ ਨੇ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸ਼੍ਰੀ ਕੇ. ਐਲ. ਗਰਗ ਜੀ ਨੇ ਸੁਸਾਇਟੀ ਦਾ ਧੰਨਵਾਦ ਕਰਦਿਆਂ ਹਾਸ ਵਿਅੰਗ ਅਕਾਦਮੀ ਦੀ ਜਾਣ ਪਛਾਣ ਕਰਵਾਈ ਅਤੇ ਇਸ ਦੇ ਉਦੇਸ਼ਾਂ ਅਤੇ ਪ੍ਰਾਪਤੀਆਂ ਬਾਰੇ ਆਪਣੇ ਵਿਅੰਗੀ-ਅੰਦਾਜ਼ ਵਿੱਚ ਚਾਨਣਾ ਪਾਇਆ।

ਅੱਜ ਦੇ ਸਮਾਗਮ ਵਿੱਚ ਕਰਵਾਏ ਗਏ ਹਾਸ ਵਿਅੰਗ ਕਵੀ ਦਰਬਾਰ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਕਵੀਆਂ ਸੋਫੀ ਸੱਤੋਵਾਲੀ (ਜਲੰਧਰ), ਸੁਰਿੰਦਰ ਸ਼ਰਮਾ ਨਾਗਰਾ (ਧੂਰੀ), ਜਸਵੀਰ ਸ਼ਰਮਾ ਦੱਦਾਹੂਰ (ਮੁਕਤਸਰ), ਅਮਰਜੀਤ ਸਿੰਘ ਜੀਤ, ਸ਼ਤੀਸ਼ ਧਵਨ (ਭਲੂਰ), ਰਮੇਸ਼ ਸੇਠੀ, ਗੁਰਸੇਵਕ ਬੀੜ ਵਾਲਾ, ਸੇਵਕ ਸਿੰਘ ਸ਼ਮੀਰੀਆਂ, ਕੰਵਲਜੀਤ ਕੁਟੀ, ਦਿਲਬਾਗ ਸਿੰਘ, ਜਗਨਨਾਥ, ਦਿਲਜੀਤ ਬੰਗੀ, ਪਰਿੰਦਰ ਕੁਮਾਰ, ਸੁਰਿੰਦਰ ਮਾਣੂੰਕੇ, ਮਾਹੀ ਮਰਜਾਣਾ ਆਦਿ ਨੇ ਮਜ਼ਾਹੀਆ ਲਹਿਜ਼ੇ ਅਤੇ ਵਿਅੰਗਾਤਮਕ ਤਰਜ਼ ਵਿੱਚ ਕਾਵਿ ਦੇ ਵੱਖ ਵੱਖ ਰੂਪਾਂ ਨੂੰ ਤਰੰਨਮ ਵਿੱਚ ਜਾਂ ਉਚਾਰ ਕੇ ਪੇਸ਼ ਕੀਤਾ ਪਰ ਸੰਜੀਦਾ ਕਾਵਿ ਦੇ ਰੰਗ ਵੀ ਵਿੱਚ ਝਲਕਦੇ ਰਹੇ।

ਬਠਿੰਡਾ ਅਤੇ ਇਸ ਦੇ ਆਸ ਪਾਸ ਇਲਾਕੇ ਦੀਆਂ ਜਾਣੀਆਂ ਪਛਾਣੀਆਂ ਹਸਤੀਆਂ, ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਅਹੁਦੇਦਾਰ ਅਤੇ ਮੈਂਬਰ ਸਰਵਸ਼੍ਰੀ ਡਾ.ਅਜੀਤਪਾਲ ਸਿੰਘ ਵਿਦਵਾਨ ਸਾਹਿਤਕਾਰ, ਲਛਮਣ ਸਿੰਘ ਮਲੂਕਾ ਸਕੱਤਰ ਟੀਚਰਜ਼ ਹੋਮ ਟਰੱਸਟ,ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਜ.ਸਕੱਤਰ ਰਣਜੀਤ ਗੌਰਵ, ਲਾਲ ਚੰਦ ਸਿੰਘ, ਹਰਜਿੰਦਰ ਕੌਰ ਬਾਲਿਆਂਵਾਲੀ,ਭੁਪਿੰਦਰ ਸਿੰਘ, ਪਰਮਾਨੰਦ ਸ਼ਰਮਾ, ਪ੍ਰੋ. ਤਰਸੇਮ ਨਰੂਲਾ, ਭੋਜ ਰਾਜ ਫਾਰਮੇਸੀ ਅਫਸਰ, ਕਮਲ ਬਠਿੰਡਾ, ਕੁਲਦੂ ਸਿੰਘ, ਪਰਮਿੰਦਰ ਸਿੰਘ, ਖੁਸ਼ਹਾਲ ਭਾਰਤੀ ਆਦਿ ਇਸ ਸਮਾਗਮ ਦੀ ਸ਼ੋਭਾ ਵਧਾ ਰਹੇ ਸਨ।

ਅੰਤ ਵਿੱਚ ਸੁਸਾਇਟੀ ਦੇ ਮੀਤ ਪ੍ਰਧਾਨ ਅਮਰਜੀਤ ਸਿੰਘ ਪੇਂਟਰ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਖੂਬਸੂਰਤ ਸ਼ਬਦਾਂ ਨਾਲ ਧੰਨਵਾਦ ਕੀਤਾ। ਸੁਖਦੇਵ ਰਾਮ ਭੋਲਾ ਅਤੇ ਸਾਥੀਆਂ ਨੇ ਲੰਗਰ ਦੀ ਸੇਵਾ ਤਨਦੇਹੀ ਨਾਲ ਨਿਭਾਈ। ਸਾਰੇ ਸਮਾਗਮ ਨੂੰ ਕੈਮਰੇ ਦੀ ਅੱਖ ਵਿੱਚ ਕੈਦ ਕਰਕੇ ਸ਼ੋਸ਼ਲ ਮੀਡੀਏ ਤੇ ਪਹੁੰਚਾਇਆ - ਗੁਰਨੈਬ ਸਿੰਘ ਸਾਜਨ ਅਤੇ ਗੁਰਬਾਜ ਸਿੰਘ ਜਸਟ ਪੰਜਾਬੀ ਨੇ। ਮੰਗਤ ਕੁਲਜਿੰਦ +91 94177-53892 (ਬਠਿੰਡਾ) ਵੱਟਸਐਪ +1 (425) 286 0163 (ਸਿਆਟਲ)

# ਖੰਘ ਦੀ ਦਵਾਈ ਨਾਲ 17 ਬੱਚੇ ਮਰਨ ਮਗਰੋਂ, ਪੰਜਾਬ ਸਰਕਾਰ ਨੇ ਦਵਾਈ ’ਤੇ ਲਗਾਈ ਪਾਬੰਦੀ

## ✪ ਤਾਮਿਲਨਾਡੂ ਸਰਕਾਰ ਨੇ ਦਵਾਈ ਦੇ ਨਿਰਮਾਣ ਲਾਇਸੈਂਸ ਨੂੰ ਰੱਦ ਕਰਨ ਲਈ ਨੋਟਿਸ ਭੇਜਿਆ

ਚੰਡੀਗੜ੍ਹ-ਮੱਧ ਪ੍ਰਦੇਸ਼ ‘ਚ 17 ਬੱਚਿਆਂ ਦੀ ਜਾਨ ਚਲੇ ਜਾਣ ਮਗਰੋਂ ਪੰਜਾਬ ਸਰਕਾਰ ਨੇ ਵੀ ਕੋਲਡਰਿਫ ਖੰਘ ਦੀ ਦਵਾਈ ਵਿਕਰੀ ਅਤੇ ਵਰਤੋਂ ’ਤੇ ਪਾਬੰਦੀ ਲਗਾ ਦਿੱਤੀ ਹੈ. ਪੰਜਾਬ ਦੇ ਸਿਹਤ ਵਿਭਾਗ ਵੱਲੋਂ ਆਦੇਸ਼ ਜਾਰੀ ਕੀਤੇ ਗਏ ਹਨ। ਪੰਜਾਬ ਦੇ ਸਾਰੇ ਪ੍ਰਚੂਨ ਵਿਕਰੇਤਾ, ਵਿਤਰਕ, ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ, ਹਸਪਤਾਲ/ ਸਿਹਤ ਸੰਭਾਲ ਸੰਸਥਾਵਾਂ ਇਸ ਉਤਪਾਦ ਨੂੰ ਖਰੀਦਣ, ਵੇਚਣ ਜਾਂ ਵਰਤਣ ਦੀ ਇਜਾਜ਼ਤ ਨਹੀਂ ਦੇਣਗੇ। ਉਨ੍ਹਾਂ ਨੂੰ ਸੂਬੇ ਵਿੱਚ ਮਿਲੇ ਕਿਸੇ ਵੀ ਸਟਾਕ ਦੀ ਰਿਪੋਰਟ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਨੂੰ ਕਰਨ ਲਈ ਕਿਹਾ ਗਿਆ ਹੈ। ਦਰਅਸਲ ਤਾਮਿਲਨਾਡੂ ਵਿੱਚ ਤਿਆਰ ਕੀਤੀ ਇਹ ਦਵਾਈ ਵਿਚ ਡਾਇ ਥਾਈ ਲੀਨ ਗਲਾਈਕੋਲ ਦੀ ਮਿਲਾਵਟ ਕਾਰਨ ਪਾਬੰਦੀ ਲਗਾਈ ਗਈ ਹੈ।

ਸਰਕਾਰ ਦੇ ਉਕਤ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਮੱਧ ਪ੍ਰਦੇਸ਼ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਦੀ ਡਰੱਗ ਟੈਸਟਿੰਗ ਪ੍ਰਯੋਗਸ਼ਾਲਾ ਨੇ 4 ਅਕਤੂਬਰ, 2025 ਨੂੰ ਇੱਕ ਰਿਪੋਰਟ ਜਾਰੀ ਕੀਤੀ। ਇਸ ਰਿਪੋਰਟ ਦੇ ਅਨੁਸਾਰ ਮਾੜੀ ਗੁਣਵੱਤਾ ਦੀ ਕੋਲਡਰਿਫ ਦਵਾਈ ਪਾਈ ਗਈ ਹੈ।

ਟੈਸਟ ਕੀਤੀ ਕੋਲਡਰਿਫ ਬੈਚ ਨੰਬਰ SR-13, ਸ਼੍ਰੀਸਨ ਫਾਰਮਾਸਿਊਟੀਕਲਜ਼, ਕਾਂਚੀਪੁਰਮ, ਤਾਮਿਲਨਾਡੂ ਦੁਆਰਾ ਮਈ 2025 ਵਿੱਚ ਤਿਆਰ ਕੀਤੀ ਗਈ ਸੀ ਅਤੇ ਅਪ੍ਰੈਲ 2027 ਵਿੱਚ ਮਿਆਦ ਪੁੱਗ ਰਹੀ ਸੀ। ਇਸ ਵਿੱਚ ਇੱਕ ਜ਼ਹਿਰੀਲਾ ਰਸਾਇਣ




ਡਾਈਥਾਈਲੀਨ ਗਲਾਈਕੋਲ ਪਾਇਆ ਗਿਆ ਹੈ, ਜੋ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦਾ ਹੈ।

ਆਦੇਸ਼ ਵਿੱਚ ਸਿੱਟਾ ਕੱਢਿਆ ਗਿਆ ਹੈ, “ਕੋਲਡਰਿਫ ਮੱਧ ਪ੍ਰਦੇਸ਼ ਦੇ ਛਿੰਦਵਾੜਾ ਜ਼ਿਲ੍ਹੇ ਵਿੱਚ ਬੱਚਿਆਂ ਦੀ ਜਾਨ ਚਲੇ ਜਾਣ ਨਾਲ ਜੁੜੀ ਹੋਈ ਹੈ। ਇਸ ਲਈ, ਇਸ ਦਵਾਈ ਦੀ ਵਿਕਰੀ, ਵੰਡ ਅਤੇ ਵਰਤੋਂ ’ਤੇ ਪੰਜਾਬ ਵਿੱਚ ਤੁਰੰਤ ਪਾਬੰਦੀ ਲਗਾ ਦਿੱਤੀ ਗਈ ਹੈ।

ਦਰਅਸਲ ਬੱਚਿਆਂ ਦੀ ਜਾਨ ਚਲੇ ਜਾਣ ਤੋਂ ਬਾਅਦ ਮਾਮਲਾ ਭਖਿਆ ਅਤੇ ਉਕਤ ਦਵਾਈ ਅਤੇ ਨਾਲ ਹੋਰ ਦਵਾਈਆਂ ਦੇ ਸੈਂਪਲ ਚੇਨਈ ਵਿੱਚ ਸਰਕਾਰੀ ਡਰੱਗ ਟੈਸਟਿੰਗ ਲੈਬ ਨੂੰ ਭੇਜੇ ਗਏ ਸਨ ਅਤੇ 24 ਘੰਟਿਆਂ ਦੇ ਅੰਦਰ ਇੱਕ ਰਿਪੋਰਟ ਪ੍ਰਾਪਤ ਹੋਈ ਸੀ। ਇਸ ਵਿੱਚ ਪਾਇਆ ਗਿਆ ਕਿ ਕੋਲਡਰਿਫ ਦਾ ਉਕਤ ਬੈਚ ਜ਼ਹਿਰੀਲਾ ਸੀ ਅਤੇ ‘ਮਿਆਰੀ ਗੁਣਵੱਤਾ ਦਾ ਨਹੀਂ’ ਸੀ। ਹਾਲਾਂਕਿ, ਬਾਕੀ ਚਾਰ ਦਵਾਈਆਂ ਮਿਆਰੀ ਗੁਣਵੱਤਾ ਦੀਆਂ ਪਾਈਆਂ ਗਈਆਂ।

ਉਧਰ ਟੈਸਟ ਰਿਪੋਰਟ ਤੋਂ ਬਾਅਦ ਤਾਮਿਲਨਾਡੂ ਸਰਕਾਰ ਨੇ ਕਾਰਵਾਈ ਕੀਤੀ ਅਤੇ ਕੋਲਡਰਿਫ ਦੀ ਵਿਕਰੀ ਅਤੇ ਵੰਡ ’ਤੇ ਤੁਰੰਤ ਸੂਬੇ ਭਰ ਵਿੱਚ ਪਾਬੰਦੀ ਲਗਾ ਦਿੱਤੀ ਗਈ ਸੀ। ਨਾਲ ਹੀ ਉਕਤ ਦਵਾਈ ਦੇ ਨਿਰਮਾਣ ਲਾਇਸੈਂਸ ਨੂੰ ਰੱਦ ਕਰਨ ਲਈ ਇੱਕ ਕਾਰਨ ਦੱਸੋ ਨੋਟਿਸ ਵੀ ਭੇਜਿਆ ਗਿਆ ਸੀ।

# ਮਾਮਿਆਂ ਵੱਲੋਂ ਨਾਬਾਲਗ ਭਣੇਂਵੀ ਨਾਲ ਸਮੂਹਿਕ ਬਲਾਤਕਾਰ, ਦੋ ਭਰਾਵਾਂ ਵਿਰੁੱਧ ਮਾਮਲਾ ਦਰਜ

ਫਰੀਦਕੋਟ-ਜ਼ਿਲ੍ਹਾ ਫਰੀਦਕੋਟ ਦੇ ਸਾਦਿਕ ਕਸਬੇ ਵਿੱਚ ਦੋ ਭਰਾਵਾਂ ਨੇ ਆਪਣੇ ਘਰ ਆਈ 11 ਸਾਲਾ ਭਾਂਜੀ ਨਾਲ ਸਮੂਹਿਕ ਬਲਾਤਕਾਰ ਕੀਤਾ। ਪੀੜਤਾ ਨੂੰ ਇਲਾਜ ਲਈ ਫਰੀਦਕੋਟ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਅਤੇ ਪੁਲਿਸ ਨੇ ਉਸਦੇ ਪਿਤਾ ਦੀ ਸ਼ਿਕਾਇਤ ਦੇ ਆਧਾਰ ’ਤੇ ਸਾਦਿਕ ਪੁਲਿਸ ਸਟੇਸ਼ਨ ਵਿੱਚ ਦੋਵਾਂ ਮੁਲਜ਼ਮ ਭਰਾਵਾਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਫਰੀਦਕੋਟ ਦੇ ਇੱਕ ਇਲਾਕੇ ਦੇ ਵਸਨੀਕ ਪਿਤਾ ਦੀ ਸ਼ਿਕਾਇਤ ਦੇ ਆਧਾਰ ’ਤੇ ਸਾਦਿਕ ਥਾਣੇ ਦੀ ਪੁਲਿਸ ਨੇ ਕਾਰਵਾਈ ਕੀਤੀ ਅਤੇ ਭਤੀਜੀ ਨਾਲ ਬਲਾਤਕਾਰ ਕਰਨ ਦੇ ਇਲਜ਼ਾਮ ਵਿੱਚ ਦੋ ਭਰਾਵਾਂ, ਭਰਤ ਅਤੇ ਰਵੀ ਵਿਰੁੱਧ ਪੋਕਸੋ ਐਕਟ ਤਹਿਤ ਮਾਮਲਾ ਦਰਜ ਕੀਤਾ। ਪੁਲਸ ਮੁਲਜ਼ਮ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀ ਹੈ। ਇਸ ਮਾਮਲੇ ਦੀ ਜਾਂਚ ਅਧਿਕਾਰੀ, ਸਬ-ਇੰਸਪੈਕਟਰ ਹਰਜਿੰਦਰ ਕੌਰ ਨੇ ਦੱਸਿਆ ਕਿ ਮਾਮਲਾ ਦਰਜ ਕਰਨ ਤੋਂ ਬਾਅਦ, ਪੁਲਿਸ ਨੇ ਦੋਵਾਂ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ ਅਤੇ ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਚੰਡੀਗੜ੍ਹ ਵਿੱਚ ਮੁਖ ਮੰਤਰੀ ਮਾਨ ਨੇ ਸੰਤ ਸਮਾਜ ਨਾਲ ਕੀਤੀ ਮੀਟਿੰਗ

## ✪ 25 ਅਕਤੂਬਰ ਤੋਂ ਸ਼ਤਾਬਦੀ ਸਮਾਗਮ ਹੋਣਗੇ

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਚੰਡੀਗੜ੍ਹ ਵਿੱਚ ਸੰਤ ਸਮਾਜ ਨਾਲ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਤਾਬਦੀ ਸਮਾਗਮ ਨੂੰ ਲੈ ਕੇ ਮੀਟਿੰਗ ਕੀਤੀ। ਇਸ ਮੌਕੇ ’ਤੇ ਕਈ ਮੁੱਖ ਪ੍ਰੋਗਰਾਮਾਂ ’ਤੇ ਵਿਚਾਰ-ਵਟਾਂਦਰਾ ਕੀਤਾ ਗਿਆ। 25 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਸ਼ੀਸ਼ਗੰਜ ਸਾਹਿਬ ਵਿੱਚ ਮੁੱਖ ਮੰਤਰੀ ਅਤੇ ਸਰਕਾਰੀ ਮੰਤਰੀਆਂ ਵੱਲੋਂ ਅਰਦਾਸ ਕੀਤੀ ਜਾਵੇਗੀ। ਉਸੇ ਸ਼ਾਮ ਗੁਰਦੁਆਰਾ ਰਕਾਬਗੰਜ ਸਾਹਿਬ, ਦਿੱਲੀ ਵਿੱਚ ਕੀਰਤਨ ਦਰਬਾਰ ਹੋਵੇਗਾ।

1 ਨਵੰਬਰ ਤੋਂ 18 ਨਵੰਬਰ ਤੱਕ ਲਾਈਟ ਐਂਡ ਸਾਊਂਡ ਸ਼ੋਅ ਲਗਾਇਆ ਜਾਵੇਗਾ, ਜਿਸ ਵਿੱਚ ਗੁਰੂ ਸਾਹਿਬ ਦੇ ਜੀਵਨ ਬਾਰੇ ਵਿਸਥਾਰ ਨਾਲ ਦੱਸਿਆ ਜਾਵੇਗਾ। ਗੁਰੂ ਸਾਹਿਬ ਦੇ ਚਰਨ ਛੋਹੇ ਸਥਾਨਾਂ ’ਤੇ 1 ਤੋਂ 30




ਨਵੰਬਰ ਤੱਕ ਧਾਰਮਿਕ ਸਮਾਗਮ ਕਰਵਾਏ ਜਾਣਗੇ।

4 ਥਾਵਾਂ ਤੋਂ ਨਿਕਲੇਗਾ ਨਗਰ ਕੀਰਤਨ-ਅੰਮ੍ਰਿਤਸਰ (ਜਿੱਥੇ ਗੁਰੂ ਸਾਹਿਬ ਦਾ ਜਨਮ ਹੋਇਆ), ਬਕਾਲਾ ਸਾਹਿਬ (ਜਿੱਥੇ ਭਗਤੀ ਕੀਤੀ), ਸ਼੍ਰੀ ਆਨੰਦਪੁਰ ਸਾਹਿਬ (ਜੋ ਗੁਰੂ ਸਾਹਿਬ ਨੇ ਖੁਦ ਵਸਾਇਆ) ਅਤੇ ਪਟਿਆਲਾ (ਜਿੱਥੇ ਗੁਰੂ ਸਾਹਿਬ ਰਹੇ) ਤੋਂ ਪ੍ਰੋਗਰਾਮ ਕਰਵਾਏ ਜਾਣਗੇ।

4 ਨਗਰ ਕੀਰਤਨ ਵਿੱਚੋਂ ਪਹਿਲਾ ਸ਼੍ਰੀਨਗਰ ਤੋਂ 19 ਨਵੰਬਰ ਨੂੰ ਸ਼ੁਰੂ ਹੋ ਕੇ 22 ਨਵੰਬਰ ਨੂੰ ਸ਼੍ਰੀ ਆਨੰਦਪੁਰ ਸਾਹਿਬ ਪਹੁੰਚੇਗਾ। ਦੂਜਾ ਗੁਰਦਾਸਪੁਰ ਤੋਂ ਸ਼ੁਰੂ ਹੋ ਕੇ ਸ਼੍ਰੀ ਆਨੰਦਪੁਰ ਸਾਹਿਬ ਪਹੁੰਚੇਗਾ। ਤੀਜਾ ਫਰੀਦਕੋਟ ਤੋਂ 19 ਨਵੰਬਰ ਨੂੰ ਸ਼ੁਰੂ ਹੋ ਕੇ 22 ਨਵੰਬਰ ਨੂੰ ਸ਼੍ਰੀ ਆਨੰਦਪੁਰ ਸਾਹਿਬ ਪਹੁੰਚੇਗਾ। ਚੌਥਾ ਤਖਤ ਦਮਦਮਾ ਸਾਹਿਬ ਤੋਂ ਸ਼ੁਰੂ ਹੋ ਕੇ ਸ਼੍ਰੀ ਆਨੰਦਪੁਰ ਸਾਹਿਬ ਵਿਚ ਸਮਾਪਤ ਹੋਵੇਗਾ। 23, 24 ਅਤੇ 25 ਨਵੰਬਰ ਨੂੰ ਸ਼੍ਰੀ ਆਨੰਦਪੁਰ ਸਾਹਿਬ ਵਿੱਚ ਵੱਡੇ ਸਮਾਗਮ ਹੋਣਗੇ। 23 ਨਵੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੀ ਸ਼ੁਰੂਆਤ ਹੋਵੇਗੀ ਅਤੇ ਧਰਮ ਸੰਮੇਲਨ ਕਰਵਾਇਆ ਜਾਵੇਗਾ। ਉਸ ਦਿਨ ਵਿਰਾਸਤੇ ਖਾਲਸਾ ਵਿੱਚ ਪੂਰੇ ਦਿਨ ਸਮਾਗਮ ਅਤੇ ਸ਼ਾਮ ਨੂੰ ਡਰੋਨ ਸ਼ੋਅ ਤੇ ਸ਼ਹਾਦਤ ਦੀ ਲੋ ਜਗਾਈ ਜਾਵੇਗੀ।

ਸਰਕਾਰ ਨੇ ਪ੍ਰਬੰਧਾਂ ਲਈ ਮੰਤਰੀਆਂ ਦੀ ਕਮੇਟੀ ਬਣਾਈ ਹੈ, ਜਿਸ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਖ਼ਾਸ ਜ਼ਿੰਮੇਵਾਰੀ ਦਿੱਤੀ ਗਈ ਹੈ। ਹਰ ਨਗਰ ਕੀਰਤਨ ਦੇ ਰਸਤੇ ’ਤੇ ਪ੍ਰਬੰਧ ਕਰਨ ਲਈ ਮੰਤਰੀਆਂ ਦੀ ਡਿਊਟੀ ਲਗਾਈ ਗਈ ਹੈ।

# ਅਫ਼ੀਮ ਦੇ ਲੇਬਲ ਵਾਲਾ ਪਰਫਿਊਮ ਵੇਚ ਰਹੇ ਭਾਰਤੀ ਨੂੰ ਅਮਰੀਕਾ ਪੁਲਿਸ ਨੇ ਕੀਤਾ ਸੀ ਗ੍ਰਿਫ਼ਤਾਰ



ਵਾਸ਼ਿੰਗਟਨ : ਅਮਰੀਕਾ ਦੇ ਅਰਕੰਸਾਸ ਤੋਂ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਜਿੱਥੇ ਪੁਲਿਸ ਨੇ ਭਾਰਤੀ ਮੂਲ ਦੇ ਵਿਅਕਤੀ ਕਪਿਲ ਰਘੂ ਨੂੰ ਅਫੀਮ ਦੇ ਲੇਬਲ ਵਾਲਾ ਪਰਫਿਊਮ ਵੇਚਣ ਦੇ ਆਰੋਪ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਹੈ ਜਦਕਿ ਰਘੂ ਨੇ ਅਮਰੀਕੀ ਵੀਜ਼ਾ ਬਹਾਲ ਕਰਨ ਦੀ ਮੰਗ ਕੀਤੀ ਹੈ।ਜਾਣਕਾਰੀ ਅਨੁਸਾਰ ਮਾਮਲਾ ਮਈ ਦਾ ਹੈ ਜਦੋਂ ਪੁਲਿਸ ਨੂੰ ਇਕ ਟ੍ਰੈਫਿਕ ਚੈਕਿੰਗ ਦੌਰਾਨ ਕਪਿਲ ਦੀ ਕਾਰ ਤੋਂ ਅਫ਼ੀਮ ਦੇ ਲੇਬਲ ਵਾਲੀ ਇਕ ਛੋਟੀ ਜਿਹੀ ਬੋਤਲ ਬਰਾਮਦ ਹੋਈ। ਪੁਲਿਸ ਨੇ ਸਮਝਿਆ ਕਿ ਉਹ ਅਫ਼ੀਮ ਵੇਚ ਰਿਹਾ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਜਦਕਿ ਕਪਿਲ ਵਾਰ-ਵਾਰ ਉਨ੍ਹਾਂ ਨੂੰ ਬੋਲਦਾ ਰਿਹਾ ਕਿ ਉਹ ਅਫ਼ੀਮ ਨਹੀਂ ਵੇਚ ਰਿਹਾ ਬਲਕਿ ਉਹ ਇਕ ਡਿਜ਼ਾਇਨਰ ਪਰਫਿਊਮ ਬੋਤਲ ਵੇਚ ਰਿਹਾ ਹੈ।

# ਨਸ਼ਾ ਆਤਮਘਾਤ ਨੂੰ ਸੱਦਾ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445





ਕਿਸੇ ਵੀ ਬੁਰਾਈ ਨੂੰ ਨੱਥ ਪਾਉਣ ਲਈ ਦ੍ਰਿੜ ਇੱਛਾ ਸ਼ਕਤੀ ਦੀ ਲੋੜ ਹੁੰਦੀ ਹੈ। ਅੱਜ ਨਸ਼ੇ ਦਾ ਦਰਿਆ ਸਰਕਾਰੀ ਉਪਰਾਲਿਆਂ ਦੇ ਬਾਵਜੂਦ ਉੱਛਲ ਕੇ ਸਾਹਮਣੇ ਆ ਰਿਹਾ ਹੈ। ਲੋਕਾਂ ਨੂੰ ਦ੍ਰਿੜ ਇੱਛਾ ਸ਼ਕਤੀ ਨਾਲ ਸਰਕਾਰ ਦਾ ਸਾਥ ਦੇਣ ਦੀ ਜ਼ਰੂਰਤ ਹੈ। ਨਸ਼ਿਆਂ ਦਾ ਸੇਵਨ ਪੰਜਾਬੀ ਕਿਰਦਾਰ ਨੂੰ ਨਕਾਰਾ ਕਰ ਰਿਹਾ ਹੈ। ਨਸ਼ੇ ਦਾ ਇਤਿਹਾਸ ਮਨੁੱਖ ਦੀ ਹੋਂਦ ਦੇ ਨਾਲੋ ਨਾਲ ਚੱਲਿਆ ਆਉਂਦਾ ਹੈ। ਸਮੇਂ-ਸਮੇਂ ਤੇ ਨਸ਼ਾ ਛੁਡਾਉਣ ਲਈ ਸਮਾਜ ਸੁਧਾਰ ਹੁੰਦੇ ਰਹੇ ਪਰ ਸਮੇਂ ਅਨੁਸਾਰ ਨਫੇ-ਨੁਕਸਾਨ ਹੁੰਦੇ ਰਹੇ। ਅੱਜ ਵੀ ਨਸ਼ਾ ਬਹੁਪਰਤੀ ਸਮੱਸਿਆ ਹੈ। ਨਸ਼ਾ ਹਮੇਸ਼ਾ ਆਤਮ-ਘਾਤ ਨੂੰ ਸੱਦਾ ਦਿੰਦਾ ਹੈ। ਇਹ ਤੰਦਰੁਸਤੀ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਤੰਦਰੁਸਤੀ ਜਿਸਮ ਉੱਤੇ ਹੀ ਨਹੀਂ ਟਿਕੀ ਹੋਈ ਬਲਕਿ ਮਾਨਸਿਨ ਅਤੇ ਸਮਾਜਿਕ ਪੱਖੋਂ ਵੀ ਪੂਰੀ ਤੰਦਰੁਸਤੀ ਹੀ ਜੀਵਨ ਦਾ ਅਧਾਰ ਹੈ। ਮਾਨਸਿਕ ਕਮਜੋਰ ਨਸ਼ਾ ਕਰਦਾ ਹੈ ਉਸ ਤੋ ਬਾਅਦ ਸਮਾਜਿਕ, ਆਰਥਿਕ ਅਤੇ ਸਿਹਤ ਦੇ ਪੱਖਾਂ ਨੂੰ ਗ੍ਰਹਿਣ ਲੱਗ ਜਾਂਦਾ ਹੈ। ਹੈਰਾਨੀ ਹੁੰਦੀ ਹੈ ਜਦੋਂ ਨਸ਼ੇ ਨੂੰ ਇਕ ਰਿਵਾਜ਼ ਵੱਜੋਂ ਵਰਤਿਆ ਜਾਂਦਾ ਹੈ। ਸਿੱਖ ਧਰਮ ਵਿੱਚ ਇਸ ਦੀ ਪੂਰਨ ਮਨਾਹੀ ਹੈ। ਅੱਜ ਦਾ ਨੌਜਵਾਨ ਨਸ਼ੇ ਕਰਨ ਨਿਰਾਸ਼ਾ ਦੇ ਆਲਮ ਵਿੱਚ ਫੱਸ ਚੁੱਕਿਆ ਹੈ। ਪੰਜਾਬੀਆਂ ਨੂੰ ਅਸਲੀ ਜੀਵਨ ਤੋਂ ਦੂਰ ਕਰਕੇ ਨਸ਼ਾ ਜੀਵਨ ਨੂੰ ਬੇਸੁਆਦ ਕਰ ਦਿੰਦਾ ਹੈ।

ਨਸ਼ੇ ਮੁਕਾਉਣ ਲਈ ਸਰਬ ਸਾਂਝਾ ਫਰੰਟ ਬਣਾਉਣ ਦੀ ਲੋੜ ਹੈ। ਨਸ਼ਾ ਅਜਿਹਾ ਪਦਾਰਥ ਹੈ ਜੋ ਮੂੰਹ, ਨੱਕ ਅਤੇ ਖੂਨ ਰਾਹੀ ਲਿਆ ਜਾਂਦਾ ਹੈ। ਇਸ ਨਾਲ ਮਨੁੱਖੀ ਸਰੀਰ ਚ ਉਤੇਜਿਤ ਨੁਮਾ ਤਬਦੀਲੀ ਆਉਂਦੀ ਹੈ। ਅੰਦਰ ਜਾਂਦੀ ਸਾਰ ਹੀ ਵਿਅਕਤੀ ਫੰਨੇ ਖਾਂ ਬਣ ਜਾਂਦਾ ਹੈ। ਨਸ਼ਾ ਘਟਣ ਤੋਂ ਬਾਅਦ ਅਸਲੀ ਸਥਿਤੀ ਆ ਜਾਂਦੀ ਹੈ। ਇਸ ਨਾਲ ਤਨਾਅ ਵੱਧਦਾ ਹੈ। ਸੁਭਾਵਿਕ ਹੈ ਨਸ਼ੇ ਨਾਲ ਹੀ ਮੰਹਿਗਾਈ ਅਤੇ ਮਿਲਾਵਟ ਵੀ ਆਉਂਦੀ ਹੈ। ਨਸ਼ੇ ਦੀ ਲੱਤ ਵਿੱਚ ਬੰਦਾ ਅਣਸੁਖਾਵੇਂ ਨਤੀਜਿਆਂ ਦੇ ਪਤਾ ਹੋਣ ਦੇ ਬਾਵਜੂਦ ਵੀ ਇਸ ਤੋਂ ਬਚ ਨਹੀਂ ਸਕਦਾ। ਹਿੰਸਾਤਮਿਕ ਪ੍ਰਵਿਰਤੀ ਵੱਧਦੀ ਚਲੀ ਜਾਂਦੀ ਹੈ। ਜਿਸ ਨਾਲ ਸਮਾਜ ਚ ਅਣਸੁਖਾਵਾਂ ਮਾਹੌਲ ਪੈਦਾ ਹੁੰਦਾ ਹੈ। ਜ਼ੁਰਮ ਵੱਧਦੇ ਜਾਂਦੇ ਹਨ ਖਬਰਾਂ ਦੀ ਰੋਜ਼ਾਨਾ ਭਰਮਾਰ ਰਹਿੰਦੀ ਹੈ। ਅੱਜ ਨੌਕਰੀ ਅਤੇ ਵਿਆਹ ਤੋਂ ਪਹਿਲਾ ਡੋਪ ਟੈਸਟ ਦੀ ਮੰਗ ਵੀ ਉੱਠਣ ਲੱਗੀ ਹੈ। ਇਸ ਪਿੱਛੇ ਇਕ ਲੰਮਾ ਚੌੜਾ ਇਤਿਹਾਸ ਹੈ। ਹਾਂ ਇਕ ਗੱਲ ਹੋਰ ਵੀ ਹੈ ਨਸ਼ੇ ਨਾਲ ਕਿਸੇ ਵੀ ਪੱਖੋਂ ਜੁੜਿਆਂ ਵਿਅਕਤੀ ਭ੍ਰਿਸ਼ਟ ਤੰਤਰ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਭ੍ਰਿਸ਼ਟਾਚਾਰ ਨਸ਼ੇ ਨੂੰ ਨੱਪਣ ਵਿੱਚ ਵੱਡੀ ਰੁਕਾਵਟ ਹੈ। ਨਸ਼ਈ ਨੂੰ ਮਜ਼ਾਕ ਦਾ ਪਾਤਰ ਬਣਾਉਣ ਨਾਲੋਂ ਇਸ ਨੂੰ ਕਾਨੂੰਨੀ ਅਤੇ ਸਮਾਜਿਕ ਮੁੱਖ ਧਾਰਾ ਵਿੱਚ ਲਿਆਉਣਾ ਜਰੂਰੀ ਹੁੰਦੀ ਹੈ। ਇਹੀ ਵਧੀਆ ਹੱਲ ਹੈ।

ਨਸ਼ਾ ਵੱਖ-ਵੱਖ ਕਿਸਮਾਂ ਦਾ ਹੁੰਦਾ ਹੈ। ਸਾਰਿਆਂ ਦਾ ਨੁਕਸਾਨ ਮਾਨਸਿਕ ਸਿਹਤ ਨਾਲ ਜੁੜਿਆ ਹੈ। ਕਈ ਵਾਰ ਕਿਸੇ ਦਾ ਸਮੱਸਿਆ ਦਾ ਹੱਲ ਕੱਢਣ ਲਈ ਨਸ਼ੇ ਨੂੰ ਉਤੇਜਿਤ ਹੋਣ ਲਈ ਵਰਤਿਆ ਜਾਂਦਾ ਹੈ ਜੋ ਆਤਮਘਾਤ ਹੁੰਦਾ ਹੈ। ਬੇਰੁਜਗਾਰੀ, ਰੀਸ ਕਰਨੀ, ਬੱਚਿਆਂ ਤੇ ਲੋੜ ਤੋਂ ਵੱਧ ਮਾਨਸਿਕ ਦਬਾਅ ਪਾਉਣਾ ਅਤੇ ਆਪਣੇ ਬੱਚਿਆਂ ਦੀ ਤੁਲਨਾ ਹੋਰਾਂ ਬੱਚਿਆਂ ਨਾਲ ਕਰਨੀ ਵੀ ਨਸ਼ੇ ਦਾ ਕਾਰਨ ਹੁੰਦਾ ਹੈ। ਇਹਨਾਂ ਖੇਤਰਾਂ ਵਿੱਚ ਨਸ਼ਾ ਭਾਬੜ ਬਣ ਕੇ ਮੱਚਦਾ ਹੈ। ਇਸ ਦਾ ਨਤੀਜਾ ਹਿੰਸਾ, ਬਲਤਕਾਰ ਅਤੇ ਚੋਰੀ ਤੱਕ ਪਹੁੰਚਦਾ ਹੈ। ਇੰਨਾਂ ਕੁੱਝ ਹੋਣ ਦੇ ਬਾਵਜੂਦ ਵੀ ਨਸ਼ਾ ਮਨੁੱਖ ਦਾ ਖਹਿੜਾ ਨਹੀਂ ਛੱਡ ਰਿਹਾ। ਗੁਜਰਾਤ ਦੀ ਬੰਦਰਗਾਹ ਤੇ 4269 ਕਰੋੜ ਨਸ਼ੇ ਦੀ ਤਾਰ ਵੀ ਪੰਜਾਬ ਨਾਲ ਜੁੜੀ ਸੀ ਇਹ ਵੀ ਰਹੱਸ ਹੀ ਬਣ ਗਿਆ।3.17 ਕਰੋੜ ਪੰਜਾਬੀਆਂ ਦਾ 3 ਫੀਸਦੀ ਨਸ਼ਾ ਕਰਦੇ ਹਨ। ਹੈਰਾਨੀ ਹੁੰਦੀ ਹੈ ਕਿ ਘਰਾਂ ਵਿੱਚ ਪੂਜਾ ਰੂਮ ਦੇ ਨਾਲ ਬੀਅਰ ਬਾਰ ਬਣ ਗਏ ਹਨ। ਮਨੋਵਿਗਿਆਨ ਦੱਸਦਾ ਹੈ ਕਿ ਨਸ਼ੇ ਨਾਲ ਨ.ਫਰਤ ਕਰਨ ਵਾਲਾ ਵੀ ਨਸ਼ਾ ਕਰਦਾ ਹੈ। ਨਸ਼ੇ ਤੋਂ ਲੜ ਛੁਡਾਉਣਾ ਔਖਾ ਹੋ ਜਾਂਦਾ ਹੈ। ਹਰ ਦੂਜੇ ਤੀਜੇ ਦਿਨ ਨਸ਼ੇ ਨਾਲ ਮੌਤ ਹੁੰਦੀ ਹੈ। ਅੱਜ ਔਰਤ ਵੀ ਨਸ਼ੇ ਲਈ ਮਰਦ ਦਾ ਮੁਕਾਬਲਾ ਕਰਦੀ ਹੈ। ਸੰਸਾਰ ਸਿਹਤ ਸੰਸਥਾ ਅਨੁਸਾਰ ਮੁਲਕ ਵਿੱਚ ਸਿਰਫ ਤੰਬਾਕੂ ਦੀ ਭੇਟ 8 ਲੱਖ ਲੋਕ ਚੜ੍ਹ ਜਾਂਦੇ ਹਨ। 2030 ਤੱਕ ਇਹ ਅਨੁਮਾਨ ਕਿਤੇ ਵੱਧ ਹੋਵੇਗਾ। ਔਰਤ ਜਾਤ ਲਈ ਨਸ਼ਾ ਇਸ ਗਾਣੇ ਵਿੱਚ ਸੰਦੇਸ਼ ਦਿੰਦਾ ਹੈ। "ਧੂੰਏਂ ਨਾਲ ਛਾਤੀਆਂ ਦਾ ਦੁੱਧ ਸਾੜਤਾ, ਜੰਮਣੇ ਤੋਂ ਪਹਿਲਾ ਅੱਧਾ ਪੁੱਤ ਮਾਰਤਾ" ਸੂਬੇ ਵਿੱਚ ਔਰਤਾਂ ਦਾ ਨਸ਼ੇ ਵਿੱਚ ਗ੍ਰਸਣਾ ਬੇਹੱਦ ਚਿੰਤਾ ਜਨਕ ਹੈ।


ਨਸ਼ੇ ਦੇ ਪਸਾਰ ਅਤੇ ਪਰਸਾਰ ਨੂੰ ਰੋਕਣ ਲਈ ਸਮਾਜਿਕ ਅਤੇ ਰਾਜਨੀਤਿਕ ਮਜਬੂਤ ਇੱਛਾ ਸ਼ਕਤੀ ਦੀ ਜਰੂਰਤ ਹੈ। ਇਸ ਤੋਂ ਬਿਨਾਂ ਪਾਣੀ ਵਿੱਚ ਮਧਾਣੀ ਦੇ ਬਰਾਬਰ ਹੈ। 2015 ਦੀ ਰਿਪੋਰਟ ਅਨੁਸਾਰ ਸੂਬੇ ਵਿੱਚ 2 ਲੱਖ ਨਸ਼ੇੜੀ ਸਨ ਜੋ ਹੁਣ ਕਿਤੇ ਵੱਧ ਹਨ। ਬਾਰਡਰ ਸਟੇਟ ਹੋਣ ਕਰਕੇ ਪੰਜਾਬ ਨੂੰ ਇਸ ਦੀ ਮਾਰ ਝੱਲਣੀ ਪੈਂਦੀ ਹੈ। ਇਕ ਕਹਾਵਤ ਹੋਰ ਵੀ ਹੈ ਕਿ ਪੰਜਾਬੀ ਆਪਣੇ ਨਾਲ ਹੀ ਨਸ਼ੇ ਨੂੰ ਵਿਦੇਸ਼ਾਂ ਵਿੱਚ ਵੀ ਲੈ ਗਏ। ਹੁਣ ਕਨੇਡਾ ਵਰਗੇ ਮੁਲਕਾਂ ਨੇ ਤਾਂ ਛੋਟੀ ਮਾਤਰਾ ਵਿੱਚ ਨਸ਼ਾ ਚੁੱਕਣ ਤੇ ਪਾਬੰਦੀ ਹਟਾ ਦਿੱਤੀ ਹੈ। ਇਸ ਦਾ ਪ੍ਰਭਾਵ ਵੀ ਸਭ ਤੋਂ ਵੱਧ ਪੰਜਾਬੀਆਂ ਤੇ ਪਵੇਗਾ। ਇਸ ਦਾ ਕੂਟਨੀਤਕ ਹੱਲ ਕੱਢਣਾ ਜਰੂਰੀ ਹੈ। ਨਸ਼ਾ ਅਤੇ ਨੌਜਵਾਨ ਇਕ ਸਿੱਕੇ ਦੇ ਦੋ ਪਹਿਲੂ ਹਨ। ਗਵਰਨਰ ਸਾਹਿਬ ਨੇ ਵੀ ਨਸ਼ੇ ਦੇ ਪਿੱਛੇ ਚਿੰਤਾ ਜਾਹਿਰ ਕੀਤੀ ਸੀ। ਗਰਭ ਅਵਸਥਾ ਲਈ ਘਾਤਕ ਰੂਪ ਭਵਿੱਖੀ ਚਿੰਤਾ ਖੜੀ ਕਰਦਾ ਹੈ। ਪੰਜਾਬ ਪੰਚਾਇਤ ਐਕਟ ਵਿੱਚ ਵੀ ਨਸ਼ਾ ਰੋਕਣ ਦੀ ਵਿਵਸਥਾ ਕੀਤੀ ਗਈ ਹੈ। ਫਿਰ ਵੀ ਸੂਬੇ ਵਿੱਚ 40 ਲੱਖ ਲੋਕ ਨਸ਼ੇ ਦੀ ਦਲਦਲ ਵਿੱਚ ਫੱਸੇ ਹੋਏ ਹਨ। ਜਦੋਂ ਤੱਕ ਕਿਸੇ ਵੀ ਸਮਾਜਿਕ ਬੁਰਾਈ ਦਾ ਸਾਹਮਣਾ ਕਰਨ ਲਈ ਇਕਸੁਰ ਅਤੇ ਇਕਮੱਤ ਹੋ ਕੇ ਇਸ ਦਾ ਮੁਕਾਬਲਾ ਨਾ ਕੀਤਾ ਜਾਵੇ ਉੱਦੋਂ ਤੱਕ ਕਿਸੇ ਨਤੀਜੇ ਤੇ ਨਹੀਂ ਪਹੁੰਚਿਆ ਜਾ ਸਕਦਾ। ਨਸ਼ੇ ਦੀ ਪਰਖ ਪੜਚੋਲ ਕਰਕੇ ਇਸ ਨੂੰ ਕਾਬੂ ਜਾ ਖਤਮ ਕਰਨ ਲਈ ਸਾਡੀ ਦ੍ਰਿੜ ਇੱਛਾ ਸ਼ਕਤੀ ਹੀ ਪਾਸਾ ਬਦਲਾਏਗੀ।ਅਜੇ ਨਸ਼ੇ ਦਾ ਹੱਲ ਭਰੋਸਾ ਬਹਾਲੀ ਤੋਂ ਦੂਰ ਹੈ। ਪੰਜਾਬ ਦੀ ਨਸ਼ਾ ਪੀੜ ਨੂੰ ਗੱਲੀਂ ਬਾਤੀਂ ਦਫ਼ਨ ਨਹੀਂ ਕੀਤਾ ਜਾ ਸਕਦਾ। ਇਸ ਬੁਰਾਈ ਨੂੰ ਕਾਬੂ ਕਰਨ ਲਈ ਮਨੋਵਿਗਿਆਨਕ ਸੋਝੀ ਜ਼ਰੂਰੀ ਹੈ। ਦੁੱਖ ਹੁੰਦਾ ਹੈ ਜਦੋਂ ਰੰਗੀਲਾ ਪੰਜਾਬ ਨਸ਼ੀਲਾ ਪੰਜਾਬ ਅਖਵਾਉਂਦਾ ਹੈ। ਨਸ਼ੇ ਦੇ ਗੱਠਜੋੜ ਦੀਆਂ ਸੁਰਖੀਆਂ ਵੀ ਭਾਰੂ ਰਹੀਆਂ। ਆਲਮੀ ਪੱਧਰ ਤੇ ਵੀ ਪੰਜਾਬ ਨਸ਼ੇ ਬਾਰੇ ਨਕਸ਼ੇ ਉੱਤੇ ਹੈ। ਹੋਰ ਵੀ ਮਾੜੀ ਗੱਲ ਹੈ ਕਿ ਨਸ਼ਾ ਮਿਲਾਵਟੀ ਮਿਲ ਰਿਹਾ ਹੈ।ਅੱਜ ਤੱਕ ਹੀਲੇ, ਵਸੀਲੇ ਅਤੇ ਉਪਰਾਲੇ ਨਸ਼ਾ ਰੋਕਣ ਲਈ ਹੁੰਦੇ ਰਹੇ ਪਰ ਰੁੱਕ-ਰੁੱਕ ਕੇ ਤੇਜ਼ੀ ਫੱੜਦੇ ਰਹੇ। ਆਓ ਸਰਕਾਰ ਦੀ ਨਸ਼ਿਆਂ ਵਿਰੁੱਧ ਯੁੱਧ ਨੀਤੀ ਵਿੱਚ ਆਪਣਾ ਯੋਗਦਾਨ ਪਾਈਏ ਨਸ਼ੇ ਪੰਜਾਬ ਤੋਂ ਦੂਰ ਵਾਹੀਏ। "ਪਤਝੜ ਤੋਂ ਬਚਾਈਏ ਧਰਤੀ ਪੰਜਾਬ ਦੀ, ਖੇੜੇ ਵਿੱਚ ਲਿਆਈਏ ਫੁੱਲ ਗੁਲਾਬ ਦੀ," ਜਦੋਂ ਨਸ਼ੇ ਬਾਰੇ ਰੌਲਾ ਪਾਇਆ ਜਾਂਦਾ ਹੈ ਤਾਂ ਸਮਝੋ ਬਾਹਰ ਹੋ ਜਾਂਦਾ ਹੈ ਕਿ ਨਸ਼ਾ ਆਖਿਰ ਕਿਉਂ ਖਤਮ ਨਹੀਂ ਹੁੰਦਾ "ਬਹੁਤ ਉਲਝਣ ਮੇਂ ਹੈ ਮਿਲੇ ਰੰਗੋ ਕੋ ਜੁਦਾ ਕੈਸੇ ਕਰੇ, ਬਾਤ ਨਾ ਸਮਝ ਆਈ ਕਿ ਅਸਲ ਹਕੀਕਤ ਕਿਆ ਹੈ ?" ਮੁੱਕਦੀ ਗੱਲ ਇਹ ਹੈ ਕਿ ਨਸ਼ਾ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਖਤਮ ਕਰਦਾ ਹੈ ਇਸ ਲਈ ਨਸ਼ੇ ਆਤਮਘਾਤ ਨੂੰ ਸੱਦਾ ਦਿੰਦੇ ਹਨ।

# Change in Pay Scales after ten years a National Obligation

We decided once that pay scales of employees be changed after span of ten years and we had been following the system update. This time, there had been no Pay Commission and government itself shall come out with some formula and shall bring new time sales for employees and the states too shall be under an obligation to adopt the same structure. Bureaucracy and the supporting staff arry out the whole administration, therefore payments made to staff are national obligations and must be paid in time. The next date of changes is coming very near and till date thereis no move what shall be the pay structure on 1st January, 2026. State shall take much time to come with new pay scales and payments shall be delayed for months together. So the government must come with new payscales so that employees too c may come up with objections. Such changed payments must be made in time and delaying new pay scales and arrears iare violations of the Constitution. We are sorry to note that some states could not clear old Pay Scales of previous Pay Commission. Let us have a permanent formula and pay scales may be changed much before the the time so that bureaucracy and supporting staff should not suffer.

Advocate Dalip Singh Wasan,
E mail dalipsinghwassan@yahoo.co.in

# ਸ਼ਿਵ ਸੈਨਾ ਆਗੂ 'ਤੇ ਹਮਲਾ !



ਲੁਧਿਆਣਾ-ਥਾਣਾ ਜੋਧੇਵਾਲ ਦੀ ਪੁਲਸ ਨੇ ਸ਼ਿਵ ਸੈਨਾ ਆਗੂ ਨਾਲ ਕੁੱਟਮਾਰ ਕਰ ਕੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਵਾਲੇ ਅਣਪਛਾਤੇ ਮੁਲਜ਼ਮਾਂ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਥਾਣੇਦਾਰ ਹਰਚਰਨ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸ਼ਿਕਾਇਤਕਰਤਾ ਸ਼ਿਵ ਸੈਨਾ ਆਗੂ ਮਨੀਸ਼ ਵਰਮਾ ਵਾਸੀ ਸੰਧੂ ਕਾਲੋਨੀ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਆਪਣੇ ਮੋਟਰਸਾਈਕਲ 'ਤੇ ਘਰ ਜਾ ਰਿਹਾ ਸੀ ਤੇ ਇਸੇ ਦੌਰਾਨ ਰਾਹ ਵਿਚ ਉਸ ਨੂੰ ਮੋਟਰਸਾਈਕਲ ਸਵਾਰ ਕੁਝ ਲੋਕਾਂ ਵੱਲੋਂ ਘੇਰ ਕੇ ਕੁੱਟਮਾਰ ਕੀਤੀ ਗਈ ਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਿਆਂ ਫ਼ਰਾਰ ਹੋ ਗਏ। ਪੁਲਸ ਨੇ ਅਣਪਛਾਤੇ ਮੁਲਜ਼ਮਾਂ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕੈਲਗਰੀ ਲੇਖਕ ਸਭਾ ਵਲੋਂ 'Some Prominent Sikh Scientists' ਕਿਤਾਬ ਲੋਕ ਅਰਪਣ

**ਗੁਰਚਰਨ ਕੌਰ ਥਿੰਦ**
ਸਕੱਤਰ, ਕੈਲਗਰੀ ਲੇਖਕ ਸਭਾ
ਫੋਨ: 403-402-9635




ਸਭਾ ਦੀ 4 ਅਕਤੂਬਰ, 2025 ਦੀ ਇੱਕਤਰਤਾ ਵਿੱਚ ਡਾ: ਸੁਰਜੀਤ ਸਿੰਘ ਭੱਟੀ ਦੀ ਨਵ-ਪ੍ਰਕਾਸ਼ਿਤ ਪੁਸਤਕ 'Some Prominent Sikh Scientists' ਕੋਸੋ ਹਾਲ ਵਿੱਚ ਸਾਹਿਤ ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਵਿੱਚ ਰਿਲੀਜ਼ ਹੋਈ। ਸਕੱਤਰ ਗੁਰਚਰਨ ਥਿੰਦ ਨੇ ਸਭ ਹਾਜ਼ਰੀਨ ਨੂੰ ਜੀ ਆਇਆਂ ਆਖ ਪ੍ਰਧਾਨ ਜਸਵੀਰ ਸਿੰਘ ਸਿਹੋਤਾ, ਡਾ: ਸੁਰਜੀਤ ਸਿੰਘ ਭੱਟੀ ਅਤੇ ਜਸਵਿੰਦਰ ਸਿੰਘ ਰੁਪਾਲ ਨੂੰ ਪ੍ਰਧਾਨਗੀ ਮੰਡਲ ਵਿੱਚ ਬੈਠਣ ਦਾ ਸੱਦਾ ਦੇਣ ਉਪਰੰਤ ਮੀਟਿੰਗ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਅੱਜ ਕਿਤਾਬ ਰਿਲੀਜ਼ ਕੀਤੀ ਜਾਵੇਗੀ ਅਤੇ ਸੀਨੀਅਰਜ਼ ਦਿਵਸ ਸਬੰਧੀ ਵੀ ਚਰਚਾ ਹੋਵੇਗੀ।

ਡਾ: ਭੱਟੀ ਜੀ ਬਾਰੇ ਸੰਖੇਪ ਜਾਣਕਾਰੀ ਦਿੱਤੀ ਕਿ ਅੰਮ੍ਰਿਤਸਰ ਦੇ ਜੰਮਪਲ ਫਿਜ਼ਿਕਸ ਦੇ ਪੀ.ਐਚ.ਡੀ. ਡਾ: ਸੁਰਜੀਤ ਸਿੰਘ ਭੱਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫਿਜ਼ਿਕਸ ਵਿਭਾਗ ਦੇ ਪਹਿਲੇ ਪ੍ਰੋਫੈਸਰ ਵਜੋਂ ਨਿਯੁਕਤ ਹੋਏ ਅਤੇ ਯੂਨੀਵਰਸਿਟੀ ਵਿੱਚ ਇਨ੍ਹਾਂ ਵਲੋਂ 'ਅਪਲਾਈਡ ਫਿਜ਼ਿਕਸ' ਦੇ ਨਵੇਂ ਵਿਭਾਗ ਦੀ ਨੀਂਹ ਰੱਖੀ ਗਈ। ਇਨ੍ਹਾਂ ਦੇ ਦੁਨੀਆਂ ਭਰ ਦੇ ਸਾਇੰਸ ਜਨਰਲਜ਼ ਵਿੱਚ 100 ਤੋਂ ਉਪਰ ਪੇਪਰ ਛੱਪ ਚੁੱਕੇ ਹਨ ਅਤੇ ਦਰਜਨ ਕੁ ਵਿਦਿਆਰਥੀਆਂ ਨੂੰ ਪੀ.ਐਚ.ਐਡ ਦਾ ਖੋਜ ਕਾਰਜ ਕਰਵਾਇਆ। ਇਨ੍ਹਾਂ ਨੇ ਅਣਗੌਲੇ ਸਿੱਖ ਵਿਗਿਆਨੀਆਂ ਦੀਆਂ ਜੀਵਨੀਆਂ, ਪ੍ਰਾਪਤੀਆਂ ਅਤੇ ਕਾਮਯਾਬੀਆਂ ਦਾ ਲੰਮਾ ਖੋਜ ਕਾਰਜ ਕਰਨ ਉਪਰੰਤ ਇਸ ਨੂੰ ਕਿਤਾਬ ਦੇ ਰੂਪ ਵਿੱਚ ਪਾਠਕਾਂ ਸਨਮੁੱਖ ਕਰਨ ਦਾ ਤਕੜਾ ਉਪਰਾਲਾ ਕੀਤਾ ਹੈ।

ਜਸਵਿੰਦਰ ਸਿੰਘ ਰੁਪਾਲ ਨੇ ਅੰਗਰੇਜ਼ੀ ਵਿੱਚ ਲਿਖੀ ਇਸ ਕਿਤਾਬ ਤੇ ਪੰਜਾਬੀ ਵਿੱਚ ਪਰਚਾ ਪੇਸ਼ ਕੀਤਾ ਅਤੇ ਦੱਸਿਆ ਕਿ ਇਸ ਵਿੱਚ 14 ਸਿੱਖ ਵਿਗਿਆਨੀਆਂ ਦੀਆਂ ਕਾਮਯਾਬ ਜੀਵਨੀਆਂ ਦਾ ਵਰਨਣ ਹੈ ਜਿਨ੍ਹਾ ਨੇ ਖੇਤੀਬਾੜੀ, ਫਿਜ਼ਕਸ, ਕੈਮਿਸਟਰੀ, ਮੈਡੀਕਲ, ਫਾਰਮਿਸਿਊਟੀਕਲ ਅਤੇ ਟੈਕਨੌਲੌਜੀ ਦੇ ਖੇਤਰ ਵਿੱਚ ਨਵੀਆਂ ਖੋਜਾਂ ਕੀਤੀਆਂ ਅਤੇ ਮਾਣ ਸਨਮਾਨ ਪ੍ਰਾਪਤ ਕੀਤੇ। ਜਿਨ੍ਹਾਂ ਵਿਚੋਂ ਕੁੱਝ ਨਾਮ ਪ੍ਰੋ: ਪੂਰਨ ਸਿੰਘ, ਡਾ: ਖੇਮ ਸਿੰਘ ਗਿੱਲ, ਡਾ: ਨਰਿੰਦਰ ਸਿੰਘ ਕੰਪਾਨੀ, ਬਾਵਾ ਕਰਤਾਰ ਸਿੰਘ, ਡਾ: ਗੁਰਦੇਵ ਸਿੰਘ ਖੁਸ਼, ਡਾ: ਗੁਰਤੇਜ ਸਿੰਘ ਸੰਧੂ, ਇੰਜ: ਜਸਬੀਰ ਸਿੰਘ ਹਨ। ਉਨ੍ਹਾਂ ਕਿਹਾ ਕਿ ਵਿਗਿਆਨ ਦੇ ਖੇਤਰ ਵਿੱਚ ਸਿੱਖਾਂ ਦੀਆਂ ਪ੍ਰਾਪਤੀਆਂ ਅਜੇ ਤੀਕ ਅਣਗੌਲ਼ਿਆ ਹੀ ਰਹੀਆਂ ਹਨ, ਪ੍ਰੰਤੂ ਆਪ ਇੱਕ ਵਿਗਿਆਨੀ ਹੋਣ ਨਾਤੇ ਡਾ: ਸੁਰਜੀਤ ਸਿੰਘ ਭੱਟੀ ਨੇ ਸਿੱਖ ਵਿਗਿਆਨੀਆਂ ਦੀਆਂ ਪ੍ਰਾਪਤੀਆਂ ਤੇ ਕਾਮਯਾਬੀਆਂ ਨੂੰ ਕਲਮਬੱਧ ਕਰਨ ਦਾ ਨਿਵੇਕਲਾ ਕਾਰਜ ਕਰ ਪੰਜਾਬੀ ਸਾਹਿਤ ਤੇ ਪੰਜਾਬੀ ਪਾਠਕਾਂ ਨੂੰ ਅਣਮੁੱਲਾ ਤੋਹਫ਼ਾ ਪ੍ਰਦਾਨ ਕੀਤਾ ਹੈ।

ਡਾ: ਸੁਰਜੀਤ ਸਿੰਘ ਭੱਟੀ ਦੇ ਪੁੱਤਰ ਰਾਜਬੀਰ ਸਿੰਘ ਭੱਟੀ, ਜੋ ਕਿ ਇਸ ਕਿਤਾਬ ਨੂੰ ਨੇਪਰੇ ਚੜ੍ਹਾਉਣ ਵਾਲਿਆਂ ਵਿਚੋਂ ਇੱਕ ਹਨ, ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜੀ ਨੇ 2016-17 ਵਿੱਚ ਇਸ ਕਾਰਜ ਬਾਰੇ ਗੱਲ ਕੀਤੀ। ਉਨ੍ਹਾਂ ਦੀ ਭਾਵਨਾ ਸੀ ਕਿ ਡਾ: ਕੰਪਾਨੀ ਵਲੋਂ ਆਪਟੀਕਲ ਫਾਈਬਰ ਦੀ ਖੋਜ ਕਰਕੇ ਇੰਟਰਨੈੱਟ ਖੇਤਰ ਵਿੱਚ ਜੋ ਯੋਗਦਾਨ ਪਾਇਆ ਹੈ, ਕਿਸੇ ਨੂੰ ਨਹੀਂ ਪਤਾ ਕਿ ਇਹ ਖੋਜ ਇੱਕ ਸਿੱਖ ਵਿਗਿਆਨੀ ਨੇ ਕੀਤੀ ਹੈ, ਕਿਉਂ ਨਾ ਅਜਿਹੇ ਕੰਮਾਂ ਨੂੰ ਉਜਾਗਰ ਕੀਤਾ ਜਾਵੇ। ਇਸ ਤਰ੍ਹਾਂ ਇਸ ਖੋਜ ਕਾਰਜ ਦਾ ਕੰਮ ਸ਼ੁਰੂ ਹੋਇਆ, ਉਪਰੰਤ ਲਿਖਿਆ ਗਿਆ ਅਤੇ ਆਖਰ 2025 ਵਿੱਚ ਕਿਤਾਬ ਛੱਪ ਕੇ ਤਿਆਰ ਹੋਈ। ਭੱਟੀ ਜੀ ਦੇ ਪੋਤਰੇ ਰਣਸ਼ੇਰ ਸਿੰਘ ਜੋ ਕਿ ਮਾਊਂਟ ਰਾਇਲ ਯੂਨੀਵਰਸਿਟੀ ਵਿੱਚ ਡਿਗਰੀ ਦੀ ਪੜ੍ਹਾਈ ਕਰ ਰਿਹਾ ਹੈ, ਨੇ ਕਿਹਾ ਕਿ ਦਾਦੂ ਪਾਪਾ ਇਸ ਕਿਤਾਬ ਲਈ ਬੜੇ ਪੈਸ਼ਨੇਟ ਨੇ। ਸਮਾਜ ਵਿੱਚ ਇਹ ਧਾਰਨਾ ਹੈ ਕਿ ਪੱਗਾਂ ਵਾਲੇ ਛੋਟੇ ਮੋਟੇ ਕੰਮ ਹੀ ਕਰਦੇ ਹਨ, ਉਹ ਇਸ ਕਿਤਾਬ ਰਾਹੀਂ ਇਸ ਧਾਰਨਾ ਨੂੰ ਤੋੜਨਾ ਚਾਹੁੰਦੇ ਹਨ। ਹਰਭਜਨ ਸਿੰਘ ਢਿਲੋਂ ਨੇ ਆਪਣੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਬਿਤਾਏ ਸਮੇਂ ਨੂੰ ਅਤੇ ਡਾ: ਭੱਟੀ ਹੁਰਾਂ ਨਾਲ ਸਾਂਝ ਨੂੰ ਸਾਂਝਾ ਕੀਤਾ। ਡਾ: ਸੁਖਵਿੰਦਰ ਸਿੰਘ ਥਿੰਦ ਨੇ ਪੀ.ਏ.ਯੂ. ਦੇ ਵਿਗਿਆਨੀਆਂ ਡਾ: ਖੇਮ ਸਿੰਘ ਗਿੱਲ ਅਤੇ ਡਾ: ਗੁਰਦੇਵ ਸਿੰਘ 'ਖੁਸ਼' ਨਾਲ ਯੂਨੀਵਰਸਿਟੀ ਵਿੱਚ ਬਿਤਾਏ ਸਮੇਂ ਨੂੰ ਯਾਦ ਕੀਤਾ। ਬਲਵਿੰਦਰ ਬਰਾੜ ਨੇ ਕਿਹਾ ਕਿ ਅਫ਼ਸੋਸ ਹੈ ਕਿ ਸਿੱਖ ਕੌਮ ਦੇ ਜਥੇਦਾਰਾਂ ਨੂੰ ਪਤਾ ਹੈ ਕਿ ਸਿੱਖ ਕੌਮ ਵਿੱਚ ਅਜਿਹੇ ਹੀਰੇ ਹਨ ਪਰ ਉਨ੍ਹਾਂ ਦੀ ਪਰਖ ਕਰਨ ਅਤੇ ਉਸ ਦੀ ਕੀਮਤ ਪਛਾਣ ਲੋਕਾਂ ਤੱਕ ਪੁਚਾਉਣ ਦੀ ਕਾਰਵਾਈ ਕਰਨ ਤੋਂ ਅਸਮਰਥ ਜਾਪਦੇ ਹਨ।

ਡਾ: ਸੁਰਜੀਤ ਸਿੰਘ ਭੱਟੀ ਜੀ ਨੇ ਆਪਣੀ ਇਸ ਕਿਤਾਬ ਨੂੰ ਛਪਵਾਉਣ ਦੇ ਮਕਸਦ ਨੂੰ ਬਿਆਨ ਕਰਦੇ ਕਿਹਾ ਕਿ ਸਿੱਖ ਦੁਨੀਆਂ ਦੀ ਸਭ ਤੋਂ ਨਿਆਰੀ ਕੌਮ ਹੈ ਜਿਸਨੂੰ ਗੁਰੂ ਸਾਹਿਬ ਨੇ ਸਭ ਤੋਂ ਉੱਚੇ ਆਦੇਸ਼ ਦਿੱਤੇ ਹਨ। ਸਾਨੂੰ ਸਿੱਖ ਹੋਣ ਤੇ ਮਾਣ ਹੋਣਾ ਚਾਹੀਦਾ ਹੈ। ਸਾਨੂੰ ਵਹਿਮਾਂ ਭਰਮਾਂ ਈਰਖਾ ਦਵੇਸ਼ ਤੇ ਹੋਰ ਬੁਰਾਈਆਂ ਤੋਂ ਬਹੁਤ ਉੱਚਾ ਉਠਾਇਆ ਹੈ। ਸਿੱਖਾਂ ਨੇ ਆਪਣੇ ਅਸੂਲਾਂ ਵਾਸਤੇ ਲੰਮੀ ਜਦੋਜਹਿਦ ਕੀਤੀ ਹੈ। ਸੇਵਾ, ਸਾਹਿਤ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਸਿੱਖਾਂ ਦੀ ਵੱਡਮੁੱਲੀ ਦੇਣ ਹੈ। ਮੈਨੂੰ ਮਹਿਸੂਸ ਹੋਇਆ ਕਿ ਵਿਗਿਆਨ ਦੇ ਖੇਤਰ ਵਿੱਚ ਇਨ੍ਹਾਂ ਦੀ ਵੱਡਮੁੱਲੀ ਦੇਣ ਲੋਕ-ਚਰਚਾ ਦਾ ਹਿੱਸਾ ਨਹੀਂ ਬਣੀ। ਸੋ ਇਸ ਕੰਮ ਲਈ ਇਹ ਮੇਰਾ ਨਿਗੂਣਾ ਜਿਹਾ ਯਤਨ ਹੈ। ਉਪਰੰਤ ਸਾਰਿਆਂ ਦੀ ਹਾਜ਼ਰੀ ਵਿੱਚ ਕਿਤਾਬ ਰਿਲੀਜ਼ ਕੀਤੀ ਗਈ ਅਤੇ ਜ਼ੋਰਦਾਰ ਤਾੜੀਆਂ ਨਾਲ ਪੰਜਾਬੀ ਸਾਹਿਤ ਵਿੱਚ ਇਸ ਦਾ ਸਵਾਗਤ ਤੇ ਸ਼ਮੂਲੀਅਤ ਹੋਈ।

ਉਪਰੰਤ ਸ੍ਰ: ਜਗਬੀਰ ਸਿੰਘ ਜੋ ਕਿ ਈ-ਦੀਵਾਨ ਸੋਸਾਇਟੀ ਦੇ ਸੰਸਥਾਪਕ ਹਨ, ਨੇ ਡਾ: ਸਾਹਿਬ ਨੂੰ ਵਧਾਈ ਦੇਂਦੇ ਹੋਏ ਈ-ਦੀਵਾਨ ਸੋਸਾਇਟੀ ਬਾਰੇ ਵੀ ਜਾਣਕਾਰੀ ਦਿੱਤੀ ਜਿਸ ਦੇ ਡਾ: ਭੱਟੀ ਅਹਿਮ ਕਾਰਜਸ਼ੀਲ ਮੈਂਬਰ ਹਨ। ਇਸ ਸੋਸਾਇਟੀ ਵਲੋਂ ਸਾਂਝੀ ਵਿਰਾਸਤ ਨਾਂ ਦਾ ਆਨ-ਲਾਈਨ ਮੈਗਜ਼ੀਨ ਵੀ ਛਾਪਿਆ ਜਾਂਦਾ ਹੈ। ਗੁਰਦੀਸ਼ ਗਰੇਵਾਲ ਨੇ ਇਸ ਮੈਗਜ਼ੀਨ ਲਈ ਰਚਨਾਵਾਂ ਭੇਜਣ ਅਤੇ ਸ਼ਨੀਵਾਰ ਸਵੇਰੇ ਈ-ਦੀਵਾਨ ਸੋਸਾਇਟੀ ਦੀ ਆਨ-ਲਾਈਨ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਅਤੇ ਸੀਨੀਅਰਜ਼ ਨੂੰ ਮੁਖਾਤਬ ਕਵਿਤਾ ਸਾਂਝੀ ਕੀਤੀ। ਗੁਰਦਿਆਲ ਸਿੰਘ ਖਹਿਰਾ ਨੇ ਡਾ: ਭੱਟੀ ਦੀ ਕਿਤਾਬ ਨੂੰ ਨਿਵੇਕਲੀ ਪਹਿਲ ਦੱਸਦੇ ਖਡੂਰ ਸਾਹਿਬ, ਅੰਮ੍ਰਿਤਸਰ ਵਿੱਚ ਸਿੱਖੀ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਚਾਨਣਾ ਪਾਇਆ। ਸ੍ਰ: ਜਸਵੰਤ ਸਿੰਘ ਸੇਖੋਂ, ਸੁਖਮੰਦਰ ਸਿੰਘ, ਹਰਮਿੰਦਰ ਪਾਲ, ਮਨਮੋਹਨ ਸਿੰਘ ਬਾਠ ਅਤੇ ਮੀਟਿੰਗ ਵਿੱਚ ਪਹਿਲੀ ਵਾਰ ਸ਼ਾਮਲ ਹੋਏ ਚਰਨਜੀਤ ਸਿੰਘ ਢੁੱਲ ਨੇ ਬੁਲੰਦ ਤੇ ਸੁਰੀਲੀ ਅਵਾਜ਼ ਵਿੱਚ ਗਾ ਕੇ ਸੁਣਾਇਆ ਜਿਸ ਦਾ ਭਰਵੀਆਂ ਤਾੜੀਆਂ ਨਾਲ ਸੁਆਗਤ ਹੋਇਆ। ਸਰਦੂਲ ਸਿੰਘ ਲੱਖਾ, ਸਰਬਜੀਤ ਉੱਪਲ, ਗੁਰਚਰਨ ਸਿੰਘ ਹੇਅਰ, ਸੰਦੀਪ ਰੁਹਵ, ਮਨਿੰਦਰ ਕੌਰ, ਹਰਜਿੰਦਰ ਕੌਰ ਬਦੇਸ਼ਾ, ਪ੍ਰੀਤ ਸਾਗਰ ਸਿੰਘ ਨੇ ਵੱਖ ਵੱਖ ਵਿਸ਼ਿਆਂ ਤੇ ਲਿਖੀਆਂ ਆਪਣੀਆਂ ਕਵਿਤਾਵਾਂ ਸੁਣਾ ਕੇ ਵਾਹ ਵਾਹ ਖੱਟੀ। ਗੁਰਨਾਮ ਕੌਰ ਨੇ ਬਲਵਿੰਦਰ ਬਰਾੜ ਦੀ ਨਵੀਂ ਛਪੀ ਕਿਤਾਬ 'ਉਹ ਵੇਲਾ ਯਾਦ ਕਰ' ਤੇ ਲਿਖੀ ਵਿਚਾਰ ਚਰਚਾ ਪੇਸ਼ ਕੀਤੀ। ਪਹਿਲੀ ਵਾਰ ਸਭਾ ਦੀ ਮੀਟਿੰਗ ਵਿੱਚ ਸ਼ਾਮਲ ਹੋਏ ਦਿੱਲੀ ਤੋਂ ਆਏ ਜਸਵਿੰਦਰ ਸਿੰਘ ਨੇ ਕਿਹਾ ਕਿ ਪ੍ਰਵਾਸੀ ਸਿੱਖਾਂ ਬਾਰੇ ਜੋ ਭਰਮ ਮਨ ਵਿੱਚ ਪਲ਼ਿਆ ਸੀ ਇੱਥੇ ਸਾਹਿਤਕ ਮੀਟਿੰਗ ਵਿੱਚ ਆ ਕੇ ਟੁੱਟ ਗਿਆ ਹੈ। ਇੱਥੇ ਉੱਥੋਂ ਨਾਲੋਂ ਕਿਤੇ ਜ਼ਿਆਦਾ ਸਿੱਖੀ ਅਤੇ ਹੋਰ ਕੰਮਾਂ ਤੇ ਕੰਮ ਹੋ ਰਿਹਾ ਹੈ।

ਆਖਰ ਵਿੱਚ ਪ੍ਰਧਾਨ ਸਿਹੋਤਾ ਜੀ ਨੇ ਡਾ: ਭੱਟੀ ਦੀ ਇਸ ਵਿਸ਼ੇਸ਼ ਉੱਪਲਭਦੀ ਤੇ ਵਧਾਈ ਦਿੱਤੀ। ਸਭ ਦਾ ਅੱਜ ਦੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਡਾ: ਸਾਹਿਬ ਵਲੋਂ ਪਰੋਸੇ ਗਏ ਚਾਹ ਤੇ ਸਨੈਕਸ ਦਾ ਅਨੰਦ ਮੀਟਿੰਗ ਦੇ ਦੌਰਾਨ ਸਭ ਨੇ ਮਾਣਿਆ। ਸੁਰਿੰਦਰ ਚੀਮਾ ਭੈਣ ਜੀ, ਰਵਿੰਦਰ ਕੌਰ, ਇੰਜ: ਜ਼ੀਰ ਸਿੰਘ ਬਰਾੜ ਅਤੇ ਮਿਸਜ਼ ਖਹਿਰਾ ਦੀ ਹਾਜ਼ਰੀ ਜ਼ਿਕਰਯੋਗ ਰਹੀ।





# ਅੱਜ ਦੀ ਨੌਜਵਾਨੀ : ਮੋਬਾਈਲ ਤੋਂ ਸਿੱਖਿਆ ਸੈਂਟਰਾਂ ਤੱਕ

ਡਾ. ਸੰਦੀਪ ਸਿੰਘ ਮੁੰਡੇ
ਮੋਬਾਈਲ: 94136-52646



ਅੱਜ ਦਾ ਭਾਰਤ ਇੱਕ ਅਨੂਠੇ ਦੌਰ ਵਿੱਚੋਂ ਲੰਘ ਰਿਹਾ ਹੈ। ਇੱਕ ਪਾਸੇ, ਤਕਨਾਲੋਜੀ ਅਤੇ ਆਰਥਿਕ ਵਿਕਾਸ ਨੇ ਅਸੀਮ ਸੰਭਾਵਨਾਵਾਂ ਦੇ ਦਰਵਾਜ਼ੇ ਖੋਲ੍ਹੇ ਹਨ, ਪਰ ਦੂਜੇ ਪਾਸੇ, ਇਸ ਵਿਕਾਸ ਨੇ ਨੌਜਵਾਨ ਪੀੜ੍ਹੀ ਨੂੰ ਕਈ ਚੁਣੌਤੀਆਂ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ। ਨੌਜਵਾਨ ਪੀੜ੍ਹੀ ਕਿਸੇ ਵੀ ਦੇਸ਼ ਦਾ ਭਵਿੱਖ ਹੁੰਦੀ ਹੈ ਅਤੇ ਇਸ ਵੇਲੇ ਭਾਰਤ ਦੀ ਨੌਜਵਾਨੀ ਇੱਕ ਅਜਿਹੇ ਦੌਰ ਵਿੱਚੋਂ ਗੁਜ਼ਰ ਰਹੀ ਹੈ ਜਿੱਥੇ ਉਹ ਆਪਣੇ ਠੀਕ ਰਸਤੇ ਤੋਂ ਭਟਕਦੀ ਜਾਪ ਰਹੀ ਹੈ। ਜਿਸ ਉਮਰ ਵਿੱਚ ਸਿੱਖਿਆ, ਸਹੀ ਦਿਸ਼ਾ ਅਤੇ ਲਕਸ਼ ਹੀ ਭਵਿੱਖ ਤੈਅ ਕਰਦੇ ਹਨ। ਉੱਥੇ ਅੱਜ ਦੀ ਨੌਜਵਾਨੀ ਵੱਡੇ ਪੱਧਰ ‘ਤੇ ਚਿੰਤਾ ਅਤੇ ਤਣਾਅ ਦਾ ਸ਼ਿਕਾਰ ਹੋ ਰਹੀ ਹੈ। ਕਦੇ ਕਾਲਜ ਨੂੰ ਸਿੱਖਿਆ ਅਤੇ ਸ਼ਖ਼ਸ਼ੀਅਤ ਦੇ ਵਿਕਾਸ ਦਾ ਗੜ੍ਹ ਮੰਨਿਆ ਜਾਂਦਾ ਸੀ, ਅੱਜ ਉਹ ਥਾਂ ਖਾਲੀ ਹੋ ਰਹੀ ਹੈ ਅਤੇ ਇਸ ਦੀ ਜਗ੍ਹਾ ਮੋਬਾਈਲ ਫੋਨਾਂ ਦੀ ਵਰਚੁਅਲ ਦੁਨੀਆਂ ਅਤੇ ਸਿੱਖਿਆ ਦੇ ਨਾਂ ‘ਤੇ ਖੁੱਲ੍ਹੇ ਸੈਂਟਰਾਂ ਦੀਆਂ ਚਾਰ-ਦੀਵਾਰੀਆਂ ਨੇ ਲੈ ਲਈ ਹੈ। ਮੋਬਾਈਲ ਫੋਨਾਂ ਦੀ ਦੁਨੀਆ ਵਿੱਚ ਗੁਆਚੀ ਹੋਈ, ਕਾਲਜਾਂ ਤੋਂ ਦੂਰ ਅਤੇ ਨੈਤਿਕ ਕਦਰਾਂ-ਕੀਮਤਾਂ ਤੋਂ ਅਣਜਾਣ ਇਹ ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਇੱਕ ਅਜਿਹੀ ਭੁੱਲ-ਭੁਲੱਈਆ ਵਿੱਚ ਪਾ ਰਹੀ ਹੈ ਜਿਸ ਵਿੱਚੋਂ ਨਿਕਲਣਾ ਔਖਾ ਜਾਪਦਾ ਹੈ। ਇਹ ਬਦਲਾਅ ਸਿਰਫ਼ ਸਿੱਖਿਆ ਪ੍ਰਣਾਲੀ ਲਈ ਹੀ ਚੁਣੌਤੀ ਨਹੀਂ, ਬਲਕਿ ਸਮਾਜ ਦੇ ਨੈਤਿਕ ਅਤੇ ਸਮਾਜਿਕ ਤਾਣੇ-ਬਾਣੇ ਲਈ ਵੀ ਇੱਕ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ।

ਸਿੱਖਿਆ ਦੇ ਸਾਧਨ ਵਜੋਂ ਸ਼ੁਰੂ ਹੋਇਆ ਮੋਬਾਈਲ ਅੱਜ ਮਨੋਰੰਜਨ ਦਾ ਨਸ਼ਾ ਬਣ ਗਿਆ। ਅੱਜ ਦੇ ਨੌਜਵਾਨਾਂ ਲਈ ਮੋਬਾਈਲ ਫੋਨ ਸਿਰਫ਼ ਸੰਚਾਰ ਦਾ ਸਾਧਨ ਨਹੀਂ, ਬਲਕਿ ਉਨ੍ਹਾਂ ਦੀ ਹੋਂਦ ਦਾ ਇੱਕ ਅਨਿੱਖੜਵਾਂ ਹਿੱਸਾ ਬਣ ਗਿਆ ਹੈ। ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ, ਉਨ੍ਹਾਂ ਦਾ ਜੀਵਨ ਇਸ ਛੋਟੀ ਜਿਹੀ ਸਕਰੀਨ ਦੇ ਆਲੇ-ਦੁਆਲੇ ਘੁੰਮਦਾ ਹੈ।



ਸੋਸ਼ਲ ਮੀਡੀਆ, ਵੀਡੀਓ ਗੇਮਾਂ, ਅਤੇ ਬੇਅੰਤ ਵੀਡੀਓਜ਼ ਉਨ੍ਹਾਂ ਨੂੰ ਅਜਿਹੀ ਦੁਨੀਆ ਵਿੱਚ ਖਿੱਚ ਲੈਂਦੇ ਹਨ ਜਿੱਥੇ ਅਸਲੀਅਤ ਦੀ ਕੋਈ ਜਗ੍ਹਾ ਨਹੀਂ ਹੁੰਦੀ। ਇਸ ਨਿਰਭਰਤਾ ਦੇ ਕਈ ਨਕਾਰਾਤਮਕ ਪ੍ਰਭਾਵ ਹਨ। ਇਹ ਉਨ੍ਹਾਂ ਦੇ ਅਸਲੀ ਜੀਵਨ ਦੇ ਸਬੰਧਾਂ ਨੂੰ ਕਮਜ਼ੋਰ ਕਰਦਾ ਹੈ। ਦੋਸਤਾਂ, ਪਰਿਵਾਰ ਅਤੇ ਸਮਾਜ ਨਾਲ ਸਿੱਧੇ ਤੌਰ ’ਤੇ ਗੱਲਬਾਤ ਕਰਨ ਦੀ ਬਜਾਏ, ਉਹ ਵਰਚੁਅਲ ਸੰਸਾਰ ਵਿੱਚ ਰਹਿਣਾ ਪਸੰਦ ਕਰਦੇ ਹਨ। ਇਸ ਨਾਲ ਉਨ੍ਹਾਂ ਵਿੱਚ ਇਕੱਲਾਪਨ, ਮਨ ਦੀ ਉਥਲ-ਪੁਥਲ, ਧਿਆਨ ਦੀ ਕਮੀ, ਚਿੰਤਾ ਅਤੇ ਤਣਾਅ ਵਧ ਰਿਹਾ ਹੈ।

ਅੱਜ ਦੀ ਨੌਜਵਾਨ ਪੀੜ੍ਹੀ ਉੱਚ ਸਿੱਖਿਆ ਦੇ ਮਾਨਤਾ ਪ੍ਰਾਪਤ ਕਾਲਜਾਂ ਤੋਂ ਦੂਰ ਹੁੰਦੀ ਜਾ ਰਹੀ ਹੈ। ਇਹ ਕਾਲਜ ਸਿਰਫ਼ ਅਕਾਦਮਿਕ ਗਿਆਨ ਪ੍ਰਾਪਤ ਕਰਨ ਦਾ ਸਥਾਨ ਨਹੀਂ ਹਨ, ਬਲਕਿ ਇਹ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਇੱਕ ਅਹਿਮ ਪੜਾਅ ਹੁੰਦੇ ਹਨ। ਇੱਥੇ ਉਹ ਵੱਖ-ਵੱਖ ਪਿਛੋਕੜਾਂ ਵਾਲੇ ਲੋਕਾਂ ਨੂੰ ਮਿਲਦੇ ਹਨ ਅਤੇ ਸਮਾਜਿਕ ਰਿਸ਼ਤਿਆਂ ਦੀ ਮਹੱਤਤਾ ਸਿੱਖਦੇ ਹਨ। ਬਦਕਿਸਮਤੀ ਨਾਲ, ਅੱਜ ਬਹੁਤ ਸਾਰੇ ਨੌਜਵਾਨ ਰੈਗੂਲਰ ਕਾਲਜ ਜਾਣ ਦੀ ਬਜਾਏ ਆਨਲਾਈਨ ਕੋਰਸਾਂ ਜਾਂ ਸਿੱਖਿਆ ਸੈਂਟਰਾਂ ’ਤੇ ਨਿਰਭਰ ਹੋ ਰਹੇ ਹਨ। ਇਸ ਨਾਲ ਉਹ ਸਮਾਜਿਕ ਵਿਕਾਸ ਦੇ ਇਸ ਅਹਿਮ ਪੜਾਅ ਤੋਂ ਵਾਂਝੇ ਰਹਿ ਜਾਂਦੇ ਹਨ। ਨਤੀਜੇ ਵਜੋਂ ਉਨ੍ਹਾਂ ਵਿੱਚ ਸਹਿਣਸ਼ੀਲਤਾ, ਸਹਿਯੋਗ ਅਤੇ ਲੀਡਰਸ਼ਿਪ ਵਰਗੇ ਨੈਤਿਕ ਗੁਣਾਂ ਦਾ ਅਭਾਵ ਦੇਖਣ ਨੂੰ ਮਿਲਦਾ ਹੈ।

ਅੱਜ ਦੀ ਨੌਜਵਾਨ ਪੀੜ੍ਹੀ ਵਿੱਚ ਸਿੱਖਣ ਦੀ ਆਦਤ ਘਟ ਰਹੀ ਹੈ ਅਤੇ ਪੜ੍ਹਨ-ਲਿਖਣ ਦੀ ਲਲਕ ਵੀ ਨਹੀਂ ਰਹੀ। ਸਿੱਖਣਾ ਇੱਕ ਨਿਰੰਤਰ ਪ੍ਰਕਿਰਿਆ ਹੈ ਜੋ ਜੀਵਨ ਭਰ ਚੱਲਦੀ ਹੈ। ਇਹ ਸਿਰਫ਼ ਅਕਾਦਮਿਕ ਪੜ੍ਹਾਈ ਤੱਕ ਸੀਮਤ ਨਹੀਂ ਹੈ। ਪਰ ਅੱਜ ਦੇ ਨੌਜਵਾਨਾਂ ਵਿੱਚ ਇਸ ਆਦਤ ਦੀ ਘਾਟ ਜਾਪਦੀ ਹੈ। ਇਸ ਦਾ ਮੁੱਖ ਕਾਰਨ ਮੋਬਾਈਲ ਅਤੇ ਇੰਟਰਨੈੱਟ ’ਤੇ ਉਪਲਬਧ ਤਿਆਰ ਕੀਤੀ ਜਾਣਕਾਰੀ ਹੈ। ਉਹ ਕਿਸੇ ਵੀ ਸਵਾਲ ਦਾ ਜਵਾਬ ਤੁਰੰਤ ਗੂਗਲ ’ਤੇ ਲੱਭ ਲੈਂਦੇ ਹਨ, ਜਿਸ ਨਾਲ ਉਹਨਾਂ ਦੀ ਖੋਜ ਕਰਨ ਅਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਘਟ ਰਹੀ ਹੈ। ਉਹ ਕਿਤਾਬਾਂ ਪੜ੍ਹਨ ਤੋਂ ਵੀ ਕਤਰਾਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਇਹ ਬੋਰਿੰਗ ਲੱਗਦਾ ਹੈ।

ਬਹੁਤ ਸਾਰੇ ਨੌਜਵਾਨਾਂ ਨੂੰ ਆਪਣੇ ਮਾਤਾ-ਪਿਤਾ ਵੱਲੋਂ ਬਹੁਤ ਜ਼ਿਆਦਾ ਸੁਖ-ਸਹੂਲਤਾਂ ਮਿਲਦੀਆਂ ਹਨ। ਉਨ੍ਹਾਂ ਨੂੰ ਬਿਨਾਂ ਕਿਸੇ ਮਿਹਨਤ ਤੋਂ ਹਰ ਉਹ ਚੀਜ਼ ਮਿਲ ਜਾਂਦੀ ਹੈ ਜੋ ਉਹ ਚਾਹੁੰਦੇ ਹਨ, ਇਸ ਨਾਲ ਉਨ੍ਹਾਂ ਵਿੱਚ ਸੰਘਰਸ਼ ਕਰਨ ਦੀ ਆਦਤ ਖਤਮ ਹੋ ਰਹੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਨੌਜਵਾਨ ਪਿਛਲੱਗੂ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ, ਜਿੱਥੇ ਉਹ ਆਪਣੇ ਦੋਸਤਾਂ ਅਤੇ ਸਮਾਜ ਦਾ ਅੰਨ੍ਹੇਵਾਹ ਪਿੱਛਾ ਕਰਦੇ ਹਨ। ਇਹ ਆਦਤ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਖਤਮ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਇੱਕ ਭੀੜ ਦਾ ਹਿੱਸਾ ਬਣਾ ਰਹੀ ਹੈ।



ਅੱਜ ਦੇ ਸਮੇਂ ਵਿੱਚ ਥਾਂ-ਥਾਂ ‘ਤੇ ਖੁੱਲ੍ਹੇ ਸੈਂਟਰ ਸਿੱਖਿਆ ਪ੍ਰਣਾਲੀ ਦਾ ਇੱਕ ਹਿੱਸਾ ਬਣਦੇ ਜਾ ਰਹੇ ਹਨ। ਪਰ ਇਨ੍ਹਾਂ ਦਾ ਨਕਾਰਾਤਮਕ ਰੋਲ ਵੀ ਘੱਟ ਨਹੀਂ ਹੈ। ਜ਼ਿਆਦਾਤਰ ਸੈਂਟਰ ਵਿਦਿਆਰਥੀ ਦਾ ਪੱਧਰ ਨਹੀਂ ਦੇਖਦੇ, ਬਲਕਿ ਹਰ ਇੱਕ ਵਿਦਿਆਰਥੀ ਨੂੰ ਵੱਡੇ ਸੁਪਨੇ ਦਿਖਾਉਂਦੇ ਹਨ। ਅਜਿਹੇ ਸੈਂਟਰ ਵਿਦਿਆਰਥੀਆਂ ਦੀ ਸ਼ਖ਼ਸੀਅਤ ਅਤੇ ਗਿਆਨ ਦੇ ਵਿਕਾਸ ਨੂੰ ਤਰਜੀਹ ਨਾ ਦੇਕੇ ਦੇ ਕੇਵਲ ਉਨ੍ਹਾਂ ਨੂੰ ਪ੍ਰੀਖਿਆਵਾਂ ਪਾਸ ਕਰਨ ਦੀਆਂ ਤਕਨੀਕਾਂ ਸਿਖਾਉਂਦੇ ਹਨ। ਜ਼ਿਆਦਾਤਰ ਸੈਂਟਰਾਂ ਕੋਲ ਨਾ ਤਾਂ ਵਧੀਆ ਸੰਸਾਧਨ ਹੁੰਦੇ ਹਨ ਅਤੇ ਨਾ ਹੀ ਇਹ ਅਸਲੀ ਗਿਆਨ ਪ੍ਰਦਾਨ ਕਰਦੇ ਹਨ। ਇਹ ਵਿਦਿਆਰਥੀਆਂ ਨੂੰ ‘ਰੱਟਾ’ ਲਾਉਣ ਲਈ ਉਤਸ਼ਾਹਿਤ ਕਰਦੇ ਹਨ। ਇਨ੍ਹਾਂ ਸੈਂਟਰਾਂ ਦੀਆਂ ਫੀਸਾਂ ਬਹੁਤ ਜ਼ਿਆਦਾ ਹੁੰਦੀਆਂ ਹਨ, ਜਿਸ ਨਾਲ ਸਿੱਖਿਆ ਇੱਕ ਵਪਾਰ ਬਣ ਗਈ ਹੈ। ਇਸ ਤੋਂ ਇਲਾਵਾ ਇਹ ਸੈਂਟਰ ਵਿਦਿਆਰਥੀਆਂ ’ਤੇ ਮਾਨਸਿਕ ਤਣਾਅ ਪਾਉਂਦੇ ਹਨ।

ਅੱਜ ਦੇ ਨੌਜਵਾਨ ਸੋਸ਼ਲ ਮੀਡੀਆ ’ਤੇ ਅਮੀਰਾਂ ਅਤੇ ਮਸ਼ਹੂਰ ਹਸਤੀਆਂ ਦੀ ਜੀਵਨ ਸ਼ੈਲੀ ਦੇਖ ਕੇ ਪ੍ਰਭਾਵਿਤ ਹੁੰਦੇ ਹਨ। ਉਹ ਉਨ੍ਹਾਂ ਵਾਂਗ ਮਹਿੰਗੇ ਕੱਪੜੇ, ਫੋਨ, ਅਤੇ ਲਗਜ਼ਰੀ ਚੀਜ਼ਾਂ ਖਰੀਦਣ ਦੀ ਇੱਛਾ ਰੱਖਦੇ ਹਨ। ਇਸ ਨਕਲ ਨੇ ਉਨ੍ਹਾਂ ਵਿੱਚ ਇੱਕ ਅਸੰਤੁਸ਼ਟਤਾ ਪੈਦਾ ਕੀਤੀ ਹੈ। ਉਹ ਆਪਣੀ ਆਮਦਨ ਤੋਂ ਵੱਧ ਖਰਚ ਕਰਨ ਲੱਗਦੇ ਹਨ, ਜਿਸ ਨਾਲ ਕਰਜ਼ੇ ਅਤੇ ਆਰਥਿਕ ਮੁਸ਼ਕਲਾਂ ਪੈਦਾ ਹੁੰਦੀਆਂ ਹਨ। ਇਹ ਰੀਸ ਉਨ੍ਹਾਂ ਨੂੰ ਅਸਲ ਜੀਵਨ ਦੀਆਂ ਜ਼ਰੂਰਤਾਂ ਅਤੇ ਮੁੱਲਾਂ ਤੋਂ ਦੂਰ ਲੈ ਜਾ ਰਹੀ ਹੈ।

ਸਮੁੱਚੇ ਤੌਰ ‘ਤੇ ਭਾਰਤ ਦੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਕਈ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੋਬਾਈਲ ਅਤੇ ਮੰਡੀਕ੍ਰਿਤ ਸਿੱਖਿਆ ਵਿਚਕਾਰ ਉਹ ਆਪਣੀ ਅਸਲ ਸ਼ਕਤੀ ਭੁੱਲ ਰਿਹਾ ਹੈ। ਨੌਜਵਾਨਾਂ ਵਿੱਚ ਬੇਚੈਨੀ, ਨਿਰਾਸ਼ਾ ਅਤੇ ਅਸਫਲਤਾ ਦੀ ਭਾਵਨਾ ਵਧ ਰਹੀ ਹੈ। ਮੋਬਾਈਲ ’ਤੇ ਨਿਰਭਰਤਾ, ਕਾਲਜਾਂ ਤੋਂ ਦੂਰੀ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਉਨ੍ਹਾਂ ਦੇ ਵਿਕਾਸ ਵਿੱਚ ਰੁਕਾਵਟ ਬਣ ਰਹੀ ਹੈ। ਇਹ ਸਮੱਸਿਆਵਾਂ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਸਮਾਜਿਕ ਅਤੇ ਰਾਸ਼ਟਰੀ ਪੱਧਰ ਦੀਆਂ ਹਨ। ਇਸ ਸਥਿਤੀ ਵਿੱਚ ਪਰਿਵਰਤਨ ਲਈ ਨੌਜਵਾਨਾਂ ਨੂੰ ਆਪਣੀ ਤਾਕਤ ਪਛਾਣਨ ਦੀ ਲੋੜ ਹੈ। ਮੋਬਾਈਲ ਅਤੇ ਤਕਨਾਲੋਜੀ ਦਾ ਸਹੀ ਇਸਤੇਮਾਲ ਸਿੱਖਿਆ ਅਤੇ ਸਫਲਤਾ ਵਿੱਚ ਮਦਦਗਾਰ ਹੋ ਸਕਦਾ ਹੈ। ਅਜੋਕੀ ਸਿੱਖਿਆ ਪ੍ਰਣਾਲੀ ਨੂੰ ਨੌਕਰੀ-ਕੇਂਦ੍ਰਿਤ ਨਹੀਂ, ਬਲਕਿ ਸਿਖਲਾਈ ਅਤੇ ਕੌਸ਼ਲ-ਕੇਂਦ੍ਰਿਤ ਬਣਾਉਣ ਦੀ ਲੋੜ ਹੈ। ਨੌਜਵਾਨਾਂ ਨੂੰ ਵੀ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਸਫਲਤਾ ਦਾ ਰਸਤਾ ਸੁਖ-ਸਹੂਲਤਾਂ ਜਾਂ ਨਕਲ ਕਰਨ ਨਾਲ ਨਹੀਂ, ਸਗੋਂ ਸਖ਼ਤ ਮਿਹਨਤ, ਸਿੱਖਣ ਦੀ ਲਗਨ ਅਤੇ ਨੈਤਿਕਤਾ ਦੇ ਨਾਲ ਚੱਲ ਕੇ ਮਿਲਦਾ ਹੈ। ਸਾਨੂੰ ਉਨ੍ਹਾਂ ਨੂੰ ਅਜਿਹਾ ਮਾਹੌਲ ਦੇਣ ਦੀ ਜ਼ਰੂਰਤ ਹੈ ਜਿੱਥੇ ਉਹ ਨਾ ਸਿਰਫ਼ ਅਕਾਦਮਿਕ ਤੌਰ ’ਤੇ ਸਫਲ ਹੋ ਸਕਣ, ਬਲਕਿ ਇੱਕ ਜ਼ਿੰਮੇਵਾਰ ਅਤੇ ਚੰਗੇ ਨਾਗਰਿਕ ਵੀ ਬਣ ਸਕਣ। ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਸਹੀ ਦਿਸ਼ਾ ਦਿਖਾਈਏ, ਤਾਂ ਜੋ ਉਹ ਭਾਰਤ ਨੂੰ ਇੱਕ ਨਵੇਂ ਪੱਧਰ ’ਤੇ ਲੈ ਜਾ ਸਕਣ।

ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ, ਸੀ.ਸੀ. ਹੈਡ, ਸ੍ਰੀ ਗੰਗਾਨਗਰ (ਰਾਜ.), ਕਨਵੀਨਰ ਪੰਜਾਬੀ, ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ (ਰਾਜ.)

ਸੀ. ਐਸ. ਗੁਰੂ (ਯੂ. ਕੇ.)

# ਤਿਉਹਾਰ ਬਨਾਮ ਵੇਲਾ ਸਮਝਣ ਦਾ



**ਅਸੀਂ ਇੱਕ ਦੂਜੇ ਨੂੰ ਮੈਸੇਜ ਭੇਜ ਰਹੇ ਹਾਂ "ਹੈਪੀ ਦੁਸਿਹਰਾ" ਰਾਵਨ ਦੇ ਪਤਲੇ ਬਣਾ ਬਣਾ ਕੇ ਸਾੜ ਰਹੇ ਹਾਂ। ਕੀ ਇਹ ਹੈਪੀ / ਖੁਸ਼ ਹੋਣ ਦਾ ਤਿਉਹਾਰ ਹੈ ? ਜਾਂ ਸਾਡੀਆਂ ਸਮਾਜਿਕ ਬੁਰਾਈਆਂ ਬਾਰੇ ਸ਼ਰਮਿੰਦਾ ਹੋਣ ਦਾ ਦਿਹਾੜਾ ਹੈ ? ਅੱਜ ਸਾਨੂੰ ਸੈਮੀਨਾਰ ਕਰਕੇ, ਐਸੇ ਵਿਦਿਆਕ ਅਤੇ ਸੱਭਿਆਚਾਰ ਪ੍ਰੋਗਰਾਮ ਕਰਕੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਕੁਰੀਤੀਆ ਅਤੇ ਬੁਰਾਈਆਂ ਨੂੰ ਪੂਰੀ ਸੰਜੀਦਗੀ ਅਤੇ ਈਮਾਨਦਾਰੀ ਨਾਲ ਵਿਚਾਰਨ ਦੀ ਅਤੇ ਉਹਨਾ ਦੇ ਸੰਪੂਰਨ ਖ਼ਾਤਮੇ ਬਾਰੇ ਬਚਨਬੱਧਤਾ ਦਿਖਾਉਣ ਦੀ ਲ਼ੋੜ ਉਪਰ ਜ਼ੋਰ ਦੇਣਾ ਚਾਹੀਦਾ ਹੈ, ਨਾ ਕਿ ਹਰ ਸਾਲ ਪੁਤਲਿਆਂ ਦੇ ਨਾਲ- ਨਾਲ ਅਪਣੀ ਕਮਾਈ ਦਾ ਵੀ ਬਹੁਤ ਬੜਾ ਹਿੱਸਾ ਬਰਬਾਦ ਕਰ ਦੇਈ ਏ। ਪਰ ਬਦਕਿਸਮਤੀ ਨਾਲ ਅਸੀ ਭੇਡ-ਚਾਲ ਦੇ ਸ਼ਿਕਾਰ ਹੋ ਕੇ ਰਹਿ ਗਏ ਹਾਂ।**

ਦੁਨੀਆ ਦੇ ਹਰ ਕੋਨੇ ਵਿੱਚ ਵਸਦੇ ਮੇਰੇ ਦੋਸਤੋ, ਅੱਜ ਦਿਨ ਵੀਰਵਾਰ 02 ਅਕਤੂਬਰ 2025 ਹੈ। ਜਦੋਂ ਵੀ ਕੋਈ ਤਿਉਹਾਰ ਆਉਂਦਾ ਹੈ ਤਾਂ ਸਾਡੇ ਸਾਰਿਆਂ ਵਿੱਚ ਇੱਕ ਦੌੜ ਜਿਹੀ ਲੱਗੀ ਹੁੰਦੀ ਹੈ ਕਿ ਸੱਭ ਤੋਂ ਪਹਿਲਾਂ ਕੋਣ ਉਸ ਤਿਉਹਾਰ ਦੀਆਂ ਮੁਬਾਰਕਾਂ ਭੇਜਦਾ ਹੈ। ਹੋਰ ਵੀ ਮਜ਼ੇਦਾਰ ਗੱਲ ਇਹ ਭੀ ਦੇਖੀ ਗਈ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਉਸ ਦਿਨ/ ਦਿਹਾੜੇ ਅਤੇ ਤਿਉਹਾਰ ਦੀ ਅਸਲੀਅਤ/ਇਤਿਹਾਸ ਬਾਰੇ ਪੂਰਾ ਗਿਆਨ ਵੀ ਨਹੀਂ ਹੁੰਦਾ ਹੈ।

ਹਰ ਤਿਉਹਾਰ ਤੋਂ ਕਈ ਮਿਦਨਾਪੁਰ ਪਹਿਲਾਂ ਹੀ ਵਧਾਈਆਂ ਆ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਠੀਕ ਏਸੇ ਤਰਾਂ ਅੱਜ ਵੀ ਸਵੇਰੇ ਉੱਠਦਿਆਂ ਹੀ ਜਦੋਂ ਆਪਣਾ ਫੋਨ ਖੋਲਿਆ ਤਾਂ "ਦਸਹਿਰੇ ਦੀਆਂ ਆਪ ਨੂੰ ਬਹੁਤ-ਬਹੁਤ ਵਧੀਆ", "ਬਦੀ ਉੱਪਰ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰਾ ਸਭ ਨੂੰ ਮੁਬਾਰਕ ਹੋਵੇ" ਅਤੇ ਕਈ ਐਸੇ ਹੀ ਸਲੋਗਣਾ ਨਾਲ ਮੇਰੀ ਫੇਸਬੁਕ ਭਰੀ ਪਈ ਹੈ।

ਦੋਸਤੋ ਇਹ ਦੇਖ ਕੇ ਜਿੱਥੇ ਮੈਨੂੰ ਹੈਰਾਨੀ ਹੋਈ, ਉੱਥੇ ਹੈਰਾਨੀ ਤੋ ਕਿਤੇ ਵੱਧ ਦੁੱਖ ਹੋਇਆ। ਅਕਸਰ ਮੈਂ ਇਹ ਆਪਣੀਆਂ ਆ ਲਿਖਤਾਂ ਵਿੱਚ ਕਈ ਵਾਰ ਲਿਖ ਚੁੱਕਾ ਹਾਂ ਅਤੇ ਆਪਣੇ ਟੈਲੀਵਿਜਨ ਪ੍ਰੋਗਰਾਮਾਂ ਵਿੱਚ ਵੀ ਅਕਸਰ ਕਹਿੰਦਾ ਹੀ ਰਹਿੰਦਾ ਹਾਂ, ਕਿ ਭਾਰਤ ਦੀ ਸਭਿਅਤਾ ਬਹੁਤ ਆਮੀਰ ਹੈ, ਜਿਸ ਵਿੱਚ ਸਾਰੇ ਹੀ ਦਿਨ- ਦੇਸੇ , ਸਮਾਗਮ, ਮੇਲੇ, ਤਿਉਹਾਰ ਅਤੇ ਰੀਤੀ-ਰਿਵਾਜ ਆਪੋ-ਆਪਣਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਲਈ ਜਿਹੜਾ ਵੀ ਤਿਉਹਾਰ ਆਪ ਮਨਾਉਣਾ ਚਾਹੁੰਦੇ ਹੋ ਜੀਅ ਸਦਕੇ ਮਨਾਉ। ਪਰ ਮਨਾਉਣ ਤੋ ਪਹਿਲਾਂ ਸਮਝ ਜ਼ਰੂਰ ਲਓ।

ਕਿਉ ਕਿ ਕਿੰਨਾ ਚੰਗਾ ਹੋਵੇ ਜੇ ਕਰ ਅਸੀ ਹਰ ਸਮਾਗਮ ਦੇ ਭਾਵ-ਅਰਥ ਨੂੰ ਅਤੇ ਉਸ ਦੇ ਪਿੱਛੇ ਕੇਹੜੀ ਵਿਚਾਰਧਾਰਾ ਹੈ ਨੂੰ ਸਮਝ ਕੇ ਮਾਇਆ ਕਰੀਏ। ਇਹ ਵੀ ਜ਼ਰੂਰ ਸਮਝਣਾ ਪਵੇਗਾ ਕਿ ਤਿਉਹਾਰ ਜਿਸ ਨੂੰ ਤੁਸੀਂ ਮਨਾ ਰਹੇ ਹੋ ਉਸ ਦਾ ਇਤਿਹਾਸ ਨਾਲ ਕੋਈ ਨਾਤਾ ਹੈ ਵੀ ਜਾਂ ਨਹੀਂ ? ਸਮਾਜ ਨੂੰ ਕੀ ਸੁਨੇਹਾ ਦਿੰਦਾ ਹੈ ਉਹ ਤਿਉਹਾਰ ਵਗੈਰਾ-ਵਗੈਰਾ ਦੀ ਜਾਣਕਾਰੀ ਰੱਖਣੀ ਜ਼ਰੂਰੀ ਹੈ ।

ਹੁਣ ਮੈਂ ਗੱਲ ਕਰਾਂਗਾ ਦੁਸਹਿਰੇ ਦੇ ਤਿਉਹਾਰ ਦੀ। ਪਹਿਲਾਂ ਜ਼ਰਾ ਦੁਸਹਿਰੇ ਬਾਰੇ ਸਮਝਣਾ ਜ਼ਰੂਰੀ ਹੋਵੇਗਾ। ਸ੍ਰੀ ਰਾਵਨ ਨੂੰ ਬਹੁਤ ਸਾਰੇ ਵਿਦਵਾਨਾਂ ਨੇ "ਮਹਾਤਮਾ, ਚਾਰ ਵੇਦਾਂ ਦਾ ਗਿਆਤਾ, ਮਹਾਨ ਯੋਧਾ, ਇੱਕ ਚੱਗਾ ਰਾਜਾ ਅਤੇ ਇੱਕ ਅਣਖੀ ਭਰਾ ਲਿਖਿਆ ਹੈ।" ਹਾਲੇ ਕੁਝ ਸਮਾ ਪਹਿਲਾਂ ਹੀ ਬਹੁਤ ਸਾਰੇ ਮੇਰੇ ਦੋਸਤਾ-ਮਿੱਤਰਾ ਨੇ "ਰੱਖੜੀ" ਦੇ ਤਿਉਹਾਰ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਹੈ।

ਭਾਰਤ ਤਿਉਹਾਰਾਂ ਦਾ ਦੇਸ਼ ਹੈ। ਹਰ ਕੌਮ ਦੇ ਆਪੋ ਅਪਣੇ ਤਿਉਹਾਰ ਹਨ ਅਤੇ ਅਪਣੇ ਤਿਉਹਾਰਾਂ ਨੂੰ ਮਨਾਉਣਾ ਵੀ ਚਾਹੀਦਾ ਹੈ, ਪਰ ਮੇਰਾ ਇਹ ਮੰਨਣਾ ਹੈ ਕਿ ਕਿਸੇ ਹੋਰ ਕੌਮ ਦੇ ਤਿਉਹਾਰ ਨੂੰ ਬਿਨਾਂ ਸੋਚੇ ਸਮਝੇ ਅਪਨਾ ਲੈਣਾ ਸਾਡੀ ਥੋੜੀ ਸੋਚ । ਹਰ ਸਾਲ ਰੱਖੜੀ ਦਾ ਤਿਉਹਾਰ ਦੁਸਹਿਰੇ ਤੋਂ ਪਹਿਲਾਂ ਮਨਾਇਆ ਜਾਂਦਾ ਹੈ। ਇਸੇ ਹੀ ਲੜੀ ਦੇ ਤਹਿਤ ਮੈਂ ਪਿਛਲੇ ਸਾਲ "ਰੱਖੜੀ / ਰਖਸ਼ਾ ਬੰਧਨ" ਦੇ ਤਿਉਹਾਰ ਬਾਰੇ ਇਕ ਸਰਵੇਖਣ ਕੀਤਾ ਸੀ ਅਤੇ ਉਸ ਵਿੱਚ ਮੈਂ ਜੋ ਬਹੁਤ ਸਾਰੀਆਂ ਭੈਣਾਂ ਨਾਲ ਗੱਲਬਾਤਾਂ / ਇੰਟਰਵਿਉਆ ਕੀਤੀਆਂ, ਉਹਨਾਂ ਨੂੰ ਅਪਣੇ ਸਰਵੇਖਣ ਵਿੱਚ ਦਰਜ ਕੀਤਾ ਸੀ। ਮੈਂ ਹਮੇਸ਼ਾ ਹੀ ਇਸ ਤਰਕ ਦਾ ਧਾਰਨੀ ਰਿਹਾ ਹਾਂ ਕਿ ਕਿਸੇ ਵੀ ਖੋਜ ਨੂੰ ਪਰਪੱਕ, ਪੂਰੀ ਜਾਂ ਸਦੀਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਮੇਰੇ ਇਸ ਸਰਵੇਖਣ ਤੋ ਪਹਿਲਾਂ ਵੀ ਬਹੁਤ ਸਾਰੇ ਸਰਵੇਖਣ / ਖੋਜਾਂ ਹੋ ਚੁੱਕੀਆਂ ਹਨ ਅਤੇ ਅੱਗੇ ਵੀ ਐਸੇ ਸਰਵੇਖਣ / ਖੋਜਾਂ ਖੋਜਾਂ ਹੁੰਦੀਆਂ ਹੀ ਰਹਿਣਗੀਆਂ।

ਮੈਂ ਭੈਣਾਂ ਨੂੰ ਸਵਾਲ ਪੁੱਛਿਆ ਸੀ ਕਿ ""ਰਖਸ਼ਾ ਬੰਧਨ" ਵਾਲੇ ਦਿਨ ਅਗਰ ਆਪ ਨੂੰ ਚੋਣ ਕਰਨ ਲਈ ਕਿਹਾ ਜਾਵੇ ਕਿ ਭਗਵਾਨ ਸ਼੍ਰੀ ਰਾਮ ਚੰਦਰ ਜੀ ਵਰਗਾ ਭਰਾ ਮਿਲੇ ਜਾਂ ਲੜਕੀ ਦੇ ਰਾਜੇ ਸ੍ਰੀ ਰਾਵਨ ਜੀ ਵਰਗਾ ? ਕਰੀਬ 80% ਭੈਣਾਂ ਦਾ ਕਹਿੰਣਾ ਸੀ ਕਿ ਸਾਨੂੰ "ਸ੍ਰੀ ਰਾਵਨ ਜੀ" ਵਰਗਾ ਅਣਖੀ ਵੀਰ/ਭਰਾ ਚਾਹੀਦਾ ਹੈ। ਜੋ ਆਪਣੀ ਭੈਣ ਦੀ ਇੱਜ਼ਤ ਦੀ ਰਾਖੀ ਕਰ ਸਕੇ। ਕਿਉਂਕਿ ਅੱਜ ਥਾਂ-ਥਾ ਬਲਤਕਾਰ ਹੋ ਰਹੇ ਹਨ, ਧੀਆਂ -ਭੈਣਾਂ ਦੀਆ ਦਿਨ ਦਿਹਾੜੇ ਇੱਜਤਾ ਲੁੱਟੀਆ ਜਾ ਰਹੀਆਂ ਹਰ, ਸਮੂਹਿਕ ਬਲਾਤਕਾਰ ਹੋ ਰਹੇ ਹਨ। ਸ੍ਰੀ ਰਾਵਨ ਜੀ ਵਰਗਾ ਅਣਖੀ ਵੀਰ ਭੈਣਾਂ ਦੀ ਇੱਜ਼ਤ-ਆਬਰੂ ਬਚਾਉਣ ਅੱਗੇ ਵਧਣ ਦੀ ਵਜਾਏ, ਸਭ ਤਮਾਸ਼ਵੀਨ ਬਣਕੇ ਤਮਸਾ ਦੇਖ ਹਨ। ਅੱਜ ਦੀ ਤਾਰੀਖ਼ ਵਿਚ।

ਕੋਈ ਸਧਾਰਣ ਵਿਆਕਤੀ ਵੀ ਆਪਣੀ ਭੈਣ ਦੀ ਇੱਜ਼ਤ ਨੂੰ ਬੇਇੱਜ਼ਤ ਹੁੰਦਿਆਂ ਬਰਦਾਸ਼ਤ ਨਹੀ ਕਰ ਸਕਦਾ। ਅਸੀ ਸਾਰੇ ਇਸ ਗੱਲ ਨੂੰ ਜਾਣਦੇ ਹਾਂ ਕਿ ਭੈਣ ਦੀ ਇੱਜ਼ਤ ਲੁੱਟਣ ਦੀ ਗੱਲ ਤਾਂ ਬਹੁਤ ਦੂਰ ਦੀ ਗੱਲ ਹੈ, ਪੰਜਾਬੀ ਸਮਾਜ ਵਿੱਚ ਤਾਂ ਕੋਈ ਭੈਣ ਦੀ ਗਾਲ੍ਹ ਹੀ ਕੱਢ ਦੇਵੇ ਤਾਂ ਉਸ ਉੱਪਰ ਹੀ ਕਤਲ ਹੋ ਜਾਂਦੇ ਹਨ, ਤੇ ਫਿਰ ਸਰੂਪਨੱਖਾ ਜੋ ਸ੍ਰੀ ਰਾਵਨ ਦੀ ਸਕੀ ਭੈਣ ਸੀ। ਉਸ ਨੂੰ ਬੇਇੱਜ਼ਤ ਕਰਨ ਵਾਲੇ ਨੂੰ ਉਹ ਕਿਵੇਂ ਸਹਿਣ ਕਰ ਸਕਦਾ ਸੀ।

ਅੱਜ ਮੈਨੂੰ ਪੋਸਟ ਭੇਜਣ ਵਾਲੇ ਸ਼ਾਇਦ ਇਸ ਗੱਲ ਨੂੰ ਸਮਝਦੇ ਹੀ ਨਹੀਂ ਕਿ ਦੁਸਹਿਰੇ ਦੀ ਨੀਹ / ਸ਼ੁਰੂਆਤ ਸ੍ਰੀ ਰਾਵਨ ਦੀ ਭੈਣ ਸਰੂਪਨਖਾ ਦੀ ਬੇਇੱਜ਼ਤੀ ਤੋਂ ਸੁਰੂ ਹੋਈ ਸੀ। ਜੇ ਕਰ ਉਸ ਨੇ ਆਪਣੇ ਗੁੱਸੇ ਨੂੰ ਜਾਹਿਰ ਕਰਨ ਲਈ ਸੀਤਾ ਜੀ ਦਾ ਹਰਨ ਕੀਤਾ ਸੀ, ਉਸ ਨੂੰ ਇਕ ਉਸ ਨੂੰ ਮੈਲੀ ਅੱਖ ਨਾਲ ਦੇਖਿਆ, ਉਸ ਨੂੰ ਸਭ ਤੋਂ ਵੱਧ ਸੁੰਦਰ ਬਣਾਈ "ਅਸ਼ੋਕ ਵਾਟਕਾ" ਨਾਮ ਦੇ ਬਾਗ ਵਿੱਚ ਰੱਖਿਆ। (ਜੋ ਅੱਜ ਤੱਕ ਸੁਣਦੇ ਆਏ ਹਾਂ।), ਪਰ ਸੀਤਾ ਜੀ ਨੂੰ ਮਾੜੀ ਅੱਖ ਨਾਲ ਨਹੀਂ ਦੇਖਿਆ।


ਦੂਸਰੇ ਪਾਸੇ ਸ੍ਰੀ ਰਾਮ ਚੰਦਰ ਜੀ ਜਿਹਨਾਂ ਨੂੰ ਭਗਵਾਨ ਹੋ ਕੇ ਵੀ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਹਿਰਨ ਇਕ ਸ਼ਿਲਾਵਾ / ਧੋਖਾ / ਫਰੇਵ ਹੈ। ਇਸ ਤੋਂ ਵੱਧ ਮੰਦਭਾਗੀ ਗੱਲ ਕਿ ਸੀਤਾ ਜੀ ਦੀ ਅਗਨੀ ਪ੍ਰੀਖਿਆ ਲੈਣ ਤੋ ਬਾਅਦ ਵੀ ਗਰਭਵਤੀ ਸੀਤਾ ਜੀ ਨੂੰ ਘਰੋਂ ਕੱਢ ਕੇ ਜੰਗਲਾਂ ਵਿੱਚ ਛੱਡ ਆਉਣਾ। ਇਸ ਕਰਕੇ ਉਨ੍ਹਾਂ ਨੂੰ ਸ੍ਰੀ ਰਾਵਨ ਵਰਗਾ ਵੀਰ ਚਾਹੀਦਾ ਹੈ।

ਪਰ ਅਸੀ ਲਕੀਰ ਦੇ ਫ਼ਕੀਰ ਬਣਕੇ ਆਪਣੀ ਬੇਸਮਝੀ ਦਿਖਾਈ ਜਾ ਰਹੇ ਹਾਂ। ਅਸੀਂ ਇੱਕ ਦੂਜੇ ਨੂੰ ਮੈਸੇਜ ਭੇਜ ਰਹੇ ਹਾਂ "ਹੈਪੀ ਦੁਸਿਹਰਾ" ਰਾਵਨ ਦੇ ਪਤਲੇ ਬਣਾ ਬਣਾ ਕੇ ਸਾੜ ਰਹੇ ਹਾਂ। ਕੀ ਇਹ ਹੈਪੀ / ਖੁਸ਼ ਹੋਣ ਦਾ ਤਿਉਹਾਰ ਹੈ ? ਜਾਂ ਸਾਡੀਆਂ ਸਮਾਜਿਕ ਬੁਰਾਈਆਂ ਬਾਰੇ ਸ਼ਰਮਿੰਦਾ ਹੋਣ ਦਾ ਦਿਹਾੜਾ ਹੈ ? ਅੱਜ ਸਾਨੂੰ ਸੈਮੀਨਾਰ ਕਰਕੇ, ਐਸੇ ਵਿਦਿਆਕ ਅਤੇ ਸੱਭਿਆਚਾਰ ਪ੍ਰੋਗਰਾਮ ਕਰਕੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਕੁਰੀਤੀਆ ਅਤੇ ਬੁਰਾਈਆਂ ਨੂੰ ਪੂਰੀ ਸੰਜੀਦਗੀ ਅਤੇ ਈਮਾਨਦਾਰੀ ਨਾਲ ਵਿਚਾਰਨ ਦੀ ਅਤੇ ਉਹਨਾ ਦੇ ਸੰਪੂਰਨ ਖ਼ਾਤਮੇ ਬਾਰੇ ਬਚਨਬੱਧਤਾ ਦਿਖਾਉਣ ਦੀ ਲ਼ੋੜ ਉਪਰ ਜ਼ੋਰ ਦੇਣਾ ਚਾਹੀਦਾ ਹੈ, ਨਾ ਕਿ ਹਰ ਸਾਲ ਪੁਤਲਿਆਂ ਦੇ ਨਾਲ- ਨਾਲ ਅਪਣੀ ਕਮਾਈ ਦਾ ਵੀ ਬਹੁਤ ਬੜਾ ਹਿੱਸਾ ਬਰਬਾਦ ਕਰ ਦੇਈ ਏ। ਪਰ ਬਦਕਿਸਮਤੀ ਨਾਲ ਅਸੀ ਭੇਡ-ਚਾਲ ਦੇ ਸ਼ਿਕਾਰ ਹੋ ਕੇ ਰਹਿ ਗਏ ਹਾਂ।

ਇਸ ਲਈ ਸੋਚ ਸਮਝ ਕੇ ਤਿਉਹਾਰ ਮਨਾਉਣ ਦੀ ਆਦਤ ਪਾਉ ਦੋਸਤੋ। ਲਿਖਣਾ ਬਹੁਤ ਕੁਝ ਸੀ ਪਰ ਸਮਾਂ ਮੈਨੂੰ ਆਗਿਆ ਨਹੀ ਦਿੰਦਾ ਬਹੁਤ ਬੁਸੇ ਹਾ ਪਰ ਅਪਣਾ ਪੱਖ ਥੋੜੇ ਸ਼ਬਦਾਂ ਵਿੱਚ ਹੀ ਬੜੀ ਕਾਹਲ਼ ਵਿੱਚ ਲਿਖ ਰਿਹਾ ਹਾਂ। ਸੁਭਾਵਿਕ ਹੈ ਕਿ ਕਈ ਗਲਾ ਟੁਕ-ਮਾਤਰ ਹੀ ਦੇ ਸਕਿਆ। ਜਿਹੜੇ ਵਿਚਾਰੇ ਮੇਰੇ ਭੈਣ-ਭਰਾ ਘਟ ਪੜੇ ਲਿਖੇ ਹਨ ਉਹਨਾ ਉੱਪਰ ਮੈਂ ਗੁੱਸਾ ਨਹੀਂ ਕਰਾਂਗਾ। ਗੁੱਸਾ ਹੈ ਪੜੇ-ਲਿਖੇ ਦੋਸਤਾਂ ਉੱਪਰ ਜੋ ਬਿਨਾਂ ਸੋਚੇ ਸਮਝੇ ਹਰ ਤਿਉਹਾਰ ਨੂੰ ਮਨਾਉਣ ਤੁਰ ਪੈਂਦੇ ਹਨ। ਹਾਲੇ ਵੀ ਸਮਝ ਜਾਉ, ਵੇਲਾ ਹੈ ਸਮਝਣ ਦਾ। ਨਹੀਂ ਤਾਂ ਪਛਤਾਓਗੇ।

# ਆਸਟ੍ਰੇਲੀਆ: ਬੱਚਿਆਂ ਦੀ ਸੁਰੱਖਿਆ ਲਈ ਸੋਸ਼ਲ ਮੀਡੀਆ ਬੈਨ

**ਗੁਰਭਿੰਦਰ ਗੁਰੀ**
+447951 590424






ਡਿਜ਼ਿਟਲ ਯੁੱਗ ਵਿੱਚ ਸੋਸ਼ਲ ਮੀਡੀਆ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਬਣ ਗਿਆ ਹੈ। ਬੱਚਿਆਂ ਤੋਂ ਬਜ਼ੁਰਗਾਂ ਤੱਕ ਹਰ ਕੋਈ ਫੇਸਬੁੱਕ, ਇੰਸਟਾਗ੍ਰਾਮ, ਟਿਕਟੌਕ, ਯੂਟਿਊਬ ਆਦਿ ਪਲੇਟਫਾਰਮਾਂ ਰਾਹੀਂ ਜੁੜਿਆ ਹੋਇਆ ਹੈ। ਪਰ ਜਿਵੇਂ ਜਿਵੇਂ ਇਸਦੇ ਫਾਇਦੇ ਵਧੇ ਹਨ, ਓਸੇ ਤਰ੍ਹਾਂ ਨੁਕਸਾਨ ਅਤੇ ਖ਼ਤਰੇ ਵੀ ਸਾਹਮਣੇ ਆਏ ਹਨ। ਖ਼ਾਸਕਰ ਬੱਚਿਆਂ ਲਈ, ਜਿਨ੍ਹਾਂ ਦੀ ਸੋਚਣ-ਸਮਝਣ ਦੀ ਸਮਰੱਥਾ ਅਜੇ ਵਿਕਾਸ ਦੇ ਮੰਚ 'ਤੇ ਹੈ, ਸੋਸ਼ਲ ਮੀਡੀਆ ਨੇ ਕਈ ਚਿੰਤਾਵਾਂ ਜਨਮ ਦਿੱਤੀਆਂ ਹਨ।

ਆਸਟ੍ਰੇਲੀਆ ਨੇ ਵਿਸ਼ਵ ਵਿੱਚ ਪਹਿਲੀ ਵਾਰ ਇਹ ਕਦਮ ਚੁੱਕਿਆ ਹੈ ਕਿ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੇ ਵਰਤੋਂ 'ਤੇ ਪਾਬੰਦੀ ਲਗਾਈ ਜਾਵੇ। ਇਹ ਕਾਨੂੰਨ Online Safety Amendment (Social Media Minimum Age) Bill 2024 ਦੇ ਨਾਂਅ ਨਾਲ ਲਿਆਂਦਾ ਗਿਆ ਹੈ ਅਤੇ ਇਹ 10 ਦਸੰਬਰ 2025 ਤੋਂ ਲਾਗੂ ਹੋਵੇਗਾ।

ਆਸਟ੍ਰੇਲੀਆ ਦੇ ਨਵੇਂ ਕਾਨੂੰਨ ਦੀ ਜਾਣਕਾਰੀ ਮੁੱਖ ਧਾਰਾਵਾਂ ਉਮਰ ਦੀ ਹੱਦ: ਹੁਣ 13 ਦੀ ਥਾਂ 16 ਸਾਲ ਦੀ ਉਮਰ ਤੋਂ ਬਾਅਦ ਹੀ ਸੋਸ਼ਲ ਮੀਡੀਆ ਅਕਾਊਂਟ ਬਣਾਇਆ ਜਾ ਸਕੇਗਾ।

ਪਲੇਟਫਾਰਮਾਂ ਦੀ ਜ਼ਿੰਮੇਵਾਰੀ: ਕੰਪਨੀਆਂ ਨੂੰ "ਰੀਜ਼ਨੇਬਲ ਸਟੈਪਸ" ਲੈਣੇ ਪੈਣਗੇ ਕਿ ਬੱਚੇ ਅਕਾਊਂਟ ਨਾ ਬਣਾ ਸਕਣ।
ਲਾਗੂ ਕਰਨ ਦੀ ਪ੍ਰਕਿਰਿਆ:

ਉਮਰ ਦੀ ਜਾਂਚ ਲਈ ਫੇਸ਼ੀਅਲ ਰਿਕਗਨੀਸ਼ਨ ਆਈਡੀ ਕਾਰਡ ਦੀ ਮੈਚਿੰਗ ਯੂਜ਼ਰ ਡਾਟਾ ਵਿਸ਼ਲੇਸ਼ਣ

**ਜੁਰਮਾਨਾ:** ਉਲੰਘਣਾ ਕਰਨ ਵਾਲੇ ਪਲੇਟਫਾਰਮਾਂ 'ਤੇ 50 ਮਿਲੀਅਨ ਆਸਟ੍ਰੇਲੀਆਈ ਡਾਲਰ ਤੱਕ ਜੁਰਮਾਨਾ।

**ਛੂਟ:** ਐਜੂਕੇਸ਼ਨਲ ਐਪਾਂ (ਯੂਟਿਊਬ ਕਿਡਸ, ਵਟਸਐਪ, ਗੂਗਲ ਕਲਾਸਰੂਮ ਆਦਿ) 'ਤੇ ਪਾਬੰਦੀ ਨਹੀਂ। ਬੱਚਿਆਂ ਦੀ ਮਾਨਸਿਕ ਸਿਹਤ ਅਤੇ ਸੋਸ਼ਲ ਮੀਡੀਆ।

## ਵਿਗਿਆਨਕ ਰਿਸਰਚ

1. **ਬਾਡੀ ਇਮੇਜ ਪ੍ਰੇਸ਼ਰ**-2023 ਦੀ ਇਕ ਸਟੱਡੀ (Journal of Adolescent Health) ਅਨੁਸਾਰ, ਸੋਸ਼ਲ ਮੀਡੀਆ ਦੀ ਵੱਧ ਵਰਤੋਂ ਕਰਨ ਵਾਲੀਆਂ 62% ਕੁੜੀਆਂ ਨੇ ਆਪਣੇ ਸ਼ਰੀਰ ਬਾਰੇ ਨਕਾਰਾਤਮਕ ਸੋਚ ਦਰਸਾਈ।

2. **ਸਾਈਬਰ ਬੁਲਿੰਗ**-UNICEF ਰਿਪੋਰਟ (2022) ਦਿਖਾਉਂਦੀ ਹੈ ਕਿ ਦੁਨੀਆ ਭਰ ਦੇ 30% ਬੱਚਿਆਂ ਨੇ ਸੋਸ਼ਲ ਮੀਡੀਆ ਰਾਹੀਂ ਬੁਲਿੰਗ ਦਾ ਅਨੁਭਵ ਕੀਤਾ।

3. **ਡਿਪ੍ਰੈਸ਼ਨ ਅਤੇ ਐਂਗਜ਼ਾਇਟੀ**- ਆਸਟ੍ਰੇਲੀਆ ਦੇ "Beyond Blue" ਸੰਗਠਨ ਦੇ ਅਨੁਸਾਰ, 12-17 ਸਾਲ ਦੇ 25% ਤੋਂ ਵੱਧ ਬੱਚਿਆਂ ਨੇ ਸੋਸ਼ਲ ਮੀਡੀਆ ਕਾਰਨ ਤਣਾਅ ਜਾਂ ਡਿਪ੍ਰੈਸ਼ਨ ਦੇ ਲੱਛਣ ਮਹਿਸੂਸ ਕੀਤੇ।

4. **ਨੀਂਦ ਵਿੱਚ ਖਲਲ**-ਸਕਰੀਨ ਟਾਈਮ ਵੱਧਣ ਨਾਲ ਬੱਚਿਆਂ ਦੀ ਨੀਂਦ ਘੱਟਦੀ ਹੈ, ਜਿਸ ਨਾਲ ਧਿਆਨ ਦੀ ਘਾਟ, ਚਿੜਚਿੜਾਪਣ ਅਤੇ ਅਧਿਐਨ 'ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ।

## ਸਰਕਾਰ ਦਾ ਮਤਲਬ

ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦਾ ਕਹਿਣਾ ਹੈ ਕਿ "ਇਹ ਕਾਨੂੰਨ ਬੱਚਿਆਂ ਦੀ ਸੁਰੱਖਿਆ ਵੱਲ ਇਕ ਵੱਡਾ ਕਦਮ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਆਨਲਾਈਨ ਦਬਾਅ ਦੀ ਥਾਂ ਅਸਲ ਜ਼ਿੰਦਗੀ ਵਿੱਚ ਖੇਡਣ, ਸਿੱਖਣ ਅਤੇ ਵਧਣ।"

## ਸਮਰਥਨ

**ਮਾਪੇ:** ਬਹੁਤ ਸਾਰੇ ਮਾਪਿਆਂ ਨੇ ਇਸ ਕਾਨੂੰਨ ਨੂੰ ਰਾਹਤ ਵਜੋਂ ਦੇਖਿਆ ਹੈ।

**ਬੱਚਿਆਂ ਦੀ ਸੁਰੱਖਿਆ ਸੰਸਥਾਵਾਂ:** UNICEF ਨੇ ਇਸਦੀ ਖੁੱਲ੍ਹ ਕੇ ਸ਼ਲਾਘਾ ਕੀਤੀ।

**ਯੂਐਨ:** ਸੰਯੁਕਤ ਰਾਸ਼ਟਰ ਨੇ ਇਸਨੂੰ "ਬੱਚਿਆਂ ਦੀ ਮਾਨਸਿਕ ਸਿਹਤ ਦੀ ਰੱਖਿਆ ਲਈ ਮਿਸਾਲੀ ਕਦਮ" ਕਿਹਾ।

## ਵਿਰੋਧ

**ਟੈਕ ਕੰਪਨੀਆਂ:** ਗੂਗਲ, ਮੈਟਾ ਅਤੇ ਯੂਟਿਊਬ ਵੱਲੋਂ ਚਿੰਤਾ ਜ਼ਾਹਰ ਕੀਤੀ ਗਈ ਕਿ: ਪਰਾਈਵੇਸੀ ਦਾ ਉਲੰਘਣ ਹੋ ਸਕਦਾ ਹੈ। ਉਮਰ ਵੈਰੀਫਿਕੇਸ਼ਨ ਵਿੱਚ ਗਲਤੀਆਂ ਹੋ ਸਕਦੀਆਂ ਹਨ।

**ਨਾਗਰਿਕ ਅਧਿਕਾਰ ਸੰਸਥਾਵਾਂ:** ਕੁਝ ਗਰੁੱਪ ਕਹਿੰਦੇ ਹਨ ਕਿ ਇਹ ਕਾਨੂੰਨ ਅਭਿਵਿਕਤੀ ਦੀ ਆਜ਼ਾਦੀ 'ਤੇ ਸੀਮਾ ਲਗਾਉਂਦਾ ਹੈ।

## ਚੁਣੌਤੀਆਂ

1. ਤਕਨੀਕੀ ਸਮੱਸਿਆਵਾਂ - ਉਮਰ ਵੈਰੀਫਿਕੇਸ਼ਨ ਹਮੇਸ਼ਾਂ ਸਹੀ ਨਹੀਂ ਹੋਵੇਗੀ।
2. VPN ਦੀ ਵਰਤੋਂ - ਬੱਚੇ ਰੋਕਾਂ ਨੂੰ ਬਾਈਪਾਸ ਕਰ ਸਕਦੇ ਹਨ।
3. ਅੰਤਰਰਾਸ਼ਟਰੀ ਪ੍ਰਭਾਵ - ਗਲੋਬਲ ਕੰਪਨੀਆਂ ਲਈ ਵੱਖ-ਵੱਖ ਦੇਸ਼ਾਂ ਦੇ ਨਿਯਮਾਂ ਨਾਲ ਤਾਲਮੇਲ ਬੈਠਾਉਣਾ ਮੁਸ਼ਕਲ।

## ਹੋਰ ਦੇਸ਼ਾਂ ਵਿੱਚ ਹਾਲਾਤ

**ਯੂਕੇ:** 2024 ਵਿੱਚ "Online Safety Bill" ਲਿਆਂਦਾ ਗਿਆ ਸੀ, ਪਰ ਉਮਰ ਸੀਮਾ 13 ਸਾਲ ਹੀ ਰੱਖੀ ਗਈ। ਹੁਣ ਉਹ ਆਸਟ੍ਰੇਲੀਆ ਦੇ ਮਾਡਲ ਨੂੰ ਵੇਖ ਰਹੇ ਹਨ।

**ਨੌਰਵੇ:** ਸਰਕਾਰ 15 ਸਾਲ ਤੱਕ ਦੀ ਸੀਮਾ ਲਗਾਉਣ ਬਾਰੇ ਸੋਚ ਰਹੀ ਹੈ।

**ਅਮਰੀਕਾ:** ਕੁਝ ਰਾਜਾਂ (ਜਿਵੇਂ ਯੂਟਾਹ) ਨੇ 18 ਸਾਲ ਤੋਂ ਘੱਟ ਲਈ ਸੀਮਾਵਾਂ ਦਾ ਐਲਾਨ ਕੀਤਾ ਹੈ।

## ਸਮਾਜਕ ਅਤੇ ਸੱਭਿਆਚਾਰਕ ਪ੍ਰਭਾਵ

ਬੱਚਿਆਂ ਨੂੰ ਜ਼ਿਆਦਾ ਸਮਾਂ ਅਸਲ ਖੇਡਾਂ ਅਤੇ ਅਧਿਐਨ ਲਈ ਮਿਲੇਗਾ। ਪਰ ਕੁਝ ਲੋਕ ਮੰਨਦੇ ਹਨ ਕਿ ਬੱਚਿਆਂ ਦੀ ਡਿਜ਼ਿਟਲ ਸਿਖਲਾਈ ਰੁਕ ਸਕਦੀ ਹੈ। ਇਹ ਕਾਨੂੰਨ ਮਾਪਿਆਂ ਦੀ ਜ਼ਿੰਮੇਵਾਰੀ ਵੀ ਵਧਾਉਂਦਾ ਹੈ ਕਿ ਉਹ ਬੱਚਿਆਂ ਨੂੰ ਸਹੀ ਡਿਜ਼ਿਟਲ ਆਦਤਾਂ ਸਿਖਾਉਣ।

## ਭਵਿੱਖ ਦੀ ਦਿਸ਼ਾ

ਇਹ ਕਾਨੂੰਨ ਇਕ ਪਾਇਲਟ ਮਾਡਲ ਹੈ। ਜੇ ਇਹ ਸਫਲ ਰਹਿੰਦਾ ਹੈ ਤਾਂ ਸੰਭਾਵਨਾ ਹੈ ਕਿ ਕਈ ਹੋਰ ਦੇਸ਼ ਵੀ ਇਸੇ ਤਰ੍ਹਾਂ ਦੀ ਪਾਲਿਸੀ ਲੈ ਕੇ ਆਉਣ।


## ਭਵਿੱਖ ਵਿੱਚ ਸ਼ਾਇਦ

ਗਲੋਬਲ ਏਜ-ਵੈਰੀਫਿਕੇਸ਼ਨ ਮਿਆਰ ਬਣ ਸਕਦੇ ਹਨ। ਸੋਸ਼ਲ ਮੀਡੀਆ ਪਲੇਟਫਾਰਮ ਬੱਚਿਆਂ ਲਈ ਖਾਸ ਵਰਜਨ ਬਣਾਉਣਗੇ। ਮਾਪਿਆਂ ਦੀ ਡਿਜ਼ਿਟਲ ਟ੍ਰੇਨਿੰਗ ਲਾਜ਼ਮੀ ਕੀਤੀ ਜਾ ਸਕਦੀ ਹੈ।

ਆਸਟ੍ਰੇਲੀਆ ਦਾ ਇਹ ਕਦਮ ਸੋਸ਼ਲ ਮੀਡੀਆ ਦੀ ਦੁਨੀਆ ਵਿੱਚ ਇਤਿਹਾਸਕ ਬਦਲਾਅ ਹੈ। ਜਿੱਥੇ ਇਹ ਬੱਚਿਆਂ ਨੂੰ ਮਾਨਸਿਕ ਸਿਹਤ ਅਤੇ ਸੁਰੱਖਿਆ ਦੇਣ ਦੀ ਕੋਸ਼ਿਸ਼ ਹੈ, ਓਥੇ ਹੀ ਇਹ ਟੈਕ ਕੰਪਨੀਆਂ ਲਈ ਵੱਡੀ ਚੁਣੌਤੀ ਵੀ ਹੈ।


ਸਵਾਲ ਇਹ ਹੈ ਕਿ - ਕੀ ਬੱਚਿਆਂ ਨੂੰ ਸੋਸ਼ਲ ਮੀਡੀਆ ਤੋਂ ਦੂਰ ਰੱਖਣਾ ਸੱਚਮੁੱਚ ਉਨ੍ਹਾਂ ਲਈ ਬਿਹਤਰ ਹੈ ਜਾਂ ਉਹਨਾਂ ਦੇ ਵਿਕਾਸ ਅਤੇ ਜਾਣਕਾਰੀ ਦੀ ਆਜ਼ਾਦੀ 'ਤੇ ਰੋਕ ਹੈ? ਇਸਦਾ ਸਹੀ ਜਵਾਬ ਸਮਾਂ ਹੀ ਦੇਵੇਗਾ। ਪਰ ਇਕ ਗੱਲ ਪੱਕੀ ਹੈ ਕਿ ਆਸਟ੍ਰੇਲੀਆ ਨੇ ਵਿਸ਼ਵ ਪੱਧਰ 'ਤੇ ਬੱਚਿਆਂ ਦੀ ਸੁਰੱਖਿਆ ਲਈ ਨਵੀਂ ਦਿਸ਼ਾ ਤੈਅ ਕੀਤੀ ਹੈ।






# ਆਰਟੀਫਿਸ਼ਲ ਇਨਟੈਲੀਜੈਂਸ ਦੇ ਵਿਕਾਸ ਵਿੱਚ ਕਾਮਿਆਂ ਦਾ ਸ਼ੋਸ਼ਣ

**ਸੁਖਵੰਤ ਹੁੰਦਲ**



ਅੱਜ ਕੱਲ੍ਹ ਪ੍ਰਚੱਲਤ ਮੀਡੀਏ ਵਿੱਚ ਆਰਟੀਫਿਸ਼ਨ ਇਨਟੈਲੀਜੈਂਸ ਨਾਲ ਹੋਣ ਵਾਲੀਆਂ ਪ੍ਰਾਪਤੀਆਂ ਦੇ ਸੰਬੰਧ ਵਿੱਚ ਇਕ ਗੱਲ ਆਮ ਕਹੀ ਜਾਂਦੀ ਹੈ ਕਿ ਇਸ ਨਾਲ ਵਿਸ਼ਵ ਪੱਧਰ 'ਤੇ ਉਤਪਾਦਕਤਾ (ਪ੍ਰੋਡਕਟਿਵਟੀ) ਅਤੇ ਵਰਕਰਾਂ ਦੀਆਂ ਤਨਖਾਹਾਂ ਵਿੱਚ ਵੱਡਾ ਵਾਧਾ ਹੋਵੇਗਾ। ਉਦਾਹਰਨ ਲਈ ਏ ਆਈ ਗੁਰੂ ਮਾਰਕ ਐਂਡਰੀਸਨ ਦਾ ਕਹਿਣਾ ਹੈ ਕਿ ਏ ਆਈ ਨਾਲ, "ਸਮੁੱਚੀ ਆਰਥਕਤਾ ਵਿੱਚ ਉਤਪਾਦਕਤਾ ਨਾਟਕੀ ਢੰਗ ਨਾਲ ਵਧੇਗੀ, ਜਿਸ ਨਾਲ ਆਰਥਿਕ ਵਾਧਾ ਹੋਵੇਗਾ, ਨਵੀਂਆਂ ਸਨਅਤਾਂ ਪੈਦਾ ਹੋਣਗੀਆਂ, ਨਵੀਂਆਂ ਨੌਕਰੀਆਂ ਅਤੇ ਤਨਖਾਹਾਂ ਵਿੱਚ ਵਾਧਾ ਹੋਵੇਗਾ, ਜਿਸ ਦੇ ਨਤੀਜੇ ਵਜੋਂ ਵਧੇਰੇ ਪਦਾਰਥਕ ਖੁਸ਼ਹਾਲੀ ਦੇ ਨਵੇਂ ਯੁੱਗ ਦਾ ਆਗਮਨ ਹੋਵੇਗਾ।" ਪਰ ਇਹ ਦਾਅਵਾ ਆਰਟੀਫਿਸ਼ਲ ਇਨਟੈਲੀਜੈਂਸੀ ਨੂੰ ਵਿਕਸਤ ਕਰਨ ਲਈ ਦਹਿ-ਲੱਖਾਂ ਦੀ ਗਿਣਤੀ ਵਿੱਚ ਕੰਮ ਕਰ ਰਹੇ ਵਰਕਰਾਂ ਦੇ ਤਜਰਬੇ ਨਾਲ ਮੇਲ ਨਹੀਂ ਖਾਂਦਾ। ਇਸ ਸਮੇਂ ਦੁਨੀਆ ਦੇ ਗਰੀਬ ਜਾਂ ਵਿਕਾਸਸ਼ੀਲਾਂ ਦੇਸ਼ਾਂ ਨਾਲ ਸੰਬੰਧਿਤ ਇਹ ਦਹਿ-ਲੱਖਾਂ ਵਰਕਰ ਬਹੁਤ ਹੀ ਘੱਟ ਤਨਖਾਹਾਂ ਅਤੇ ਕੰਮ ਦੀਆਂ ਮਾੜੀਆਂ ਹਾਲਤਾਂ ਵਿੱਚ ਕੰਮ ਕਰ ਰਹੇ ਹਨ ਅਤੇ ਏ ਆਈ ਦੇ ਖੇਤਰ ਕੰਮ ਕਰ ਰਹੀਆਂ ਕੰਪਨੀਆਂ ਵਲੋਂ ਕੀਤੇ ਜਾਂਦੇ ਬਹੁਤ ਹੀ ਬੁਰੀ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਇਸ ਲੇਖ ਵਿੱਚ ਏ ਆਈ ਦੇ ਵਿਕਾਸ ਦੌਰਾਨ ਹੋ ਰਹੇ ਕਾਮਿਆਂ ਦੇ ਇਸ ਸ਼ੋਸ਼ਣ ਬਾਰੇ ਗੱਲ ਕੀਤੀ ਜਾਵੇਗੀ। ਆਰਟੀਫਿਸ਼ਿਲ ਇਨਟੈਲੀਜੈਂਸ ਦੇ ਮਾਡਲਾਂ, ਜਿਵੇਂ ਚੈਟ ਜੀ ਪੀ ਟੀ, ਨੂੰ ਸਿਖਲਾਈ ਦੇਣ ਲਈ ਬਹੁਤ ਸਾਰੇ ਡੈਟਾ (ਜਾਣਕਾਰੀ) ਦੀ ਲੋੜ ਪੈਂਦੀ ਹੈ। ਇਸ ਡੈਟਾ ਵਿੱਚ ਲਿਖਤ (ਟੈਕਸਟ), ਤਸਵੀਰਾਂ (ਇਮੇਜ), ਅਵਾਜ਼ (ਆਡੀਓ), ਵੀਡੀਓ ਆਦਿ ਸ਼ਾਮਲ ਹਨ।

ਏ ਆਈ ਦੇ ਮਾਡਲ ਇਸ ਡੈਟਾ ਤੋਂ ਤਾਂ ਹੀ ਸਿੱਖ ਸਕਦੇ ਹਨ, ਜੇ ਇਹ ਡੈਟਾ ਠੀਕ ਤਰ੍ਹਾਂ ਲੇਬਲ ਅਤੇ ਸ਼੍ਰੇਣੀਬੱਧ ਕੀਤਾ ਗਿਆ ਹੋਵੇ। ਜਿਵੇਂ ਕਿ ਆਪਣੇ ਆਪ ਚੱਲਣ ਵਾਲੀਆਂ ਕਾਰਾਂ ਨਾਲ ਸੰਬੰਧਿਤ ਏ ਆਈ ਦੇ ਮਾਡਲਾਂ ਨੂੰ ਸੜਕ 'ਤੇ ਲੱਗੇ ਸਾਈਨਾਂ, ਪੈਦਲ ਚੱਲਣ ਵਾਲਿਆਂ, ਖੰਬਿਆਂ ਆਦਿ ਬਾਰੇ ਫਰਕ ਸਿੱਖਣ ਲਈ ਜ਼ਰੂਰੀ ਹੈ ਕਿ ਵੀਡੀਓਜ਼ ਵਿੱਚ ਇਹਨਾਂ ਸਾਰੀਆਂ ਚੀਜ਼ਾਂ ਨੂੰ ਸਹੀ ਅਤੇ ਸਪਸ਼ਟ ਤੌਰ 'ਤੇ ਲੇਬਲ ਕੀਤਾ ਗਿਆ ਹੋਵੇ। ਇਸ ਹੀ ਤਰ੍ਹਾਂ ਬੋਲੀ ਨਾਲ ਸੰਬੰਧਿਤ ਏ ਆਈ ਮਾਡਲਾਂ ਨੂੰ ਬੋਲੀ ਵਿੱਚ ਗਾਲ੍ਹਾਂ, ਅਸ਼ਲੀਲ ਭਾਸ਼ਾ, ਨਫਰਤ ਅਤੇ ਵਿਤਕਰੇ ਭਰੀ ਸ਼ਬਦਾਵਲੀ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਲਿਖਤਾਂ ਵਿੱਚ ਇਹਨਾਂ ਚੀਜ਼ਾਂ ਦੀ ਚੰਗੀ ਤਰ੍ਹਾਂ ਪਛਾਣ ਕੀਤੀ ਗਈ ਹੋਵੇ। ਇਸ ਲਈ ਇਹ ਕੰਮ ਕਰਨ ਲਈ ਲੱਖਾਂ, ਦਹਿ-ਲੱਖਾਂ (ਮਿਲੀਅਨਾਂ) ਲੋਕਾਂ ਦੀ ਲੋੜ ਪੈਂਦੀ ਹੈ ਅਤੇ ਇਹਨਾਂ ਲੋਕਾਂ ਨੂੰ ਲੇਬਲਰ (ਲੇਬਲ ਲਾਉਣ ਵਾਲੇ) ਜਾਂ ਐਨੋਟੇਟਰ (ਨੋਟ ਲਿਖਣ ਵਾਲੇ) ਕਿਹਾ ਜਾਂਦਾ ਹੈ। ਇਹ ਲੇਬਲਰ ਜਾਂ ਐਨੋਟੇਟਰ ਦਿਨ ਵਿੱਚ ਘੰਟਿਆਂ ਬੱਧੀ ਆਪਣੇ ਫੋਨਾਂ ਜਾਂ ਕੰਪਿਊਟਰਾਂ ਦੀਆਂ ਸਕਰੀਨਾਂ ਅੱਗੇ ਬੈਠੇ ਫੋਟੋਆਂ, ਵੀਡੀਓ ਅਤੇ ਲਿਖਤਾਂ ਨੂੰ ਦੇਖਦੇ ਹਨ ਅਤੇ ਵਸਤੂਆਂ ਦੁਆਲੇ ਗੋਲ ਦਾਇਰੇ ਵਾਹ ਕੇ ਉਹਨਾਂ 'ਤੇ ਲੇਬਲ ਲਾਉਂਦੇ ਹਨ ਤਾਂ ਕਿ ਏ ਆਈ ਮਾਡਲ ਇਹਨਾਂ ਫੋਟੋਆਂ, ਵੀਡੀਓ ਆਦਿ ਤੋਂ ਸਿੱਖ ਸਕੇ। ਉਹ ਘਰ ਵਿਚਲੇ ਫਰਨੀਚਰ 'ਤੇ ਨਿਸ਼ਾਨ ਲਾਉਂਦੇ ਹਨ ਕਿ ਇਹ ਟੀ ਵੀ ਹੈ, ਇਹ ਮਾਈਕਰੋਵੇਵ ਓਵਨ ਹੈ। ਲੋਕਾਂ ਦੇ ਵੱਖ ਵੱਖ ਤਰ੍ਹਾਂ ਦੇ ਚਿਹਰਿਆਂ ਬਾਰੇ ਦੱਸਣ ਲਈ ਚਿਹਰਿਆਂ 'ਤੇ ਨਿਸ਼ਾਨ ਲਾ ਕੇ ਲੇਬਲ ਲਾਉਂਦੇ ਹਨ, ਇਹ ਗੋਰਾ ਹੈ, ਇਹ ਕਾਲਾ ਹੈ, ਇਹ ਏਸ਼ੀਅਨ ਹੈ।



**ਆਰਟੀਫਿਸ਼ਲ ਇਨਟੈਲੀਜੈਂਸ ਨੂੰ ਵਿਕਸਤ ਕਰਨ ਵਿੱਚ ਆਪਣੇ ਖੂਨ ਅਤੇ ਪਸੀਨ ਨਾਲ ਯੋਗਦਾਨ ਪਾਉਣ ਵਾਲੇ ਇਹ ਦਹਿ ਲੱਖਾਂ (ਮਿਲੀਅਨਜ਼) ਵਰਕਰ ਬਹੁਤ ਹੀ ਭੈੜੀਆਂ ਅਤੇ ਸਖਤ ਹਾਲਤਾਂ ਵਿੱਚ ਕੰਮ ਕਰ ਰਹੇ ਹਨ। ਉਹਨਾਂ ਕੋਲ ਇਹਨਾਂ ਹਾਲਤਾਂ ਵਿਰੁੱਧ ਸ਼ਿਕਾਇਤ ਕਰਨ ਅਤੇ ਇਹਨਾਂ ਦਾ ਹੱਲ ਲੱਭਣ ਲਈ ਚਾਰਾਜੋਈ ਕਰਨ ਦਾ ਕੋਈ ਰਸਤਾ ਨਹੀਂ। ਕੀਨੀਆ ਵਿੱਚ ਡੈਟਾ ਲੇਬਲ ਕਰਨ ਦਾ ਕੰਮ ਕਰਨ ਵਾਲੇ ਵਰਕਰਾਂ ਦੇ ਅਨੁਸਾਰ ਉਹਨਾਂ ਦਾ ਇਹ ਕੰਮ ਅੱਜ ਦੇ ਯੁੱਗ ਦੀ ਗੁਲਾਮੀ ਹੈ।**

ਲੇਬਲ ਲਾਉਣ ਜਾਂ ਨੋਟ ਲਿਖਣ ਦਾ ਕੰਮ ਕਰਨ ਵਾਲੇ ਇਹਨਾਂ ਲੱਖਾਂ ਲੋਕਾਂ ਵਿੱਚੋਂ ਬਹੁਗਿਣਤੀ ਅਮਰੀਕਾ ਦੀ ਸਿਲੀਕੋਨ ਵੈਲ੍ਹੀ ਤੋਂ ਹਜ਼ਾਰਾਂ ਮੀਲ ਦੂਰ ਗਰੀਬ ਜਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਕੰਮ ਕਰਦੇ ਹਨ। ਇਹਨਾਂ ਦੇਸ਼ਾਂ ਵਿੱਚ ਫਿਲਪੀਨ, ਕੀਨੀਆ, ਇੰਡੀਆ, ਪਾਕਿਸਤਾਨ, ਵੈਨਜ਼ੂਇਲਾ, ਕੋਲੰਬੀਆ ਆਦਿ ਦੇਸ਼ ਸ਼ਾਮਲ ਹਨ। ਸੰਨ 2023 ਵਿੱਚ ਛਪੀ ਇਕ ਰਿਪੋਰਟ ਅਨੁਸਾਰ ਉਸ ਸਮੇਂ ਇਕੱਲੇ ਫਿਲਪੀਨ ਵਿੱਚ 20 ਲੱਖ ਤੋਂ ਜ਼ਿਆਦਾ ਲੋਕ ਇਸ ਤਰ੍ਹਾਂ ਦਾ ਕੰਮ ਕਰ ਰਹੇ ਸਨ। ਇੰਡੀਆ ਬਾਰੇ ਸੰਨ 2022 ਵਿੱਚ ਛਪੀ ਇਕ ਰਿਪੋਰਟ ਅਨੁਸਾਰ ਉਸ ਸਮੇਂ 70,000 ਲੋਕ ਇਸ ਖੇਤਰ ਵਿੱਚ ਕੰਮ ਕਰਦੇ ਸਨ ਅਤੇ ਉਸ ਸਮੇਂ ਇੰਡੀਆ ਵਿੱਚ ਡੈਟਾ ਲੇਬਲਿੰਗ ਦੀ ਇੰਡਸਟਰੀ ਦੀ ਕੀਮਤ 25 ਕ੍ਰੋੜ (250 ਮਿਲੀਅਨ) ਡਾਲਰ ਦੇ ਬਰਾਬਰ ਸੀ। ਉਸ ਵੇਲੇ ਆਉਣ ਵਾਲੇ ਸਾਲਾਂ ਵਿੱਚ ਇੰਡੀਆ ਵਿੱਚ ਇਸ ਇੰਡਸਟਰੀ ਦੇ ਪਸਾਰ ਦੇ ਅੰਦਾਜ਼ੇ ਲਾਏ ਜਾ ਰਹੇ ਸਨ। ਇਸ ਪਸਾਰ ਦੇ ਸੱਚ ਹੋਣ ਦਾ ਅੰਦਾਜ਼ਾ ਕੰਪਿਊਟਰ ਵਰਲਡ ਨਾਂ ਦੇ ਸਾਈਟ 'ਤੇ 8 ਸਤੰਬਰ 2025 ਨੂੰ ਛਪੇ ਇਕ ਆਰਟੀਕਲ ਤੋਂ ਲਾਇਆ ਜਾ ਸਕਦਾ ਹੈ। ਇਸ ਆਰਟੀਕਲ ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਇੰਡੀਆ ਵਿੱਚ ਊਬਰ ਨੇ ਇੰਡੀਆ ਦੇ 12 ਸ਼ਹਿਰਾਂ ਵਿੱਚ ਇਕ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਵਿੱਚ ਉਹ ਆਪਣੇ ਡਰਾਈਵਰਾਂ ਨੂੰ ਡੈਟਾ ਨੂੰ ਲੇਬਲ ਕਰਨ ਦੀ ਜਾਣਕਾਰੀ ਦੇ ਰਹੇ ਹਨ ਤਾਂ ਕਿ ਉਹ ਉਸ ਸਮੇਂ ਡੈਟਾ ਲੇਬਲ ਕਰਨ ਦਾ ਕੰਮ ਕਰ ਸਕਣ ਜਦੋਂ ਉਹ ਵਿਹਲੇ ਹੁੰਦੇ ਹਨ ਭਾਵ ਜਦੋਂ ਉਹਨਾਂ ਕੋਲ ਊਬਰ ਦੀ ਸਵਾਰੀ ਨਹੀਂ ਹੁੰਦੀ ਹੈ। ਇਸ ਆਰਟੀਕਲ ਅਨੁਸਾਰ ਊਬਰ ਦੇ ਇਸ ਕਦਮ ਨਾਲ ਇੰਡੀਆ ਵਿੱਚ ਊਬਰ ਦੇ 10 ਲੱਖ (1 ਮਿਲੀਅਨ) ਤੋਂ ਵੱਧ ਡਰਾਈਵਰ ਇਸ ਖੇਤਰ ਵਿੱਚ ਕੰਮ ਕਰਨ ਵਾਲਿਆਂ ਵਿੱਚ ਸ਼ਾਮਲ ਹੋ ਜਾਣਗੇ। ਫਰਵਰੀ 2024 ਵਿੱਚ ਅਲਜਜ਼ੀਰਾ ਦੀ ਸਾਈਟ 'ਤੇ ਛਪੇ ਇਕ ਆਰਟੀਕਲ ਅਨੁਸਾਰ ਕੀਨੀਆ ਵਿੱਚ 12 ਲੱਖ (1.2 ਮਿਲੀਅਨ) ਲੋਕ ਆਨਲਾਈਨ ਕੰਮ ਕਰਦੇ ਹਨ। ਇਸ ਆਰਟੀਕਲ ਤੋਂ ਇਹ ਸਪਸ਼ਟ ਨਹੀਂ ਕਿ ਇਹਨਾਂ ਵਿੱਚੋਂ ਕਿੰਨੇ ਲੋਕ ਡੈਟਾ ਨੂੰ ਲੇਬਲ ਕਰਨ ਦਾ ਕੰਮ ਕਰਦੇ ਹਨ। ਪਰ ਇਹ ਕਿਹਾ ਜਾ ਸਕਦਾ ਹੈ ਇਹਨਾਂ ਵਿੱਚੋਂ ਬਹੁਗਿਣਤੀ ਲੋਕ ਇਹ ਕੰਮ ਕਰਦੇ ਹੋਣਗੇ ਕਿਉਂਕਿ ਬਹੁਤ ਸਾਰੇ ਆਰਟੀਕਲਾਂ ਵਿੱਚ ਕੀਨੀਆ ਨੂੰ ਕੰਮ ਦੇ ਇਸ ਖੇਤਰ ਦਾ ਇਕ ਪ੍ਰਮੁੱਖ ਕੇਂਦਰ ਲਿਖਿਆ ਗਿਆ ਹੈ।

ਇਹ ਲੋਕ ਏ ਆਈ ਦੇ ਖੇਤਰ ਵਿੱਚ ਵੱਡੀਆਂ ਕੰਪਨੀਆਂ ਜਿਵੇਂ ਮੈਟਾ, ਗੂਗਲ, ਓਪਨ ਆਈ, ਮਾਈਕਰੋਸੋਫਟ, ਐਮਾਜ਼ੋਨ ਲਈ ਡੈਟਾ ਨੂੰ ਲੇਬਲ ਕਰਨ ਦਾ ਕੰਮ ਕਰਦੇ ਹਨ। ਪਰ ਇਹ ਕੰਪਨੀਆਂ ਇਹਨਾਂ ਵਰਕਰਾਂ ਤੋਂ ਸਿੱਧਾ ਕੰਮ ਨਹੀਂ ਕਰਾਉਂਦੀਆਂ ਸਗੋਂ ਇਹ ਹੋਰ ਕੰਪਨੀਆਂ ਨੂੰ ਠੇਕੇ ਦੇ ਦਿੰਦੀਆਂ ਹਨ, ਅਤੇ ਉਹ ਕੰਪਨੀਆਂ ਇਹਨਾਂ ਵਰਕਰਾਂ ਤੋਂ ਇਹਨਾਂ ਵੱਡੀਆਂ ਕੰਪਨੀਆਂ ਲਈ ਕੰਮ ਕਰਾਉਂਦੀਆਂ ਹਨ। ਮੈਟਾ, ਗੂਗਲ, ਓਪਨ ਆਈ, ਮਾਈਕਰੋਸੋਫਟ ਆਦਿ ਕੰਪਨੀਆਂ ਦੀ ਡੈਟਾ ਲੇਬਲ ਕਰਨ ਦੇ ਕੰਮ ਵਿੱਚ ਠੇਕੇ 'ਤੇ ਸੇਵਾ ਕਰਨ ਵਾਲੀਆਂ ਕੰਪਨੀਆਂ ਵਿੱਚੋਂ ਕੁੱਝ ਦੇ ਨਾਂ ਇਸ ਪ੍ਰਕਾਰ ਹਨ: ਸੈਮਸੋਰਸ ਇੰਪੈਕਟ ਸੋਰਸਿੰਗ ਇਨਕਾਰਪੋਰੇਸ਼ਨ (ਸਾਮਾ), ਸਕੇਲ ਆਈ, ਆਈ ਮੈਰਿਟ, ਨਿਕੀ ਡਾਟ ਏ ਆਈ, ਅਤੇ ਐਪਨ। ਵੱਡੀਆਂ ਕੰਪਨੀਆਂ ਲਈ ਠੇਕੇ 'ਤੇ ਕੰਮ ਕਰਵਾਉਣ ਵਾਲੀਆਂ ਇਹ ਕੰਪਨੀਆਂ ਆਪਣੇ ਆਪ ਵਿੱਚ ਹੀ ਕਾਫੀ ਵੱਡੀਆਂ ਕੰਪਨੀਆਂ ਬਣ ਗਈਆਂ ਹਨ। ਉਦਾਹਰਨ ਲਈ ਸੰਨ 2024 ਵਿੱਚ ਛਪੇ ਇਕ ਆਰਟੀਕਲ ਅਨੁਸਾਰ ਸੰਨ 2024 ਵਿੱਚ ਇਹਨਾਂ ਵਿੱਚੋਂ ਇਕ ਕੰਪਨੀ ਸਕੇਲ ਆਈ ਦੀ ਕੁੱਲ ਕੀਮਤ 14 ਅਰਬ (ਬਿਲੀਅਨ) ਡਾਲਰ ਸੀ।

ਬਿਨਾਂ ਸ਼ੱਕ ਇਹਨਾਂ ਕੰਪਨੀਆਂ ਲਈ ਡੈਟਾ ਨੂੰ ਲੇਬਲ ਕਰਨ ਦਾ ਕੰਮ ਕਰਨ ਵਾਲੇ ਇਹ ਵਰਕਰ ਬਹੁਤ ਕੀਮਤੀ ਕੰਮ ਕਰਦੇ ਹਨ ਜੋ ਏ ਆਈ ਦੇ ਮਾਡਲਾਂ ਨੂੰ ਸਿੱਖਿਅਤ ਕਰਨ ਲਈ ਜ਼ਰੂਰੀ ਹੈ ਪਰ ਇਹਨਾਂ ਵਰਕਰਾਂ ਨੂੰ ਇਸ ਕੰਮ ਦੀ ਬਹੁਤ ਘੱਟ ਮਜ਼ਦੂਰੀ ਮਿਲਦੀ ਹੈ। ਬਹੁਤੀਆਂ ਹਾਲਤਾਂ ਵਿੱਚ ਇਹ ਮਜ਼ਦੂਰੀ ਉਹਨਾਂ ਦੇ ਦੇਸ਼ਾਂ ਵਿੱਚ ਨਿਸ਼ਚਿਤ ਕੀਤੀ ਗਈ ਘੱਟੋ ਘੱਟ ਉਜਰਤ ਦੇ ਨੇੜੇ ਹੁੰਦੀ ਹੈ ਅਤੇ ਕਈ ਹਾਲਤਾਂ ਵਿੱਚ ਉਸ ਤੋਂ ਵੀ ਘੱਟ। ਉਦਾਹਰਨ ਲਈ 2023 -2024 ਦੌਰਾਨ ਕੀਨੀਆ ਵਿੱਚ ਇਸ ਖੇਤਰ ਵਿੱਚ ਕੰਮ ਕਰਨ ਵਾਲੇ ਵਰਕਰਾਂ ਬਾਰੇ ਕਈ ਰਿਪੋਰਟਾਂ ਛਪੀਆਂ ਹਨ। ਇਹਨਾਂ ਰਿਪੋਰਟਾਂ ਵਿੱਚ ਕੀਨੀਆ ਦੇ ਵਰਕਰਾਂ ਨੇ ਦੱਸਿਆ ਹੈ ਕਿ ਉਹਨਾਂ ਨੂੰ ਇਹ ਕੰਮ ਕਰਨ ਦੇ 1.32 ਡਾਲਰ ਤੋਂ 2.0 ਡਾਲਰ ਪ੍ਰਤੀ ਘੰਟੇ ਦੇ ਮਿਲਦੇ ਹਨ। ਭਾਵੇਂ ਕਿ ਕੀਨੀਆ ਵਿੱਚ ਸਾਰੇ ਵਰਕਰਾਂ ਲਈ ਕੋਈ ਨਿਸ਼ਚਿਤ ਘੱਟੋ ਘੱਟ ਤਨਖਾਹ ਨਹੀਂ ਹੈ ਪਰ ਜਿਸ ਸਮੇਂ ਦੀ ਇਹ ਵਰਕਰ ਗੱਲ ਕਰਦੇ ਹਨ, ਉਸ ਸਮੇਂ ਕੀਨੀਆ ਵਿੱਚ ਇਕ ਰਿਸੈਪਸ਼ਨਿਸਟ ਦੀ ਘੱਟੋ ਘੱਟ ਤਨਖਾਹ 1.52 ਡਾਲਰ ਪ੍ਰਤੀ ਘੰਟਾ ਸੀ। ਭਾਵ ਇਹਨਾਂ ਵਰਕਰਾਂ ਦੀ ਤਨਖਾਹ ਇਕ ਰਿਸੈਪਸ਼ਨਿਸਟ ਲਈ ਨਿਸ਼ਚਿਤ ਕੀਤੀ ਘੱਟੋ ਘੱਟ ਤਨਖਾਹ ਦੇ ਬਰਾਬਰ ਸੀ, ਕੁੱਝ ਦੀ ਇਸ ਤੋਂ ਥੋੜ੍ਹੀ ਜਿਹੀ ਘੱਟ ਅਤੇ ਕੁੱਝ ਦੀ ਇਸ ਤੋਂ ਥੋੜ੍ਹੀ ਜਿਹੀ ਵੱਧ। ਫਿਲਪੀਨ ਬਾਰੇ ਛਪੀਆਂ ਰਿਪੋਰਟਾਂ ਵਿੱਚ ਉੱਥੋਂ ਦੇ ਵਰਕਰਾਂ ਨੇ ਦੱਸਿਆ ਹੈ ਕਿ ਉਹਨਾਂ ਨੂੰ ਅਕਸਰ ਫਿਲਪੀਨ ਵਿੱਚ ਨਿਸ਼ਚਿਤ ਘੱਟੋ ਘੱਟ ਤਨਖਾਹ ਤੋਂ ਘੱਟ ਪੈਸੇ ਮਿਲਦੇ ਹਨ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਫਿਲਪੀਨ ਵਿੱਚ ਵੱਖ ਵੱਖ ਖਿੱਤਿਆਂ ਵਿੱਚ ਘੱਟੋ ਘੱਟ ਤਨਖਾਹ ਦਿਹਾੜੀ ਦੇ 6-10 ਡਾਲਰ ਦੇ ਵਿਚਕਾਰ ਹੈ। ਵੈਨਜ਼ੁਇਲਾ ਵਿੱਚ ਇਸ ਖੇਤਰ ਵਿੱਚ ਕੰਮ ਕਰਨ ਵਾਲੇ ਵਰਕਰਾਂ ਨੂੰ ਪ੍ਰਤੀ ਘੰਟੇ ਦੇ 90 ਸੈਂਟ ਤੋਂ 2 ਡਾਲਰ ਦੇ ਵਿਚਕਾਰ ਮਜ਼ਦੂਰੀ ਮਿਲਦੀ ਹੈ।

ਅਤੇ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਇਹ ਮਜ਼ਦੂਰੀ ਸਮੇਂ ਸਿਰ ਨਹੀਂ ਦਿੱਤੀ ਜਾਂਦੀ, ਪੂਰੀ ਨਹੀਂ ਦਿੱਤੀ ਜਾਂਦੀ ਜਾਂ ਬਿਲਕੁਲ ਹੀ ਨਹੀਂ ਦਿੱਤੀ ਜਾਂਦੀ। ਇਸ ਤਰ੍ਹਾਂ ਕਰਨ ਲਈ ਇਹ ਕੰਪਨੀਆਂ ਕੋਈ ਨਾ ਕੋਈ ਕਾਰਨ ਲੱਭ ਲੈਂਦੀਆਂ ਹਨ।

**ਬਾਕੀ ਹਿਸਾ ਸਫ਼ਾ 59 ਤੇ ਪੜ੍ਹੋ**

### 58 ਸਫ਼ੇ ਦੀ ਬਾਕੀ

ਇਸ ਸੰਬੰਧ ਵਿੱਚ ਕੁੱਝ ਉਦਾਹਰਨਾਂ ਪੇਸ਼ ਹਨ। ਅਮਰੀਕਾ ਦੇ ਟੈਲੀਵਿਜ਼ਨ ਨੈੱਟਵਰਕ ਸੀ ਬੀ ਐੱਸ ਦੇ ਸਾਈਟ 'ਤੇ ਉਹਨਾਂ ਦੇ 60 ਮਿੰਟ ਦੇ ਇਕ ਪ੍ਰੋਗਰਾਮ ਦੀ ਟ੍ਰਾਂਸਕ੍ਰਿਪਟ ਛਾਪੀ ਗਈ ਹੈ। ਇਸ ਪ੍ਰੋਗਰਾਮ ਵਿੱਚ ਉਹਨਾਂ ਨੇ ਕੀਨੀਆ ਵਿੱਚ ਡੈਟਾ ਨੂੰ ਲੇਬਲ ਕਰਨ ਦਾ ਕੰਮ ਕਰਨ ਵਾਲਿਆਂ ਨਾਲ ਇੰਟਰਵਿਊਆਂ ਕੀਤੀਆਂ ਹਨ ਜਿਹਨਾਂ ਵਿੱਚ ਇਹ ਵਰਕਰ ਦਸਦੇ ਹਨ ਕਿ ਉਹ ਡੈਟਾ ਨੂੰ ਲੇਬਲ ਕਰਨ ਦਾ ਕੰਮ ਕਰਨ ਵਾਲੀ ਕੰਪਨੀ ਸਕੇਲ ਆਈ ਦੇ ਵੈੱਬਸਾਈਟ ਰੀਮੋਟਟਾਸਕਸ ਨਾਲ ਕੰਮ ਕਰਦੇ ਸਨ। ਇਹਨਾਂ ਵਰਕਰਾਂ ਨੇ ਦੱਸਿਆ ਕਿ ਇਸ ਕੰਪਨੀ ਨੇ ਕਈ ਵਾਰੀ ਉਹਨਾਂ ਨੂੰ ਉਹਨਾਂ ਦੀ ਮਜ਼ਦੂਰੀ ਨਹੀਂ ਦਿੱਤੀ। ਉਹਨਾਂ ਦੱਸਿਆ ਕਿ ਜਦੋਂ ਤਨਖਾਹ ਦੇਣ ਦਾ ਸਮਾਂ ਆਉਂਦਾ ਸੀ ਤਾਂ ਇਹ ਕੰਪਨੀ ਉਸ ਤੋਂ ਕੁੱਝ ਦਿਨ ਪਹਿਲਾਂ ਵਰਕਰਾਂ ਨੂੰ ਇਹ ਕਹਿ ਕੇ ਉਹਨਾਂ ਦਾ ਅਕਾਊਂਟ ਬੰਦ ਕਰ ਦਿੰਦੀ ਸੀ ਕਿ ਉਹਨਾਂ ਨੇ "ਕਿਸੇ ਪਾਲਸੀ ਦੀ ਉਲੰਘਣਾ ਕੀਤੀ ਹੈ"। ਇੰਟਰਵਿਊ ਕਰਨ ਵਾਲੇ ਵਲੋਂ ਇਹ ਪੁੱਛਣ 'ਤੇ ਕਿ ਕੀ ਇਹ ਵਰਤਾਰਾ ਆਮ ਸੀ, ਵਰਕਰਾਂ ਦਾ ਜੁਆਬ ਸੀ ਹਾਂ।

ਇਕ ਹੋਰ ਰਿਪੋਰਟ ਵਿੱਚ ਇਕ ਵਰਕਰ ਨੇ ਇਸ ਤਰ੍ਹਾਂ ਦੀ ਹੀ ਇਕ ਕਹਾਣੀ ਇੰਡੀਆ ਬਾਰੇ ਦੱਸੀ ਹੈ। ਇਹ ਵਰਕਰ ਆਊਟਲੀਅਰ ਨਾਂ ਦੀ ਕੰਪਨੀ ਲਈ ਕੰਮ ਕਰਦਾ ਸੀ। ਆਊਟਲੀਅਰ ਸਕੇਲ ਆਈ ਕੰਪਨੀ ਦਾ ਹੀ ਹਿੱਸਾ ਹੈ। ਇਸ ਵਰਕਰ ਨੇ ਦੱਸਿਆ ਕਿ ਜਦੋਂ ਉਸ ਨੇ 5 ਡਾਲਰ ਦੇ ਬਰਾਬਰ ਦਾ ਕੰਮ ਕਰ ਲਿਆ ਤਾਂ ਇਕ ਹਫਤਾ ਬਾਅਦ ਤੱਕ ਕੰਪਨੀ ਨੇ ਉਸ ਨੂੰ ਕੋਈ ਅਦਾਇਗੀ ਨਹੀਂ ਕੀਤੀ। ਉਹ ਫਿਰ ਵੀ ਕੰਮ ਕਰਦਾ ਰਿਹਾ ਅਤੇ ਉਸ ਦੇ ਕੰਪਨੀ ਵੱਲ 20 -30 ਡਾਲਰ ਬਣ ਗਏ। ਜਦੋਂ ਉਹ ਇਸ ਅਦਾਇਗੀ ਦੀ ਉਡੀਕ ਕਰ ਰਿਹਾ ਸੀ ਤਾਂ ਉਸ ਨੂੰ ਕੰਪਨੀ ਵਲੋਂ ਇਕ ਈਮੇਲ ਮਿਲੀ ਕਿ ਉਸ ਨੇ ਕੰਪਨੀ ਦੀ ਪਾਲਸੀ ਦੀ ਉਲੰਘਣਾ ਕੀਤੀ ਹੈ ਅਤੇ ਉਸ ਦਾ ਅਕਾਊਂਟ ਮੁਲਤਵੀ ਕਰ ਦਿੱਤਾ ਗਿਆ ਹੈ। ਜਦੋਂ ਵਰਕਰ ਨੇ ਕੰਪਨੀ ਨੂੰ ਇਸ ਦੇ ਕਾਰਨ ਬਾਰੇ ਪੁੱਛਿਆ ਤਾਂ ਉਸ ਨੂੰ ਕੋਈ ਢੁਕਵਾਂ ਜਵਾਬ ਨਹੀਂ ਦਿੱਤਾ ਗਿਆ ਅਤੇ ਉਸ ਨੂੰ ਕੋਈ ਵੀ ਪੈਸਾ ਨਹੀਂ ਦਿੱਤਾ ਗਿਆ।

ਸੰਨ 2023 ਵਿੱਚ ਵਸ਼ਿੰਗਟਨ ਪੋਸਟ ਵਿੱਚ ਫਿਲਪੀਨ ਵਿੱਚ ਡੈਟਾ ਲੇਬਲ ਕਰਨ ਦਾ ਕੰਮ ਵਾਲੇ ਵਰਕਰਾਂ ਬਾਰੇ ਰਿਪੋਰਟ ਛਪੀ ਸੀ। ਇਸ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਫਿਲਪੀਨ ਵਿੱਚ ਸਕੇਲ ਆਈ ਕੰਪਨੀ ਨੇ ਵਰਕਰਾਂ ਨੂੰ ਬਹੁਤ ਘੱਟ ਤਨਖਾਹਾ ਦਿੱਤੀਆਂ ਸਨ, ਇਹ ਤਨਖਾਹਾਂ ਬਹੁਤੀ ਵਾਰ ਲੇਟ ਦਿੱਤੀਆਂ ਸਨ ਜਾਂ ਦਿੱਤੀਆਂ ਹੀ ਨਹੀਂ ਸਨ ਅਤੇ ਵਰਕਰਾਂ ਨੂੰ ਇਸ ਬਾਰੇ ਚਾਰਾਜੋਈ ਕਰਨ ਦਾ ਕੋਈ ਢੰਗ ਮੁਹੱਈਆ ਨਹੀਂ ਕੀਤਾ ਸੀ। ਵਸ਼ਿੰਗਟਨ ਪੋਸਟ ਨੇ ਇਹ ਗੱਲ ਵਰਕਰਾਂ ਨਾਲ ਕੀਤੀਆਂ ਇੰਟਰਵਿਊਆਂ, ਕੰਪਨੀ ਦੇ ਅੰਦਰੂਨੀ ਸੁਨੇਹਿਆਂ, ਅਦਾਇਗੀਆਂ ਦੇ ਰਿਕਾਰਡ ਅਤੇ ਵਿੱਤੀ ਬਿਆਨ (ਫਾਈਨੈਂਸ਼ੀਅਲ ਸਟੇਟਮੈਂਟ) ਦੇਖਣ ਤੋਂ ਬਾਅਦ ਕਹੀ ਸੀ। ਇਸ ਰਿਪੋਰਟ ਵਿੱਚ ਫਿਲਪੀਨ ਦੇ ਕੁੱਝ ਵਰਕਰਾਂ ਨੇ ਆਪਣੀ ਸਥਿਤੀ ਇਸ ਤਰ੍ਹਾਂ ਦੱਸੀ। 23 ਸਾਲਾ ਸ਼ੈਰੀਸ ਨੇ ਦੱਸਿਆ ਕਿ ਉਸ ਨੇ ਇਕ ਕੰਮ 'ਤੇ ਚਾਰ ਘੰਟੇ ਲਾਏ, ਜਿਸ ਲਈ ਉਸ ਨੂੰ 2 ਡਾਲਰ ਮਿਲਣੇ ਸਨ, ਸਕੇਲ ਆਈ ਦੀ ਕੰਪਨੀ ਰੀਮੋਟਟਾਸਕਸ ਨੇ ਉਸ ਨੂੰ 30 ਸੈਂਟ ਦਿੱਤੇ। ਇਕ ਹੋਰ ਵਰਕਰ ਜੈਕੀ ਨੇ ਦੱਸਿਆ ਕਿ ਉਸ ਨੇ ਇਕ ਕੰਮ 'ਤੇ ਤਿੰਨ ਦਿਨ ਕੰਮ ਕੀਤਾ ਅਤੇ ਉਸ ਦਾ ਖਿਆਲ ਸੀ ਕਿਇਸ ਲਈ ਉਸ ਨੂੰ 50 ਡਾਲਰ ਮਿਲਣਗੇ ਪਰ ਉਸ ਨੂੰ ਇਸ ਲਈ ਸਿਰਫ 12 ਡਾਲਰ ਮਿਲੇ। 36 ਸਾਲਾ ਬੈਨਜ਼ ਨੇ ਦੱਸਿਆ ਕਿ ਉਸ ਨੇ ਕੰਪਨੀ ਲਈ 150 ਡਾਲਰ ਤੋਂ ਵੱਧ ਦਾ ਕੰਮ ਕੀਤਾ ਸੀ, ਪਰ ਉਸ ਨੂੰ ਅਚਾਨਕ ਪਲੇਟਫਾਰਮ ਤੋਂ ਕੱਢ ਦਿੱਤਾ ਗਿਆ ਅਤੇ ਉਸ ਨੂੰ ਇਸ ਲਈ ਕੁੱਝ ਨਹੀਂ ਮਿਲਿਆ। ਇਕ ਹੋਰ ਵਰਕਰ ਨੇ ਦੱਸਿਆ ਕਿ ਜੇ ਤੁਸੀਂ ਸੁਪਰਵਾਈਜ਼ਰ ਕੋਲ ਥੋੜ੍ਹੀ ਜਿਹੀ ਵੀ ਸ਼ਿਕਾਇਤ ਕਰੋ ਤਾਂ ਉਹ ਤੁਹਾਡਾ ਅਕਾਊਂਟ ਬੰਦ ਕਰ ਦਿੰਦੇ ਹਨ ਅਤੇ ਫਿਰ ਤੁਸੀਂ ਉਹਨਾਂ ਨਾਲ ਹੋਰ ਕੰਮ ਨਹੀਂ ਕਰ ਸਕਦੇ।

ਡੈਟਾ ਲੇਬਲ ਕਰਨ ਵਾਲੇ ਵਰਕਰਾਂ ਬਾਰੇ ਛਪੀਆਂ ਰਿਪੋਰਟਾਂ ਵਿੱਚ ਇਹਨਾਂ ਵਰਕਰਾਂ ਨੇ ਇਕ ਹੋਰ ਸ਼ਿਕਾਇਤ ਇਹ ਕੀਤੀ ਹੈ ਕਿ ਉਹਨਾਂ ਦਾ ਕੰਮ ਉਹਨਾਂ 'ਤੇ ਮਾਨਸਿਕ ਤੌਰ 'ਤੇ ਬਹੁਤ ਬੁਰੇ ਅਸਰ ਪਾਉਂਦਾ ਹੈ। ਉਹਨਾਂ ਅਨੁਸਾਰ ਉਹਨਾਂ ਨੂੰ ਕਈ ਵਾਰੀ ਘੰਟਿਆਂ ਬੱਧੀ ਅਸ਼ਲੀਲ, ਅਣਮਨੁੱਖੀ, ਹਿੰਸਾ ਅਤੇ ਨਫਰਤ ਨਾਲ ਭਰਪੂਰ ਲਿਖਤਾਂ, ਤਸਵੀਰਾਂ, ਵੀਡੀਓ ਆਦਿ ਦੇਖ ਕੇ ਲੇਬਲ ਕਰਨੀਆਂ ਪੈਂਦੀਆਂ ਹਨ ਤਾਂ ਕਿ ਏ ਆਈ ਦੇ ਮਾਡਲਾਂ ਨੂੰ ਇਹਨਾਂ ਚੀਜ਼ਾਂ ਬਾਰੇ ਸਿਖਲਾਈ ਦਿੱਤੀ ਜਾ ਸਕੇ।

ਸੀ ਬੀ ਐੱਸ ਨੈੱਟਵਰਕ ਦੀ ਪਹਿਲਾਂ ਦਰਜ ਕੀਤੀ ਰਿਪੋਰਟ ਵਿੱਚ ਕੀਨੀਆ ਦੇ ਇਕ ਵਰਕਰ ਨੇ ਦੱਸਿਆ ਕਿ ਉਸ ਦੀ ਡਿਊਟੀ ਏ ਆਈ ਦੇ ਮਾਡਲ ਨੂੰ ਪੋਰਨੋਗ੍ਰਾਫੀ (ਅਸ਼ਲੀਲਤਾ), ਨਫਰਤ ਭਰੀ ਬੋਲਚਾਲ ਅਤੇ ਅਤਿ ਦੀ ਹਿੰਸਾ ਦੀ ਪਛਾਣ ਕਰਨਾ ਸਿਖਾਉਣਾ ਸੀ। ਇਸ ਲਈ ਉਸ ਨੂੰ ਹਰ ਰੋਜ਼ 8 ਘੰਟੇ, ਹਫਤੇ ਦੇ 40 ਘੰਟੇ ਅਜਿਹੀ ਸਮੱਗਰੀ ਦੇਖਣੀ ਪੈਂਦੀ ਸੀ ਜਿਸ ਵਿੱਚ ਲੋਕਾਂ ਨੂੰ ਵੱਢਿਆ-ਟੁੱਕਿਆ ਜਾ ਰਿਹਾ ਹੁੰਦਾ ਸੀ, ਲੋਕ ਜਾਨਵਰਾਂ ਨਾਲ ਸੰਭੋਗ ਕਰ ਰਹੇ ਹੁੰਦੇ ਸਨ ਅਤੇ ਬੱਚਿਆਂ ਨਾਲ ਸਰੀਰਕ ਅਤੇ ਲਿੰਗਕ ਤੌਰ 'ਤੇ ਦੁਰਵਿਹਾਰ ਕਰ ਰਹੇ ਹੁੰਦੇ ਸਨ। ਇਸ ਤਰ੍ਹਾਂ ਦੀ ਸਮੱਗਰੀ ਦੇਖਣ ਨਾਲ ਇਹ ਵਰਕਰ ਮਾਨਸਿਕ ਤੌਰ 'ਤੇ ਬਹੁਤ ਬੁਰੀ ਤਰ੍ਹਾਂ ਨੁਕਸਾਨਿਆਂ ਗਿਆ।

ਉਸ ਦਾ ਕਹਿਣਾ ਸੀ ਕਿ ਉਹ ਜਦੋਂ ਵੀ ਆਪਣੇ ਇਸ ਤਜਰਬੇ ਬਾਰੇ ਗੱਲ ਕਰਦਾ ਹੈ ਤਾਂ ਉਸ ਨੂੰ ਇਸ ਬਾਰੇ ਡਰਾਉਣੇ ਸੁਫਨੇ ਆਉਂਦੇ ਹਨ। ਕੀਨੀਆ ਵਿੱਚ ਹੀ ਇਸ ਤਰ੍ਹਾਂ ਦੀ ਸਮੱਗਰੀ ਦੇਖਣ ਵਾਲੀ ਇਕ ਹੋਰ ਵਰਕਰ ਨੇ ਸੀ ਬੀ ਐੱਸ ਨੈੱਟਵਰਕ ਨੂੰ ਆਪਣੇ ਉੱਤੇ ਮਾਨਸਿਕ ਤੌਰ 'ਤੇ ਪਏ ਬੁਰੇ ਅਸਰ ਬਾਰੇ ਦਸਦਿਆਂ ਕਿਹਾ ਇਸ ਕੰਮ ਦੇ ਨਤੀਜੇ ਵਜੋਂ ਉਸ ਨੂੰ ਲੋਕਾਂ ਨਾਲ ਗੱਲਬਾਤ ਕਰਨੀ ਬਹੁਤ ਮੁਸ਼ਕਿਲ ਲਗਦੀ ਹੈ ਅਤੇ ਉਸ ਨੂੰ ਗੱਲ ਕਰਨ ਦੀ ਥਾਂ ਰੋਣਾ ਸੋਖਾ ਲਗਦਾ ਹੈ। ਉਸ ਨੇ ਅੱਗੇ ਦੱਸਿਆ ਕਿ ਇਸ ਤਰ੍ਹਾਂ ਦੇ ਕੰਮ ਕਾਰਨ ਤੁਸੀਂ ਆਪਣੇ ਆਪ ਨੂੰ ਲੋਕਾਂ ਤੋਂ ਕੱਟ ਲੈਂਦੇ ਹੋ ਅਤੇ ਆਪਣੇ ਆਪ ਨੂੰ ਬਿਲਕੁਲ ਇਕੱਲੇ ਕਰ ਲੈਂਦੇ ਹੋ।

ਇਹਨਾਂ ਵਰਕਰਾਂ ਦੇ ਕੰਮ ਦੀਆਂ ਹਾਲਤਾਂ ਬਾਰੇ ਕੁੱਝ ਹੋਰ ਗੱਲਾਂ ਇਸ ਪ੍ਰਕਾਰ ਹਨ। ਇਹਨਾਂ ਵਰਕਰਾਂ 'ਤੇ ਕੰਪਿਊਟਰ ਪ੍ਰੋਗਰਾਮਾਂ ਨਾਲ ਬਹੁਤ ਸਖਤ ਨਿਗਰਾਨੀ ਰੱਖੀ ਜਾਂਦੀ ਹੈ। ਇਹ ਕੰਪਿਊਟਰ ਪ੍ਰੋਗਰਾਮ ਵਰਕਰਾਂ ਦੇ ਕੰਮ ਦੇ ਸਕਿੰਟ ਸਕਿੰਟ ਦਾ ਹਿਸਾਬ ਰੱਖਦੇ ਹਨ। ਜੇ ਵਰਕਰਾਂ ਨੇ ਟੋਆਇਲੈੱਟ ਵਗੈਰਾ ਜਾਣਾ ਹੋਵੇ ਤਾ ਉਹਨਾਂ ਨੂੰ ਆਪਣੇ ਅਕਾਊਂਟ ਤੋਂ ਲੌਗ ਆਊਟ ਹੋ ਕੇ ਜਾਣਾ ਪੈਂਦਾ ਹੈ ਅਤੇ ਟੋਆਇਲਟ ਤੋਂ ਵਾਪਸ ਆ ਕੇ ਫਿਰ ਲੌਗ ਇਨ ਕਰਨਾ ਪੈਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਵਰਕਰਾਂ ਵਲੋਂ ਟੋਆਇਲੈੱਟ ਵਗੈਰਾ ਜਾਣ ਦਾ ਸਮਾਂ ਉਹਨਾਂ ਦੇ ਕੰਮ ਦੇ ਸਮੇਂ ਵਿੱਚੋਂ ਕੱਟ ਲਿਆ ਜਾਂਦਾ ਹੈ। ਇਹਨਾਂ ਨੂੰ ਬਹੁਤ ਤੇਜ਼ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰੀ ਇਹਨਾਂ ਨੂੰ ਆਪਣਾ ਕੰਮ ਮੁਕਾਉਣ ਲਈ ਵਾਧੂ ਸਮਾਂ ਲਾਉਣਾ ਪੈਂਦਾ ਹੈ, ਜਿਸ ਦੇ ਉਹਨਾਂ ਨੂੰ ਪੈਸੇ ਨਹੀਂ ਮਿਲਦੇ। ਕਈ ਵਰਕਰਾਂ ਨੇ ਦੱਸਿਆ ਕਿ ਜਿਸ ਕੰਮ ਲਈ ਕੰਪਨੀ ਵਲੋਂ 1 ਘੰਟੇ ਦਾ ਸਮਾਂ ਨਿਸ਼ਚਿਤ ਕੀਤਾ ਹੁੰਦਾ ਹੈ, ਉਹ ਕੰਮ 1 ਘੰਟੇ ਵਿੱਚ ਖਤਮ ਨਹੀਂ ਹੁੰਦਾ ਅਤੇਇਸ ਸਮੇਂ ਵਰਕਰਾਂ ਕੋਲ ਦੋ ਚੋਣਾਂ ਹੁੰਦੀਆਂ ਹਨ। ਇਕ ਕੰਮ ਨੂੰ ਅੱਧ ਵਿਚਾਲੇ ਛੱਡ ਦਿੱਤਾ ਜਾਵੇ, ਜਿਸ ਬਦਲੇ ਉਹਨਾਂ ਨੂੰ ਆਪਣੇ ਵਲੋਂ ਲਾਏ ਸਮੇਂ ਦੇ ਕੋਈ ਪੈਸੇ ਨਹੀਂ ਮਿਲਦੇ। ਜਾਂ ਵਾਧੂ ਸਮਾਂ ਲਾ ਕੇ ਕੰਮ ਨੂੰ ਮੁਕੰਮਲ ਕੀਤਾ ਜਾਵੇ, ਜਿਸ ਹਾਲਤ ਵਿੱਚ ਉਹਨਾਂ ਨੂੰ ਵਾਧੂ ਲਾਏ ਸਮੇਂ ਦੇ ਪੈਸੇ ਨਹੀਂ ਮਿਲਦੇ। ਇਸ ਤੋਂ ਬਿਨਾਂ ਉਹਨਾਂ ਨੂੰ ਕੰਮ ਦੀ ਕੋਈ ਸਕਿਉਰਟੀ ਨਹੀਂ ਹੁੰਦੀ। ਇਹ ਕੰਪਨੀਆਂ ਜਦੋਂ ਚਾਹੁਣ ਉਹਨਾਂ ਦੇ ਅਕਾਊਂਟ ਬੰਦ ਕਰ ਸਕਦੀਆਂ ਹਨ ਅਤੇ ਉਹਨਾਂ ਨੂੰ ਕੰਮ ਤੋਂ ਵਿਹਲੇ ਕਰ ਸਕਦੀਆਂ ਹਨ।

ਇਹਨਾਂ ਵਰਕਰਾਂ ਦੇ ਸੰਬੰਧ ਵਿੱਚ ਸਿਤਮ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹਨਾਂ ਕੋਲ ਆਪਣੀ ਸ਼ਿਕਾਇਤ ਕਰਨ ਦਾ ਕੋਈ ਰਸਤਾ ਨਹੀਂ। ਉਹਨਾਂ ਦੀਆਂ ਮਾਲਕ ਕੰਪਨੀਆਂ ਉਹਨਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ। ਜੇ ਵਰਕਰ ਆਪਣੀਆਂ ਮੁਸ਼ਕਿਲਾਂ ਦੇ ਹੱਲ ਲੱਭਣ ਲਈ ਇਕੱਠੇ ਹੋ ਕੇ ਕੋਈ ਸੰਗਠਨ ਜਾਂ ਯੂਨੀਅਨ ਬਣਾਉਣਾ ਚਾਹੁੰਦੇ ਹਨ ਤਾਂ ਇਹ ਕੰਪਨੀਆਂ ਵਰਕਰਾਂ ਨੂੰ ਕੰਮ ਤੋਂ ਕੱਢ ਦਿੰਦੀਆਂ ਹਨ ਅਤੇ ਕੰਮ ਕਰਨ ਦੀਆਂ ਥਾਂਵਾਂ ਨੂੰ ਬੰਦ ਕਰ ਦਿੰਦੀਆਂ ਹਨ। ਇਸ ਸੰਬੰਧ ਵਿੱਚ ਕੀਨੀਆ ਦੀਆਂ ਦੋ ਉਦਾਹਰਨਾਂ ਪੇਸ਼ ਹਨ। ਮਈ 2024 ਵਿੱਚ ਕੀਨੀਆ ਵਿੱਚ ਡੈਟਾ ਨੂੰ ਲੇਬਲ ਕਰਨ ਵਾਲੇ ਅਤੇ ਕਨਟੈਂਟ ਮਾਡਰੇਟਰਾਂ ਦਾ ਕੰਮ ਕਰਨ ਵਾਲੇ 97 ਵਰਕਰਾਂ ਨੇ ਅਮਰੀਕਾ ਦੇ ਪ੍ਰੈਜ਼ੀਡੈਂਟ ਜੋ ਬਾਈਡਨ ਨੂੰ ਆਪਣੀਆਂ ਕੰਮ ਦੀਆਂ ਭੈੜੀਆਂ ਹਾਲਤਾਂ ਬਾਰੇ ਇਕ ਖੁੱਲ੍ਹਾ ਖੱਤ ਲਿਖਿਆ ਕਿਉਂਕਿ ਉਹ ਆਰਟੀਫਿਸ਼ਨ ਇਨਟੈਲੀਜੈਂਸ ਦੇ ਖੇਤਰ ਵਿੱਚ ਅਮਰੀਕਾ ਦੀਆਂ ਕੰਪਨੀਆਂ ਨਾਲ ਕੰਮ ਕਰਦੇ ਸਨ। ਇਸ ਖੱਤ ਵਿੱਚ ਉਹਨਾਂ ਦੋਸ਼ ਲਾਇਆ ਕਿ ਅਮਰੀਕਾ ਦੀਆਂ ਵੱਡੀਆਂ ਟੈੱਕ ਕੰਪਨੀਆਂ ਇਕ ਯੋਜਨਾਬੱਧ ਢੰਗ ਨਾਲ ਅਫਰੀਕਾ ਦੇ ਵਰਕਰਾਂ ਦਾ ਸ਼ੋਸ਼ਣ ਕਰ ਰਹੀਆਂ ਹਨ। ਕੀਨੀਆ ਵਿੱਚ ਉਹ ਦੇਸ਼ ਦੇ ਕਿਰਤ ਕਾਨੂੰਨਾਂ (ਲੇਬਰ ਲਾਅਜ਼), ਨਿਆਂ ਪ੍ਰਣਾਲੀ ਅਤੇ ਅੰਤਰਰਾਸ਼ਟਰੀ ਕਿਰਤ ਮਿਆਰਾਂ (ਇਨਟਰਨੈਸ਼ਨਲ ਲੇਬਰ ਸਟੈਂਡਰਡਜ਼) ਦੀ ਉਲੰਘਣਾ ਕਰ ਰਹੀਆਂ ਹਨ। ਇਹਨਾਂ ਵਰਕਰਾਂ ਨੇ ਅਗਾਂਹ ਲਿਖਿਆ ਕਿ ਇਹਨਾਂ ਕੰਪਨੀਆਂ ਵਲੋਂ ਯੂਨੀਅਨਾਂ ਬਣਾਉਣ ਵਿੱਚ ਰੁਕਾਵਟਾਂ ਪਾਉਣਾ ਆਮ ਗੱਲ ਹੈ। ਜਦੋਂ ਕੀਨੀਆ ਵਿੱਚ ਫੇਸਬੁੱਕ ਨਾਲ ਕਨਟੈਂਟ ਮਾਡਰੇਟਰਾਂ ਦਾ ਕੰਮ ਕਰਨ ਵਾਲੇ ਵਰਕਰਾਂ ਨੇ ਯੂਨੀਅਨ ਬਣਾਉਣ ਦੀ ਕੋਸ਼ਿਸ਼ ਕੀਤੀ, ਤਾਂ ਸਾਰੇ ਵਰਕਰਾਂ ਨੂੰ ਕੰਮ ਤੋਂ ਕੱਢ ਦਿੱਤਾ ਗਿਆ ਅਤੇ ਫੇਸਬੁੱਕ ਦੀ ਮਾਲਕ ਕੰਪਨੀ ਮੈਟਾ ਕਨਟੈਂਟ ਨੂੰ ਮਾਡਰੇਟ ਕਰਨ ਦਾ ਸਾਰਾ ਕੰਮ ਕੀਨੀਆ ਵਿੱਚ ਬੰਦ ਕਰਕੇ ਘਾਨ੍ਹਾ ਵਿੱਚ ਲੈ ਗਈ। ਇਸ ਹੀ ਤਰ੍ਹਾਂ ਕੀਨੀਆ ਵਿੱਚ ਸਕੇਲ ਆਈ ਦੀ ਮਾਤਾਹਿਤ ਕੰਪਨੀ ਰੀਮੋਟਟਾਸਕ ਵਿੱਚ ਵਾਪਰਿਆ। ਜਦੋਂ ਉਸ ਕੰਪਨੀ ਵਿੱਚ ਕੰਮ ਕਰਨ ਵਾਲੇ ਵਰਕਰਾਂ ਨੇ ਜਥੇਬੰਦ ਹੋਣ ਦੀ ਕੋਸ਼ਿਸ਼ ਕੀਤੀ ਤਾਂ ਰੀਮੋਟਟਾਸਕ ਨੇ ਉਹਨਾਂ ਵਰਕਰਾਂ ਨੂੰ ਕੰਮ ਤੋਂ ਕੱਢ ਦਿੱਤਾ ਅਤੇ ਰਾਤੋ ਰਾਤ ਆਪਣਾ ਕੰਮ ਉੱਥੇ ਬੰਦ ਕਰਕੇ ਅਫਰੀਕਾ ਤੋਂ ਬਾਹਰ ਲੈ ਗਈ।

ਉਪਰਲੇ ਤੱਥਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਆਰਟੀਫਿਸ਼ਲ ਇਨਟੈਲੀਜੈਂਸ ਨੂੰ ਵਿਕਸਤ ਕਰਨ ਵਿੱਚ ਆਪਣੇ ਖੂਨ ਅਤੇ ਪਸੀਨ ਨਾਲ ਯੋਗਦਾਨ ਪਾਉਣ ਵਾਲੇ ਇਹ ਦਹਿ ਲੱਖਾਂ (ਮਿਲੀਅਨਜ਼) ਵਰਕਰ ਬਹੁਤ ਹੀ ਭੈੜੀਆਂ ਅਤੇ ਸਖਤ ਹਾਲਤਾਂ ਵਿੱਚ ਕੰਮ ਕਰ ਰਹੇ ਹਨ। ਉਹਨਾਂ ਕੋਲ ਇਹਨਾਂ ਹਾਲਤਾਂ ਵਿਰੁੱਧ ਸ਼ਿਕਾਇਤ ਕਰਨ ਅਤੇ ਇਹਨਾਂ ਦਾ ਹੱਲ ਲੱਭਣ ਲਈ ਚਾਰਾਜੋਈ ਕਰਨ ਦਾ ਕੋਈ ਰਸਤਾ ਨਹੀਂ। ਕੀਨੀਆ ਵਿੱਚ ਡੈਟਾ ਲੇਬਲ ਕਰਨ ਦਾ ਕੰਮ ਕਰਨ ਵਾਲੇ ਵਰਕਰਾਂ ਦੇ ਅਨੁਸਾਰ ਉਹਨਾਂ ਦਾ ਇਹ ਕੰਮ ਅੱਜ ਦੇ ਯੁੱਗ ਦੀ ਗੁਲਾਮੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜਿਵੇਂ ਗੁਲਾਮਦਾਰੀ ਯੁੱਗ ਵਿੱਚ ਅਮਰੀਕਾ ਵਿੱਚ ਵੱਡੀਆਂ ਵੱਡੀਆਂ ਪਲਾਂਟਸੇ (ਖੇਤਾਂ) ਵਿੱਚ ਖੇਤੀ ਦਾ ਕੰਮ ਕਾਲੇ ਗੁਲਾਮ ਕਰਦੇ ਸਨ ਪਰ ਉਹਨਾਂ ਖੇਤਾਂ ਦੇ ਉਤਪਾਦਨ ਤੋਂ ਪੈਦਾ ਹੋਣ ਵਾਲੀ ਦੌਲਤ ਖੇਤਾਂ ਅਤੇ ਕਾਲੇ ਗੁਲਾਮਾਂ ਦੇ ਮਾਲਕ ਗੋਰੇ ਫਾਰਮਰਾਂ ਦੇ ਖਾਤਿਆਂ ਵਿੱਚ ਜਮ੍ਹਾਂ ਹੋ ਜਾਂਦੀ ਸੀ, ਉਸ ਹੀ ਤਰ੍ਹਾਂ ਅੱਜ ਆਰਟੀਫਿਸ਼ਲ ਇਨਟੈਲੀਜੈਂਸ ਦੇ ਮਾਡਲਾਂ ਨੂੰ ਸਿਖਿਅਤ ਕਰਨ ਲਈ ਖੂਨ ਪਸੀਨਾ, ਇਹ ਡੈਟਾ ਵਰਕਰ ਵਹਾਉਂਦੇ ਹਨ ਪਰ ਇਸ ਤਕਨੌਲੌਜੀ ਤੋਂ ਪੈਦਾ ਹੋਣ ਵਾਲੀ ਦੌਲਤ ਆਰਟੀਫਿਸ਼ਲ ਇਨਟੈਲੀਜੈਂਸ ਨਾਲ ਸੰਬੰਧਿਤ ਮੁੱਠੀ ਭਰ ਕਾਰਪੋਰੇਸ਼ਨਾਂ ਅਤੇ ਉਹਨਾਂ ਦੇ ਮਾਲਕਾਂ/ ਸ਼ੇਅਰਹੋਲਡਰਾਂ ਦੇ ਕੋਲ ਇਕੱਠੀ ਹੋਈ ਜਾਂਦੀ ਹੈ। ਅਮਰੀਕਾ ਦੀ ਸਿਲੀਕੋਨ ਵੈਲੀ ਦੇ ਅਰਬਾਂਪਤੀ ਇਸ ਲਈ ਦੌਲਤਮੰਦ ਨਹੀਂ ਹਨ ਕਿ ਉਹ ਬਹੁਤ ਹੁਸ਼ਿਆਰ ਅਤੇ ਉੱਦਮੀ ਹਨ, ਸਗੋਂ ਉਹ ਇਸ ਲਈ ਅਮੀਰ ਹਨ ਕਿਉਂਕਿ ਉਹ ਦੁਨੀਆ ਭਰ ਦੇ ਦਹਿ-ਲੱਖਾਂ ਕਾਮਿਆਂ ਨੂੰ ਉਹਨਾਂ ਦੀ ਸਖਤ ਮਿਹਨਤ ਦਾ ਯੋਗ ਮੁੱਲ ਅਦਾ ਨਹੀਂ ਕਰਦੇ। (ਇਸ ਲੇਖ ਵਿੱਚ ਵਰਤੀ ਜਾਣਕਾਰੀ ਦੇ ਸ੍ਰੋਤਾਂ ਬਾਰੇ ਜਾਣਨ ਲਈ

sukhwanthundal.wordpress.com 'ਤੇ ਜਾਉ।)

# • ਪੰਜਾਬੀ ਫ਼ਿਲਮ ਦਰਪਣ •

## ਮੋਹਨ ਸ਼ਰਮਾ ਦੀ ਕਹਾਣੀ ਭਗਵੰਤ ਕੰਗ ਡਾਇਰੈਕਟਰਪੁੱਤ ਵੰਡਾਉਣ ਜ਼ਮੀਨਾਂ




ਮੋਹਨ ਸ਼ਰਮਾ ਪੰਜਾਬੀ ਸਾਹਿਤ ਦਾ ਗਗਨ ਚੁੰਬੀ ਤਾਰਾ ਹੈ ਤੇ ਉਸ ਦੀ ਲਿਖੀ ਕਹਾਣੀ ਨਿਰਮਾਤਾ ਪਰਮਜੀਤ ਸਿੰਘ ਨਾਗਰਾ ਨੂੰ ਆਈ ਪਸੰਦ ਤੇ ਬੁਲਾ ਲਿਆ ਆਪਣੇ ਚਹੇਤੇ ਨਿਰਦੇਸ਼ਕ ਭਗਵੰਤ ਸਿੰਘ ਕੰਗ ਨੂੰ ਤੇ ਸ਼ੁਰੂ ਹੋਈ ਫਿਲਮ "ਪੁੱਤ ਵੰਡਾਉਣ ਜ਼ਮੀਨਾਂ" ਤੇ ਹੁਣ ਸਮਝੋ ਲੋਕ ਦਰਬਾਰ ਵਿੱਚ ਹਾਜ਼ਿਰ ਹੋ ਚੁੱਕੀ ਹੈ ਮੋਹਨ ਸ਼ਰਮਾ ਦੀ ਇਸ ਫਿਲਮ ਨੂੰ ਤੁਸੀਂ ਓ ਟੀ ਟੀ ਐਪ "ਵਾਚੋ ਟੀਵੀ" ਤੇ ਦੇਖ ਸਕਦੇ ਹੋ ਯੂਟਿਊਬ ਤੇ ਅਸਾਨੀ ਨਾਲ ਮਿਲੇਗੀ ਵਾਚੋ ਤੇ ਭਗਵੰਤ ਕੰਗ ਦੇ ਵੱਲੋਂ ਡਾਇਰੈਕਟ ਕੀਤੀ ਇਸ ਫ਼ਿਲਮ ਵਿੱਚ ਜਤਿੰਦਰ ਹਾਂਸ ਤੇ ਅਮਦਾਦ ਅਲੀ ਹਨ ਤੇ ਰਸ਼ਮਕਾ ਮੰਦਾਨਾ ਜਸਮੀਨ ਕੌਰ ਵੀ ਹੈ। ਫਿਲਮੀ ਅਦਾ ਇੱਕ ਵਾਰ ਫਿਰ ਸਾਹਿਤ ਨੂੰ ਫ਼ਿਲਮੀ ਰੂਪ ਦੇ ਕਿ ਸਾਰਥਿਕ ਮਨੋਰੰਜਨ ਪੰਜਾਬੀਆਂ ਨੂੰ ਦੇ ਰਹੀ ਹੈ। ਇਸ ਲਈ ਪਰਮਜੀਤ ਸਿੰਘ ਨਾਗਰਾ ਤੇ ਓਹਨਾਂ ਦੀ ਟੀਮ ਤੇ ਭਗਵੰਤ ਕੰਗ ਵਧਾਈ ਦੇ ਪਾਤਰ ਹਨ ਖੁਸ਼ਬੋ ਲਾ ਕਿ। ਮੋਹਨ ਸ਼ਰਮਾ ਆਖਦੇ ਨੇ ਧੀਆਂ ਮਾਪਿਆਂ ਨਾਲ ਬਿਨ ਲਾਲਚ ਮੋਹ ਕਿੰਨਾ ਕਰਦੀਆਂ ਨੇ ਤੇ ਜਿੰਨਾ ਪੁੱਤਾਂ ਲਈ ਆਪਾਂ ਦਰ ਦਰ ਭਟਕ ਓਹਨਾਂ ਨੂੰ ਲੈਂਦੇ ਹਾਂ ਓਹ ਪੁੱਤ ਕਸਿ ਥਾਵੀਂ ਦੇਖਿਆ ਸੁਣਿਆ ਪਿਉ ਕਤਲ ਕਰ ਦਿੰਦੇ ਹਨ। ਭਗਵੰਤ ਕੰਗ ਨੇ ਇਸ ਕਹਾਣੀ ਨੂੰ ਇਸ ਤਰਾਂ ਫ਼ਿਲਮਾਇਆ ਹੈ ਕਿ ਫ਼ਿਲਮ, "ਪੁੱਤ ਵੰਡਾਉਣ ਜ਼ਮੀਨਾਂ" ਸਿਰੇ ਦੀ ਮਨੋਰੰਜਕ ਫ਼ਿਲਮ ਬਣਾ ਦਿੱਤੀ ਹੈ।

## ਅਮਨਦੀਪ ਕੌਰ ਨੂੰ ਮਿਲ ਰਹੀਆਂ ਨੇ ਵੈੱਬ ਫ਼ਿਲਮਾਂ




ਜਿਸ ਮੁਟਿਆਰ ਨੇ ਚਾਂਦੀ ਦਾ ਤਮਗਾ ਆਪਣੀ ਵਿਦਿਆਰਥਣ ਨੂੰ ਕਾਮਨਵੈਲਥ ਖੇਡਾਂ ਵਿੱਚ ਦਿਵਾਉਣ ਹਿੱਤ ਅਹਿਮ ਭੂਮਿਕਾ ਨਿਭਾਈ ਓਹ ਅਮਨਦੀਪ ਕੌਰ ਬੇਹਤਰੀਨ ਅਦਾਕਾਰਾ ਵੀ ਬਣਦੀ ਜਾ ਰਹੀ ਹੈ। ਹਰਬੀਰ ਸਿੰਘ ਢੀਂਡਸਾ ਨੇ "ਪਿੰਡ ਦੀ ਕੁੜੀ" ਵਿੱਚ ਉਸ ਤੋਂ ਅਹਿਮ ਕਿਰਦਾਰ ਲਿਆ ਤੇ ਹੁਣ ਓਹ ਤਕਰੀਬਨ ਮਿਊਜ਼ਿਕ ਹੱਟ ਟੀਵੀ ਚੈਨਲ ਦੀਆਂ ਤਮਾਮ ਫ਼ਿਲਮਾਂ ਵਿੱਚ ਹੈ। ਇਹ ਦਰਿਆਦਿਲ ਕੁੜੀ ਅਮਨਦੀਪ ਕੌਰ ਸੁਭਾਅ ਪੱਖੋਂ ਬਹੁਤ ਹੀ ਪਿਆਰੀ ਹੈ ਤੇ ਆਦਤ ਹਰੇਕ ਨੂੰ ਖਿੜੇ ਮੱਥੇ ਮਿਲਣ ਦੀ ਹੈ। ਅਮਨਦੀਪ ਕੌਰ ਦਾ ਹੱਕ ਪੰਜਾਬ ਸਰਕਾਰ ਦੇਵੇ ਤਾਂ ਜਿਸ ਨੇ ਵਾਲੀਵਾਲ, ਫੁੱਟਬਾਲ, ਭਾਰ ਵਿੱਚ ਕੁੜੀਆਂ ਦੀ ਸਰਦਾਰੀ ਅੰਤਰ ਰਾਸ਼ਟਰੀ ਪੱਧਰ ਤੇ ਬਣਾਈ ਓਹ ਰਾਜ ਸਰਕਾਰ ਤੋਂ ਵਿਸ਼ੇਸ਼ ਸਨਮਾਨ ਦੀ ਹੱਕਦਾਰ ਹੈ। ਅਮਨਦੀਪ ਕੌਰ ਨੇ ਕਿਹਾ ਵੈਸੇ ਹਰ ਇਨਸਾਨ ਐਕਟਰ ਹੁੰਦਾ ਹੈ, ਜ਼ਿੰਦਗੀ ਦੀ ਫ਼ਿਲਮ ਵਿੱਚ ਓਹ ਰੋਜ਼ ਐਕਟ ਕਰਦਾ ਹੈ ਤੇ ਉਸ ਦੀ ਗੱਲ ਤਾਂ ਓਹ ਖਾੜਕੂ ਕਿਰਦਾਰ ਨਿਭਾਏ, ਓਹ ਰਾਣੀ ਮੁਕਰਜੀ ਦੀ ਤਰਾਂ "ਮਰਦਾਨੀ" ਬਣੇ ਤੇ ਐਕਸ਼ਨ ਭੂਮਿਕਾਵਾਂ ਕਰੇ ਉਸ ਦੀ ਖਾਸ ਪਸੰਦ ਹੈ। ਹਰਬੀਰ ਢੀਂਡਸਾ ਆਖਦੇ ਨੇ ਕਿ ਅਮਨਦੀਪ ਕੌਰ ਅੰਦਰ ਬਹੁਤ ਐਕਟਿੰਗ ਹੈ ਤੇ ਇਹ ਕੁੜੀ ਇੱਕ ਦਿਨ ਵੱਡੇ ਪਰਦੇ ਦੀਆਂ ਫ਼ਿਲਮਾਂ ਕਰੇਗੀ।

## ਅਸ਼ੋਕ ਪੁਰੀ ਦਿਨ ਨੂੰ ਫ਼ਿਲਮਾਂ ਰਾਤ ਨੂੰ ਮਨੋਰੰਜਕ ਈਵੈਂਟ ਚਲ ਸੋ ਚਲ



ਅਸ਼ੋਕ ਪੁਰੀ ਪੰਜਾਬੀ ਮਨੋਰੰਜਨ ਦੁਨੀਆਂ ਦੇ ਓਹ ਸਕਸ਼ ਨੇ ਜਿਹਨਾਂ ਰਾਸ਼ਟਰੀ ਐਵਾਰਡ ਰੰਗਮੰਚ ਲਈ ਲਿਆ ਹੈ ਤੇ ਐਕਟਿੰਗ ਮੇਕਿੰਗ ਲਈ ਯੂ ਐਸ ਏ ਦੀ ਕੈਂਬਰਿਜ ਯੂਨੀਵਰਸਿਟੀ ਨੇ ਓਹਨਾਂ ਨੂੰ ਡਾਕਟਰ ਦੀ ਡਿਗਰੀ ਪੀ ਐੱਚ ਡੀ ਦਿੱਤੀ ਹੈ। ਓਹਨਾਂ ਨੂੰ ਕੰਮ ਨਾਲ ਪ੍ਰੇਮ ਐਨਾ ਕਿ ਸਾਰਾ ਦਿਨ ਕਦੇ ਸ਼ੂਟਿੰਗ ਤੇ ਕਦੇ ਤਕਨੀਕੀ ਕੰਮ ਤੇ ਕਦੇ ਬਾਹਰ ਦੀਆਂ ਫ਼ਿਲਮਾਂ ਵਿੱਚ ਐਕਟਿੰਗ। ਰਾਤ ਮਸੀ ਕਿਤੇ ਓਹ ਸੌਂਦੇ ਨੇ ਕਿਉ ਕਿ ਕਦੇ ਰਾਤ ਦੇ ਨੁੱਕੜ ਨਾਟਕ ਤੇ ਕਦੇ ਫਿਲਮੀ ਲੋਕਾਂ ਦੀ ਯਾਦ ਵਿੱਚ ਮਨੋਰੰਜਕ ਸ਼ਾਮ। ਹੁਣੇ ਹੀ ਲਤਾ ਮੰਗੇਸ਼ਕਰ ਤੇ ਓਹਨਾਂ ਬਿੱਗ ਸ਼ੋ ਕੀਤਾ ਹੈ। ਕਲਾ ਤੇ ਫ਼ਿਲਮ ਦੇ ਨਾਲ ਸਾਹਿਤ ਪਿਆਰ ਤੇ ਸਮਾਜ ਭਲਾਈ ਇਸ ਲਈ ਵੀ ਵਕਤ ਦਿੰਦੇ ਅਸ਼ੋਕ ਪੁਰੀ ਦੀ ਚਾਹਤ ਵੱਡੇ ਪਰਦੇ ਲਈ ਵੱਡੀ ਫ਼ਿਲਮ ਡਾਇਰੈਕਟ ਕਰਨ ਦੀ ਹੈ ਤੇ ਆਸ ਹੈ ਕਿ ਜਲਦੀ ਓਹ ਇਹ ਫ਼ਿਲਮ ਕਰਨਗੇ। ਇੱਕ ਗੱਲ ਹੋਰ ਓਹਨਾਂ ਦਾ ਪਰਿਵਾਰ ਵੀ ਕਲਾਕਾਰੀ ਪਰਿਵਾਰ ਹੈ, ਪਤਨੀ ਐਕਟ੍ਰੈਸ ਤੇ ਬੇਟੀ ਨੇ ਵੀ ਬਹੁਤ ਫ਼ਿਲਮਾਂ ਲਈ ਐਕਟਿੰਗ ਕੀਤੀ ਹੈ ਤੇ ਬੇਟੇ ਨੇ ਵੀ ਕੰਮ ਕੀਤਾ ਹੈ। ਅਸ਼ੋਕ ਪੁਰੀ ਜਲਦੀ ਵੱਡੀ ਫ਼ਿਲਮ ਦੀ ਸ਼ੂਟਿੰਗ ਕਰਨ ਨਿਰਦੇਸ਼ਕ ਬਣ ਕਿ ਦੁਆਵਾਂ ਹਨ।

## ਗੋਗੀ ਘੁਮਾਣ ਨੇ ਕਿਹਾ ਰੱਬ ਦੀ ਭਗਤੀ ਵੀ ਜ਼ਰੂਰੀ ਤੇ ਕਿਰਤ ਵੀ



ਬੜਾ ਸੰਘਰਸ਼ ਗੋਗੀ ਘੁਮਾਣ ਦਾ ਗਾਇਕੀ ਵਾਸਤੇ ਰਿਹਾ ਹੈ ਤੇ ਕਿੱਥੇ ਕਕਰਾਲਾ ਤੇ ਫਿਰ ਸਮਰਾਲਾ ਤੇ ਫਿਰ ਲੁਧਿਆਣਾ ਆ ਕਿ ਓਹ ਆਖਿਰ ਤੇ ਜਿੱਥੇ ਲੁਧਿਆਣਾ ਗਿੱਲਾਂ ਵੱਲ ਖਤਮ ਹੁੰਦਾ ਗਾਇਕ ਲੇਟ ਕੁਲਦੀਪ ਪਾਰਸ ਕੋਲ ਆਓਣਾ ਤੇ ਸੰਗੀਤ ਗਿਆਨ ਲੈਣਾ। ਪਾਰਸ ਨਾਲ ਸਟੇਜਾਂ ਤੇ ਜਾ ਕਿ ਗੂੜ੍ਹ ਗਿਆਨ ਗੋਗੀ ਨੇ ਲਿਆ। ਫਿਰ ਅਮਰੀਕਾ ਜਾ ਵੱਸ ਗਏ ਗੋਗੀ ਘੁਮਾਣ ਦੇ ਵਿਚਾਰ ਆਮ ਕਲਾਕਾਰਾਂ ਨਾਲੋਂ ਧਾਰਮਿਕ ਜਿਆਦਾ ਹਨ। ਓਹ ਮੌਜ ਮਸਤੀ ਨਹੀਂ ਈਸ਼ਵਰ ਦੀ ਅਰਾਧਨਾ ਕਰੋ ਆਖਦਾ ਹੈ ਗੋਗੀ ਨੇ ਕਿਹਾ ਕਰੋਨਾ ਦੀ ਮਾਰ , ਫਿਰ ਹੜ੍ਹ ਤੇ ਰਾਜਵੀਰ ਜਵੰਦਾ ਦੀ ਹਾਲਤ ਅਸੀਂ ਰੱਬ ਸਿਮਰਨ ਤੋਂ ਖੁੰਝ ਚੁੱਕੇ ਹਾਂ ਤੇ ਸਾਨੂੰ ਕੰਮ ਕਾਰ ਨਾਲ ਜਿਵੇਂ ਰਿਆਜ਼ ਕਰੀਦਾ ਕੁੱਝ ਵਕਤ ਰੱਬ ਨੂੰ ਦੇਣਾ, ਦੁੱਖ ਕਲੇਸ਼ ਦਾ ਨਾਸ ਤੇ ਮਾਨਵ ਜੀਵਨ ਦੀ ਪ੍ਰਾਪਤੀ ਹੋਊ। ਸਵਾਗਤ ਗੋਗੀ ਘੁਮਾਣ ਦੇ ਨੇਕ ਵਿਚਾਰਾਂ ਦਾ ਤੇ ਕੰਮ ਕਾਰ ਤਾਂ ਦੀਪਕ ਢਿੱਲੋਂ ਤੇ ਗੁਰਲੇਜ਼ ਅਖ਼ਤਰ ਨਾਲ ਉਸ ਦੇ ਦੋ ਗੀਤ ਬਣ ਰਹੇ ਨੇ ਤੇ ਪਾਲ ਸਿੱਧੂ ਦੀ ਸਲਾਹ ਨਾਲ ਇਹ ਆ ਜਾਣਗੇ ਤੇ ਇੱਕ ਵੀ ਚਲ ਗਿਆ ਤਾਂ ਟ੍ਰੰਪ ਸਾਬ ਹਰਾ ਸਿਗਨਲ ਦੇ ਦੇਣਗੇ।

## ਵਾਮਿਕਾ ਗੱਬੀ ਨੇ ਗੋਵਰਧਨ ਗੱਬੀ ਦਾ ਸਿਰ ਉੱਚਾ ਕੀਤਾ



"ਟਿਕੀ ਟਕਾ" ਮਲਿਆਲਮ ਭਾਸ਼ਾ ਦੀ ਫ਼ਿਲਮ ਆਪਣੀ ਪੰਜਾਬਣ ਕੁੜੀ ਵਾਮਿੱਕਾ ਗੱਬੀ ਦੀ ਨਾਇਕਾ ਵਜੋਂ ਫ਼ਿਲਮ ਤੇਜ਼ੀ ਨਾਲ ਬਣੀ ਜਾ ਰਹੀ ਹੈ। ਵਾਮੀ ਨੇ ਪੰਜਾਬੀ ਫ਼ਿਲਮਾਂ ਵੀ ਕੀਤੀਆਂ ਨੇ ਤੇ ਬਾਲੀਵੁੱਡ ਦੀ ਇਹ ਸਟਾਰ ਐਕਟ੍ਰੈਸ ਹੈ। ਓਹ ਪੰਜਾਬੀ ਸਾਹਿੱਤਕ ਹਸਤੀ ਗੋਵਰਧਨ ਗੱਬੀ ਦੀ ਲਾਡਾਂ ਚਾਵਾਂ ਪਲੀ ਧੀ ਹੈ ਤੇ ਉਸ ਦੀ ਅੰਮੀ ਰਾਜ ਕੌਸ਼ਲ ਏ ਜਿਸ ਨੇ "ਤਬਾਹੀ ਰਿਲੋਡਡ" ਵਿੱਚ ਕੰਮ ਕੀਤਾ ਸੀ। ਗੋਵਰਧਨ ਤੇ ਰਾਜ ਨੇਕ ਜੋੜੀ ਹੈ ਤੇ ਪੰਜਾਬੀਆਂ ਨੂੰ ਸ਼ੁੱਭ ਕਾਮਨਾਵਾਂ ਦਿੰਦੀ ਰਹਿੰਦੀ ਜੋੜੀ ਹੈ ਵਾਮੂ ਦੀ ਇਹ ਮਲਿਆਲਮ ਫਿਲਮ ਮਲਟੀ ਸਟਾਰ ਫ਼ਿਲਮ ਹੈ। ਆਸਿਫ਼ ਅਲੀ ਉਸ ਨਾਲ ਨਾਇਕ ਹੈ ਤੇ ਆਸਿਫ਼ ਆਖਦਾ ਏ ਓਹ ਦੂਜੀ ਰਸਮਿਕਾ ਹੈ ਤੇ ਵਾਮੂ ਨਾਲ ਫ਼ਿਲਮ ਵਿੱਚ ਸੰਚਨ ਨਟਰਾਜਨ ਵੀ ਹੈ। ਕੁਲ ਮਿਲਾ ਕਿ ਵਾਮਿਕਾ ਦੀ ਇਹ ਫ਼ਿਲਮ ਹਿੱਟ ਹੋਣ ਦੇ ਪੂਰੇ ਮੌਕੇ ਹਨ। ਅਸੀਂ ਵਾਮੂ ਲਈ ਦੁਆਵਾਂ ਕਰਦੇ ਹਾਂ ਕਿ ਓਹ ਪੰਜਾਬੀਆਂ ਦਾ ਨਾਮ ਸਾਊਥ ਵਿੱਚ ਵੀ ਰੌਸ਼ਨ ਕਰ ਰਹੀ ਹੈ। ਗੋਵਰਧਨ ਜੀ ਵਧਾਈ ਕਬੂਲ ਹੋਏ ਤੇ ਰਾਜ ਕੌਸ਼ਲ ਮਾਂ ਦਾ ਚਾਅ ਦੇਖਣ ਵਾਲਾ ਏ ਕਿ ਧੀ ਕਮਾਲ ਕਰੀ ਜਾ ਰਹੀ ਹੈ।

## ਆਸ਼ਾ ਸ਼ਰਮਾ ਸਟੇਜ ਵੀ ਜਿਸ ਨੂੰ ਨਮਸਕਾਰ ਕਰੇਂਦੀ ਫਤਿਹ ਬੁਲਾਉਂਦੀ ਸੂ



ਆਸ਼ਾ ਸ਼ਰਮਾ ਨਾਮ ਯਾਦ ਰੱਖਣਾ ਕੰਮ ਆਊ ਤੇ ਆਸ਼ਾ ਅੱਜ ਕਲ ਯੂ ਐਸ ਏ ਰੱਬ ਝੂਠ ਨਾ ਬੁਲਾਏ ਆਸ਼ਾ ਨੇ ਉਨ੍ਹਾਂ ਦਿਨਾਂ ਵਿੱਚ ਪੰਜਾਬ ਦੇ ਮੇਲੇ ਹਿੱਟ ਕੀਤੇ ਆਪਣੀ ਬੋਲਣੀ ਨਾਲ ਜਦ ਮੇਲੇ ਮੁੱਖ ਸਾਧਨ ਪ੍ਰਚਾਰ ਦਾ ਕਲਾਕਾਰਾਂ ਲਈ ਹੁੰਦੇ ਸਨ। ਆਸ਼ਾ ਪੇਸ਼ ਕਰੇਗੀ ਗਾਇਕ ਚਾਅ ਨਾਲ ਆਉਂਦੇ ਤੇ ਅੱਜ ਵੀ ਐਸਾ ਮੰਜ਼ਰ ਹੈ ਤੇ ਓਹ ਅਮਰੀਕਾ ਵਿਖੇ ਸ਼ੋ ਦੀ ਪੇਸ਼ਕਾਰ ਹੁੰਦੀ ਹੈ।ਵਾਰਿਸ ਭਰਾਵਾਂ ਦੇ ਸ਼ੋ ਹੋਣ ਜਾਂ ਫਿਰ ਖੇਡ ਕਬੱਡੀ ਮੁਕਾਬਲੇ ਆਸ਼ਾ ਤੋ ਆਸ਼ਾ ਹੁੰਦੀ ਕਿ ਓਹ ਬਲੇ'ਬੱਲੇ ਕਰਵਾ ਦੇਵੇਗੀ। ਆਸ਼ਾ ਦੀ ਆਵਾਜ਼ ਦਮਦਾਰ ਹੈ ਤੇ ਆਸ਼ਾ ਸ਼ਰਮਾ ਕੋਲ ਲਫਜ਼ ਦੇ ਖ਼ਜ਼ਾਨੇ ਤੇ ਸ਼ਾਇਰ ਦੇ ਨਾਲ ਸੋਹਣੀ ਪਰਸਨੈਲਿਟੀ ਹੈ। ਆਸ਼ਾ ਸ਼ਰਮਾ ਸਦਾ ਪੰਜਾਬੀ ਪੇਸ਼ਕਾਰ ਬਣ ਵਿਸ਼ਵ ਪੱਧਰ ਤੇ ਪੰਜਾਬੀ ਬੋਲੀ ਦਾ ਪ੍ਰਚਾਰ ਇਵੇਂ ਕਰਦੀ ਰਹੇ ਆਫ਼ਰੀਨ! ਮਨਮੋਹਨ ਵਾਰਿਸ ਆਖਦੇ ਨੇ ਵਕਤ ਬਦਲ ਗਏ ਪਰ ਆਸ਼ਾ ਸ਼ਰਮਾ ਦਾ ਇਹੀ ਓਹੀ ਅੰਦਾਜ਼ ਨਵੀਂ ਪੀੜ੍ਹੀ ਨੂੰ ਵੀ ਪਸੰਦ ਹੈ। ਬੰਨੀ ਸ਼ਰਮਾ ਬੋਲੇ ਆਸ਼ਾ ਤੋ ਆਸ਼ਾ ਤੇ ਓਹ ਪੂਰੀ ਹੁੰਦੀ ਹੈ ਤੇ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਤੇ ਜੱਸੀ ਬੰਗਾ ਦੀ ਨਜ਼ਰੇ ਆਸ਼ਾ ਸ਼ਰਮਾ ਨੂੰ ਤਾਂ ਆਪ ਸਟੇਜ ਪੁੱਛਦੀ ਏ ਮੇਰੇ ਲਾਇਕ ਕੋਈ ਸੇਵਾ।

-ਅੰਮ੍ਰਿਤ ਪਵਾਰ